ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 11 | Issue 41 | 15 October 2021 to 21 October 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਨਿਹੰਗ ਸਿੰਘ ਨੇ ਬੇਅਦਬੀ ਕਰਨ ਵਾਲੇ ਦੋਸ਼ੀ ਦਾ ਲਾਇਆ ਸੋਧਾ

## ✪ ਹੱਥ ਵੱਢ ਕੇ ਲਾਸ਼ ਬੈਰੀਕੇਡ ਨਾਲ ਬੰਨ੍ਹੀ; ਨਿਹੰਗ ਸਿੰਘਾਂ ਨੇ ਲਾਇਆ ਬੇਅਦਬੀ ਦਾ ਦੋਸ਼ ✪ ਨਿਹੰਗ ਸਿੰਘ ਨੇ ਗ੍ਰਿਫਤਾਰੀ ਦਿਤੀ ✪ ਕਿਸਾਨ ਮੋਰਚਾ ਨਿਹੰਗਾਂ ਵਿਰੁਧ

**ਨਵੀਂ ਦਿੱਲੀ /ਏ.ਟੀ.ਨਿਊਜ਼:**

ਨਿਹੰਗ ਸਿੰਘਾਂ ਨੇ ਲਾਇਆ ਬੇਅਦਬੀ ਦਾ ਦੋਸ਼ ਇਸ ਲਈ ਹੱਥ ਵੱਢ ਕੇ ਲਾਸ਼ ਬੈਰੀਕੇਡ ਨਾਲ ਬੰਨ੍ਹੀ

ਨਿਹੰਗ ਸਿੰਘ ਨੇ ਗ੍ਰਿਫਤਾਰੀ ਦਿਤੀ, ਰਾਜਨੀਤਕ ਨੇਤਾਵਾਂ ਨੇ ਕੀਤੀ ਸਿਆਸਤ

ਕਿਸਾਨ ਮੋਰਚਾ ਹੋਇਆ ਨਿਹੰਗਾਂ ਵਿਰੁੱਧ, ਪਰ ਨਹਿੰਗ ਸਿੰਘ ਅਜੇ ਵੀ ਚੜ੍ਹਦੀ ਕਲਾ ਵਿਚ ਹਨ

ਨਵੀਂ ਦਿੱਲੀ: ਸਿੰਘੂ ਬਾਰਡਰ ਕੋਲ ਨਿਹੰਗ ਜਥੇਬੰਦੀ ਬਾਬਾ ਬਲਵਿੰਦਰ ਸਿੰਘ ਮੋਇਆਂ ਦੀ ਮੰਡੀ ਵਾਲੇ (ਮੁੱਖ ਸਥਾਨ ਸ੍ਰੀ ਫਤਹਿਗੜ੍ਹ ਸਾਹਿਬ) ਦੇ ਟੈਂਟ ਵਿੱਚੋਂ 'ਸਰਬਲੋਹ ਗ੍ਰੰਥ' ਦੀ ਬੇਅਦਬੀ ਕਰਕੇ ਭੱਜਣ ਵਾਲੇ ਨਸ਼ੇੜੀ ਨੌਜਵਾਨ ਦਾ ਸੋਧਾ ਲਾਇਆ, ਤਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀਆਂ ਬੇਅਦਬੀਆਂ ਦਾ ਜੋ ਦੌਰ ਚੱਲ ਰਿਹਾ ਹੈ ਉਸ ਨੂੰ ਠੱਲ ਪਾਈ ਜਾਵੇ। ਇਸ ਘਟਨਾ ਦੀ ਵਾਇਰਲ ਵੀਡੀਓ ਅਨੁਸਾਰ ਕੁੱਝ ਨਿਹੰਗ ਸਿੰਘਾਂ ਵੱਲੋਂ ਇਸ ਦੀ ਜ਼ਿੰਮੇਵਾਰੀ ਲਈ ਗਈ ਹੈ। ਕੁੰਡਲੀ ਥਾਣਾ ਪੁਲੀਸ ਨੇ ਦਫ਼ਾ 302 ਤੇ 34 ਤਹਿਤ ਕੇਸ ਦਰਜ ਕਰ ਲਿਆ ਹੈ। ਇਸ ਦੌਰਾਨ ਨਿਹੰਗ ਜਥੇਬੰਦੀ ਦੇ ਮੈਂਬਰ ਸਰਬਜੀਤ ਸਿੰਘ ਨੇ ਪੁਲੀਸ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਹੈ ਅਤੇ ਨਸ਼ੇੜੀ ਨੌਜਵਾਨ ਦੀ ਹੱਤਿਆ ਬਾਰੇ ਜ਼ਿੰਮੇਵਾਰੀ ਲਈ ਹੈ। ਸਰਬਜੀਤ ਦੇ ਮੈਡੀਕਲ ਟੈਸਟ ਤੋਂ ਬਾਅਦ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰ





ਲਿਆ ਹੈ। ਬੇਅਦਬੀ ਦੇ ਦੋਸ਼ੀ ਹੁਣ ਬਖਸ਼ੇ ਨਹੀਂ ਜਾਣਗੇ।ਬੇਅਦਬੀ ਦੇ ਦੋਸ਼ੀ ਦੀ ਪਛਾਣ ਤਰਨ ਤਾਰਨ ਦੇ ਚੀਮਾ ਕਲਾਂ ਦੇ ਮਜ਼ਦੂਰ ਲਖਬੀਰ ਸਿੰਘ ਵਜੋਂ ਹੋਈ ਹੈ।ਲਖਬੀਰ ਸਿੰਘ ਨੂੰ ਬੇਅਦਬੀ ਕਰਦਿਆਂ ਫੜਨ ਦਾ ਦਾਅਵਾ ਕਰਨ ਵਾਲੇ ਇਕ ਨਿਹੰਗ ਸਿੰਘ ਨੇ ਦੱਸਿਆ ਕਿ ਉਹ ਸਵੇਰੇ 'ਸਰਬਲੋਹ ਗ੍ਰੰਥ' ਚੁੱਕ ਕੇ ਸਿੰਘੂ ਦੀ ਸਟੇਜ ਵੱਲ ਭੱਜਿਆ ਸੀ ਜਿਸ ਨੂੰ ਰਾਹ ਵਿੱਚ ਡੱਕ ਲਿਆ ਗਿਆ ਅਤੇ ਲੋਕਾਂ ਨੇ ਉਸ ਨਾਲ ਕੁੱਟਮਾਰ ਕੀਤੀ। ਸ਼ੱਕ ਕੀਤਾ ਜਾ ਰਿਹਾ ਹੈ ਕਿ ਲਖਬੀਰ ਸਿੰਘ ਵੱਲੋਂ ਕਥਿਤ ਬੇਅਦਬੀ ਲਈ ਹੀ ਪਵਿੱਤਰ ਗ੍ਰੰਥ ਨੂੰ ਚੁੱਕਿਆ ਗਿਆ ਸੀ। ਲਖਬੀਰ ਸਿੰਘ ਨੂੰ ਵੱਢੇ ਹੋਏ ਹੱਥ ਨਾਲ ਕੁੱਝ ਦੇਰ ਤੱਕ ਸਟੇਜ ਦੇ ਕੋਲ ਲਟਕਾਈ ਵੀ ਰੱਖਿਆ ਗਿਆ ਅਤੇ ਉਦੋਂ ਉਸ ਦੇ ਸਾਹ ਚੱਲ ਰਹੇ ਸਨ। ਵੀਡੀਓ ਕਲਿੱਪ 'ਚ ਨਿਹੰਗ ਉਸ ਤੋਂ ਵਾਰ ਵਾਰ ਸਵਾਲ ਪੁੱਛ ਰਹੇ ਹਨ। ਨਿਹੰਗ ਸਿੰਘ ਜੈਕਾਰੇ ਛੱਡਦੇ ਵੀ ਸੁਣਾਈ ਦੇ ਰਹੇ ਹਨ। ਬਾਅਦ ਵਿੱਚ ਲਖਬੀਰ ਦੀ ਵੱਢੀ-ਟੁੱਕੀ ਲਾਸ਼ ਘੜੀਸ ਕੇ ਪੁਲੀਸ ਬੈਰੀਕੇਡ ਨਾਲ ਬੰਨ੍ਹ ਦਿੱਤੀ ਗਈ। ਇਹ ਸਜਾ ਉਸ ਨੂੰ ਇਸ ਲਈ ਦਿਤੀ ਤਾ ਜੋ ਅਜਿਹੀ ਵਾਰਦਾਤ ਕਰਵਾਉਣ ਵਾਲੇ ਪੰਥ ਦੋਸ਼ੀਆਂ ਨੂੰ ਸਮਝ ਆ ਸਕੇ ਕਿ ਖਾਲਸਾ ਅਜੇ ਜਿਉਂਦਾ ਹੈ।

**ਨਿਹੰਗ ਨੇ ਪੁਲਿਸ ਸਾਹਮਣੇ ਕੀਤਾ ਆਤਮ-ਸਮਰਪਣ**

ਕੁੰਡਲੀ ਸਿੰਘੂ ਬਾਰਡਰ 'ਤੇ ਇਕ ਸ਼ਖ਼ਸ ਦੀ ਹੱਤਿਆ ਕਰਨ ਵਾਲੇ ਨਿਹੰਗ ਨੇ ਪੁਲਿਸ ਦੇ ਸਾਹਮਣੇ ਆਤਮ-ਸਮਰਪਣ ਕਰ ਦਿੱਤਾ ਹੈ। ਸਮਰਪਣ ਕਰਨ ਵਾਲੇ ਦਾ ਨਾਂ ਨਿਹੰਗ ਸਰਬਜੀਤ ਦੱਸਿਆ ਜਾ ਰਿਹਾ ਹੈ। ਉਸ ਨੇ ਪੁਲਿਸ ਦੇ ਸਾਹਮਣੇ ਆਤਮ-ਸਮਰਪਣ ਕਰ ਕੇ ਹੱਤਿਆ ਦੀ ਜ਼ਿੰਮੇਵਾਰੀ ਲੈ ਲਈ ਹੈ। ਪੁਲਿਸ ਇਸ ਮਾਮਲੇ ਵਿਚ ਸ਼ਖ਼ਸ ਤੋਂ ਪੁੱਛਗਿੱਛ ਕਰ ਰਹੀ ਹੈ।

**ਬਾਕੀ ਸਫ਼ਾ 30 'ਤੇ**

# ਪੰਜਾਬ ਦੇ ਸੰਘੀ ਢਾਂਚੇ ਉਪਰ ਮੋਦੀ ਸਰਕਾਰ ਦਾ ਹਮਲਾ

## ✪ ਬੀ.ਐੱਸ.ਐੱਫ. ਦਾ ਦਾਇਰਾ ੧੫ ਤੋਂ ੫੦ ਕਿਲੋਮੀਟਰ ਹੋਣ 'ਤੇ ਪੰਜਾਬ 'ਚ ਭਖੀ ਸਿਆਸਤ ✪ ਪੰਜਾਬ ਵਿਚ ਅਸਿੱਧੇ ਤੌਰ 'ਤੇ ਕੇਂਦਰ ਸਰਕਾਰ ਦਾ ਸ਼ਾਸਨ : ਸ਼੍ਰੋਮਣੀ ਅਕਾਲੀ ਦਲ ✪ ਕੌਮੀ ਸੁਰੱਖਿਆ ਦੇ ਮੁੱਦੇ 'ਤੇ ਰਾਜਨੀਤੀ ਕਰਨਾ ਮੰਦਭਾਗਾ: ਅਸ਼ਵਨੀ ਸ਼ਰਮਾ ✪ ਕਾਂਗਰਸ ਵਲੋਂ ਭਾਜਪਾ ਦੀ ਤਿਖੀ ਨਿਖੇਧੀ ਚੰਡੀਗੜ:

**ਚੰਡੀਗੜ/ਏ.ਟੀ.ਨਿਊਜ਼:** ਪੰਜਾਬ ਵਿਚ ਸੀਮਾ ਸੁਰੱਖਿਆ ਬਲ ਦੇ ਅਧਿਕਾਰ ਖੇਤਰ ਦਾ ਦਾਇਰਾ ਵਧਾ ਕੇ ੧੫ ਕਿਲੋਮੀਟਰ ਤੋਂ ੫੦ ਕਿਲੋਮੀਟਰ ਹੋਣ 'ਤੇ ਸਿਆਸਤ ਭਖ ਗਈ ਹੈ। ਕੇਂਦਰ ਸਰਕਾਰ ਦੀ ਨੋਟੀਫਿਕੇਸ਼ਨ ਮੁਤਾਬਕ ਹੁਣ ਬੀਐੱਸਐੱਫ. ਪੰਜਾਬ ਸਮੇਤ ਵੱਖ-ਵੱਖ ਸਰਹੱਦੀ ਰਾਜਾਂ ਵਿਚ ੫੦ ਕਿਲੋਮੀਟਰ ਤੱਕ ਦੇ ਦਾਇਰੇ ਵਿਚ ਕਿਸੇ ਵੀ ਸ਼ੱਕੀ ਦੀ ਤਲਾਸ਼ੀ ਲੈ ਸਕੇਗੀ ਅਤੇ ਗ੍ਰਿਫਤਾਰੀ ਵੀ ਕਰ ਸਕੇਗੀ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਤਾਂ ਕੇਂਦਰ ਸਰਕਾਰ ਦੇ ਫੈਸਲੇ ਨੂੰ ਨਿੰਦਣਯੋਗ ਦੱਸਦੇ ਹੋਏ ਇਸ ਨੂੰ ਫੈਡਰਲ ਢਾਂਚੇ 'ਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ। ਉਨਾਂ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੂੰ ਇਹ ਫੈਸਲਾ ਤੁਰੰਤ ਵਾਪਸ ਲੈਣਾ ਚਾਹੀਦਾ ਹੈ। ਬੀਐੱਸਐੱਫ. ਐਕਟ ਦੀ ਧਾਰਾ ੧੩੯ ਵਿਚ ਸੋਧ ਨੂੰ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਤੁਰੰਤ ਵਾਪਸ ਲੈਣ ਲਈ ਕਿਹਾ ਹੈ। ਉਨਾਂ ਨੇ ਕਿਹਾ ਕਿ ਅੰਦਰੂਨੀ ਇਲਾਕਿਆਂ ਵਿਚ ਪੁਲਿਸਿੰਗ ਕਰਨਾ ਸੀਮਾ ਸੁਰੱਖਿਆ ਬਲਾਂ ਦਾ ਕੰਮ ਨਹੀਂ ਹੈ ਅਤੇ ਅਜਿਹਾ ਕਰਨ ਨਾਲ ਅੰਤਰਰਾਸ਼ਟਰੀ ਸਰਹੱਦ ਦੀ ਸੁਰੱਖਿਆ ਪ੍ਰਤੀ ਉਨਾਂ ਦੀ ਮੁੱਢਲੀ ਡਿਊਟੀ ਨਿਭਾਉਣ ਦੀ ਸਮਰੱਥਾ ਕਮਜ਼ੋਰ ਹੋਵੇਗੀ। ਉਪ ਮੁੱਖ ਮੰਤਰੀ ਨੇ ਕਿਹਾ ਕਿ ਮਾਮਲੇ ਦੇ ਹੱਲ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਛੇਤੀ ਮਿਲਣਗੇ। ਰੰਧਾਵਾ ਨੇ ਸਪੱਸ਼ਟ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਨਾ ਤਾਂ ਇਹ ਮੁੱਦਾ ਕੇਂਦਰ ਸਾਹਮਣੇ ਚੁੱਕਿਆ ਹੈ ਅਤੇ ਨਾ ਹੀ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਬੀਐੱਸਐੱਫ. ਦੇ ਅਧਿਕਾਰ ਖੇਤਰ ਨੂੰ ਵਧਾਉਣ ਲਈ ਕਿਹਾ ਹੈ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ -ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪਿਛਲੇ ੫ ਅਕਤੂਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਦੌਰਾਨ ਪੰਜਾਬ ਵਿਚ ਭਾਰਤ-ਪਾਕ ਸਰਹੱਦ ਨੂੰ 'ਸੀਲ' ਕਰਨ ਦੀ ਅਪੀਲ ਕੀਤੀ ਸੀ, ਜਿਸ ਤੋਂ ਇੱਕ ਹਫਤੇ ਬਾਅਦ ਕੇਂਦਰੀ



ਗ੍ਰਹਿ ਮੰਤਰਾਲਾ ਨੇ ਬੀ.ਐੱਸ ਐੱਫ ਦੇ ਅਧਿਕਾਰ ਖੇਤਰ ਨੂੰ ੫੦ ਕਿਲੋਮੀਟਰ ਖੇਤਰ ਵਿਚ ਗ੍ਰਿਫ਼ਤਾਰੀ, ਜ਼ਬਤੀ, ਤਲਾਸ਼ੀ ਲਈ ਵਧਾ ਦਿੱਤਾ ਹੈ। ਜਾਖੜ ਨੇ ਇਸ ਨੂੰ ਲੈ ਕੇ ਉੱਠੇ ਸਵਾਲ 'ਤੇ ਆਪਣੀ ਗੱਲ ਰੱਖੀ।

ਸ਼੍ਰੋਮਣੀ ਅਕਾਲੀ ਦਲ ਨੇ ਲਗਭਗ ਅੱਧੇ ਰਾਜ ਨੂੰ ਬੀਐੱਸਐੱਫ. ਦੇ ਹਵਾਲੇ ਸੌਂਪਣ ਦੇ ਕਦਮ ਨੂੰ 'ਪੰਜਾਬ ਦੇ ਲਗਭਗ ਅੱਧੇ ਹਿੱਸੇ ਵਿੱਚ ਅਸਿੱਧੇ ਤੌਰ 'ਤੇ ਰਾਸ਼ਟਰਪਤੀ ਸ਼ਾਸਨ' ਲਗਾਉਣਾ ਦੱਸਿਆ ਹੈ। ਇਹ ਸਚਮੁੱਚ ਪੰਜਾਬ ਰਾਜ ਨੂੰ ਅਸਲੀ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਬਦਲਣਾ ਹੈ। ਅਕਾਲੀ ਦਲ ਦੇ ਸੀਨੀਅਰ ਨੇਤਾ ਅਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸੰਵਿਧਾਨ ਅਨੁਸਾਰ, ਕੇਵਲ ਰਾਜ ਸਰਕਾਰ ਹੀ ਬੀ.ਐੱਸ.ਐੱਫ. ਨੂੰ ਰਾਜ ਪ੍ਰਸ਼ਾਸਨ ਦੀ ਸਹਾਇਤਾ ਲਈ ਬੁਲਾ ਸਕਦੀ ਹੈ। ਰਾਜ ਸਰਕਾਰ ਦੀ ਗੈਰਰਸਮੀ ਬੇਨਤੀ ਤੋਂ ਬਿਨਾਂ ਕੇਂਦਰ ਇਸ ਤਰਾਂ ਧੱਕੇਸ਼ਾਹੀ ਨਹੀਂ ਕਰ ਸਕਦਾ।

ਇਥੇ ਜਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ, ਪੱਛਮੀ ਬੰਗਾਲ ਅਤੇ ਆਸਾਮ ਵਿਚ ਕੇਂਦਰੀ ਸੁਰੱਖਿਆ ਏਜੰਸੀ ਬੀਐੈਸਐੈਫ. ਨੂੰ ਨਸ਼ਿਆਂ ਅਤੇ ਪਾਕਿ ਹਿੰਸਾ ਨੂੰ ਰੋਕਣ ਦੇ ਨਾਂਅ 'ਤੇ ਪਹਿਲਾਂ ਹੀ ਮਿਲੇ ੧੫ ਕਿਲੋਮੀਟਰ ਦੇ ਅਧਿਕਾਰ ਖੇਤਰ ਨੂੰ ਵਧਾ ਕੇ ਇਸ ਦਾ ਦਾਇਰਾ ੫੦ ਕਿਲੋਮੀਟਰ ਕਰ ਦਿੱਤਾ ਗਿਆ ਹੈ। ਇਸ ਸੰਬੰਧੀ ਨੋਟੀਫਿਕੇਸ਼ਨ ਮੁਤਾਬਿਕ ਬੀਐੈਸਐੈਫ. ਹੁਣ ਸਰਹੱਦੀ ਖੇਤਰ ਦੇ ੫੦ ਕਿਲੋਮੀਟਰ ਦੂਰ ਤੱਕ ਦੇ ਇਲਾਕੇ ਵਿਚ ਬਿਨਾਂ ਕਿਸੇ ਵੀ ਹੋਰ ਸਿਵਲ ਅਧਿਕਾਰੀ ਜਾਂ ਪੁਲਿਸ ਅਧਿਕਾਰੀ ਦੀ ਮਨਜ਼ੂਰੀ ਜਾਂ ਜਾਣਕਾਰੀ ਦੇ ਤਲਾਸ਼ੀ ਗ੍ਰਿਫ਼ਤਾਰੀ ਅਤੇ ਬਰਾਮਦ ਸਾਮਾਨ ਨੂੰ ਜ਼ਬਤ ਕਰਨ ਦੇ ਸਮਰੱਥ ਹੋ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਜੇ ਬੀਐੈਸਐੈਫ. ੧੫ ਕਿਲੋਮੀਟਰ ਦੇ ਘੇਰੇ ਵਿਚ ਕਾਰਵਾਈ ਕਰਨ ਦੇ ਅਧਿਕਾਰਾਂ ਨਾਲ ਨਸ਼ੇ, ਹਥਿਆਰ, ਡਰੋਨ, ਖਾੜਕੂਆਂ ਤੇ ਸਮਗਲਰਾਂ ਆਦਿ ਨੂੰ ਭਾਰਤ ਵਿਚ ਆਉਣ ਤੋਂ ਨਹੀਂ ਰੋਕ ਸਕਦੀ ਤਾਂ ੫੦ ਕਿਲੋਮੀਟਰ ਤੱਕ ਦੇ ਅਧਿਕਾਰਾਂ ਨਾਲ ਕਿਵੇਂ ਰੋਕ ਲਵੇਗੀ ? ਮਨੁੱਖੀ ਅਧਿਕਾਰ ਸੰਗਠਨ ਦਾ ਮੰਨਣਾ ਹੈ ਕਿ ਕਿਸੇ ਬਾਰਡਰ ਸੁਰੱਖਿਆ ਫੋਰਸ ਨੂੰ ੧੫ ਕਿਲੋਮੀਟਰ ਤੱਕ ਆਪਣੇ ਦੇਸ਼ ਅੰਦਰ ਕਾਰਵਾਈ ਕਰਨ ਦਾ ਅਧਿਕਾਰ ਦੇਣਾ ਵੀ ਠੀਕ ਨਹੀਂ, ਸਗੋਂ ਇਹ ਸਿਰਫ ਇਕ ਜਾਂ ਦੋ ਕਿਲੋਮੀਟਰ ਤੱਕ ਹੀ ਸੀਮਤ ਹੋਣਾ ਚਾਹੀਦਾ ਹੈ। ਪਰ ੫੦ ਕਿਲੋਮੀਟਰ ਤੱਕ ਹੱਦ ਵਧਾਉਣੀ ਤਾਂ ਕੇਂਦਰ ਦੀ ਭਾਜਪਾ ਸਰਕਾਰ ਦੀ ਨੀਅਤ ਅਤੇ ਨਿਸ਼ਾਨੇ ਬਾਰੇ ਕਈ ਤਰਾਂ ਦੇ ਸਵਾਲ ਖੜੇ ਕਰਦੀ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਕੁਰਸੀ ਜਾਣ ਤੋਂ ਬਾਅਦ ਪੰਜਾਬ ਕਾਂਗਰਸ ਅੰਦਰਲੀ ਖਿੱਚੋਤਾਣ ਵਧਣ ਤੋਂ ਬਾਅਦ ਇਹ ਆਮ ਚਰਚਾ ਸੀ ਕਿ ਇਸ ਦਾ ਫਾਇਦਾ ਉਠਾ ਕੇ ਕੇਂਦਰ ਸਰਕਾਰ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾ ਕੇ ਚੋਣਾਂ ਅੱਗੇ ਪਾਉਣ ਦੀ ਕੋਸ਼ਿਸ਼ ਕਰ ਸਕਦੀ ਹੈ। ਪਰ ਜੋ ਕਦਮ ਕੇਂਦਰ ਸਰਕਾਰ ਨੇ ਚੁੱਕਿਆ ਹੈ, ਉਹ ਤਾਂ ਰਾਸ਼ਟਰਪਤੀ ਰਾਜ ਤੋਂ ਵੀ ਕਿਤੇ ਵੱਧ ਖ਼ਤਰਨਾਕ ਹੈ। ਕਿਸੇ ਸੂਬੇ ਵਿਚ ਰਾਸ਼ਟਰਪਤੀ ਰਾਜ ਸਿਰਫ ੬ ਮਹੀਨੇ ਲਈ ਹੀ ਲਾਇਆ ਜਾ ਸਕਦਾ ਹੈ। ਪਾਰਲੀਮੈਂਟ ਦੀ ਮਨਜ਼ੂਰੀ ਨਾਲ ੬-੬ ਮਹੀਨੇ ਵਧਾਇਆ ਤਾਂ ਜਾ ਸਕਦਾ ਹੈ ਪਰ ਫਿਰ ਵੀ ਇਹ ਤਿੰਨ ਸਾਲ ਤੱਕ ਹੀ ਖਿੱਚਿਆ ਜਾ ਸਕਦਾ ਹੈ। ਤਿੰਨ ਸਾਲ ਬਾਅਦ ਤਾਂ ਚੋਣ ਕਰਾਉਣੀ ਲਾਜ਼ਮੀ ਹੀ ਹੁੰਦੀ ਹੈ। ਹਾਂ, ਜੇਕਰ ਉਸ ਵੇਲੇ ਸੰਸਦ ਵੀ ਭੰਗ ਹੈ ਤਦ ਵੀ ਸੰਸਦ ਬਣਨ ਉਪਰੰਤ ਉਸ ਦੀ ਪਹਿਲੀ ਬੈਠਕ ਤੋਂ ਬਾਅਦ ਰਾਸ਼ਟਰਪਤੀ ਰਾਜ ਸਿਰਫ ੩੦ ਦਿਨਾਂ ਤੱਕ ਹੀ ਰੱਖਿਆ ਜਾ ਸਕਦਾ ਹੈ। ਸੰਵਿਧਾਨ ਦੀ ੪੪ਵੀਂ ਸੋਧ ਵਿਚ ਇਸ 'ਤੇ ਕੁਝ ਹੋਰ ਰੋਕਾਂ ਵੀ ਲਾਈਆਂ ਗਈਆਂ ਹਨ।

ਪਰ ਸਿਤਮਜ਼ਰੀਫ਼ੀ ਹੈ ਕਿ ਜੇ ਬੀ.ਐਸ.ਐਫ. ਨੂੰ ਦਿੱਤਾ ਨਵੇਂ ਅਧਿਕਾਰਾਂ ਦਾ ਨੋਟੀਫਿਕੇਸ਼ਨ ਕਾਨੂੰਨ ਬਣ ਗਿਆ ਤਾਂ ਪੰਜਾਬ ਦਾ ਕਰੀਬ-ਕਰੀਬ ਅੱਧਾ ਹਿੱਸਾ ਤਾਂ ਪੱਕੇ ਤੌਰ 'ਤੇ ਸਦਾ ਲਈ ਅਸਿੱਧੇ ਰੂਪ ਵਿਚ ਕੇਂਦਰ ਦੇ ਕੰਟਰੋਲ ਹੇਠ ਰਹੇਗਾ। ਪਾਕਿਸਤਾਨ ਨਾਲ ਲਗਦੀ ਪੰਜਾਬ ਦੀ ਸਰਹੱਦ ਦੀ ਲੰਬਾਈ ੫੪੭ ਤੋਂ ੫੫੩ ਕਿਲੋਮੀਟਰ ਦੱਸੀ ਜਾ ਰਹੀ ਹੈ। ਜੇਕਰ ਇਹ ੫੪੭ ਕਿਲੋਮੀਟਰ ਹੀ ਮੰਨ ਲਈਏ ਤਾਂ ੫੪੭ ਨੂੰ ੫੦ ਕਿਲੋਮੀਟਰ ਨਾਲ ਗੁਣਾ ਕਰਨ 'ਤੇ ਇਹ ਖੇਤਰ ੨੭੩੫੦ ਵਰਗ ਕਿਲੋਮੀਟਰ ਬਣ ਜਾਂਦਾ ਹੈ ਜਦੋਂ ਕਿ ਪੰਜਾਬ ਦਾ ਕੁੱਲ ਖੇਤਰ ਹੀ ੫੦੩੬੨ ਵਰਗ ਕਿਲੋਮੀਟਰ ਹੈ। ਪੰਜਾਬ ਦੇ ੬ ਜ਼ਿਲੇ ਇਸ ਦੀ ਮਾਰ ਹੇਠ ਹਨ।

**ਬਾਕੀ ਸਫ਼ਾ 30 'ਤੇ**

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE BAYS. EXPERTISE. SOLUTIONS.

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**

# ਗੁਰਦੁਆਰਾ ਸਾਹਿਬ ਫਰੀਮਾਂਟ ਵੱਲੋਂ ਗੁਰੂ ਰਾਮ ਦਾਸ ਜੀ ਦੇ ਗੁਰਪੁਰਬ ਅਤੇ ਭਾਈ ਜਿੰਦੇ-ਸੁੱਖੇ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ












**ਫਰੀਮਾਂਟ/ਏ.ਟੀ.ਨਿਊਜ਼:** ਲੰਘੇ ਐਤਵਾਰ ਗੁਰਦੁਆਰਾ ਸਾਹਿਬ ਫਰੀਮਾਂਟ ਵਲੋਂ ਗੁਰੂ ਰਾਮ ਦਾਸ ਜੀ ਦੇ ਗੁਰਪੁਰਬ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦਾ ਸਹੀਦੀ ਦਿਨ ਮਨਾਇਆ ਗਿਆ। ਭਾਈ ਬਹਾਦਰ ਸਿੰਘ ਵੱਲੋਂ ਹਰ ਸਾਲ ਚੌਥੇ ਪਾਤਿਸਾਹ ਜੀ ਦੇ ਗੁਰਪੁਰਬਾਂ ਦੀ ਸੇਵਾ ਕੀਤੀ ਜਾਂਦੀ ਹੈ। ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ 1992 ਵਿੱਚ ਸਹੀਦੀ ਤੋਂ ਬਾਅਦ ਲਗਾਤਾਰ ਫਰੀਮਾਂਟ ਦੀ ਸੰਗਤ ਵੱਲੋਂ ਸਹੀਦੀ ਦਿਨ ਮਨਾਇਆ ਜਾਂਦਾ ਹੈ। ਜੱਥੇਦਾਰ ਗੁਰਦੇਵ ਸਿੰਘ ਵੱਲੋਂ ਅਖੰਡ ਪਾਠਾਂ ਦੀ ਸੇਵਾ ਲਗਾਤਾਰ 1993 ਤੋਂ ਚੱਲੀ ਆ ਰਹੀ ਹੈ। ਇਸ ਸਾਲ ਵੀ ਲੰਘੇ ਐਤਵਾਰ ਸਿੱਖ ਪੰਚਾਇਤ ਵੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਹੀਦ ਸਿੰਘਾਂ ਦੀ ਯਾਦ ਮਨਾਈ ਗਈ।

# ਕੋਵਿਡ ਮਹਾਂਮਾਰੀ ਮਾਮਲੇ ਵਿਚ ਰਾਸ਼ਟਰ ਦੀ ਦਿਸ਼ਾ ਸਹੀ ਪ੍ਰੰਤੂ ਰਹਿੰਦੇ ਅਮਰੀਕੀਆਂ ਲਈ ਵੈਕਸੀਨ ਲਵਾਉਣਾ ਜਰੂਰੀ : ਬਾਈਡਨ

## 5 ਤੋਂ 12 ਸਾਲਾਂ ਦੇ ਬੱਚਿਆਂ ਲਈ ਵੈਕਸੀਨ ਛੇਤੀ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਰਾਸ਼ਟਰਪਤੀ ਜੋਅ ਬਾਈਡਨ ਨੇ ਕਿਹਾ ਹੈ ਕਿ ਕੋਵਿਡ ਮਹਾਂਮਾਰੀ ਮਾਮਲੇ ਵਿਚ ਅਮਰੀਕਾ ਸਹੀ ਦਿਸ਼ਾ ਵੱਲ ਵਧ ਰਿਹਾ ਹੈ ਪ੍ਰੰਤੂ ਰਹਿੰਦੇ 6.60 ਕਰੋੜ ਲੋਕਾਂ ਲਈ ਕੋਵਿਡ-19 ਵੈਕਸੀਨ ਲਵਾਉਣਾ ਜਰੂਰੀ ਹੈ। ਵਾਇਟ ਹਾਊਸ ਵਿਚ ਕੋਵਿਡ ਮਹਾਂਮਾਰੀ ਬਾਰੇ ਗੱਲ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਵੈਕਸੀਨ ਬਹੁਤ ਕਾਰਗਰ ਹੈ ਤੇ ਇਹ ਵੈਕਸੀਨ ਦਾ ਹੀ ਸਿੱਟਾ ਹੈ ਕਿ ਦੇਸ਼ ਭਰ ਵਿਚ ਕੋਵਿਡ-19 ਦੇ ਮਾਮਲੇ ਘਟੇ ਹਨ ਤੇ ਹਸਪਤਾਲਾਂ ਵਿਚ ਮਰੀਜ਼ਾਂ ਦੀ ਗਿਣਤੀ ਘਟੀ ਹੈ। ਉਨਾਂ ਕਿਹਾ ਕਿ 'ਇਹ ਪ੍ਰਗਤੀ ਅਹਿਮ ਹੈ ਪ੍ਰੰਤੂ ਕਾਫੀ ਨਹੀਂ ਹੈ। ਹੁਣ ਸਮਾਂ ਅਵੇਸਲੇ ਹੋਣ ਦਾ ਨਹੀਂ ਹੈ। ਸਾਨੂੰ ਬਹੁਤ ਕੁਝ ਕਰਨਾ ਪਵੇਗਾ। ਕੋਵਿਡ ਮਾਮਲੇ ਵਿਚ ਅਸੀਂ ਅਹਿਮ ਪੜਾਅ ਵਿਚ ਪੁੱਜ ਗਏ ਹਾਂ ਜਿਥੇ ਸਾਨੂੰ ਵਧੇਰੇ ਚੌਕਸੀ ਦੀ ਲੋੜ ਹੈ।' ਬਾਈਡਨ ਨੇ ਕਿਹਾ ਕਿ ਸਾਨੂੰ ਅਗੇ ਵਧਣਾ ਪਵੇਗਾ ਤੇ ਰਹਿੰਦੇ ਅਮਰੀਕੀਆਂ ਨੂੰ ਵੈਕਸੀਨ ਲਵਾਉਣੀ ਪਵੇਗੀ। ਰਾਸ਼ਟਰਪਤੀ ਨੇ ਕਿਹਾ ਕਿ ਉਸ ਦਾ ਪ੍ਰਸ਼ਾਸਨ ਵੈਕਸੀਨ ਬਾਰੇ ਫੈਲਾਈ ਜਾ ਰਹੀ ਗਲਤ ਜਾਣਕਾਰੀ ਵਿਰੁੱਧ ਨਿਰੰਤਰ ਲੜਾਈ ਲੜ ਰਿਹਾ ਹੈ ਤੇ ਅਮਰੀਕੀਆਂ ਨੂੰ ਵੈਕਸੀਨ ਦੀ ਸੁਰੱਖਿਆ ਤੇ ਕਾਰਗਰਤਾ ਬਾਰੇ ਸਹੀ ਤੇ ਠੋਸ ਜਾਣਕਾਰੀ ਦੇ ਰਿਹਾ ਹੈ। ਬਾਈਡਨ ਨੇ ਜੋਰ ਦੇ ਕੇ ਕਿਹਾ ਕਿ ਸਕੂਲਾਂ ਨੂੰ ਸੁਰੱਖਿਅਤ ਢੰਗ ਨਾਲ ਖੋਲਣ ਦੀ ਲੋੜ ਹੈ ਜਿਸ ਵਾਸਤੇ ਕੋਵਿਡ ਟੀਕਾਕਰਣ ਜਰੂਰੀ ਹੈ। ਉਨਾਂ ਕਿਹਾ ਕਿ ਫਾਈਜ਼ਰ ਤੇ ਬਾਇਓਨਟੈਕ ਨੇ 5 ਤੋਂ 11 ਸਾਲਾਂ ਦੇ ਬੱਚਿਆਂ ਲਈ ਕੋਵਿਡ-19 ਵੈਕਸੀਨ ਬਾਰੇ ਅੰਕੜੇ ਸ਼ੁਰੂਆਤੀ ਜਾਂਚ ਲਈ ਐਫ ਡੀ ਏ (ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ) ਨੂੰ ਦੇ ਦਿੱਤੇ ਹਨ।

**ਬਾਕੀ ਸਫ਼ਾ 30 'ਤੇ**

# ਫਲੋਰਿਡਾ ਦੇ ਸਕੂਲਾਂ ਵਿਚ ਸਟਾਫ ਦੀ ਭਾਰੀ ਘਾਟ

## ਅਧਿਆਪਕਾਂ ਤੇ ਹੋਰ ਸਟਾਫ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਇਸ ਸਿੱਖਿਆ ਸਾਲ ਦੌਰਾਨ ਜਦੋਂ ਤੋਂ ਸਕੂਲ ਸ਼ੁਰੂ ਹੋਏ ਹਨ ਅਮਰੀਕਾ ਦੇ ਫਲੋਰਿਡਾ ਰਾਜ ਵਿਚ ਅਧਿਆਪਕਾਂ ਤੇ ਹੋਰ ਸਟਾਫ ਦੀ ਭਾਰੀ ਘਾਟ ਪਾਈ ਜਾ ਰਹੀ ਹੈ। ਫਲੋਰਿਡਾ ਐਜੂਕੇਸ਼ਨ ਐਸੋਸੀਏਸ਼ਨ ਤੋਂ ਪ੍ਰਾਪਤ ਹੋਏ ਅੰਕੜਿਆਂ ਅਨੁਸਾਰ ਫਲੋਰਿਡਾ ਦੇ ਸਕੂਲਾਂ ਵਿਚ ਅਧਿਆਪਕਾਂ ਦੀਆਂ 5000 ਤੋਂ ਵਧ ਅਸਾਮੀਆਂ ਖਾਲੀ ਹਨ ਤੇ ਹੋਰ ਸਟਾਫ ਦੀਆਂ 4000 ਤੋਂ ਵਧ ਅਸਾਮੀਆਂ ਭਰੀਆਂ ਨਹੀਂ ਜਾ ਰਹੀਆਂ। ਫਲੋਰਿਡਾ ਐਜੂਕੇਸ਼ਨ ਐਸੋਸੀਏਸ਼ਨ ਦੇ ਪ੍ਰਧਾਨ ਐਂਡਰੀਊ ਸਪਾਰ ਨੇ ਕਿਹਾ ਹੈ ਕਿ ਉਨਾਂ ਦੀ ਸੰਸਥਾ ਨੇ ਇਸ ਸਾਲ ਅਗਸਤ ਵਿਚ ਅਸਾਮੀਆਂ ਦੀ ਸਥਿੱਤੀ ਬਾਰੇ ਅੰਕੜੇ ਜਾਰੀ ਕੀਤੇ ਸਨ ਪਰੰਤੂ ਉਸ ਤੋਂ ਬਾਅਦ ਹਾਲਾਤ ਹੋਰ ਨਿਘਰ ਗਏ ਹਨ ਤੇ ਖਾਲੀ ਅਸਾਮੀਆਂ ਦੀ ਗਿਣਤੀ ਘੱਟਣ ਦੀ ਬਜਾਏ ਵਧ ਗਈ ਹੈ। ਇਸ ਵੇਲੇ ਸਕੂਲਾਂ ਵਿਚ 5100 ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਉਨਾਂ ਕਿਹਾ ਹੈ ਕਿ ਸਾਡੇ ਪਬਲਿਕ ਸਕੂਲਾਂ ਲਈ ਇਹ ਸਥਿਤੀ ਤੇ ਰੁਝਾਨ ਬਹੁਤ ਖਤਰਨਾਕ ਹੈ। ਇਸ ਵੇਲੇ ਰਾਜ ਦੇ ਅਧਿਕਾਰੀਆਂ ਨੂੰ ਇਸ ਸਮੱਸਿਆ ਵੱਲ ਫੌਰਨ ਧਿਆਨ ਦੇਣ ਦੀ ਲੋੜ ਹੈ। ਉਨਾਂ ਕਿਹਾ ਕਿ ਅਧਿਆਪਕਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਸਕੂਲ ਛੱਡੇ ਰਹੇ ਹਨ ਤੇ ਨੌਜਵਾਨ ਅਧਿਆਪਕ ਵਜੋਂ ਕਰੀਅਰ ਸ਼ੁਰੂ ਕਰਨ ਦੇ ਹੱਕ ਵਿਚ ਨਹੀਂ ਹਨ। ਫਲੋਰਿਡ ਐਜੂਕੇਸ਼ਨ ਐਸੋਸੀਏਸ਼ਨ ਅਨੁਸਾਰ ਕੋਵਿਡ-19 ਮਹਾਂਮਾਰੀ ਕਾਰਨ ਅਧਿਆਪਕਾਂ ਉਪਰ ਦਬਾਅ ਵਧਿਆ ਹੈ ਤੇ ਬੇਯਕੀਨੀ ਵਾਲੇ ਹਾਲਾਤ ਪੈਦਾ ਹੋਏ ਹਨ। ਘੱਟ ਤਨਖਾਹ ਨੇ ਵੀ ਸਮੱਸਿਆ ਵਿਚ ਵਾਧਾ ਕੀਤਾ ਹੈ। ਫਲੋਰਿਡਾ ਐਜੂਕੇਸ਼ਨ ਐਸੋਸੀਏਸ਼ਨ ਅਨੁਸਾਰ ਅਗਸਤ 2020 ਤੋਂ ਬਾਅਦ ਅਗਸਤ 2021 ਤੱਕ ਸਕੂਲਾਂ ਵਿਚ ਅਧਿਆਪਕਾਂ ਦੀਆਂ ਅਸਾਮੀਆਂ ਵਿਚ 67% ਵਾਧਾ ਹੋਇਆ ਹੈ ਪ੍ਰੰਤੂ ਇਸ ਵੇਲੇ ਸਕੂਲ ਅਧਿਆਪਕਾਂ ਦੀ ਘਾਟ ਦੀ ਸਮੱਸਿਆ ਨਾਲ ਜੂਝ ਰਹੇ ਹਨ। ਸਕੂਲਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਦਾ ਕਹਿਣਾ ਹੈ ਕਿ ਸਾਨੂੰ ਬਹੁਤ ਵੱਡੀਆਂ ਕਲਾਸਾਂ ਨੂੰ ਪੜਾਉਣਾ ਪੈ ਰਿਹਾ ਹੈ ਜੋ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੈ। ਇਸ ਬਦਲੇ ਜੋ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ ਉਹ ਰਾਸ਼ਟਰੀ ਔਸਤ ਨਾਲੋਂ ਬਹੁਤ ਘੱਟ ਹਨ।

ਇਹ ਹਾਲਾਤ ਉਸ ਵੇਲੇ ਪੈਦਾ ਹੋਏ ਹਨ ਜਦੋਂ ਸਕੂਲਾਂ ਵਿਚ ਬੱਚਿਆਂ ਦੁਆਰਾ ਮਾਸਕ ਪਾਉਣ ਜਾਂ ਨਾ ਪਾਉਣ ਬਾਰੇ ਚਰਚਾ ਚੱਲ ਰਹੀ ਹੈ। ਅਮਰੀਕੀ ਸਕੂਲ ਵਿਭਾਗ ਨੇ ਹਾਲ ਹੀ ਵਿਚ ਫਲੋਰਿਡਾ ਦੇ ਉਨਾਂ ਅਧਿਆਪਕਾਂ ਲਈ ਤਨਖਾਹਾਂ ਜਾਰੀ ਕੀਤੀਆਂ ਹਨ ਜਿਨਾਂ ਦੀਆਂ ਤਨਖਾਹਾਂ ਗਵਰਨਰ ਦੇ ਹੁਕਮਾਂ ਦੀ ਉਲੰਘਣਾ ਕਰਕੇ ਮਾਸਕ ਪਹਿਣਨਾ ਜਰੂਰੀ ਕਰ ਦੇਣ ਦੇ ਸਿੱਟੇ ਵਜੋਂ ਰੋਕ ਲਈਆਂ ਗਈਆਂ ਸਨ। ਗਵਰਨਰ ਦੇ ਆਦੇਸ਼ਾਂ ਵਿਚ ਕਿਹਾ ਗਿਆ ਸੀ ਕਿ ਬੱਚਿਆਂ ਨੇ ਮਾਸਕ ਪਾਉਣਾ ਹੈ ਜਾਂ ਨਹੀਂ ਇਸ ਗੱਲ ਦਾ ਨਿਰਨਾ ਮਾਪੇ ਕਰਨਗੇ ਨਾ ਕਿ ਸਕੂਲ ਅਧਿਕਾਰੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਕੁਰਦਿਸ਼ ਦੀ ਅਗਵਾਈ ਵਾਲੀ ਸੀਰੀਅਨ ਡੈਮੋਕ੍ਰੇਟਿਕ ਕੌਂਸਲ (ਐਸਡੀਸੀ) ਵੱਲੋਂ ਸੀਰੀਆ ਵਿੱਚ ਖੁਦਮੁਖਤਿਆਰ ਖੇਤਰ ਦੀ ਮਾਨਤਾ ਦੀ ਮੰਗ 'ਤੇ ਜ਼ੋਰ



ਜਿਵੇਂ ਕਿ ਬਾਈਡਨ ਪ੍ਰਸ਼ਾਸਨ ਅਫਗਾਨਿਸਤਾਨ ਵਿੱਚ ਫੈਲੀ ਹਿੰਸਾ ਅਤੇ ਅਰਾਜਕਤਾ ਵੱਲ ਧਿਆਨ ਹਟਾਉਂਦਾ ਹੈ, ਕੁਰਦ ਦੀ ਅਗਵਾਈ ਵਾਲੀ ਸੀਰੀਅਨ ਡੈਮੋਕ੍ਰੇਟਿਕ ਕੌਂਸਲ (ਐਸਡੀਸੀ), ਦੇਸ਼ ਦੇ ਉੱਤਰ-ਪੂਰਬੀ ਹਿੱਸੇ ਵਿੱਚ ਖੁਰਦੀਸ਼ ਦੁਆਰਾ ਚਲਾਏ ਜਾਂਦੇ ਖੁਦਮੁਖਤਿਆਰ ਖੇਤਰ ਦੀ ਮਾਨਤਾ ਪ੍ਰਾਪਤ ਕਰਨ ਲਈ ਵਾਸ਼ਿੰਗਟਨ ਪਹੁੰਚੀ ਹੈ। ਅੰਤਰਰਾਸ਼ਟਰੀ ਮਾਨਤਾ ਅਤੇ ਆਰਥਿਕ ਸਹਾਇਤਾ ਤੋਂ ਇਲਾਵਾ, ਐਸਡੀਸੀ ਲਗਭਗ 900 ਅਮਰੀਕੀ ਸੈਨਿਕਾਂ ਨੂੰ ਰਾਜਨੀਤਕ ਸਮਝੌਤਾ ਹੋਣ ਤੱਕ ਸੀਰੀਆ ਵਿੱਚ ਰਹਿਣ ਲਈ ਵੀ ਕਹਿ ਰਹੀ ਹੈ। ਇਹ ਮੰਗਾਂ ਉਸ ਸਮੇਂ ਆਈਆਂ ਹਨ ਜਦੋਂ ਅਸਦ ਸ਼ਾਸਨ ਅਤੇ ਸੰਯੁਕਤ ਅਰਬ ਅਮੀਰਾਤ ਅਤੇ ਬਹਿਰੀਨ ਵਰਗੇ ਹੋਰ ਗੁਆਂਢੀ ਦੇਸ਼ਾਂ ਦੇ ਵਿੱਚ ਹੌਲੀ ਹੌਲੀ ਸਬੰਧ ਆਮ ਹੋ ਰਹੇ ਹਨ, ਜੋ ਅਮਰੀਕਾ ਨੂੰ ਇਸ ਦੀ ਪਾਲਣਾ ਕਰਨ ਦੀ ਅਪੀਲ ਕਰ ਰਹੇ ਹਨ।

ਇਸਦੇ ਹਿੱਸੇ ਵਜੋਂ, ਬਾਈਡਨ ਪ੍ਰਸ਼ਾਸਨ ਨੇ ਅਜੇ ਤੱਕ ਸੀਰੀਆ ਵਿੱਚ ਇੱਕ ਕੂਟਨੀਤਕ ਦੂਤ ਭੇਜਣਾ ਹੈ ਜਾਂ ਇੱਥੋਂ ਦੇ ਚੱਲ ਰਹੇ ਸੰਘਰਸ਼ਾਂ ਬਾਰੇ ਇੱਕ ਅਨੁਕੂਲ ਨੀਤੀ ਨੂੰ ਅੱਗੇ ਵਧਾਉਣਾ ਹੈ। ਇਸ ਦੌਰਾਨ, ਦੇਸ਼ ਵਿੱਚ ਹਿੰਸਾ ਘੱਟ ਨਹੀਂ ਹੋਈ। ਦਾਰਾ ਵਿੱਚ ਅਸਦ ਦੁਆਰਾ ਲਗਾਈ ਗਈ ਘੇਰਾਬੰਦੀ ਨਾਲ ਹਜ਼ਾਰਾਂ ਲੋਕ ਬੇਘਰ ਹੋ ਗਏ ਅਤੇ ਦੇਸ਼ ਦੇ ਉੱਤਰ-ਪੱਛਮੀ ਕੋਨੇ ਵਿੱਚ ਸੰਘਰਸ਼ ਦੀਆਂ ਲਹਿਰਾਂ ਜਾਰੀ ਹਨ। ਖ਼ੂਨ -ਖ਼ਰਾਬਾ ਇੱਕ ਦੇਸ਼, ਅਸਲ ਵਿੱਚ ਇੱਕ ਖੇਤਰ ਦਾ ਮੁੱਖ ਅਧਾਰ ਬਣ ਗਿਆ ਹੈ ਜਿੱਥੇ ਸੰਘਰਸ਼ ਜ਼ੋਰਾਂ 'ਤੇ ਹੈ। ਜਿਹੜੀਆਂ ਸਥਿਤੀਆਂ ਵਿੱਚ ਸੀਰੀਅਨ ਕੁਰਦ ਅੱਜ ਹਨ ਉਹ ਤਾਜ਼ਾ ਪੱਛਮੀ ਵਿਸ਼ਵਾਸਘਾਤ ਦਾ ਨਤੀਜਾ ਹਨ, ਜੋ ਪਿਛਲੇ ਸੌ ਸਾਲਾਂ ਤੋਂ ਭੂ-ਰਾਜਨੀਤੀ ਲਈ ਘਾਤਕ ਰਿਹਾ ਹੈ। ਜਦੋਂ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ 1920 ਦੀ ਓਟੋਮਾਨ ਸਾਮਰਾਜ ਦੀ ਸੰਧੀ ਨੇ ਭਵਿੱਖ ਦੇ ਕੁਰਦਿਸਤਾਨ ਬਣਨ ਲਈ ਖੇਤਰ ਦਾ ਇੱਕ ਹਿੱਸਾ ਅਲਾਟ ਕਰਨਾ ਸੀ।

ਬਾਕੀ ਸਫ਼ਾ 30 'ਤੇ

# 7 ਸਾਲਾ ਬੱਚੇ ਨੂੰ ਭੁੱਖਾ ਰੱਖਕੇ ਮਾਰਨ ਦੇ ਦੋਸ਼ਾਂ ਤਹਿਤ ਔਰਤ ਵਿਰੁੱਧ ਹੱਤਿਆ ਦੇ ਦੋਸ਼ ਆਇਦ ਹੋ ਸਕਦੀ ਹੈ 25 ਸਾਲ ਦੀ ਸਜ਼ਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਨਿਊਬੁਰਘ (ਨਿਊਯਾਰਕ) ਵਿੱਚ ਬੱਚਾ ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਵਾਲੀ ਇਕ ਔਰਤ ਨੂੰ ਆਪਣੇ ਦੋਸਤ ਦੇ 7 ਸਾਲਾ ਲੜਕੇ ਨੂੰ ਭੁੱਖਾ ਰਖਕੇ ਮਾਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਔਰੇਂਜ ਕਾਊਂਟੀ ਡਿਸਟ੍ਰਿਕਟ ਅਟਾਰਨੀ ਡੇਵਿਡ ਹੂਵਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਾਣਕਾਰੀ ਦਿੱਤੀ ਕਿ 39 ਸਾਲਾ ਲੈਟੀਸੀਆ ਬਰਾਵੋ ਨੂੰ ਬੱਚੇ ਪੀਟਰ ਕੂਆਕੁਆਸ ਦੀ ਹੱਤਿਆ ਦੇ ਦੋਸ਼ਾਂ ਤਹਿਤ 25 ਸਾਲ ਜੇਲ ਦੀ ਸਜ਼ਾ ਹੋ ਸਕਦੀ ਹੈ। ਬਰਾਵੋ ਦੇ ਮਿੱਤਰ ਤੇ ਬੱਚੇ ਦੇ ਪਿਤਾ ਆਰਟੂਰੋ ਕੂਆਕੁਆਸ ਵਿਰੁੱਧ ਵੀ ਅਪਰਾਧਕ ਲਾਪ੍ਰਵਾਹੀ ਵਰਤਣ ਦੇ ਦੋਸ਼ ਲਾਏ ਗਏ ਹਨ ਜਿਸ ਕਾਰਨ ਬੱਚੇ ਦੀ ਮੌਤ ਹੋਈ। ਇਸ ਸਾਲ ਦੇ ਸ਼ੁਰੂ ਵਿਚ 10 ਫਰਵਰੀ ਨੂੰ ਬਰਾਵੋ ਆਪਣੇ ਬੱਚੇ ਪੀਟਰ ਨੂੰ ਨਿਊਬੁਰਘ ਦੇ ਸੇਂਟ ਲੂਕ ਹਸਪਤਾਲ ਵਿਚ ਲੈ ਕੇ ਆਇਆ ਸੀ ਜਿਥੇ ਉਸ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਪੋਸਟਮਾਰਟਮ ਰਿਪੋਰਟ ਵਿਚ ਸਪੱਸ਼ਟ ਹੋਇਆ ਕਿ ਬੱਚੇ ਦੀ ਮੌਤ ਭੁੱਖ ਤੇ ਕੁਪੋਸ਼ਣ ਕਾਰਨ ਹੋਈ ਹੈ। ਮੌਤ ਸਮੇਂ ਬੱਚੇ ਦਾ ਭਾਰ ਤਕਰੀਬਨ 16 ਕਿਲੋਗ੍ਰਾਮ ਸੀ। ਬਰਾਵੋ ਨੇ ਕਥਿਤ ਤੌਰ 'ਤੇ ਪੀਟਰ ਨੂੰ ਇਕ ਕਮਰੇ ਵਿਚ ਬੰਦ ਰਖਿਆ, ਜਿਸ ਨੂੰ ਬਾਹਰੋਂ ਤਾਲਾ ਲਾ ਦਿੱਤਾ ਜਾਂਦਾ ਸੀ। ਡਿਸਟ੍ਰਿਕਟ ਅਟਾਰਨੀ ਡੇਵਿਡ ਹੂਵਲਰ ਨੇ ਦੱਸਿਆ ਕਿ ਜਨਵਰੀ 2021 ਤੋਂ ਬੱਚਾ ਕਦੀ ਵੀ ਸਕੂਲ ਨਹੀਂ ਗਿਆ। ਹਾਲਾਂਕਿ ਉਸ ਦੇ ਅਧਿਆਪਕਾਂ ਤੇ ਸਕੂਲ ਦੇ ਪ੍ਰਤੀਨਿਧੀਆਂ ਨੇ ਬਰਾਵੋ ਨਾਲ ਕਈ ਵਾਰ ਬੱਚੇ ਨੂੰ ਸਕੂਲ ਭੇਜਣ ਬਾਰੇ ਗੱਲ ਕੀਤੀ ਸੀ। ਅਟਾਰਨੀ ਨੇ ਕਿਹਾ ਕਿ ਇਹ ਕਿਸ ਤਰਾਂ ਸੋਚਿਆ ਜਾ ਸਕਦਾ ਹੈ ਕਿ ਕੋਈ ਬੱਚੇ ਦੀ ਸੰਭਾਲ ਦੀ ਜਿੰਮੇਵਾਰੀ ਲਵੇ ਤੇ ਬਾਅਦ ਵਿਚ ਬੱਚੇ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੋਂ ਹੀ ਮੂੰਹ ਮੋੜ ਲਵੇ। ਇਹ ਬਹੁਤ ਹੀ ਮੰਦਭਾਗੀ ਘਟਨਾ ਹੈ। ਬੱਚੇ ਦੀ ਮੌਤ ਤੋਂ ਪਹਿਲਾਂ ਉਸ ਨੂੰ ਸਕੂਲ ਦੇ ਅਧਿਕਾਰੀਆਂ ਤੋਂ ਕਿਸ ਤਰਾਂ ਛੁਪਾ ਕੇ ਰਖਿਆ ਗਿਆ, ਇਹ ਵੀ ਜਾਂਚ ਦਾ ਵਿਸ਼ਾ ਹੈ। ਬਰਾਵੋ ਨੂੰ ਨਿਊਬੁਰਘ ਪੁਲਿਸ ਵਿਭਾਗ ਨੇ ਗ੍ਰਿਫਤਾਰ ਕਰ ਲਿਆ ਹੈ ਤੇ ਉਸ ਨੂੰ ਔਰੇਂਜ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ। ਉਸ ਨੂੰ ਅਦਾਲਤ ਵਿਚ 26 ਅਕਤੂਬਰ ਨੂੰ ਪੇਸ਼ ਕੀਤਾ ਜਾਵੇਗਾ।

# ਭਾਰਤ-ਅਮਰੀਕਾ ਤੇ ਕੁਐਡ ਦੇਸ਼ਾਂ ਵਿਚਾਲੇ ਸਹਿਯੋਗ ਵਧਾਉਣ ਲਈ ਉੱਚ ਅਧਿਕਾਰੀ ਕੰਮ ਕਰਨਗੇ : ਵਾਈਟ ਹਾਊਸ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ :-** ਵਾਈਟ ਹਾਊਸ ਦੀ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਕਿਹਾ ਹੈ ਕਿ ਪਿਛਲੇ ਮਹੀਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਤੇ ਕੁਐਡ ਦੇ ਆਸਟ੍ਰੇਲੀਆ ਤੇ ਜਪਾਨ ਦੇ ਆਗੂਆਂ ਵਿਚਾਲੇ ਹੋਈ ਮੀਟਿੰਗ ਵਿਚ ਤੈਅ ਕੀਤੀ ਕਾਰਜ ਪ੍ਰਣਾਲੀ ਅਨੁਸਾਰ ਸਹਿਯੋਗ ਵਧਾਉਣ ਲਈ ਉੱਚ ਪੱਧਰ ਦੇ ਅਧਿਕਾਰੀ ਕੰਮ ਕਰਨਗੇ। ਪ੍ਰੈਸ ਸਕੱਤਰ ਨੇ ਕਿਹਾ ਕਿ 'ਇਸ ਵੇਲੇ ਸਾਡਾ ਧਿਆਨ ਉੱਚ ਪੱਧਰ ਦੇ ਵਾਰਤਾਕਾਰਾਂ ਰਾਹੀਂ ਕੰਮ ਨੂੰ ਜਾਰੀ ਰਖਣ ਵੱਲ ਹੈ। ਇਹ ਵਾਰਤਾਕਾਰ ਵਿਦੇਸ਼ ਮੰਤਰੀ, ਵਿਦੇਸ਼ ਵਿਭਾਗ ਜਾਂ ਸਾਡੀ ਕੌਮੀ ਸੁਰੱਖਿਆ ਟੀਮ ਵਿਚੋਂ ਹੋ ਸਕਦੇ ਹਨ। ਇਹ ਵਾਰਤਾਕਾਰ ਆਰਥਿਕ ਸੁਰੱਖਿਆ, ਕੌਮੀ ਸੁਰੱਖਿਆ, ਕੋਵਿਡ ਉਪਰ ਕਾਬੂ ਪਾਉਣ ਸਮੇਤ ਹੋਰ ਮੁੱਦਿਆਂ ਉਪਰ ਗੱਲਬਾਤ ਨੂੰ ਕਿਸ ਤਰਾਂ ਅੱਗੇ ਜਾਰੀ ਰਖਿਆ ਜਾ ਸਕਦਾ ਹੈ, ਬਾਰੇ ਕੰਮ ਕਰਨਗੇ।' ਵਾਈਟ ਹਾਊਸ ਵਿਚ ਰੋਜ਼ਾਨਾ ਦੀ ਗੱਲਬਾਤ ਦੌਰਾਨ ਭਾਰਤ ਤੇ ਅਮਰੀਕਾ ਦੇ ਅਧਿਕਾਰੀਆਂ ਵਿਚਾਲੇ ਹੋਈਆਂ ਮੀਟਿੰਗਾਂ ਤੇ ਹੋਣ ਵਾਲੀਆਂ ਮੀਟਿੰਗਾਂ ਸਬੰਧੀ ਪੁੱਛੇ ਇਕ ਪ੍ਰਸ਼ਨ ਦੇ ਉਤਰ ਵਿਚ ਜੇਨ ਪਸਾਕੀ ਨੇ ਕਿਹਾ ਕਿ ਦੁਪਾਸੜ ਮੀਟਿੰਗ ਤੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੋਰੀਸਨ ਤੇ ਤਤਕਾਲ ਜਪਾਨੀ ਆਗੂ ਯੋਸ਼ਿਹਿਡੇ ਸੂਗਾ ਨਾਲ ਹੋਇਆ ਕੁਐਡ ਸੰਮੇਲਨ ਆਪਸੀ ਰਿਸ਼ਤਿਆਂ ਤੇ ਭਾਈਵਾਲੀ ਬਾਰੇ ਵਿਚਾਰ ਵਟਾਂਦਰਾ ਕਰਨ ਦਾ ਅਵਸਰ ਸੀ ਤੇ ਇਸ ਨੂੰ ਅੱਗੇ ਲਿਜਾਣ ਲਈ ਕੰਮ ਕੀਤਾ ਜਾਵੇਗਾ। ਪ੍ਰੈਸ ਸਕੱਤਰ ਨੇ ਕਿਹਾ ਕਿ ਹੇਠਲੇ ਪੱਧਰ ਉਪਰ ਵੀ ਕੰਮ ਜਾਰੀ ਰਖਿਆ ਜਾਵੇਗਾ ਪਰ ਆਉਣ ਵਾਲੇ ਹਫਤਿਆਂ ਤੇ ਮਹੀਨਿਆਂ ਦੌਰਾਨ ਗੱਲਬਾਤ ਉੱਚ ਪੱਧਰ 'ਤੇ ਹੋਵੇਗੀ। ਇਸੇ ਦੌਰਾਨ ਪੈਂਟਾਗਨ ਨੇ ਕਿਹਾ ਹੈ ਕਿ ਭਾਰਤ ਦੇ ਰਖਿਆ ਸਕੱਤਰ ਅਜੇ ਕੁਮਾਰ ਤੇ ਅਮਰੀਕਾ ਦੇ ਰਖਿਆ ਨੀਤੀ ਬਾਰੇ ਅੰਡਰ ਸਕੱਤਰ ਕੋਲਿਨ ਕਾਹਲ ਵਿਚਾਲੇ 8 ਅਕਤੂਬਰ ਨੂੰ ਮੀਟਿੰਗ ਹੋਈ ਸੀ ਜਿਸ ਵਿਚ ਦੁਪਾਸੜ ਤਰਜੀਹਾਂ ਤੇ ਭਾਰਤੀ ਪ੍ਰਸ਼ਾਂਤ ਮਹਾਂਸਾਗਰ ਖੇਤਰ ਵਿਚ ਹੋਰ ਦੇਸ਼ਾਂ ਨਾਲ ਸਹਿਯੋਗ ਵਧਾਉਣ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ ਵਟਾਂਦਰਾ ਹੋਇਆ। ਇਸ ਤੋਂ ਇਲਾਵਾ ਡਿਪਟੀ ਵਿਦੇਸ਼ ਸਕੱਤਰ ਵੈਂਡੀ ਸ਼ਰਮਨ ਨੇ 6 ਅਕਤੂਬਰ ਨੂੰ ਨਵੀਂ ਦਿੱਲੀ ਵਿਚ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੇ ਵਿਦੇਸ਼ ਸਕੱਤਰ ਹਰਸ਼ ਵਰਧਨ ਸ਼ਰਿੰਗਲਾ ਨਾਲ ਗੱਲਬਾਤ ਕੀਤੀ ਸੀ।

ਇਸ ਗੱਲਬਾਤ ਦੌਰਾਨ ਦੋਨਾਂ ਦੇਸ਼ਾਂ ਵਿਚਾਲੇ ਸੁਰੱਖਿਆ ਤੇ ਵਪਾਰ ਖੇਤਰ ਵਿਚ ਵਧ ਰਹੇ ਸਹਿਯੋਗ ਤੇ ਕੋਵਿਡ ਵੈਕਸੀਨ ਸਬੰਧੀ ਮੁੱਦਿਆਂ ਉਪਰ ਚਰਚਾ ਹੋਈ ਸੀ।

# ਭਾਰਤੀ ਮੂਲ ਦੀ ਵਕੀਲ ਮਨੁੱਖੀ ਹੱਕਾਂ ਬਾਰੇ ਕੌਮਾਂਤਰੀ ਕਮੇਟੀ ਦੀ ਪ੍ਰਧਾਨ ਨਿਯੁਕਤ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਭਾਰਤੀ ਮੂਲ ਦੀ ਵਕੀਲ 32 ਸਾਲਾ ਰਮੱਈਆ ਜਵਾਹਰ ਕੁਡੇਕਾਲੂ ਜਿਸ ਦਾ ਭਾਰਤ ਵਿਚ ਪਿਛੋਕੜ ਬੇਂਗਲੂਰੂ ਨਾਲ ਜੁੜਿਆ ਹੋਇਆ ਹੈ, ਨੂੰ ਨਿਊਯਾਰਕ ਸਿਟੀ ਬਾਰ ਦੀ ਮਾਨਵੀ ਹੱਕਾਂ ਬਾਰੇ ਕੌਮਾਂਤਰੀ ਕਮੇਟੀ ਦੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਉਸ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਮੇਰੇ ਪਿਛੋਕੜ ਦੀ ਜਾਂਚ ਪੜਤਾਲ ਉਪਰੰਤ ਮੈਨੂੰ ਕਮੇਟੀ ਲਈ ਨਾਮਜ਼ਦ ਕੀਤਾ ਗਿਆ ਸੀ ਤੇ ਮੈਨੂੰ ਬੇਹੱਦ ਖੁਸ਼ੀ ਹੈ ਕਿ ਮੇਰੀ ਮਨੁੱਖੀ ਹੱਕਾਂ ਬਾਰੇ ਕੌਮਾਂਤਰੀ ਕਮੇਟੀ ਦੀ ਚੇਅਰਪਰਸਨ ਵਜੋਂ ਪੁਸ਼ਟੀ ਕਰ ਦਿੱਤੀ ਗਈ ਹੈ। ਇਹ ਪਹਿਲੀ ਵਾਰ ਹੈ ਕਿ ਇਕ ਗੈਰ ਗੋਰੀ ਨੌਜਵਾਨ ਔਰਤ ਨੂੰ ਇਸ ਅਹੁਦੇ ਲਈ ਚੁਣਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਨਵੇਂ ਕੰਮ ਤੇ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੈ।

# ਭਾਜਪਾ ਆਗੂ ਵਰਮਾ ਨੇ ਨਵੀਂ ਛੱਡੀ ਛੁਰਲੀ

## ਅਖੇ, ਮੋਦੀ ਦਾ ਪੁਤਲਾ ਫੂਕਣਾ ਹਿੰਦੂ ਧਰਮ ਦੀ ਬੇਅਦਬੀ



**ਚੰਡੀਗੜ/ਏ.ਟੀ.ਨਿਊਜ਼ :** ਮੋਦੀ ਸਰਕਾਰ ਖਿਲਾਫ ਵਿਰੋਧ ਪ੍ਰਦਰਸ਼ਨਾਂ ਨੂੰ ਲੈ ਕੇ ਭਾਜਪਾ ਨੇ ਸੰਯੁਕਤ ਮੋਰਚੇ 'ਤੇ ਲਾਏ ਸੰਗੀਨ ਇਲਜ਼ਾਮ ਲਾਏ ਹਨ। ਪੰਜਾਬ ਭਾਜਪਾ ਦੇ ਜਨਰਲ ਸਕੱਤਰ ਸੁਭਾਸ਼ ਸ਼ਰਮਾ ਦਾ ਬਿਆਨ ਵਿੱਚ ਕਿਹਾ ਕਿ 'ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਫੂਕਣਾ ਹਿੰਦੂ ਧਰਮ ਦੀ ਬੇਅਦਬੀ ਹੈ।' ਹਿੰਦੂਆਂ ਦੇ ਤਿਉਹਾਰਾਂ ਨੂੰ ਖ਼ਰਾਬ ਕਰਨ ਵਿਰੋਧ ਪ੍ਰਦਰਸ਼ਨ ਲਈ ਕੀਤੇ ਜਾ ਰਹੇ। ਸੁਭਾਸ਼ ਸ਼ਰਮਾ ਨੇ ਪੰਜਾਬ ਦੇ ਮੁੱਖ ਮੰਤਰੀ ਤੇ ਡੀਜੀਪੀ ਨੂੰ ਅਪੀਲ ਕੀਤੀ ਹੈ ਕਿ ਦੁਸਹਿਰੇ ਦੇ ਤਿਉਹਾਰ ਨਾਲ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹਨ। ਇਸ ਲਈ ਕਿਸਾਨਾਂ ਨੂੰ ਇਨਾਂ ਦਿਨਾਂ ਵਿੱਚ ਵਿਰੋਧ ਪ੍ਰਦਰਸ਼ਨਾਂ ਤੋਂ ਰੋਕਿਆ ਜਾਵੇ। ਇਸ ਸਬੰਧ ਵਿੱਚ ਉਹ ਜਲਦ ਹੀ ਪੰਜਾਬ ਦੇ ਡੀਜੀਪੀ ਨੂੰ ਚਿੱਠੀ ਲਿਖਣਗੇ। ਸੁਭਾਸ਼ ਸ਼ਰਮਾ ਨੇ ਕਿਹਾ ਕਿ ਦੁਸਹਿਰਾ ਹਿੰਦੂ ਧਰਮ ਦਾ ਪਵਿੱਤਰ ਤਿਉਹਾਰ ਹੈ, ਜਿਸ 'ਤੇ ਕਿਸੇ ਵੀ ਕਿਸਮ ਦੀ ਰਾਜਨੀਤੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਇਸਦੇ ਉਲਟ ਕਿਸਾਨ ਲੀਡਰਾਂ ਨੇ ਇਲਜ਼ਾਮ ਨਕਾਰਦੇ ਕਿਹਾ ਕਿ ਸਾਡੀ ਅਜਿਹੀ ਕੋਈ ਮਨਸ਼ਾ ਨਹੀਂ ਬਲਕਿ ਅਸੀਂ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ।

# ਯੂ.ਕੇ. ਫੌਜ 'ਚ ਸਿੱਖ ਰੈਜੀਮੈਂਟ ਬਣਾਉਣ ਲਈ ਰੱਖਿਆ ਮੰਤਰਾਲੇ ਵਲੋਂ ਨਾਂਹ

**ਲੰਡਨ/ਏ.ਟੀ.ਨਿਊਜ਼ :** ਬਰਤਾਨੀਆ ਨੇ ਇਕ ਵਾਰ ਫਿਰ ਦੇਸ਼ ਦੀਆਂ ਹਥਿਆਰਬੰਦ ਫੌਜਾਂ ਵਿਚ ਸਿੱਖ ਜਾਂ ਪੰਜਾਬੀ ਰੈਜ਼ੀਮੈਂਟ ਬਣਾਉਣ ਤੋਂ ਇਨਕਾਰ ਕਰ ਦਿੱਤਾ ਹੈ। ਬ੍ਰਿਟੇਨ ਦੀ ਸੰਸਦ ਮੈਂਬਰ ਲੀਜ਼ਾ ਕੈਮਰੂਨ ਨੂੰ ਹਾਲ ਹੀ 'ਚ ਭੇਜੇ ਇੱਕ ਪੱਤਰ ਵਿਚ ਬ੍ਰਿਟੇਨ ਦੇ ਹਥਿਆਰਬੰਦ ਬਲਾਂ ਦੇ ਮੰਤਰੀ ਜੇਮਸ ਹੈਪੀ ਨੇ ਕਿਹਾ ਕਿ ਸਿੱਖ ਜਾਂ ਪੰਜਾਬੀ ਰੈਜ਼ੀਮੈਂਟ ਜਾਂ ਕਿਸੇ ਹੋਰ ਧਾਰਮਿਕ ਜਾਂ ਨਸਲੀ ਸਮੂਹ ਦੀ ਸਥਾਪਨਾ ਸੰਭਵ ਨਹੀਂ ਹੈ। ਕਿਉਂਕਿ ਬਰਾਬਰਤਾ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਇਸ ਦੀ ਆਗਿਆ ਨਹੀਂ ਦਿੰਦਾ, ਅਜਿਹਾ ਕਰਨਾ ਭੇਦਭਾਵ ਵਿਰੋਧੀ ਕਾਨੂੰਨਾਂ ਦੀ ਉਲੰਘਣਾ ਹੋਵੇਗਾ। ਯੂ.ਕੇ. ਅਧਾਰਿਤ ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭਕਨਾ ਨੇ ਉਕਤ ਮੁੱਦਾ ਸੰਸਦ ਮੈਂਬਰ ਕੋਲ ਉਠਾਇਆ ਸੀ। ਜਿਨਾਂ ਇਸ ਦਾ ਜਵਾਬ ਰੱਖਿਆ ਮੰਤਰੀ ਤੋਂ ਮੰਗਿਆ।

# ਕੈਨੇਡਾ 'ਚ ਪੰਜਾਬੀਆਂ ਦੀ ਗੈਂਗਵਾਰ ਤੋਂ ਪ੍ਰੇਸ਼ਾਨ ਪੰਜਾਬੀ ਭਾਈਚਾਰਾ

## ਪਵਿੱਤਰ ਬਾਸੀ ਕੇਸ ਵਿਚ 2 ਮੌਤਾਂ- 3 ਮੁੰਡੇ ਜੇਲ 'ਚ

**ਟੋਰਾਂਟੋ/ਏ.ਟੀ.ਨਿਊਜ਼ :** ਕੈਨੇਡਾ 'ਚ ਪੰਜਾਬੀਆਂ ਦੀਆਂ ਆਪਸੀ ਲੜਾਈਆਂ, ਦੁਸ਼ਮਣੀਆਂ, ਤੇਜ਼ ਗੱਡੀਆਂ ਭਜਾਉਣਾ, ਆਪਣੇ ਨੁਕਸਾਂ ਉਪਰ ਪਰਦੇ ਪਾਉਣ ਲਈ ਕੈਨੇਡਾ ਦੇ ਲੋਕਾਂ ਵਿਚ ਨੁਕਸ ਕੱਢਣਾ, ਕਾਨੂੰਨ ਮੁਤਾਬਿਕ ਨਾ ਰਹਿਣਾ ਵਗੈਰਾ ਬੇਕਾਇਦਗੀਆਂ ਕਾਰਨ ਫਿਕਰਮੰਦੀ ਦਾ ਮਾਹੌਲ ਬਣ ਰਿਹਾ ਹੈ। ਹੁਣ ਪੰਜਾਬ ਤੋਂ ਕੈਨੇਡਾ ਜਾ ਰਹੇ ਨੌਜਵਾਨ ਤਾਂ ਕਿਰਤ ਨਾਲ ਆਪਣੀ ਸਥਾਪਤੀ ਲਈ ਯਤਨਸ਼ੀਲ ਹਨ ਪਰ ਕੈਨੇਡੀਅਨ ਜੰਪਪਲ ਪੰਜਾਬੀਆਂ ਦੀਆਂ ਆਪਸੀ ਲੜਾਈਆਂ, ਕਤਲ ਤੇ ਕੈਦਾਂ ਦੇ ਮਾਮਲੇ ਉਜਾਗਰ ਹੋਣਾ ਜਾਰੀ ਹੈ। ਬੀਤੇ ਕੁਝ ਦਿਨਾਂ ਦੌਰਾਨ ਹੀ ਮਿਸੀਸਾਗਾ (ਮਾਲਟਨ) ਅਤੇ ਬਰੈਂਪਟਨ ਵਿਚ ਦੋ (ਕੈਨੇਡਾ ਦੇ ਜੰਮਪਲ) ਪੰਜਾਬੀ ਮੁੰਡਿਆਂ ਦੇ ਗੋਲੀਆਂ ਮਾਰ ਕੇ ਕਤਲ ਕੀਤੇ ਗਏ। ਮਿਸੀਸਾਗਾ ਵਿਚ ਹੋਈ ਵਾਰਦਾਤ ਇਕ ਕਾਰ ਦੇ ਸ਼ੀਸ਼ੇ ਭੰਨੇ ਜਾਣ ਤੋਂ ਕਤਲ ਤੱਕ ਪੁੱਜੀ ਦੱਸੀ ਗਈ ਹੈ। ਇਸ ਮਾਮਲੇ ਵਿਚ ਜਸਤਰਨ ਭੁੱਲਰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਜਦ ਕਿ ਬਰੈਂਪਟਨ ਵਾਲੀ ਘਟਨਾ 9 ਮਾਰਚ



2018 ਨੂੰ ਸ਼ਹਿਰ ਅੰਦਰ ਪੰਜਾਬੀਆਂ ਦੀ ਸੰਘਣੀ ਅਬਾਦੀ ਵਾਲੇ ਇਲਾਕੇ ਵਿਚ ਦਿਨ ਦਿਹਾੜੇ ਕੁੱਟ ਕੇ ਕਤਲ ਕੀਤੇ ਗਏ ਨੌਜਵਾਨ ਪਵਿੱਤਰ ਬਾਸੀ ਕੇਸ ਨਾਲ ਜੋੜ ਕੇ ਦੇਖੀ ਜਾ ਰਹੀ ਹੈ। ਇਸ ਕੇਸ ਵਿਚ ਹੁਣ ਤੱਕ ਕਰਨਵੀਰ ਬਾਸੀ, ਹਰਮਿੰਦਰ ਬਾਸੀ ਤੇ ਗੁਰਰਾਜ ਬਾਸੀ ਨੂੰ ਦੋਸ਼ੀ ਕਰਾਰ ਦੇਣ ਮਗਰੋਂ ਲਗਭਗ 7 ਸਾਲ ਕੈਦ ਹੋ ਚੁੱਕੀ ਹੈ। ਇਕ ਹੋਰ ਸ਼ੱਕੀ ਗੁਰਯੋਧ ਸਿੰਘ (ਯੋਧਾ) ਖੱਟੜਾ ਦਾ ਅਜੇ ਕੇਸ ਚੱਲ ਰਿਹਾ ਸੀ। ਉਸ ਨੂੰ ਜ਼ਮਾਨਤ ਮਿਲੀ ਹੋਈ ਸੀ। ਸਰਕਾਰੀ ਵਕੀਲਾਂ ਨੂੰ ਭੁਲੇਖਾ ਸੀ ਕਿ ਕਤਲ ਕਰਨ 'ਚ ਗੁਰਯੋਧ ਸ਼ਾਮਲ ਸੀ ਜਾਂ ਨਹੀਂ। ਉਸ ਦੇ ਕੇਸ ਦੀ ਬਰੈਂਪਟਨ ਕੋਰਟ ਵਿਚ 24 ਸਤੰਬਰ ਤਰੀਕ ਸੀ ਪਰ ਇਸ ਤੋਂ ਪਹਿਲਾਂ 22 ਸਤੰਬਰ ਨੂੰ ਅਣਪਛਾਤੇ ਹਮਲਾਵਰਾਂ ਨੇ ਉਸ ਨੂੰ ਘਰ ਅੰਦਰ ਗੋਲੀਆਂ ਮਾਰ ਕੇ ਮਾਰ ਦਿੱਤਾ ਅਤੇ ਉਸ ਦੀ ਮਾਂ ਜ਼ਖਮੀ ਹੋ ਗਈ। ਪੁਲਿਸ ਅਜੇ ਇਸ ਕੇਸ ਦੀ ਜਾਂਚ ਕਰ ਰਹੀ ਹੈ। ਕੈਨੇਡੀਅਨ ਜੰਮਪਲ ਪੰਜਾਬੀ ਮੁੰਡਿਆਂ ਦੀ ਆਪਸੀ ਗੁੱਟਬੰਦੀ ਕਾਰਨ ਹੋ ਰਹੀਆਂ ਅਜਿਹੀਆਂ ਹਿੰਸਕ ਵਾਰਦਾਤਾਂ ਤੋਂ ਕੈਨੇਡੀਅਨ ਪੰਜਾਬੀ ਭਾਈਚਾਰਾ ਚਿੰਤਤ ਹੈ।

# ਕੇਂਦਰ ਸਰਕਾਰ ਬਿਜਲੀ ਸੰਕਟ ਬਾਰੇ ਐਕਸ਼ਨ ਵਿਚ

## ਪੰਜਾਬ ਸਮੇਤ ਸਭ ਸੂਬਿਆਂ ਦੀ ਸਮੱਸਿਆ ਦੇ ਹੱਲ ਲਈ ਪਲਾਨ ਤਿਆਰ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਕੋਲੇ ਦੀ ਘਾਟ ਕਾਰਨ ਪੈਦਾ ਹੋਏ ਬਿਜਲੀ ਸੰਕਟ ਨੂੰ ਦੇਖਦਿਆਂ ਹੁਣ ਖ਼ੁਦ ਪ੍ਰਧਾਨ ਮੰਤਰੀ ਨੇ ਇਸ ਮਾਮਲੇ 'ਚ ਦਖ਼ਲ ਦਿੰਦੇ ਹੋਏ ਇਕ ਐਕਸ਼ਨ ਪਲਾਨ ਤਿਆਰ ਕੀਤਾ ਹੈ। ਇਸ ਦੇ ਜ਼ਰੀਏ ਜਲਦ ਹੀ ਸੂਬਿਆਂ ਨੂੰ ਹੋ ਰਹੀ ਕੋਲੇ ਦੀ ਕਮੀ ਤੇ ਬਿਜਲੀ ਸੰਕਟ ਤੋਂ ਦੂਰ ਕਰ ਲਿਆ ਜਾਵੇਗਾ। ਇਸ ਦੇ ਲਈ ਸਰਕਾਰ ਪੂਰੀ ਤਰਾਂ ਮੁਸਤੈਦੀ ਦਿਖਾ ਰਹੀ ਹੈ। ਮੌਜੂਦਾ ਸਮੇਂ ਤਾਪ ਬਿਜਲੀ ਘਰਾਂ ਦੀ ਰੋਜ਼ਾਨਾ ਦੀ ਕੋਲੇ ਦੀ ਮੰਗ ਕਰੀਬ 19 ਲੱਖ ਟਨ ਹੈ। ਉੱਥੇ ਹੀ ਸੋਮਵਾਰ ਨੂੰ 19.5 ਲੱਖ ਟਨ ਕੋਲੇ ਦੀ ਸਪਲਾਈ ਹੋਈ ਹੈ। ਇਸ ਨੂੰ ਇਕ ਹਫ਼ਤੇ 'ਚ ਵਧਾ ਕੇ ਹਰ ਰੋਜ਼ 20 ਲੱਖ ਟਨ ਕੀਤਾ ਜਾਵੇਗਾ। ਇਸ ਗੱਲ ਦੀ ਵੀ ਆਸ ਹੈ ਕਿ ਇਸ ਮਹੀਨੇ ਦੇ ਅਖੀਰ ਤਕ ਜ਼ਿਆਦਾਤਰ ਬਿਜਲੀ ਘਰਾਂ ਕੋਲ 8 ਦਿਨਾਂ ਦੇ ਕੋਲੇ ਦਾ ਸਟਾਕ ਉਪਲਬਧ ਹੋਵੇਗਾ।

ਤੁਹਾਨੂੰ ਇੱਥੇ ਇਹ ਵੀ ਦੱਸ ਦੇਈਏ ਕਿ ਸੂਬਿਆਂ ਵੱਲੋਂ ਕੋਲ ਇੰਡੀਆ ਦੇ ਕਰੀਬ 21,000 ਕਰੋੜ ਰੁਪਏ ਬਕਾਇਆ ਹਨ। ਫਿਲਹਾਲ ਮਹਾਰਾਸ਼ਟਰ 'ਤੇ 2,600 ਕਰੋੜ ਰੁਪਏ, ਬੰਗਾਲ 'ਤੇ 2,000 ਕਰੋੜ, ਤਾਮਿਲਨਾਡੂ ਤੇ ਮੱਧ ਪ੍ਰਦੇਸ਼ 'ਤੇ 1,000 ਕਰੋੜ, ਕਰਨਾਟਕ 'ਤੇ 23 ਕਰੋੜ ਤੇ ਰਾਜਸਥਾਨ 'ਤੇ 280 ਕਰੋੜ ਰੁਪਏ ਬਕਾਇਆ ਹਨ। ਮੰਨਿਆ ਜਾ ਰਿਹਾ ਹੈ ਕਿ ਸਥਿਤੀ ਸੁਧਰਨ 'ਤੇ ਇਹ ਸੂਬੇ ਕੋਲ ਇੰਡੀਆ ਨੂੰ ਬਕਾਇਆ ਰਕਮ ਦਾ ਭੁਗਤਾਨ ਵੀ ਕਰ ਦੇਣਗੇ।

**ਪੰਜਾਬ 'ਚ ਹੋ ਰਹੀ ਬਿਜਲੀ ਕਟੌਤੀ**

ਕੇਂਦਰ ਸਰਕਾਰ ਜਿਸ ਤੇਜ਼ੀ ਨਾਲ ਇਸ ਸਮੱਸਿਆ ਨਾਲ ਨਜਿੱਠਣ ਦੀ ਕੋਸ਼ਿਸ਼ ਕਰ ਰਿਹਾ ਹੈ ਉੱਥੇ ਹੀ ਪੰਜਾਬ, ਉੱਤਰਾਖੰਡ, ਬਿਹਾਰ ਤੇ ਮੱਧ ਪ੍ਰਦੇਸ਼ ਲਗਾਤਾਰ ਆਪਣੀ ਸਮੱਸਿਆ ਦਾ ਰੋਣਾ ਰੋਣ 'ਚ ਲੱਗੇ ਹੋਏ ਹਨ। ਇਕ ਸਚਾਈ ਇਹ ਵੀ ਹੈ ਕਿ ਪਹਿਲਾਂ ਦੇ ਮੁਕਾਬਲੇ ਉੱਤਰਾਖੰਡ, ਬਿਹਾਰ ਤੇ ਮੱਧ ਪ੍ਰਦੇਸ਼ ਦੇ ਸ਼ਹਿਰੀ ਖੇਤਰਾਂ ਵਿਚ ਸਥਿਤੀ ਸੁਧਰੀ ਹੈ। ਉੱਥੇ ਹੀ ਹਿਮਾਚਲ ਪ੍ਰਦੇਸ਼, ਦਿੱਲੀ, ਹਰਿਆਣਾ ਤੇ ਛੱਤੀਸਗੜ੍ਹ 'ਚ ਅਜਿਹੀ ਕੋਈ ਸਮੱਸਿਆ ਨਹੀਂ ਹੈ। ਹਾਲਾਂਕਿ ਪੰਜਾਬ 'ਚ ਸਥਿਤੀ ਖਰਾਬ ਹੈ। ਇੱਥੇ ਕਾਫੀ ਸਮੇਂ ਤੋਂ ਲੰਬੇ ਸਮੇਂ ਲਈ ਬਿਜਲੀ ਕਟੌਤੀ ਕਰਨੀ ਪੈ ਰਹੀ ਹੈ।

# ਮੁੱਖ ਮੰਤਰੀ ਦੇ ਬੇਟੇ ਦੇ ਸਾਦੇ ਵਿਆਹ ਦੀ ਹਰ ਪਾਸੇ ਸ਼ਲਾਘਾ

## ਜਥੇਦਾਰ ਵੀ ਪਹੁੰਚੇ, ਲਾੜੇ ਨਾਲ ਬੈਠ ਪੰਗਤ 'ਚ ਛਕਿਆ ਲੰਗਰ

**ਮੁਹਾਲੀ/ਏ.ਟੀ.ਨਿਊਜ਼ :** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਵੱਡੇ ਪੁੱਤਰ ਨਵਜੀਤ ਸਿੰਘ ਵਿਆਹੁਤਾ ਬੰਧਨ ਵਿਚ ਬੱਝ ਗਏ ਹਨ। ਗੁਰਦੁਆਰਾ ਸੱਚਾ ਧੰਨ ਸਾਹਿਬ ਫੇਜ਼-3 ਬੀ-1 ਵਿਖੇ ਆਨੰਦ ਕਾਰਜ ਦੀ ਰਸਮ ਹੋਈ। ਬੇਹੱਦ ਸਾਦੇ ਢੰਗ ਨਾਲ ਹੋਏ ਨਵਜੀਤ ਦੇ ਵਿਆਹ ਦੀ ਹਰ ਪਾਸੇ ਚਰਚਾ ਹੋ ਰਹੀ ਹੈ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਜਥੇਦਾਰ ਗਿਆਨ ਹਰਪ੍ਰੀਤ ਸਿੰਘ ਵੀ ਉਚੇਚੇ ਤੌਰ 'ਤੇ ਪਹੁੰਚੇ। ਇਸ ਵਿਆਹ ਸਮਾਗਮ ਵਿਚ ਆਈਆਂ ਸਾਰੀਆਂ ਸ਼ਖਸੀਅਤਾਂ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਨਵ-ਵਿਆਹੇ ਜੋੜੇ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਪੰਜਾਬ ਦੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਵੀ ਖਾਸ ਤੌਰ 'ਤੇ ਪੁੱਜੇ।

ਇਸ ਵਿਆਹ ਦੀ ਖਾਸੀਅਤ ਵੀ ਇਹ ਰਹੀ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਿਰਫ ਗੁਰਦੁਆਰਾ ਸਾਹਿਬ ਵਿਚ ਹੀ ਸਾਦਾ ਲੰਗਰ ਤਿਆਰ ਕਰਵਾਇਆ ਗਿਆ ਅਤੇ ਸਾਰਿਆਂ ਨੇ ਬਕਾਇਦਾ ਪੰਗਤ ਵਿਚ ਬੈਠ ਕੇ ਹੀ ਲੰਗਰ ਛਕਿਆ।



ਇਸ ਮੌਕੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ, ਡਿਪਟੀ ਉਪ ਮੁੱਖ ਮੰਤਰੀ ਓ. ਪੀ. ਸੋਨੀ, ਸੁਖਜਿੰਦਰ ਸਿੰਘ ਰੰਧਾਵਾ ਤੋਂ ਇਲਾਵਾ ਕੈਬਨਿਟ ਮੰਤਰੀ ਮਨਪ੍ਰੀਤ ਸਿੰਘ ਬਾਦਲ, ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਮੰਤਰੀ ਰਾਣਾ ਗੁਰਜੀਤ ਸਿੰਘ, ਮੰਤਰੀ ਰਣਦੀਪ ਸਿੰਘ ਨਾਭਾ, ਸੀਨੀਅਰ ਕਾਂਗਰਸੀ ਨੇਤਾ ਕੁਮਾਰੀ ਸ਼ੈਲਜਾ। ਕੈਬਨਿਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਕੀਰਤ ਸਿੰਘ ਕੋਟਲੀ, ਪਰਗਟ ਸਿੰਘ, ਸੁੱਖ ਸਰਕਾਰੀਆ, ਆਸ਼ੂਤੋਸ਼ ਗੌਤਮ, ਡੀ. ਜੀ. ਪੀ. ਇਕਬਾਲਪ੍ਰੀਤ ਸਿੰਘ ਸਹੋਤਾ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ।

ਇਸ ਤੋਂ ਇਲਾਵਾ ਚੀਫ ਸੈਕਟਰੀ ਪੰਜਾਬ ਅਨਿਰੁੱਧ ਤਿਵਾੜੀ, ਪ੍ਰਿੰਸੀਪਲ ਸੈਕਟਰੀ ਸੀ. ਐੱਮ. ਹੁਸਨ ਲਾਲ, ਰਜ਼ੀਆ ਸੁਲਤਾਨਾ, ਵਿਧਾਇਕ ਸੁਰਜੀਤ ਸਿੰਘ ਧੀਮਾਨ, ਵਿਧਾਇਕ ਸੁਖਪਾਲ ਸਿੰਘ ਖਹਿਰਾ, ਗੁਰਪ੍ਰੀਤ ਸਿੰਘ ਘੁੱਗੀ, ਗੁਰਪ੍ਰੀਤ ਸਿੰਘ ਭੁੱਲਰ ਕਮਿਸ਼ਨਰ ਲੁਧਿਆਣਾ, ਕੁਲਜੀਤ ਸਿੰਘ ਨਾਗਰਾ ਕਾਰਜਕਾਰੀ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਤੋਂ ਇਲਾਵਾ ਕਾਂਗਰਸ ਦੇ ਸੀਨੀਅਰ ਆਗੂਆਂ ਅਤੇ ਵਿਧਾਇਕਾਂ ਨੇ ਉਚੇਤੇ ਤੌਰ 'ਤੇ ਪੁੱਜ ਕੇ ਜੋੜੇ ਨੂੰ ਅਸ਼ੀਰਵਾਦ ਦਿੱਤਾ।

**ਜਥੇਦਾਰ ਵੱਲੋਂ ਅਨੰਦ ਕਾਰਜ ਦੀ ਅਰਦਾਸ ਕਰਨ 'ਤੇ ਵਿਵਾਦ**

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਸੂਬੇ ਦੇ

ਬਾਕੀ ਸਫ਼ਾ 30 'ਤੇ

# ਭਾਰਤੀ ਸਰਹੱਦੀ ਖੇਤਰ 'ਚ ਕੇਂਦਰ ਸਰਕਾਰ ਦਾ ਵਧਿਆ ਕਬਜਾ

✪ ਐਮਐਚਏ ਨੇ ਸਰਹੱਦੀ ਰਾਜਾਂ ਵਿੱਚ ਬੀਐਸਐਫ ਦੇ ਅਧਿਕਾਰ ਖੇਤਰ ਨੂੰ ਵਧਾਇਆ

✪ ਪੰਜਾਬ ਵਿੱਚ ਰਾਜਨੀਤਕ ਤੂਫਾਨ ਨੂੰ ਉਤਸ਼ਾਹਤ ਕੀਤਾ ✪ ਕੈਪਟਨ ਅਮਰਿੰਦਰ ਸਿੰਘ ਨੇ ਫ਼ੈਸਲਾ ਦਾ ਕੀਤਾ ਸਵਾਗਤ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲਾ ਸੰਘਵਾਦ 'ਤੇ ਹਮਲਾ ਕਰ ਰਿਹਾ ਹੈ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੋਵਾਂ ਨੇ ਇਸ ਕਦਮ ਦੀ ਨਿੰਦਾ ਕੀਤੀ ਹੈ।

ਕੇਂਦਰ ਸਰਕਾਰ ਨੇ ਪੰਜਾਬ, ਪੱਛਮੀ ਬੰਗਾਲ ਅਤੇ ਅਸਾਮ ਦੀ ਅੰਤਰਰਾਸ਼ਟਰੀ ਸਰਹੱਦ ਤੋਂ ਮੌਜੂਦਾ 15 ਕਿਲੋਮੀਟਰ ਦੀ ਬਜਾਏ 50 ਕਿਲੋਮੀਟਰ ਦੇ ਵੱਡੇ ਖੇਤਰ ਵਿੱਚ ਤਲਾਸ਼ੀ, ਜਬਤੀ ਅਤੇ ਗ੍ਰਿਫਤਾਰੀ ਦੇ ਅਧਿਕਾਰ ਬੀਐਸਐਫ਼ ਨੂੰ ਦੇਣ ਲਈ ਬੀਐਸਐਫ ਐਕਟ ਵਿੱਚ ਸੋਧ ਕੀਤੀ ਹੈ।

ਗੁਜਰਾਤ ਵਿੱਚ, ਜੋ ਪਾਕਿਸਤਾਨ ਦੇ ਨਾਲ ਸਰਹੱਦ ਨੂੰ ਸਾਂਝਾ ਕਰਦਾ ਹੈ, ਉਹੀ ਸੀਮਾ 80 ਕਿਲੋਮੀਟਰ ਤੋਂ ਘਟਾ ਕੇ 50 ਕਿਲੋਮੀਟਰ ਕਰ ਦਿੱਤੀ ਗਈ ਹੈ ਜਦੋਂ ਕਿ ਰਾਜਸਥਾਨ ਵਿੱਚ ਇਹ ਸੀਮਾ 50 ਕਿਲੋਮੀਟਰ 'ਤੇ ਬਦਲੀ ਗਈ ਹੈ। ਰਾਜਸਥਾਨ ਅਤੇ ਪੰਜਾਬ ਵੀ ਪਾਕਿਸਤਾਨ ਨਾਲ ਮੋਰਚੇ ਸਾਂਝੇ ਕਰਦੇ ਹਨ ਜਦੋਂ ਕਿ ਅਸਾਮ ਦੀ ਬੰਗਲਾਦੇਸ਼ ਨਾਲ ਅੰਤਰਰਾਸ਼ਟਰੀ ਸਰਹੱਦ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਸੰਦਰਭ ਵਿੱਚ 11 ਅਕਤੂਬਰ ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ, ਜਿਸ ਵਿੱਚ ਜੁਲਾਈ 2014 ਵਿੱਚ ਸੋਧ ਕੀਤੀ ਗਈ, ਜਿਸ ਨਾਲ ਬੀਐਸਐਫ ਦੇ ਜਵਾਨ ਅਤੇ ਅਧਿਕਾਰੀ ਸਰਹੱਦੀ ਖੇਤਰਾਂ ਵਿੱਚ ਕੰਮ ਕਰਦੇ ਸਮੇਂ ਉਨ੍ਹਾਂ ਦੇ ਪ੍ਰਬੰਧਾਂ ਨੂੰ ਸਮਰੱਥ ਬਣਾ ਸਕਣਗੇ। ਬੀਐਸਐਫ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧਿਕਾਰ ਖੇਤਰ ਵਿੱਚ




ਆਉਂਦਾ ਹੈ।

ਲਗਭਗ 2.65 ਲੱਖ ਕਰਮਚਾਰੀ ਅਰਧ ਸੈਨਿਕ ਬਲ ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਨਾਲ 6,300 ਭਾਰਤੀ ਮੋਰਚਿਆਂ ਦੀ ਸੁਰੱਖਿਆ ਕਰਦੇ ਹਨ।

ਬੀਐਸਐਫ ਨੇ ਇਸ ਕਦਮ ਦਾ ਸਵਾਗਤ ਕੀਤਾ

ਬੀਐਸਐਫ ਦੇ ਅਧਿਕਾਰੀਆਂ ਨੇ ਕਿਹਾ ਕਿ ਸੋਧ ਉਨ੍ਹਾਂ ਨੂੰ ਸਰਹੱਦ ਪਾਰ ਦੇ ਅਪਰਾਧਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਵਿੱਚ ਸਹਾਇਤਾ ਕਰੇਗੀ ਅਤੇ ਨਵੀਂ ਸੋਧ ਨਾਲ ਸਰਹੱਦੀ ਸੂਬਿਆਂ ਪੰਜਾਬ, ਪੱਛਮੀ ਬੰਗਾਲ, ਗੁਜਰਾਤ, ਰਾਜਸਥਾਨ ਅਤੇ ਅਸਾਮ ਵਿੱਚ ਇਸ ਦੇ ਸੰਚਾਲਨ ਲਈ 'ਇਕਸਾਰਤਾ' ਆ ਗਈ ਹੈ ਜਿੱਥੇ ਇਹ ਹੁਣ 50 ਕਿਲੋਮੀਟਰ ਦੇ ਅੰਦਰ ਕੰਮ ਕਰ ਸਕਦੀ ਹੈ। ਸਰਹੱਦ ਤੋਂ ਖੇਤਰ ਬੀਐਸਐਫ ਨੇ ਇੱਕ ਬਿਆਨ ਵਿੱਚ ਕਿਹਾ, 11 ਅਕਤੂਬਰ ਨੂੰ ਲਾਗੂ ਕੀਤੀ ਗਈ ਸੋਧ ਉਸ ਖੇਤਰ ਨੂੰ ਪਰਿਭਾਸ਼ਤ ਕਰਨ ਵਿੱਚ ਇਕਸਾਰਤਾ ਸਥਾਪਤ ਕਰਦੀ ਹੈ ਜਿਸ ਦੇ ਅੰਦਰ ਸੀਮਾ ਸੁਰੱਖਿਆ ਬਲ ਆਪਣੀ ਡਿਊਟੀ ਦੇ ਚਾਰਟਰ ਦੇ ਅਨੁਸਾਰ ਕੰਮ ਕਰ ਸਕਦਾ ਹੈ ਅਤੇ ਆਪਣੀ ਭੂਮਿਕਾ ਅਤੇ ਤਾਇਨਾਤੀ ਦੇ ਖੇਤਰਾਂ ਵਿੱਚ ਸਰਹੱਦ ਦੀ ਰਾਖੀ ਕਰ ਸਕਦਾ ਹੈ। ਇਹ ਸਰਹੱਦ ਪਾਰ ਦੇ ਅਪਰਾਧਾਂ ਨੂੰ ਰੋਕਣ ਅਤੇ ਭਾਰਤ ਦੀਆਂ ਸਰਹੱਦਾਂ ਦੇ ਨਾਲ ਗੁਜਰਾਤ, ਰਾਜਸਥਾਨ, ਪੰਜਾਬ, ਪੱਛਮੀ ਬੰਗਾਲ ਅਤੇ ਅਸਾਮ ਰਾਜਾਂ ਦੀ ਅੰਤਰਰਾਸ਼ਟਰੀ ਸੀਮਾ ਤੋਂ 50 ਕਿਲੋਮੀਟਰ ਦੀ ਦੂਰੀ 'ਤੇ ਕਾਰਜਸ਼ੀਲ ਪ੍ਰਭਾਵਸ਼ੀਲਤਾ ਨੂੰ ਵੀ ਸਮਰੱਥ ਬਣਾਏਗਾ।

ਬਾਕੀ ਸਫ਼ਾ 31 'ਤੇ

# ਜਿਹਾਦੀਆਂ ਨਾਲ ਹੋਏ ਮੁਕਾਬਲੇ ਵਿਚ ਪੰਜ ਫੌਜੀ ਸ਼ਹੀਦ

## ਕਿਸੇ ਦਾ ਪੁੱਤ 40 ਦਿਨਾਂ ਦਾ ਹੋਇਆ ਤੇ ਕਿਸੇ ਦੇ ਵਿਆਹ ਨੂੰ ਹੋਏ ਸੀ ਸਿਰਫ਼ 6 ਮਹੀਨੇ

**ਪੁੰਛ/ਏ.ਟੀ.ਨਿਊਜ਼ :** ਬੀਤੇ ਸੋਮਵਾਰ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲੇ ਵਿਚ ਜਿਹਾਦੀਆਂ ਨਾਲ ਹੋਏ ਇਕ ਮੁਕਾਬਲੇ ਵਿਚ ਭਾਰਤੀ ਥਲ ਸੈਨਾ ਦੇ ਇਕ ਜੂਨੀਅਰ ਕਮਿਸ਼ਨਡ ਅਫ਼ਸਰ ਸਮੇਤ ਪੰਜ ਸੈਨਿਕ ਸ਼ਹੀਦ ਹੋ ਗਏ। ਇਨਾਂ ਵਿਚੋਂ ਤਿੰਨ ਨਾਇਬ ਸੂਬੇਦਾਰ ਜਸਵਿੰਦਰ ਸਿੰਘ, ਨਾਇਕ ਮਨਦੀਪ ਸਿੰਘ ਅਤੇ ਸਿਪਾਹੀ ਗੱਜਣ ਸਿੰਘ ਪੰਜਾਬ ਦੇ ਰਹਿਣ ਵਾਲੇ ਸਨ, ਸਿਪਾਹੀ ਸਰਾਜ ਸਿੰਘ ਉੱਤਰ ਪ੍ਰਦੇਸ਼ ਅਤੇ ਵੈਸਾਖ ਐੱਚ ਕੇਰਲ ਦੇ ਵਸਨੀਕ ਸਨ। ਨਾਇਬ ਸੂਬੇਦਾਰ ਜਸਵਿੰਦਰ ਸਿੰਘ ਕਪੂਰਥਲਾ ਜ਼ਿਲੇ ਦੇ ਭੁਲੱਥ ਨੇੜੇ ਪਿੰਡ ਮਾਨਾ ਤਲਵੰਡੀ, ਨਾਇਕ ਮਨਦੀਪ ਸਿੰਘ ਗੁਰਦਾਸਪੁਰ ਦੇ ਘਣੀਏ ਕੇ ਬਾਂਗਰ ਨੇੜਲੇ ਪਿੰਡ ਚੱਠਾ ਅਤੇ ਗੱਜਣ ਸਿੰਘ ਰੂਪਨਗਰ ਜ਼ਿਲੇ ਦੇ ਨੂਰਪੁਰ ਬੇਦੀ ਨੇੜਲੇ ਪਿੰਡ ਪਚਰੰਡਾ ਦੇ ਰਹਿਣ ਵਾਲੇ ਸਨ। ਇਨਾਂ ਮੌਤਾਂ ਨਾਲ ਪੰਜਾਬ ਵਿਚ ਮਾਤਮ ਛਾ ਗਿਆ ਹੈ ਤੇ ਵਾਇਰਲ ਹੋਈਆਂ ਵੀਡੀਓ ਕਲਿੱਪਾਂ ਵਿਚ ਪਰਿਵਾਰਾਂ ਦੇ ਵਿਰਲਾਪ ਦਿਲ ਹਿਲਾ ਦਿੰਦੇ ਹਨ। ਇਸ ਦੁਖਾਂਤ ਦੇ ਨਾਲ ਨਾਲ ਇਹ ਘਟਨਾਕ੍ਰਮ ਇਹ ਵੀ ਦੱਸਦਾ ਹੈ ਕਿ ਦੇਸ਼ ਲਈ ਜਾਨਾਂ ਕੁਰਬਾਨ ਕਰਨ ਵਾਲੇ ਪਿੰਡਾਂ ਦੇ ਜਾਏ ਹਨ। ਉਨਾਂ ਦਾ ਸਬੰਧ ਖੇਤੀ ਖੇਤਰ ਵਿਚ ਕੰਮ ਕਰਦੇ ਪਰਿਵਾਰਾਂ ਨਾਲ ਹੈ। ਦੇਸ਼ ਦੇ ਕਿਸਾਨ ਦਸ ਮਹੀਨਿਆਂ ਤੋਂ ਵੱਧ ਸਮੇਂ ਤੋਂ ਕੇਂਦਰ ਸਰਕਾਰ ਦੁਆਰਾ ਬਣਾਏ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਕਰ ਰਹੇ ਹਨ ਅਤੇ ਕੇਂਦਰ ਸਰਕਾਰ ਦੇ ਮੰਤਰੀ ਅਤੇ ਭਾਜਪਾ ਦੇ ਆਗੂ ਉਨਾਂ ਦੇ ਸੰਘਰਸ਼ ਨੂੰ ਕਦੀ ਅਤਿਵਾਦੀ, ਕਦੀ ਖਾਲਿਸਤਾਨੀ ਅਤੇ ਕਦੀ ਪਾਕਿਸਤਾਨੀ ਦੱਸਦੇ ਰਹੇ ਹਨ। ਸੱਚ ਇਹ ਹੈ ਕਿ ਅੰਦੋਲਨ ਕਰਨ ਵਾਲੇ ਕਿਸਾਨ ਅਤੇ ਖੇਤ ਮਜ਼ਦੂਰ ਖੇਤਾਂ ਵਿਚ ਖ਼ੂਨ-ਪਸੀਨਾ ਇਕ ਕਰਦੇ ਹਨ ਜਦੋਂਕਿ ਉਨਾਂ ਦੇ ਪੁੱਤਰ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਜਾਂ ਅੰਦਰੂਨੀ ਸੁਰੱਖਿਆ ਲਈ ਲੜਦੇ ਹੋਏ ਸ਼ਹੀਦ ਹੁੰਦੇ ਹਨ।

ਬਾਕੀ ਸਫ਼ਾ 31 'ਤੇ

# ਸ਼੍ਰੋਮਣੀ ਕਮੇਟੀ ਜਲੰਧਰ 'ਚ ਉਸਾਰੇਗੀ ਸੁਪਰ ਸਪੈਸ਼ਲਿਟੀ ਹਸਪਤਾਲ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਅੰਮ੍ਰਿਤਸਰ ਸ਼ਹਿਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਲੰਧਰ ਵਿਖੇ ਹਰ ਪੱਧਰ ਦੀਆਂ ਸੇਵਾਵਾਂ ਵਾਲਾ (ਸੁਪਰ ਸਪੈਸ਼ਲਿਟੀ) ਹਸਪਤਾਲ ਖੋਲਣ ਦਾ ਐਲਾਨ ਕੀਤਾ ਹੈ। ਇਸ ਲਈ ਗੁਰੂ ਘਰ ਦੇ ਸ਼ਰਧਾਲੂ ਜੋਗਿੰਦਰ ਸਿੰਘ ਵੱਲੋਂ 26 ਕਨਾਲ ਦਾਨ ਕੀਤੀ ਗਈ ਜ਼ਮੀਨ ਦੀ ਵਰਤੋਂ ਕੀਤੀ ਜਾਵੇਗੀ। ਇਸ ਹਸਪਤਾਲ ਦਾ ਨਿਰਮਾਣ ਛੇਤੀ ਹੀ ਸ਼ੁਰੂ ਕੀਤਾ ਜਾਵੇਗਾ।

ਬੀਬੀ ਜਗੀਰ ਕੌਰ ਨੇ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੂਚਨਾ ਕੇਂਦਰ ਨਜ਼ਦੀਕ ਸਸਤੀਆਂ ਦਵਾਈਆਂ ਵਾਲਾ ਦਵਾਖ਼ਾਨਾ ਵੀ ਲਗਭਗ ਤਿਆਰ ਹੋ ਚੁੱਕਾ ਹੈ, ਜੋ ਚੌਥੇ ਪਾਤਸ਼ਾਹ ਜੀ ਦੇ ਇਸ 487ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਕੇ ਜਲਦ ਹੀ ਸੰਗਤ ਅਰਪਣ ਕੀਤਾ ਜਾਵੇਗਾ। ਇਸ ਦੇ ਨਾਲ ਹੀ ਉਨਾਂ ਨੇ ਤਰਨ ਤਾਰਨ ਵਿਖੇ ਬੀਤੇ ਸਮੇਂ ਵਿਚ ਤਿਆਰ ਕੀਤੇ ਗਏ ਵਿਸ਼ਾਲ ਹਸਪਤਾਲ ਨੂੰ ਵੀ ਚਾਲੂ ਕਰਨ ਦਾ ਐਲਾਨ ਕੀਤਾ।

## ਮਾਮਲਾ ਪੰਥਕ ਰਹੁ-ਰੀਤਾਂ ਦੀ ਉਲੰਘਣਾ ਦਾ

# ਮਾਨ ਦਲ ਨੇ ਸੁਖਬੀਰ, ਹਰਸਿਮਰਤ ਤੇ ਸਿੱਧੂ ਖ਼ਿਲਾਫ਼ ਜਥੇਦਾਰ ਨੂੰ ਦਿੱਤਾ ਮੰਗ ਪੱਤਰ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ ਮੰਗ-ਪੱਤਰ ਦੇ ਕੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਤੇ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਖਿਲਾਫ ਪੰਥਕ ਰਹੁ-ਰੀਤਾਂ ਦੀ ਉਲੰਘਣਾ ਕਰਨ ਕਾਰਨ ਮਰਿਆਦਾ ਮੁਤਾਬਕ ਕਾਰਵਾਈ ਦੀ ਮੰਗ ਕੀਤੀ ਹੈ। ਅਕਾਲੀ ਦਲ ਅੰਮ੍ਰਿਤਸਰ ਦੇ ਵਫਦ ਨੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦੀ ਗੈਰ-ਹਾਜ਼ਰੀ ਵਿਚ ਨਿੱਜੀ ਸਹਾਇਕ ਜਸਪਾਲ ਸਿੰਘ ਅਤੇ ਰਣਜੀਤ ਸਿੰਘ ਕੱਲਾ ਨੂੰ ਮੰਗ ਪੱਤਰ ਸੌਂਪਿਆ।

ਇਸ ਮੰਗ ਪੱਤਰ ਵਿਚ ਮੰਗ ਕੀਤੀ ਗਈ ਕਿ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਐੱਮਪੀ ਹਰਸਿਮਰਤ ਕੌਰ ਅਤੇ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸਿੱਖ ਪ੍ਰੰਪਰਾਵਾਂ ਦੀ ਉਲੰਘਣਾ ਕੀਤੀ ਹੈ, ਜਿਸ ਕਾਰਨ ਅਕਾਲ ਤਖਤ 'ਤੇ ਤਲਬ ਕਰ ਕੇ ਧਾਰਮਿਕ ਕਾਰਵਾਈ ਕੀਤੀ ਜਾਵੇ।

# ਰਣਜੀਤ ਹੱਤਿਆਕਾਂਡ ਬਾਰੇ ਸੌਦਾ ਸਾਧ ਨੂੰ ਸਜ਼ਾ ਦਾ ਫੈਸਲਾ 18 ਅਕਤੂਬਰ ਤੱਕ ਮੁਲਤਵੀ



**ਚੰਡੀਗੜ੍ਹ/ਏ.ਟੀ.ਨਿਊਜ਼ :** ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਮੇਤ 5 ਹੋਰ ਨੂੰ ਸਜ਼ਾ ਦਾ ਫੈਸਲਾ 18 ਅਕਤੂਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਬਹੁ-ਚਰਚਿਤ ਰਣਜੀਤ ਸਿੰਘ ਹੱਤਿਆ-ਕਾਂਡ 'ਚ ਸੀਬੀਆਈ ਦੀ ਵਿਸ਼ੇਸ਼ ਅਦਾਲਤ ਗੁਰਮੀਤ ਰਾਮ ਰਹੀਮ ਸਮੇਤ ਪੰਜ ਮੁਲਜ਼ਮਾਂ ਨੂੰ ਸਜ਼ਾ ਸੁਣਾਏਗੀ। ਇਸ ਸੁਣਵਾਈ ਦੇ ਮੱਦੇਨਜ਼ਰ ਪੰਚਕੂਲਾ ਪ੍ਰਸ਼ਾਸਨ ਨੇ ਪੂਰੇ ਜ਼ਿਲੇ ਵਿਚ ਧਾਰਾ 144 ਲਾਗੂ ਕਰ ਦਿੱਤੀ ਹੈ। ਸ਼ਹਿਰ 'ਚ ਥਾਂ ਥਾਂ ਪੁਲਿਸ ਜਵਾਨਾਂ ਨੂੰ ਤਾਇਨਾਤ ਕੀਤਾ ਗਿਆ ਹੈ। ਡੀਸੀਪੀ ਮੋਹਿਤ ਹਾਂਡਾ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਤਹਿਤ ਰਾਮ ਰਹੀਮ ਸਮੇਤ 5 ਦੋਸ਼ੀਆਂ ਦੀ ਸਜ਼ਾ ਦੇ ਫ਼ੈਸਲੇ ਦੇ ਚੱਲਦੇ ਜ਼ਿਲੇ ਵਿਚ ਜਾਨ-ਮਾਲ ਦੇ ਨੁਕਸਾਨ, ਜ਼ਿਲੇ ਵਿਚ ਕਿਸੇ ਵੀ ਤਰਾਂ ਦਾ ਤਣਾਅ ਪੈਦਾ ਕਰਨ, ਸ਼ਾਂਤੀ ਭੰਗ ਕਰਨ ਤੇ ਦੰਗੇ ਦੇ ਖਦਸ਼ੇ ਨੂੰ ਦੇਖਦੇ ਹੋਏ ਧਾਰਾ 144 ਲਾਗੂ ਕੀਤੀ ਗਈ ਹੈ।

# ਦਲ ਖਾਲਸਾ ਵੱਲੋਂ ਪਰਮਜੀਤ ਸਿੰਘ ਮੰਡ ਜਥੇਬੰਦੀ ਦਾ ਨਵਾਂ ਬੁਲਾਰਾ ਨਿਯੁਕਤ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਦਲ ਖ਼ਾਲਸਾ ਵਲੋਂ ਪਰਮਜੀਤ ਸਿੰਘ ਮੰਡ ਨੂੰ ਜਥੇਬੰਦੀ ਦਾ ਨਵਾਂ ਬੁਲਾਰਾ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਵੱਲੋਂ ਕੀਤੀ ਗਈ ਹੈ। ਉਨਾਂ ਦਸਿਆ ਕਿ ਨੌਜਵਾਨ ਆਗੂ ਪਰਮਜੀਤ ਸਿੰਘ ਮੰਡ ਜੋ 2017 ਤੋਂ ਪਾਰਟੀ ਦੇ ਯੂਥ ਵਿੰਗ ਦੇ ਪ੍ਰਧਾਨ ਦੇ ਅਹੁਦੇ ਤੇ ਸੇਵਾ ਨਿਭਾ ਰਹੇ ਸਨ, ਨੂੰ ਦਲ ਖਾਲਸਾ ਦਾ ਅਗਲਾ ਬੁਲਾਰਾ ਨਿਯੁਕਤ ਕੀਤਾ ਗਿਆ ਹੈ। ਉਨਾਂ ਦਸਿਆ ਕਿ ਉਹ, ਕੰਵਰਪਾਲ ਸਿੰਘ ਜੋ ਕਿ ਪਿਛਲੇ ਇਕ ਦਹਾਕੇ ਤੋਂ ਪਾਰਟੀ ਦੇ ਬੁਲਾਰੇ ਵਜੋ ਕੰਮ ਕਰ ਰਹੇ ਸਨ ਦੀ ਥਾਂ ਲੈਣਗੇ।

ਪਰਮਜੀਤ ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਇਨਵਾਇਰਨਮੈਂਟਲ ਸਾਇੰਸਜ਼ **(Environmental Sciences)** ਵਿੱਚ ਐਮ.ਐਸ.ਸੀ ਕੀਤੀ ਹੈ। ਪੰਥ ਅਤੇ ਪੰਜਾਬ ਦੀ ਹੋਣੀ ਤੇ ਹੋਂਦ ਨਾਲ ਜੁੜੇ ਹਰ ਮੁੱਦੇ ਉਤੇ ਮੰਡ ਸਰਗਰਮ ਭੂਮਿਕਾ ਨਿਭਾਉਣ ਦੇ ਨਾਲ-ਨਾਲ ਬੜੀ



ਬੇਬਾਕੀ ਨਾਲ ਆਪਣੇ ਵਿਚਾਰ ਰੱਖਦੇ ਹਨ। ਮੰਡ ਜੋ ਕਿ ਸ੍ਰੀ ਹਰਿਗੋਬਿੰਦਪੁਰ ਇਲਾਕੇ ਦੇ ਕਿਸਾਨੀ ਪਰਿਵਾਰ ਨਾਲ ਸਬੰਧਤ ਹਨ, ਤਿੰਨ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਚਲ ਰਹੇ ਕਿਸਾਨ ਅੰਦੋਲਨ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ। ਪਿਛਲੇ ਦਿਨੀਂ ਹੁਸ਼ਿਆਰਪੁਰ ਦੇ ਭਾਜਪਾ ਆਗੂ ਤੀਕਸ਼ਣ ਸੂਦ ਵੱਲੋਂ ਕਿਸਾਨਾਂ ਅਤੇ ਕਿਸਾਨੀ ਅੰਦੋਲਨ ਬਾਰੇ ਬੋਲੇ ਅਪਸ਼ਬਦਾਂ ਦੇ ਪ੍ਰਤੀਕਰਮ ਵਜੋ ਪਰਮਜੀਤ ਸਿੰਘ ਨੇ ਹੀ ਆਪਣੇ ਸਾਥੀਆਂ ਸਮੇਤ ਉਨਾਂ ਦੇ ਘਰ ਜਾ ਕੇ ਗੋਹੇ ਦੀ ਟਰਾਲੀ ਸੁੱਟ ਕੇ ਆਪਣਾ ਵਿਰੋਧ ਜਤਾਇਆ ਸੀ।

ਭਾਈ ਹਰਪਾਲ ਸਿੰਘ ਚੀਮਾ ਨੇ ਦਸਿਆ ਕਿ ਨੌਜਵਾਨਾਂ ਨੂੰ ਜਥੇਬੰਦਕ ਢਾਂਚੇ ਵਿੱਚ ਵਧੇਰੇ ਥਾਂ ਦੇਣ ਲਈ ਅਗਲੇ ਕੁਝ ਹਫ਼ਤਿਆਂ ਅੰਦਰ ਉਹ ਜਥੇਬੰਦਕ ਢਾਂਚੇ ਦਾ ਪੁਨਰਗਠਨ ਕਰਨ ਜਾ ਰਹੇ ਹਨ ਜਿਸ ਵਿੱਚ ਨਵੇਂ ਚੇਹਰੇ ਵੀ ਸ਼ਾਮਿਲ ਕੀਤੇ ਜਾਣਗੇ। ਉਨਾਂ ਕਿਹਾ ਕਿ ਬਦਲਦੇ ਹਾਲਾਤਾਂ ਅਤੇ ਨਵੀਂ ਤਕਨੀਕ ਦੇ ਇਸ ਦੌਰ ਵਿੱਚ ਪੰਥ ਅਤੇ ਪੰਜਾਬ ਦੇ ਉਜਲੇ ਭਵਿੱਖ ਲਈ ਨੌਜਵਾਨਾਂ ਨੂੰ ਲੀਡਰਸ਼ਿਪ ਦੇ ਰੋਲ ਵਿੱਚ ਅੱਗੇ ਲਿਆਉਣਾ ਬਹੁਤ ਅਹਿਮ ਹੋ ਗਿਆ ਹੈ।

# ਚੀਨ ਨੇ ਭਾਰਤ ਦੁਆਲੇ ਸ਼ਿਕੰਜਾ ਕਸਿਆ

## ✪ ਬੇਸਿੱਟਾ ਰਹੀ ਕਮਾਂਡਰ ਪੱਧਰ ਦੀ ਗੱਲਬਾਤ ✪ ਚੀਨ ਨੇ ਭਾਰਤ ਨੂੰ ਠਹਿਰਾਇਆ ਜ਼ਿੰਮੇਵਾਰ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਭਾਰਤ ਅਤੇ ਚੀਨ ਦਰਮਿਆਨ ਸਰਹੱਦੀ ਵਿਵਾਦ ਨੂੰ ਸੁਲਝਾਉਣ ਲਈ ਬੀਤੇ ਐਤਵਾਰ ਨੂੰ ਹੋਈ ਕੋਰ ਕਮਾਂਡਰ ਪੱਧਰ ਦੀ ਗੱਲਬਾਤ ਬੇਸਿੱਟਾ ਰਹੀ। ਦੋਵਾਂ ਧਿਰਾਂ ਦਰਮਿਆਨ ਤਕਰੀਬਨ 2 ਮਹੀਨੇ ਬਾਅਦ ਹੋਈ ਗੱਲਬਾਤ ਲਗਭਗ ਸਾਢੇ 8 ਘੰਟੇ ਚੱਲੀ। ਭਾਰਤੀ ਫ਼ੌਜ ਨੇ ਗੱਲਬਾਤ ਤੋਂ ਬਾਅਦ ਜਾਰੀ ਬਿਆਨ 'ਚ ਕਿਹਾ ਕਿ ਚੀਨ ਨਾ ਤਾਂ ਰਾਜ਼ੀ ਹੋਇਆ ਅਤੇ ਨਾ ਹੀ ਉਸ ਨੇ ਕੋਈ ਪ੍ਰਸਤਾਵ ਰੱਖਿਆ। ਗੱਲਬਾਤ ਦੌਰਾਨ ਭਾਰਤੀ ਫ਼ੌਜ ਨੇ ਚੀਨ ਨੂੰ ਲੱਦਾਖ ਸਰਹੱਦ ਕੋਲ ਟਕਰਾਅ ਵਾਲੀਆਂ ਸਾਰੀਆਂ ਥਾਵਾਂ ਤੋਂ ਪਿੱਛੇ ਹਟਣ ਲਈ ਕਿਹਾ ਅਤੇ ਮਈ 2020 ਤੋਂ ਪਹਿਲਾਂ ਦੀ ਸਥਿਤੀ ਬਹਾਲ ਕਰਨ ਨੂੰ ਕਿਹਾ। ਭਾਰਤ ਵਲੋਂ ਚੀਨ ਨੂੰ ਤਣਾਅ ਦੇ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਅਸਲ ਕੰਟਰੋਲ ਰੇਖਾ ਕੋਲ ਤਣਾਅ ਦੀ ਇਹ ਸਥਿਤੀ ਚੀਨ ਵਲੋਂ ਜਿਉਂ ਦੇ ਤਿਉਂ ਹਾਲਾਤ ਨੂੰ ਬਦਲਣ ਅਤੇ ਦੁਵੱਲੇ ਸਮਝੌਤਿਆਂ ਦੀ ਉਲੰਘਣਾ ਦੀਆਂ ਇਸਪਾਸੜ ਕੋਸ਼ਿਸ਼ਾਂ ਕਾਰਨ ਪੈਦਾ ਹੋਈ ਹੈ। ਭਾਰਤੀ ਧਿਰ ਨੇ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਦੁਸ਼ਾਂਬੇ 'ਚ ਹੋਈ ਬੈਠਕ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੀਟਿੰਗ ਤੋਂ ਨਿਕਲੇ ਨਤੀਜਿਆਂ ਦੇ ਮੁਤਾਬਿਕ ਹੀ ਸਮੱਸਿਆ ਦਾ ਹੱਲ ਹੋਣਾ ਚਾਹੀਦਾ ਹੈ। ਚੀਨ ਨੇ ਵੀ ਗੱਲਬਾਤ ਤੋਂ ਬਾਅਦ ਬਿਆਨ ਜਾਰੀ ਕਰਦਿਆਂ ਭਾਰਤ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਭਾਰਤ ਨੂੰ ਹਾਲਾਤ ਦਾ ਗ਼ਲਤ ਅੰਦਾਜ਼ਾ ਨਹੀਂ ਲਾਉਣਾ ਚਾਹੀਦਾ ਸਗੋਂ ਭਾਰਤੀ ਫ਼ੌਜ ਨੂੰ ਸਰਹੱਦ ਦੇ ਨਾਲ ਲੱਗਦੇ ਇਲਾਕਿਆਂ 'ਚ ਮੁਸ਼ਕਿਲ ਹਾਲਾਤ 'ਚ ਬਣੀ ਸੁਖਾਲੀ ਸਥਿਤੀ ਨੂੰ ਲੈ ਕੇ ਚੰਗਾ ਮਹਿਸੂਸ ਕਰਨਾ ਚਾਹੀਦਾ ਹੈ। ਚੀਨ ਨੇ ਇਹ ਵੀ ਕਿਹਾ ਕਿ ਭਾਰਤ ਦੀਆਂ ਗ਼ੈਰ-ਵਾਜਬ ਅਤੇ ਗ਼ੈਰ-ਹਕੀਕੀ ਮੰਗਾਂ ਨੇ ਮਾਮਲੇ ਨੂੰ ਸੁਲਝਾਉਣ ਲਈ ਗੱਲਬਾਤ 'ਚ ਮੁਸ਼ਕਿਲਾਂ ਖੜੀਆਂ ਕਰ ਦਿੱਤੀਆਂ ਹਨ।

# ਕੁਰਾਨ ਦੀ ਕਥਿਤ ਤੌਰ ਉੱਤੇ ਹੋਈ ਬੇਅਦਬੀ ਕਾਰਨ ਬੰਗਲਾਦੇਸ਼ ਵਿਚ ਭੜਕੀ ਹਿੰਸਾ



**ਢਾਕਾ**-ਬੰਗਲਾਦੇਸ਼ 'ਚ ਅਣਪਛਾਤੇ ਮੁਸਲਿਮ ਕੱਟੜਪੰਥੀਆਂ ਵਲੋਂ ਦੁਰਗਾ ਪੂਜਾ ਦੇ ਸਮਾਗਮਾਂ ਦੌਰਾਨ ਕੁਝ ਹਿੰਦੂ ਮੰਦਰਾਂ 'ਚ ਭੰਨਤੋੜ ਕਰਨ ਦੀਆਂ ਖ਼ਬਰਾਂ ਹਨ। ਇਸ ਦੌਰਾਨ ਕੱਟੜਪੰਥੀਆਂ ਦੀਆਂ ਪੁਲਿਸ ਨਾਲ ਝੜਪਾਂ ਦੌਰਾਨ ੪ ਲੋਕ ਮਾਰੇ ਗਏ, ਜਦੋਂਕਿ ਦਰਜਨਾਂ ਹੋਰ ਜ਼ਖ਼ਮੀ ਹੋਏ ਹਨ, ਜਿਸ ਤੋਂ ਬਾਅਦ ਸਰਕਾਰ ਨੂੰ ੨੨ ਜ਼ਿਲਿਆਂ 'ਚ ਅਰਧ ਸੈਨਿਕ ਬਲ ਤਾਇਨਾਤ ਕਰਨ ਲਈ ਮਜਬੂਰ ਹੋਣਾ ਪਿਆ ਹੈ। ਬੰਗਲਾਦੇਸ਼ ਗ੍ਰਹਿ ਮੰਤਰਾਲੇ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਦੇਸ਼ 'ਚ ਹਿੰਸਾ ਫੈਲਣ ਤੋਂ ਰੋਕਣ ਲਈ ੨੨ ਜ਼ਿਲਿਆਂ 'ਚ ਬੰਗਲਾਦੇਸ਼ ਦੀਆਂ ਸਰਹੱਦਾਂ ਦੀ ਨਿਗਰਾਨੀ ਕਰਨ ਵਾਲੀ ਬੀ.ਜੀ.ਬੀ. ਨੂੰ ਤਾਇਨਾਤ ਕੀਤਾ ਗਿਆ ਹੈ ਅਤੇ ਅਪਰਾਧ-ਰੋਕੂ ਰੈਪਿਡ ਐਕਸ਼ਨ ਬਟਾਲੀਅਨ (ਆਰ.ਏ.ਬੀ.) ਅਤੇ ਹਥਿਆਰਬੰਦ ਪੁਲਿਸ ਨੂੰ ਬੀ.ਜੀ.ਬੀ. ਨਾਲ ਸਹਿਯੋਗ ਕਰਨ ਲਈ ਕਿਹਾ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਬੁੱਧਵਾਰ ਨੂੰ ਚਾਂਦਪੁਰ ਦੇ ਹਾਜੀਗੰਜ ਉਪ-ਜ਼ਿਲੇ 'ਚ ਪੁਲਿਸ ਤੇ ਕੱਟੜਪੰਥੀਆਂ ਵਿਚਾਲੇ ਹੋਈ ਝੜਪ 'ਚ ੪ ਲੋਕ ਮਾਰੇ ਗਏ ਤੇ ੨ ਹੋਰ ਗੰਭੀਰ ਜ਼ਖ਼ਮੀ ਹੋ ਗਏ। ਪੁਲਿਸ ਨੇ ਦੱਸਿਆ ਕਿ ਭੀੜ ਵਲੋਂ ਕੀਤੇ ਹਮਲੇ 'ਚ ਕਈ ਪੁਲਿਸ ਅਧਿਕਾਰੀ ਵੀ ਜ਼ਖ਼ਮੀ ਹੋਏ ਹਨ। ਕੱਟੜਪੰਥੀਆਂ ਵਲੋਂ ਹਾਜੀਗੰਜ ਤੋਂ ਇਲਾਵਾ ਕੁਲਿਆ, ਹਾਤੀਆ, ਬੰਸਕਾਲੀ ਸਮੇਤ ਕਈ ਥਾਂਵਾਂ 'ਤੇ ਦੁਰਗਾ ਪੂਜਾ ਦੇ ਸਮਾਗਮਾਂ 'ਚ ਭੰਨਤੋੜ ਕੀਤੀ ਗਈ ਹੈ।

ਇਹ ਹਿੰਸਾ ਬਾਅਦ ਵਿੱਚ ਨੋਆਖਲੀ, ਚਾਂਦਪੁਰ, ਕਾਕਸ ਬਾਜ਼ਾਰ, ਚਟੋਗ੍ਰਾਮ, ਚਪੈਨਵਾਬਗੰਜ, ਪਬਨਾ, ਮੌਲਵੀਬਾਜਾਰਾ ਅਤੇ ਕੁਰੀਗਰਾਮ ਵਿੱਚ ਦੁਰਗਾ ਪੂਜਾ ਦੇ ਕਈ ਸਥਾਨਾਂ ਤੱਕ ਫੈਲ ਗਈ।

ਇਸ ਮਾਮਲੇ ਤੋਂ ਜਾਣੂ ਲੋਕਾਂ ਨੇ ਕਿਹਾ ਕਿ ਦੱਖਣੀ ਬੰਗਲਾਦੇਸ਼ ਵਿੱਚ ਦੁਰਗਾ ਪੂਜਾ ਪੰਡਾਲਾਂ ਵਿੱਚ ਹੋਈ ਹਿੰਸਾ ਦੇ ਪਿੱਛੇ ਜਮਾਤ-ਏ-ਇਸਲਾਮੀ (ਜੇਈਆਈ) ਦਾ ਹੱਥ ਸੀ ਅਤੇ ਇਹ ਹਮਲੇ ਸ਼ੇਖ ਹਸੀਨਾ ਸਰਕਾਰ ਨੂੰ ਸ਼ਰਮਿੰਦਾ ਕਰਨ ਅਤੇ ਫਿਰਕੂ ਅੱਗ ਲਾਉਣ ਦੇ ਇਰਾਦੇ ਨਾਲ ਕੀਤੇ ਗਏ ਸਨ। ਸ਼ੇਖ ਹਸੀਨਾ ਨੇ ਕਿਹਾ "ਸਾਨੂੰ ਵੱਡੀ ਮਾਤਰਾ ਵਿੱਚ ਜਾਣਕਾਰੀ ਮਿਲ ਰਹੀ ਹੈ ਤੇ ਅਸੀਂ ਨਿਸ਼ਚਤ ਤੌਰ 'ਤੇ ਉਨਾਂ ਲੋਕਾਂ ਦਾ ਪਤਾ ਲਗਾਵਾਂਗੇ ਜਿਨਾਂ ਨੇ ਹਮਲੇ ਕੀਤੇ ਸਨ ... ਇਹ ਤਕਨੀਕ ਦਾ ਯੁੱਗ ਹੈ।" "ਉਨਾਂ ਨੂੰ ਲੱਭਿਆ ਜਾਣਾ ਚਾਹੀਦਾ ਹੈ। ਅਸੀਂ ਅਤੀਤ ਵਿੱਚ ਵੀ ਅਜਿਹਾ ਕੀਤਾ ਸੀ ਅਤੇ ਭਵਿੱਖ ਵਿੱਚ ਵੀ ਕਰਾਂਗੇ। ਉਨਾਂ ਨੂੰ ਬਣਦੀ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਸਜਾ ਉਹ ਦਿਤੀ ਜਾਵੇਗੀ ਜੋ ਭਵਿੱਖ ਵਿੱਚ ਮਿਸਾਲ ਬਣ ਜਵੇਗੀ ਤਾ ਜੋ ਕੋਈ ਵੀ ਇਸ ਤਰਾਂ ਦੀ ਘਟਨਾ ਵਿੱਚ ਸ਼ਾਮਲ ਹੋਣ ਦੀ ਹਿੰਮਤ ਨਾ ਕਰ ਸਕੇ।"

# ਭਾਰਤ ਵਿਸ਼ਵ-ਪੱਧਰੀ ਭੁੱਖਮਰੀ ਸੂਚੀ ਵਿਚ 101ਵੇਂ ਸਥਾਨ 'ਤੇ ਪੁੱਜਾ

## ✪ ਜੀ.ਐਚ.ਆਈ. ਸੂਚੀ ਅਨੁਸਾਰ ਭਾਰਤ ਆਪਣੇ ਗੁਆਂਢੀ ਦੇਸ਼ਾਂ ਪਾਕਿਸਤਾਨ (92), ਬੰਗਲਾਦੇਸ਼ (76), ਨੇਪਾਲ (76) ਤੇ ਮਿਆਂਮਾਰ (71) ਤੋਂ ਪਛੜਿਆ ✪ਸੈਂਟਰ ਫਾਰ ਮਾਰਕੀਟਿੰਗ ਇੰਡੀਅਨ ਇਕਾਨਮੀ ਅਨੁਸਾਰ ਭਾਰਤ ਵੱਖ-ਵੱਖ ਰਾਜਾਂ ਵਿਚ ਅਪ੍ਰੈਲ ਮਹੀਨੇ ਵਿਚ 75 ਲੱਖ ਤੋਂ ਵੱਧ ਕਿਰਤੀ ਕਾਮੇ ਬੇਰੁਜ਼ਗਾਰ ਹੋਏ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਭਾਰਤ 116 ਦੇਸ਼ਾਂ ਦੀ ਵਿਸ਼ਵ-ਪੱਧਰੀ ਭੁੱਖਮਰੀ ਸੂਚੀ 'ਗਲੋਬਲ ਹੰਗਰ ਇੰਡੈਕਸ' (ਜੀ.ਐਚ.ਆਈ.) ਵਿਚ ਖਿਸਕ ਕੇ 101ਵੇਂ ਸਥਾਨ 'ਤੇ ਪੁੱਜ ਗਿਆ ਹੈ ਅਤੇ ਭੁੱਖਮਰੀ ਦੇ ਮਾਮਲੇ ਵਿਚ ਉਹ ਆਪਣੇ ਗੁਆਂਢੀ ਪਾਕਿਸਤਾਨ, ਬੰਗਲਾਦੇਸ਼ ਤੇ ਨੇਪਾਲ ਤੋਂ ਵੀ ਪਿੱਛੇ ਹੈ। ਗਲੋਬਲ ਹੰਗਰ ਇੰਡੈਕਸ ਦੀ ਵੈਬਸਾਈਟ ਵਲੋਂ ਦੱਸਿਆ ਗਿਆ ਹੈ ਕਿ ਚੀਨ, ਬ੍ਰਾਜ਼ੀਲ, ਤੇ ਕੁਵੈਤ ਸਮੇਤ 18 ਦੇਸ਼ 5 ਤੋਂ ਵੀ ਘੱਟ ਜੀ.ਐਚ.ਆਈ. ਅੰਕ ਲੈ ਕੇ ਸਾਂਝੇ ਤੌਰ 'ਤੇ ਚੋਟੀ 'ਤੇ ਰਹੇ ਹਨ। ਆਇਰਿਸ਼ ਦੀ ਮਦਦ ਪ੍ਰਾਪਤ ਏਜੰਸੀ 'ਕੰਸਰਨ ਵਰਲਡ ਵਾਈਡ' ਅਤੇ ਜਰਮਨ ਸੰਗਠਨ 'ਵੈਲਟ ਹੰਗਰ ਹਿਲਫ' ਦੁਆਰਾ ਸਾਂਝੇ ਤੌਰ 'ਤੇ ਤਿਆਰ ਕੀਤੀ ਗਈ ਰਿਪੋਰਟ ਵਿਚ ਭਾਰਤ 'ਚ ਭੁੱਖਮਰੀ ਦੇ ਪੱਧਰ ਨੂੰ 'ਚਿੰਤਾਜਨਕ' ਕਰਾਰ ਦਿੱਤਾ ਗਿਆ ਹੈ। 2020 ਦੌਰਾਨ ਭਾਰਤ ਭੁੱਖਮਰੀ ਦੇ ਮਾਮਲੇ 'ਚ 107 ਦੇਸ਼ਾਂ ਵਿਚੋਂ 94ਵੇਂ ਸਥਾਨ ਉਤੇ ਸੀ ਅਤੇ ਹੁਣ 116 ਦੇਸ਼ਾਂ ਵਿਚੋਂ 101ਵੇਂ ਸਥਾਨ 'ਤੇ ਪੁੱਜ ਗਿਆ ਹੈ। ਜੀ.ਐਚ.ਆਈ. ਸੂਚੀ ਅਨੁਸਾਰ ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ (92), ਬੰਗਲਾਦੇਸ਼ (76), ਨੇਪਾਲ (76) ਤੇ ਮਿਆਂਮਾਰ (71) ਵੇਂ ਸਥਾਨ 'ਤੇ ਹਨ ਅਤੇ ਇਹ ਸਭ ਵੀ ਭੁੱਖਮਰੀ ਦੀ 'ਚਿੰਤਾਜਨਕ' ਸ਼੍ਰੇਣੀ ਵਿਚ ਆਉਂਦੇ ਹਨ, ਪਰ ਇਨਾਂ ਦੀ ਸਥਿਤੀ ਭਾਰਤ ਦੇ ਮੁਕਾਬਲੇ ਚੰਗੀ ਮੰਨੀ ਗਈ ਹੈ। ਆਕਸਫੇਮ ਨੇ ਆਪਣੀ ਤਾਜ਼ਾ ਰਿਪੋਰਟ ਵਿਚ ਦੱਸਿਆ ਕਿ ਕੋਰੋਨਾ ਮਹਾਂਮਾਰੀ ਦੇ ਦੌਰ ਵਿਚ ਭੁੱਖ ਨਾਲ ਦਮ ਤੋੜਨ ਵਾਲਿਆਂ ਦੀ ਤਾਦਾਦ ਆਮ ਦਿਨਾਂ ਦੇ ਮੁਕਾਬਲੇ ਕਾਫੀ ਵਧ ਗਈ ਹੈ। 21ਵੀਂ ਸਦੀ ਵਿਚ ਵੀ ਇਹ ਸੁਣਨ ਨੂੰ ਮਿਲੇ ਕਿ ਭੁੱਖ ਨਾਲ ਹਰ ਮਿੰਟ ਵਿਚ 11 ਲੋਕਾਂ ਦੀ



ਮੌਤ ਹੋ ਰਹੀ ਹੈ। ਜ਼ਿਆਦਾ ਚਿੰਤਾ ਦੀ ਗੱਲ ਇਸ ਲਈ ਵੀ ਹੈ ਕਿ ਭੁੱਖਮਰੀ ਦਾ ਸਾਹਮਣਾ ਕਰਨ ਵਾਲਿਆਂ ਦੀ ਗਿਣਤੀ ਵਿਚ 2 ਕਰੋੜ ਤੋਂ ਜ਼ਿਆਦਾ ਦਾ ਇਜ਼ਾਫ਼ਾ ਹੋ ਗਿਆ ਹੈ। 15 ਕਰੋੜ ਲੋਕ ਭੁੱਖੇ ਸੌਂ ਰਹੇ ਹਨ ਜਾਂ ਕਈ-ਕਈ ਦਿਨ ਬਿਨਾਂ ਖਾਧਿਆਂ ਗੁਜ਼ਾਰ ਰਹੇ ਹਨ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਨਟੋਨੀਓ ਗੁਟੇਰੇਸ ਨੇ ਖਦਸ਼ਾ ਪ੍ਰਗਟਾਇਆ ਕੋਵਿਡ-19 ਮਹਾਂਮਾਰੀ ਕਰਕੇ 5 ਕਰੋੜ ਲੋਕ ਬੇਹੱਦ ਗ਼ਰੀਬੀ ਦੀ ਹਾਲਤ ਵਿਚ ਚਲੇ ਜਾਣਗੇ। ਇਨਾਂ ਵਿਚੋਂ 20 ਫ਼ੀਸਦੀ ਲੋਕਾਂ ਦੀ ਰੋਜ਼ੀ-ਰੋਟੀ ਖੁਸ ਜਾਣ ਕਰਕੇ ਉਹ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਜਾਣਗੇ।

ਉਧਰ ਸੰਯੁਕਤ ਰਾਸ਼ਟਰ ਦੇ ਮਨੁੱਖੀ ਮਾਮਲਿਆਂ ਦੇ ਵਿਭਾਗ ਨੇ ਹਾਲ ਹੀ ਵਿਚ ਚਿਤਾਵਨੀ ਦਿੱਤੀ ਹੈ ਕਿ ਅਗਲੇ ਇਕ ਸਾਲ ਵਿਚ ਭੁੱਖਮਰੀ ਦਾ ਅੰਕੜਾ ਦੁੱਗਣਾ ਹੋ ਜਾਵੇਗਾ। ਲੱਖਾਂ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਣਗੇ। ਦੁਨੀਆ ਵਿਚ ਇਸ ਸਮੇਂ ਤਕਰੀਬਨ 82 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹਨ ਅਤੇ 5 ਸਾਲ ਤੋਂ ਘੱਟ ਉਮਰ ਦੇ 14 ਕਰੋੜ ਬੱਚੇ ਅਜਿਹੇ ਹਨ, ਜੋ ਕੁਪੋਸ਼ਣ ਕਰਕੇ ਸਰੀਰਕ ਵਿਕਾਸ ਸੰਬੰਧੀ ਸਮੱਸਿਆਵਾਂ ਨਾਲ ਜੂਝ ਰਹੇ ਹਨ। ਅੰਤਰਰਾਸ਼ਟਰੀ ਸੰਸਥਾ 'ਔਕਸਫੈਮ' ਨੇ ਆਪਣੀ ਹਾਲ ਹੀ ਵਿਚ ਜਾਰੀ ਕੀਤੀ ਰਿਪੋਰਟ ਵਿਚ ਖਦਸ਼ਾ ਪ੍ਰਗਟਾਇਆ ਹੈ ਕਿ ਕੋਰੋਨਾ ਮਹਾਂਮਾਰੀ ਕਾਰਨ ਪੈਦਾ ਹੋਈ ਆਰਥਿਕ ਮੰਦੀ ਦੇ ਫਲਸਰੂਪ ਭੁੱਖਮਰੀ ਫੈਲਣ ਕਰਕੇ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਕੋਰੋਨਾ ਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਨਾਲੋਂ ਕਈ ਗੁਣਾ ਜ਼ਿਆਦਾ ਹੋ ਸਕਦੀ ਹੈ। ਵਿਸ਼ਵ ਖਾਧ ਪ੍ਰੋਗਰਾਮ ਦੇ ਪ੍ਰਮੁੱਖ ਡੇਵਿਡ ਵੇਸਲੇ ਨੇ ਕਿਹਾ ਸੀ ਕਿ ਦੁਨੀਆ ਨੂੰ ਕੋਰੋਨਾ ਤੋਂ ਬਾਅਦ ਇਕ ਹੋਰ ਭਿਆਨਕ ਸੰਕਟ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਵਿਸ਼ਵ ਭਰ ਦੇ 25 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਸਕਦੇ ਹਨ। ਦੁਨੀਆ ਵਿਚ ਪਹਿਲਾਂ ਹੀ 82 ਕਰੋੜ ਲੋਕ ਭੁੱਖ ਦਾ ਸਾਹਮਣਾ ਕਰ ਰਹੇ ਹਨ। ਜਦੋਂ ਕੋਰੋਨਾ ਮਹਾਂਮਾਰੀ ਨੇ ਦੁਨੀਆ ਭਰ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ ਤਾਂ ਭੁੱਖਮਰੀ ਦਾ ਸੰਕਟ ਹੋਰ ਵੀ ਵਿਆਪਕ ਹੋ ਸਕਦਾ ਹੈ।

ਕੋਵਿਡ-19 ਮਹਾਂਮਾਰੀ ਦੀਆਂ ਪਾਬੰਦੀਆਂ ਕਰਕੇ ਉਦਯੋਗਿਕ ਖੇਤਰ ਵਿਚ ਉਤਪਾਦਨ ਤੇ ਹੋਰ ਕਾਰੋਬਾਰੀ ਸਰਗਰਮੀਆਂ ਠੱਪ ਹੋ ਗਈਆਂ ਹਨ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਸੈਂਟਰ ਫਾਰ ਮਾਰਕੀਟਿੰਗ ਇੰਡੀਅਨ ਇਕਾਨਮੀ ਅਨੁਸਾਰ ਵੱਖ-ਵੱਖ ਰਾਜਾਂ ਵਿਚ ਸਖ਼ਤ ਪਾਬੰਦੀਆਂ ਕਾਰਨ ਅਪ੍ਰੈਲ ਮਹੀਨੇ ਵਿਚ 75 ਲੱਖ ਤੋਂ ਵੱਧ ਕਿਰਤੀ ਕਾਮੇ ਬੇਰੁਜ਼ਗਾਰ ਹੋਏ। ਰੋਟੀ-ਰੋਜ਼ੀ ਖੁਸ ਜਾਣ ਕਰਕੇ ਭੁੱਖਮਰੀ ਦੀ ਨੌਬਤ ਆਉਣ ਕਰਕੇ ਬੇਰੁਜ਼ਗਾਰ ਮਜ਼ਦੂਰ ਹਿਜਰਤ ਲਈ ਮਜਬੂਰ ਹੋ ਗਏ ਸਨ। ਪਿਛਲੇ ਸਾਲ ਮਾਰਚ ਵਿਚ ਲਾਗੂ ਕੀਤੀ ਦੇਸ਼ ਵਿਆਪੀ ਤਾਲਾਬੰਦੀ ਦੌਰਾਨ ਬੇਰੁਜ਼ਗਾਰ ਹੋਏ 12 ਕਰੋੜ ਲੋਕਾਂ ਵਿਚੋਂ 75 ਤੋਂ 80 ਫ਼ੀਸਦੀ ਅਸੰਗਠਿਤ ਖੇਤਰ ਦੇ ਮਜ਼ਦੂਰ ਸਨ। ਇਕ ਅਨੁਮਾਨ ਅਨੁਸਾਰ ਅਜਿਹੇ ਲੋਕਾਂ ਦੀ ਗਿਣਤੀ 15 ਕਰੋੜ ਹੋ ਸਕਦੀ ਹੈ।

ਯੂਨੀਸੈਫ ਦੀ ਇਕ ਹੋਰ ਰਿਪੋਰਟ ਅਨੁਸਾਰ, 'ਭਾਰਤ ਦਾ ਹਰ ਦੂਜਾ ਬੱਚਾ ਭੁੱਖਮਰੀ ਤੇ ਕੁਪੋਸ਼ਣ ਦਾ ਸ਼ਿਕਾਰ ਹੈ।'

# ਸਿੱਖਾਂ ਦੇ ਈਸਾਈਕਰਨ ਦੀ ਚਿੰਤਾ ਤੇ ਜਥੇਦਾਰ ਦਾ ਸੰਦੇਸ਼

**ਰਜਿੰਦਰ ਸਿੰਘ ਪੁਰੇਵਾਲ**

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ 'ਚ ਕੁਝ ਥਾਵਾਂ 'ਤੇ ਸਰਹੱਦੀ ਇਲਾਕਿਆਂ 'ਚ ਧਰਮ ਪਰਿਵਰਤਨ ਤੇ ਈਸਾਈਕਰਨ ਕੀਤੇ ਜਾਣ ਦੇ ਮਾਮਲਿਆਂ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਲਾਲਚ ਜਾਂ ਗੁੰਮਰਾਹ ਕਰਕੇ ਭੋਲੇ ਭਾਲੇ ਲੋਕਾਂ ਦਾ ਧਰਮ ਪਰਿਵਰਤਨ ਕਰਵਾਇਆ ਜਾਣਾ ਸਿੱਖ ਧਰਮ 'ਤੇ ਕੋਝਾ ਹਮਲਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕਿਸੇ ਦਾ ਧਰਮ ਪਰਿਵਰਤਨ ਕਰਵਾਉਣਾ ਕਿਸੇ ਵੀ ਤਰਾਂ ਜਾਇਜ਼ ਨਹੀਂ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਧਰਮ ਪ੍ਰਚਾਰ ਲਹਿਰ ਕੇਵਲ ਪੰਜਾਬ ਵਿਚ ਹੀ ਨਹੀਂ ਬਲਕਿ ਪੂਰੇ ਭਾਰਤ ਵਿਚ ਹੀ ਚਲਾਉਣੀ ਚਾਹੀਦੀ ਹੈ।

ਜਥੇਦਾਰ ਦਾ ਇਹ ਸੁਨੇਹਾ ਖਾਲਸਾ ਪੰਥ ਲਈ ਸਾਰਥਿਕ ਹੈ। ਜਥੇਦਾਰ ਦੇ ਸੁਨੇਹੇ ਕਾਰਨ ਸ਼੍ਰੋਮਣੀ ਕਮੇਟੀ ਨੇ ਧਰਮ ਪ੍ਰਚਾਰ ਦੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਸਮੂਹ ਖਾਲਸਾ ਪੰਥ ਨੂੰ ਧੜੇਬੰਦੀਆਂ ਤੋਂ ਉਪਰ ਉਠਕੇ ਇਸ ਪਾਵਨ ਕਾਰਜ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ।

**ਕੈਪਟਨ ਕੇਂਦਰ ਤੇ ਕਿਸਾਨ ਜਥੇਬੰਦੀਆਂ ਵਿਚ ਸਾਲਸੀ ਬਣ ਵਿਵਾਦ ਮਿਟਾਉਣਾ ਚਾਹੁੰਦਾ ਏ**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜੋ ਆਪਣੀ 3-4 ਦਿਨਾਂ ਦੀ ਫੇਰੀ ਤੋਂ ਬਾਅਦ ਦਿੱਲੀ ਤੋਂ ਚੰਡੀਗੜ ਪਰਤ ਆਏ ਹਨ, ਸਬੰਧੀ ਚਰਚਾ ਹੈ ਕਿ ਉਨਾਂ ਵਲੋਂ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਸੰਬੰਧੀ ਵਿਚਾਰ ਸਮਝਣ ਤੋਂ ਬਾਅਦ ਕੁਝ ਕਿਸਾਨ ਆਗੂਆਂ ਨਾਲ ਵੀ ਸੰਪਰਕ ਸਾਧਿਆ ਹੈ। ਕੇਂਦਰ ਸਰਕਾਰ, ਜੋ ਆਉਂਦੀਆਂ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਅਤੇ ਕਿਸਾਨ ਅੰਦੋਲਨ ਨੂੰ ਲੈ ਕੇ ਕਾਫ਼ੀ ਪ੍ਰੇਸ਼ਾਨ ਹੈ, ਨੂੰ ਇਸ ਗੁੰਝਲਦਾਰ ਸਥਿਤੀ 'ਚੋਂ ਨਿਕਲਣ ਸਬੰਧੀ ਵੱਡੀਆਂ ਉਮੀਦਾਂ ਹਨ, ਪ੍ਰੰਤੂ ਕੇਂਦਰ 3 ਖੇਤੀ ਕਾਨੂੰਨ ਵਾਪਸ ਨਾ ਲੈਣ ਸਬੰਧੀ ਅਜੇ ਵੀ ਬਾਜਿੱਦ ਨਜ਼ਰ ਆ ਰਿਹਾ ਹੈ । ਜਾਣਕਾਰੀ ਅਨੁਸਾਰ ਮੁਢਲੀ ਗੱਲਬਾਤ ਦੌਰਾਨ ਕੇਂਦਰ ਵਲੋਂ ਇਹ ਕਾਨੂੰਨਾਂ 'ਤੇ ਅਮਲ 3 ਸਾਲ ਅੱਗੇ ਪਾਉਣ, ਫ਼ਸਲਾਂ ਲਈ ਘੱਟੋ-ਘੱਟ ਖ਼ਰੀਦ ਮੁੱਲ ਦੀ ਗਾਰੰਟੀ ਦੇਣ, ਪੰਜਾਬ ਨੂੰ ਫ਼ਸਲੀ ਵਿਭਿੰਨਤਾ ਲਈ ਵੱਡਾ ਵਿੱਤੀ ਪੈਕੇਜ ਦੇਣ ਅਤੇ ਕਾਨੂੰਨਾਂ ਨੂੰ ਅਮਲ ਹੇਠ ਲਿਆਉਣ ਜਾਂ ਨਾ ਲਿਆਉਣ ਦਾ ਫ਼ੈਸਲਾ ਰਾਜਾਂ 'ਤੇ ਛੱਡਣ ਸਬੰਧੀ ਕੁਝ ਹੱਦ ਤੱਕ ਸਹਿਮਤੀ ਪ੍ਰਗਟਾਈ ਜਾ ਰਹੀ ਹੈ, ਜਿਸ ਤੋਂ ਸਪੱਸ਼ਟ ਹੈ ਕਿ ਇਹ ਕਾਨੂੰਨ ਉਨਾਂ ਰਾਜਾਂ 'ਚ ਹੀ ਅਮਲ ਹੇਠ ਲਿਆਂਦੇ ਜਾ ਸਕਣਗੇ, ਜਿਥੋਂ ਦੀਆਂ ਰਾਜ ਸਰਕਾਰਾਂ ਇਸ ਲਈ ਸਹਿਮਤੀ ਦੇਣਗੀਆਂ। ਵਰਨਣਯੋਗ ਹੈ ਕਿ ਸੁਪਰੀਮ ਕੋਰਟ ਨੇ ਵੀ ਪਹਿਲਾਂ ਇਨਾਂ ਕਾਨੂੰਨਾਂ 'ਤੇ ਅਮਲ ਰੋਕਿਆ ਹੋਇਆ ਹੈ । ਜਾਣਕਾਰੀ ਅਨੁਸਾਰ ਕੈਪਟਨ ਨੇ ਆਪਣੀ ਦਿੱਲੀ ਫੇਰੀ ਦੌਰਾਨ ਕੇਂਦਰ ਤੇ ਭਾਜਪਾ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਦੌਰਾਨ



ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਕੇਂਦਰ ਸਰਕਾਰ ਇਸ ਮੁੱਦੇ 'ਤੇ ਕਿਸ ਹੱਦ ਤੱਕ ਪੈਰ ਪਿੱਛੇ ਖਿੱਚਣ ਲਈ ਤਿਆਰ ਹੋ ਸਕਦੀ ਹੈ । ਕੈਪਟਨ ਅਮਰਿੰਦਰ ਸਿੰਘ ਦੇ ਸਮਰਥਕਾਂ ਦਾ ਦਾਅਵਾ ਹੈ ਕਿ ਕੈਪਟਨ ਜੋ ਹਮੇਸ਼ਾ ਕਿਸਾਨੀ ਹਿੱਤਾਂ ਲਈ ਯਤਨਸ਼ੀਲ ਰਹੇ ਹਨ, ਦੇਸ਼ ਦੀ ਕਿਸਾਨੀ ਨੂੰ ਖੇਤੀ ਕਾਨੂੰਨੀ ਸਬੰਧੀ ਚੱਲ ਰਹੇ ਡੈਡਲਾਕ 'ਚੋਂ ਕੱਢਣ ਵਿਚ ਕਾਮਯਾਬ ਹੋ ਸਕਦੇ ਹਨ ਅਤੇ ਉਨਾਂ ਦਾ ਇਹ ਵੀ ਕਹਿਣਾ ਹੈ ਕਿ ਦੀਵਾਲੀ ਤੱਕ ਇਸ ਸਬੰਧੀ ਕੋਈ ਸਫਲਤਾ ਮਿਲ ਸਕਦੀ ਹੈ। ਯਾਦ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਮੋਦੀ ਸਰਕਾਰ ਦੇ ਕਾਫੀ ਨੇੜੇ ਹਨ ਤੇ ਉਹ ਇਹ ਕਿਸਾਨੀ ਮਸਲਾ ਹੱਲ ਕਰਵਾ ਕੇ ਪੰਜਾਬ ਵਿਚ ਆਪਣਾ ਸਿਆਸੀ ਭਵਿਖ ਦੇਖ ਰਹੇ ਹਨ ਤੇ ਕਾਂਗਰਸ ਨੂੰ ਧੋਬੀ ਪਟਕਾ ਮਾਰਨਾ ਚਾਹੁੰਦੇ ਹਨ। ਸੁਆਲ ਇਹ ਹੈ ਕਿ ਕੀ ਕੈਪਟਨ ਅਮਰਿੰਦਰ ਸਿੰਘ ਕੇਂਦਰ ਨੂੰ ਤਿੰਨ ਖੇਤੀ ਕਾਨੂੰਨਾਂ ਤੋਂ ਪਿੱਛੇ ਹਟਣ ਲਈ ਤਿਆਰ ਕਰ ਸਕਣਗੇ ਜਾਂ ਕੀ ਕਿਸਾਨ ਜਥੇਬੰਦੀਆਂ ਖੇਤੀ ਕਾਨੂੰਨ ਰੱਦ ਹੋਣ ਤੋਂ ਬਿਨਾਂ ਕਿਸੇ ਹੋਰ ਫ਼ਾਰਮੂਲੇ ਲਈ ਤਿਆਰ ਹੋ ਸਕਣਗੀਆਂ ? ਇਹ ਵੇਖਣ ਵਾਲੀ ਗੱਲ ਹੋਵੇਗੀ ।

**ਨਕਲੀ ਰੱਬ ਸੌਦਾ ਸਾਧ ਡੋਲਿਆ ਤੇ ਅਦਾਲਤ ਤੋਂ ਮੰਗੀ ਰਹਿਮ ਦੀ ਭੀਖ**

ਡੇਰਾ ਸੱਚਾ ਸੌਦਾ ਦੇ ਸਾਬਕਾ ਪ੍ਰਬੰਧਕ ਰਣਜੀਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ ਸੌਦਾ ਸਾਧ ਨੇ ਅਦਾਲਤ ਤੋਂ ਰਹਿਮ ਦੀ ਭੀਖ ਮੰਗੀ ਹੈ। ਉਸ ਨੇ ਵਕੀਲ ਜ਼ਰੀਏ ਅਦਾਲਤ ਨੂੰ ਕਿਹਾ ਕਿ ਉਸ ਨੂੰ ਬਲੱਡ ਪ੍ਰੈਸ਼ਰ ਤੇ ਪੱਥਰੀ ਦੀ ਸਮੱਸਿਆ ਹੈ। ਅੱਖਾਂ ਕਮਜ਼ੋਰ ਹੋਣ ਕਾਰਨ ਘੱਟ ਦਿਸਦਾ ਹੈ। ਅਜਿਹੇ ਵਿਚ ਉਸ ਨੂੰ ਘੱਟ ਤੋਂ ਘੱਟ ਸਜ਼ਾ ਦਿੱਤੀ ਜਾਵੇ। ਹਾਲਾਂਕਿ, ਦੂਸਰੇ ਪੱਖ ਨੇ ਇਸ ਦਾ ਵਿਰੋਧ ਕੀਤਾ ਅਤੇ ਵੱਧ ਤੋਂ ਵੱਧ ਸਜ਼ਾ ਸੁਣਾਏ ਜਾਣ ਦੀ ਮੰਗ ਕੀਤੀ। ਇਸ ਮਾਮਲੇ ਵਿਚ ਬੀਤੇ ਮੰਗਲਵਾਰ ਨੂੰ ਸਜ਼ਾ 'ਤੇ ਫ਼ੈਸਲਾ ਨਹੀਂ ਹੋ ਸਕਿਆ। ਹੁਣ 18 ਅਕਤੂਬਰ ਨੂੰ ਸੁਣਵਾਈ ਹੋਵੇਗੀ। ਸੀਬੀਆਈ ਦੇ ਵਕੀਲ ਐੱਚਪੀਐੱਸ ਵਰਮਾ ਨੇ ਕਿਹਾ ਕਿ ਧਾਰਾ 302 ਤਹਿਤ ਜਿੰਨੀ ਵੱਧ ਸਜ਼ਾ ਹੁੰਦੀ ਹੈ, ਉਹ ਸੌਦਾ ਸਾਧ ਨੂੰ ਹੋਣੀ ਚਾਹੀਦੀ ਹੈ, ਕਿਉਂਕਿ ਉਸ ਵੱਲੋਂ ਕੀਤਾ ਗਿਆ ਅਪਰਾਧ ਵਹਿਸ਼ੀ ਹੈ। ਸੁਆਲ ਉਠਦਾ ਹੈ ਕਿ ਇਹ ਨਕਲੀ ਰੱਬ ਜੇ ਕਰਨੀ ਵਾਲਾ ਸੀ ਤਾਂ ਇਸ ਨੂੰ ਅਦਾਲਤ ਤੋਂ ਰਹਿਮ ਕਰਨ ਬਾਰੇ ਭੀਖ ਮੰਗਣ ਦੀ ਕੀ ਲੋੜ ਸੀ। ਰੱਬੀ ਸੱਚ ਇਹ ਹੈ ਕਿ ਗੁਨਾਹਗਾਰ ਕੋਈ ਹੋਵੇ ਮਾਨਸਿਕ ਤੌਰ 'ਤੇ ਕਮਜੋਰ ਤੇ ਭੇਖੀ ਹੁੰਦਾ ਹੈ। ਪਰ ਇਨਾਂ ਦੀ ਠੱਗੀ ਤੇ ਅਪਰਾਧ ਗੁੱਝੇ ਨਹੀਂ ਰਹਿੰਦੇ।




# ਭਾਰਤੀ ਲੋਕਤੰਤਰ ਦੀ ਚੋਣ ਪ੍ਰਕਿਰਿਆ ਵਿਚ ਲੋੜੀਂਦੇ ਸੁਧਾਰ ਜ਼ਰੂਰੀ

**ਦਲੀਪ ਸਿੰਘ ਵਾਸਨ, ਐਡਵੋਕੇਟ**

ਚੋਣ ਪ੍ਰਕਿਰਿਆ ਵਿੱਚ ਕੁਝ ਗਲਤ ਹੈ ਜਿਸ ਨੂੰ ਅਸੀਂ ਅਪਣਾਇਆ ਹੈ। ਸਾਨੂੰ ਇਸ ਵਿੱਚ ਜ਼ਰੂਰੀ ਸੁਧਾਰ ਕਰਨੇ ਚਾਹੀਦੇ ਹਨ। ਇਹ ਸਮਾਂ ਲਵੇਗਾ ਜਦੋਂ ਲੋਕ ਆਪਣੇ ਨੁਮਾਇੰਦੇ ਚੁਣ ਸਕਣਗੇ। ਅੱਜ ਤੱਕ ਅਸੀਂ ਰਾਜਨੀਤਿਕ ਪਾਰਟੀਆਂ ਅਤੇ ਵਿਅਕਤੀਗਤ ਤਾਨਾਸ਼ਾਹਾਂ ਦੁਆਰਾ ਨਾਮਜ਼ਦ ਲੋਕਾਂ ਦੀ ਚੋਣ ਹੀ ਕਰਦੇ ਆਏ ਹਾਂ। ਇਹ ਲੋਕ ਸਿਰਫ ਉਨ੍ਹਾਂ ਦੇ ਸਮਰਥਕ ਬਣ ਜਾਂਦੇ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਨਾਮਜ਼ਦ ਕੀਤਾ ਸੀ।

ਜਦੋਂ ਅਸੀਂ ਇਹ ਸੁਨਿਸ਼ਚਿਤ ਕਰਨ ਲੱਗ ਪਏ ਕਿ ਕੀ ਕਰਨਾ ਚਾਹੀਦਾ ਹੈ। ਇੱਥੇ ਸਧਾਰਨ ਚੋਣਾਂ ਹੋਣੀਆਂ ਚਾਹੀਦੀਆਂ ਹਨ ਅਤੇ ਇੱਕ ਵਾਰ ਚੁਣੇ ਹੋਏ ਲੋਕ ਸੰਸਦ ਵਿੱਚ ਲੋਕਾਂ ਦੀ ਭਲਾਈ ਲਈ ਕੰਮ ਕਰਨ ਦੀ ਸਹੁੰ ਚੁੱਕਣ ਤੋਂ ਬਾਅਦ, ਉਨ੍ਹਾਂ ਸਾਰਿਆਂ ਨੂੰ ਜਨਤਕ ਸੇਵਕ ਬਣਨਾ ਚਾਹੀਦਾ ਹੈ ਅਤੇ ਕਿਸੇ ਨੂੰ ਵੀ ਖੁਦ ਪ੍ਰਧਾਨ ਮੰਤਰੀ ਦੀ ਸੀਟ 'ਤੇ ਬਿਰਾਜਮਾਨ ਹੋਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਸਦਨ ਦੇ ਮੈਂਬਰਾਂ ਨੂੰ ਪ੍ਰਧਾਨ ਮੰਤਰੀ ਚੁਣਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਇੱਥੋਂ ਤੱਕ ਕਿ ਸਾਰੇ ਮੰਤਰੀਆਂ ਅਤੇ ਸੀਟਾਂ 'ਤੇ ਕਾਬਜ਼ ਹੋਣ ਦੇ ਯੋਗ ਸਾਰੇ ਉਮੀਦਵਾਰਾਂ ਨੂੰ ਅਜਿਹੇ ਉਮੀਦਵਾਰ ਨਾਲ ਖੜੇ ਹੋਣਾ ਚਾਹੀਦਾ ਹੈ ਜੋ ਇਸ ਦੇ ਕਾਬਲ ਹੋਵੇ। ਉਹ ਲੋਕ ਜੋ ਇਹ ਮੰਨਦੇ ਹਨ ਕਿ ਉਹ ਪ੍ਰਧਾਨ ਮੰਤਰੀ ਦੀ ਕੁਰਸੀ ਲਈ ਫਿੱਟ ਹਨ, ਉਨ੍ਹਾਂ ਨੂੰ ਵੇਰਵੇ ਦੇ ਨਾਲ ਸਾਹਮਣੇ ਆਉਣਾ ਚਾਹੀਦਾ ਹੈ ਅਤੇ ਇਹ



ਸਾਬਤ ਕਰਨਾ ਚਾਹੀਦਾ ਹੈ ਕਿ ਉਹ ਪ੍ਰਧਾਨ ਮੰਤਰੀ ਦੀ ਕੁਰਸੀ ਲਈ ਫਿੱਟ ਹਨ। ਸਦਨ ਦੇ ਮੈਂਬਰਾਂ ਅਤੇ ਇਥੋਂ ਤੱਕ ਕਿ ਸਾਰੀਆਂ ਰਾਜ ਵਿਧਾਨ ਸਭਾਵਾਂ ਦੇ ਮੈਂਬਰਾਂ ਨੂੰ ਵੀ ਵੋਟ ਪਾਉਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਇਕ ਆਦਮੀ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਮੌਜੂਦਾ ਪ੍ਰਣਾਲੀ ਅਤੇ ਉਸ ਦੁਆਰਾ ਇਕੱਲੇ ਮੰਤਰੀਆਂ ਦੀਆਂ ਸਾਰੀਆਂ ਨਿਯੁਕਤੀਆਂ ਲੋਕਤੰਤਰਿਕ ਨਹੀਂ ਹਨ।

ਜੇ ਅਸੀਂ ਇਸ ਪ੍ਰਕਿਰਿਆ ਨੂੰ ਅੱਗੇ ਵਧਾਉਂਦੇ ਹਾਂ ਤਾਂ ਇਹ ਇਕ ਘਰ ਬਣ ਜਾਵੇਗਾ ਅਤੇ ਘਰ ਦੇ ਸਾਰੇ ਮੈਂਬਰ ਆਪਣੀ ਇੱਛਾ, ਆਪਣੇ ਗਿਆਨ, ਆਪਣੀ ਬੁੱਧੀ, ਆਪਣੀ ਜ਼ਮੀਰ ਦੀ ਵਰਤੋਂ ਕਰਨ ਦੇ ਯੋਗ ਹੋਣਗੇ ਅਤੇ ਹਰੇਕ ਵਸਤੂ 'ਤੇ ਸੁਤੰਤਰ ਤੌਰ 'ਤੇ ਵਿਚਾਰ ਕਰਨ ਦੀ ਅਜ਼ਾਦੀ ਹੋਵੇਗੀ। ਇੱਥੋਂ ਤੱਕ ਕਿ ਕਿਸੇ ਬਿੱਲ, ਕਿਸੇ ਸਕੀਮ ਜਾਂ ਪ੍ਰੋਜੈਕਟ 'ਤੇ ਵੋਟਿੰਗ ਹੋਵੇ ਤਾਂ ਬਿਹਤਰ ਨਤੀਜਿਆਂ ਦੀ ਉਮੀਦ ਕੀਤੀ ਜਾ ਸਕਦੀ ਹੈ। ਅਸੀਂ ਦੇਖਿਆ ਹੈ ਕਿ ਸੰਸਦ ਨੇ ਤਿੰਨ ਫਾਰਮ ਐਕਟ ਪਾਸ ਕੀਤੇ ਹਨ ਅਤੇ ਅਸੀਂ ਕਿਸਾਨਾਂ ਦੁਆਰਾ ਦੇਸ਼ ਵਿਆਪੀ ਅੰਦੋਲਨ ਦਾ ਸਾਹਮਣਾ ਕਰ ਰਹੇ ਹਾਂ ਅਤੇ ਕੋਈ ਵੀ ਸੰਸਦ ਮੈਂਬਰ ਸਾਨੂੰ ਇਹ ਦੱਸਣ ਲਈ ਅੱਗੇ ਨਹੀਂ ਆ ਰਿਹਾ ਹੈ ਕਿ ਉਸਨੂੰ ਸੰਸਦ ਵਿੱਚ ਆਪਣੀ ਮਰਜ਼ੀ ਅਨੁਸਾਰ ਕੰਮ ਕਰਨ ਦੀ ਇਜਾਜ਼ਤ ਨਹੀਂ ਸੀ।

ਸੰਸਦ ਵਿੱਚ ਲੋਕਤੰਤਰ ਦੀ ਸਥਾਪਨਾ ਵਿੱਚ ਅੰਡਰ 3 ਵਾਰ ਵੋਟਿੰਗ ਸਭ ਤੋਂ ਵੱਡੀ ਰੁਕਾਵਟ ਹੈ ਅਤੇ ਇਸ ਨੂੰ ਰੱਦ ਕਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕ ਹਿੱਤੀ ਫੈਸਲੇ ਅਮਲ ਵਿਚ ਲਿਆ ਕੇ ਆਮ ਜਨ ਦੀ ਹੋਂਦ ਨੂੰ ਬਰਕਰਾਰ ਰੱਖਦਿਆਂ ਲੋਕਤੰਤਰ ਦੀ ਚੋਣ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਜਵਾਬਦੇਹੀ ਬਣਾਇਆ ਜਾ ਸਕਦੇ। ਇਸ ਨਾਲ ਆਮ ਲੋਕਾਂ ਵਿਚ ਦੇਸ਼ ਦੀ ਲੋਕਤੰਤਰੀ ਪ੍ਰਕਿਰਿਆ ਵਿਚ ਵਿਸ਼ਵਾਸ਼ ਜਾਗੇਗਾ। ਅਜਿਹਾ ਕਰਨ ਲਈ ਸਾਨੂੰ ਆਪਣੀ ਲੋਕਤੰਤਰੀ ਪ੍ਰਣਾਲੀ ਵਿਚ ਵਿਆਪਕ ਸੁਧਾਰਾਂ ਦੀ ਬਹੁਤ ਲੋੜ ਹੈ।

# ਸ਼੍ਰੋਮਣੀ ਕਮੇਟੀ ਦੀ ਅੰਤਰਰਾਸ਼ਟਰੀ ਸਿੱਖ ਇਤਿਹਾਸ ਕਾਨਫ਼ਰੰਸ ਤੇ ਸੁਝਾਅ



**ਪ੍ਰਿਥੀਪਾਲ ਸਿੰਘ ਕਪੂਰ**

ਮਿਤੀ 3 ਅਕਤੂਬਰ, 2021 ਦੀ 'ਸਿੱਖ ਕਾਨਫ਼ਰੰਸ ਬਾਰੇ ਖ਼ਬਰ ਪੜ ਕੇ ਤਸੱਲੀ ਹੋਈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੇ ਸਿੱਖ ਇਤਿਹਾਸ ਵਾਲੇ ਪਾਸੇ ਧਿਆਨ ਦੇਣ ਦੀ ਸੋਚੀ ਹੈ। ਸਿੱਖ ਰਾਜ ਦੇ ਪਤਨ ਤੋਂ ਤੁਰੰਤ ਹੀ ਪਿੱਛੋਂ ਸਥਾਪਤ ਹੋਏ ਬਸਤੀਵਾਦੀ ਬਰਤਾਨਵੀ ਰਾਜ ਪ੍ਰਬੰਧ ਦੇ ਅਨੇਕਾਂ ਸੁਯੋਗ ਅੰਗਰੇਜ਼ ਅਫ਼ਸਰਾਂ ਨੇ ਸਿੱਖ ਇਤਿਹਾਸ ਬਾਰੇ ਪੁਸਤਕਾਂ ਰਚੀਆਂ ਅਤੇ ਰਚਵਾਈਆਂ। ਉਨ੍ਹਾਂ ਦਾ ਮੁੱਖ ਮੰਤਵ ਸਿੱਖ ਧਰਮ ਅਤੇ ਸਿੱਖ ਰਾਜ ਦੇ ਉਥਾਨ ਸੰਬੰਧੀ ਜਾਣਕਾਰੀ ਪ੍ਰਾਪਤ ਕਰਨਾ ਸੀ। ਨਾਲ ਹੀ ਉਨ੍ਹਾਂ ਦਾ ਮਨੋਰਥ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਨੂੰ ਲੋਕ ਹਿਤਕਾਰੀ ਆਦਰਸ਼ਾਂ ਤੋਂ ਅਨਜਾਣ ਸਿੱਧ ਕਰਨਾ ਵੀ ਸੀ। ਪਰ ਅਸਲੀਅਤ ਕੁਝ ਹੋਰ ਸੀ। ਮਹਾਰਾਜਾ ਰਣਜੀਤ ਸਿੰਘ ਭਾਰਤ ਦਾ ਇਕੋ ਇਕ ਖੁਦਮੁਖ਼ਤਿਆਰ ਸਮਰਾਟ ਸੀ, ਜਿਸ ਦੇ ਵਿਰੁੱਧ ਅੰਗਰੇਜ਼ ਫ਼ੌਜਾਂ ਨੂੰ ਮੈਦਾਨ-ਏ-ਜੰਗ ਵਿਚ ਜੂਝਣਾ ਪਿਆ। ਇਤਿਹਾਸ ਦੀ ਇਹ ਅਕੱਟ ਸਚਾਈ ਹੈ ਕਿ ਦੋਵਾਂ ਹੀ ਸਿੱਖ ਜੰਗਾਂ ਨੇ ਬਰਤਾਨਵੀ ਬਸਤੀਵਾਦੀ ਰਾਜ ਦੀਆਂ ਨੀਹਾਂ ਹਿਲਾ ਦਿੱਤੀਆਂ ਸਨ। ਪਰ ਜੰਮੂ ਦੇ ਡੋਗਰਿਆਂ, ਮੇਰਠ ਦੇ ਬ੍ਰਾਹਮਣਾਂ (ਤੇਜ ਸਿੰਘ, ਲਾਲ ਸਿੰਘ ਆਦਿ ਸਿੱਖ ਫ਼ੌਜਾਂ ਦੇ ਜਰਨੈਲਾਂ), ਸਰਕਾਰ-ਏ-ਖ਼ਾਲਸਾ ਦੇ ਆਰਥੀ/ਲਾਲਚੀ ਸਿੱਖ ਦਰਬਾਰੀਆਂ ਅਤੇ ਹਿਰਸੀ ਸਿੱਖ ਸਰਦਾਰਾਂ ਦੀ ਗ਼ਦਾਰੀ ਨੇ ਪੰਜਾਬ ਦੀ ਸੁਤੰਤਰ ਪਹਿਚਾਣ ਨੂੰ ਅਜਿਹੀ ਢਾਹ ਲਾਈ ਕਿ ਦੱਖਣ ਪੂਰਬੀ ਏਸ਼ੀਆ ਦੇ ਇਤਿਹਾਸ ਦੀ ਸਾਰੀ ਕਹਾਣੀ ਨਵੇਂ ਸਿਰਿਓਂ ਲਿਖੀ ਗਈ। 19ਵੀਂ ਸਦੀ ਦੇ ਅੰਤਲੇ ਦਹਾਕਿਆਂ ਦੇ ਇਤਿਹਾਸਕਾਰ, ਲੇਪਿਲ ਗ੍ਰਿਫ਼ਨ ਦਾ ਕਥਨ ਹੈ ਕਿ ਸਿੱਖ ਰਾਜ ਦੇ ਅੰਤ ਉਪਰੰਤ, ਉਸ ਨੇ ਆਪ ਦੇਖਿਆ ਕਿ ਰਣਜੀਤ ਸਿੰਘ ਦੇ ਰਾਜ ਦੀਆਂ ਮਿਟ ਚੁੱਕੀਆਂ ਹੱਦਾਂ ਦੇ ਇਲਾਕਿਆਂ ਵਿਚ ਅਤੇ ਦਿੱਲੀ ਤੱਕ ਵਸਦੀ ਪਰਜਾ ਦੇ ਮਨਾਂ ਵਿਚ ਉਸ ਦੇ ਲੋਕ ਹਿਤਕਾਰੀ ਰਾਜ ਦੀਆਂ ਕਥਾਵਾਂ ਬਣੀਆਂ ਪਈਆਂ ਸਨ। ਸਿੱਖ ਜਨਤਾ ਸਮੂਹਿਕ ਤੌਰ 'ਤੇ ਫ਼ਿਕਰਮੰਦ ਸੀ ਕਿ ਅੰਗਰੇਜ਼, ਸਿੱਖ ਇਤਿਹਾਸ ਦੇ ਉਜਾਗਰ ਪੱਖ ਨੂੰ ਅਸਲੋਂ ਭਾਰਤ ਦੇ ਇਤਿਹਾਸ ਦੇ ਬਿਰਤਾਂਤ ਵਿਚੋਂ ਅਲੋਪ ਕਰਨਾ ਲੋਚਦੇ ਸਨ। ਇਸ ਸਮੇਂ ਤੱਕ ਹਿੰਦੂ ਇਤਿਹਾਸਕਾਰ, ਭਾਰਤ ਦੇ ਇਤਿਹਾਸ ਦੇ ਸੁਨਹਿਰੀ ਸਰੂਪ ਨੂੰ ਉਜਾਗਰ ਕਰਨ ਦੇ ਯਤਨਾਂ ਵਿਚ ਮਸ਼ਰੂਫ਼ ਸਨ। ਪ੍ਰਾਚੀਨ ਭਾਰਤ ਦੇ ਇਤਿਹਾਸ ਦੀ ਪੁਨਰ-ਵਿਆਖਿਆ ਅਤੇ ਸਮਕਾਲੀ ਇਤਿਹਾਸ ਵਿਚ ਸਿੱਖ ਗੁਰੂ ਸਾਹਿਬਾਨ, ਵਿਸ਼ੇਸ਼ ਕਰਕੇ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ, ਖ਼ਾਲਸੇ ਦੀਆਂ ਅਲੌਕਿਕ ਬੀਰ ਕਥਾਵਾਂ ਅਤੇ 18ਵੀਂ ਸ਼ਤਾਬਦੀ ਦੇ ਸਿੱਖ ਯੋਧਿਆਂ ਨੂੰ ਭਾਰਤ ਦੇ ਅਸਲੀ ਮੁਹਾਂਦਰੇ ਦੇ ਨੈਣ-ਨਕਸ਼ਾਂ ਵਜੋਂ ਪੇਸ਼ ਕਰਕੇ, ਅੰਗਰੇਜ਼ਾਂ ਅਤੇ ਪੱਛਮੀ ਇਤਿਹਾਸ ਦੀਆਂ ਵਾਰਤਾਵਾਂ ਵਿਚ ਹਿੰਦੂ ਬੀਰਤਾ ਦੇ ਬਿੰਬ ਵਜੋਂ ਪੇਸ਼ ਕਰਨ ਦੇ ਜ਼ੋਰਦਾਰ ਯਤਨ ਕਰ ਰਹੇ ਸਨ। ਬਸਤੀਵਾਦੀ ਰਾਜ ਪ੍ਰਬੰਧ ਨੇ ਭਾਰਤੀ ਅਮਲੇ ਦੇ




ਇਤਿਹਾਸਕਾਰਾਂ ਦੇ ਅਜਿਹੇ ਯਤਨਾਂ ਦੇ ਵਿਰੋਧ ਲਈ ਆਪਣੇ ਵਲੋਂ ਰਚਨਾਵਾਂ ਪੇਸ਼ ਕੀਤੀਆਂ ਜਿਸ ਕਰਕੇ ਇਹ ਸਰਬ ਭਾਰਤੀ ਅਮਲਾ ਬਣ ਗਿਆ। ਗੁਰਦੁਆਰਾ ਸੁਧਾਰ ਲਹਿਰ ਸਮੇਂ, ਸਿੱਖ ਇਤਿਹਾਸ ਦੇ ਅਮਲੇ ਨੂੰ ਉਚੇਚਾ ਦ੍ਰਿਸ਼ਟਮਾਨ ਕਰਨ ਦੀ ਗੱਲ ਚੱਲੀ। ਇਸੇ ਸੋਚਣੀ ਦੇ ਸਿੱਟੇ ਵਜੋਂ ਗੁਰਦੁਆਰਾ ਐਕਟ 1926 ਵਿਚ ਸਿੱਖ ਇਤਿਹਾਸ ਬੋਰਡ ਦੀ ਸਥਾਪਨਾ ਦਾ ਜ਼ਿਕਰ ਕੀਤਾ ਗਿਆ ਅਤੇ ਸ਼੍ਰੋਮਣੀ ਕਮੇਟੀ ਦੇ ਵਾਰਸ਼ਿਕ ਬਜਟ ਵਿਚ ਉਚੇਰੀ ਅੜਰੀ ਰਕਮ ਨਿਰਧਾਰਿਤ ਕਰਨ ਲਈ ਵਿਵਸਤਾ ਰੱਖੀ ਗਈ। ਕਿਉਂਕਿ ਉਸ ਸਮੇਂ ਸ਼੍ਰੋਮਣੀ ਕਮੇਟੀ ਦੀ ਕੁਲ ਆਮਦਨੀ ਬਹੁਤ ਘੱਟ ਹੁੰਦ ਸੀ, ਇਸ ਲਈ ਸਿੱਖ ਇਤਿਹਾਸ ਵੱਲ ਧਿਆਨ ਦਾ ਕਾਰਜ ਨਾ-ਮਾਤਰ ਹੀ ਰਿਹਾ। ਫੇਰ ਵੀ ਪ੍ਰੋ. ਤੇਜਾ ਸਿੰਘ, ਪ੍ਰੋ. ਕਰਤਾਰ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ ਨੇ ਆਪਣੇ ਵਲੋਂ ਨਿੱਗਰ ਵਡਮੁੱਲੇ ਮੁਢਲੇ ਕਾਰਜ ਕਰ ਦਿਖਾਏ। ਸ਼ਬਦਾਰਥ, ਧਰਮ ਪੋਥੀਆਂ, ਸਿੱਖ ਇਤਿਹਾਸ (ਦੋ ਭਾਗ), ਬੱਚਿਆਂ ਲਈ 'ਹਾਈ ਰਾਉਂਡਸ ਆਫ਼ ਸਿੱਖ ਹਿਸਟਰੀ' ਆਦਿ ਪੁਸਤਕਾਂ ਸਾਹਮਣੇ ਆਈਆਂ। ਤੇਜਾ ਸਿੰਘ ਦੇ ਹਰੇਕ ਸਿੱਖ ਮਹੱਤਵਪੂਰਨ ਸਿਧਾਂਤ/ਸੰਕਲਪ ਉੱਪਰ ਲਿਖੇ ਕਿਤਾਬਚੇ ਹੁਣ ਤੱਕ ਸਿੱਖ ਜਨਤਾ ਵਿਚ ਬਹੁਤ ਮਕਬੂਲ ਹਨ। ਪ੍ਰੋ. ਤੇਜਾ ਸਿੰਘ 10ਵੀਂ ਸਦੀ ਦੇ ਸਿੱਖ ਵਿਦਵਾਨਾਂ ਦਾ ਮੋਹਰੀ ਬਣ ਕੇ ਸਾਹਮਣੇ ਆਇਆ। ਪਰ ਸ਼੍ਰੋਮਣੀ ਕਮੇਟੀ ਨੇ ਕਦੇ ਖ਼ਾਲਸਾ ਕਾਲਜ ਦੇ ਖੋਜ ਵਿਭਾਗ ਨੂੰ ਸਹਾਇਤਾ ਦੇਣ ਦੀ ਨਾ ਸੋਚੀ (ਸ਼ਾਇਦ ਇਸ ਲਈ ਉਥੋ ਪ੍ਰਬੰਧ ਅਕਾਲੀ ਸਮਰਥਕ ਨਹੀਂ ਸੀ)। ਨਾ ਹੀ ਕਰਮ ਸਿੰਘ ਹਿਸਟੋਰੀਅਨ ਵਲੋਂ ਅਕਾਲ ਤਖ਼ਤ ਸਾਹਿਬ ਤੋਂ ਸਥਾਪਿਤ ਕੀਤੀ ਸਿੱਖ ਇਤਿਹਾਸ ਸੁਸਾਇਟੀ ਨੂੰ ਚਲਦੇ ਰੱਖਣ ਦਾ ਕੋਈ ਨਿੱਗਰ ਆਰਥਿਕ ਉਪਰਾਲਾ ਕੀਤਾ। ਫੇਰ ਵੀ ਸ਼ਮਸ਼ੇਰ ਸਿੰਘ 'ਅਸ਼ੋਕ' ਦਾ ਕੰਮ ਵਰਣਨਯੋਗ ਹੈ। ਕਮਜ਼ੋਰੀ ਇਹ ਰਹੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੇ ਸਿੱਖ ਇਤਿਹਾਸ ਬੋਰਡ ਨੂੰ ਕਦੇ ਉਚੇਚੀ ਪ੍ਰਾਥਮਿਕਤਾ ਵਾਲਾ ਕਾਰਜ ਨਹੀਂ ਜਾਣਿਆ ਅਤੇ ਕਦੇ ਵੀ ਸਥਾਈ ਤੌਰ 'ਤੇ ਕੋਈ ਵੀ ਸਕਾਲਰ ਭਰਤੀ ਨਹੀਂ




ਸੀ ਕੀਤਾ। ਗੰਡਾ ਸਿੰਘ ਵਰਗੇ ਪ੍ਰਸਿੱਧ ਇਤਿਹਾਸਕਾਰਾਂ ਨੂੰ ਉਹ ਹਾਸ਼ੀਏ 'ਤੇ ਹੀ ਰੱਖਦੇ ਸਨ।

1947 ਈ: ਤੋਂ ਪਿੱਛੋਂ ਹਾਲਾਤ ਵਿਚ ਤਬਦੀਲੀ ਆਈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਥਾਪਤ ਹੋਣ ਨਾਲ ਸਿੱਖ ਇਤਿਹਾਸ ਖੋਜ ਨੂੰ ਉਤਸ਼ਾਹ ਮਿਲਿਆ। ਪੰਜਾਬੀ ਯੂਨੀਵਰਸਿਟੀ ਨੇ ਪੰਜਾਬ/ਸਿੱਖ ਇਤਿਹਾਸ ਦੀ ਖੋਜ ਲਈ ਇਕ ਵੱਖਰਾ ਮਹਿਕਮਾ ਵੀ ਸਥਾਪਤ ਕਰ ਦਿੱਤਾ, ਜੋ ਹਰ ਸਾਲ ਪੰਜਾਬ ਇਤਿਹਾਸ ਕਾਨਫ਼ਰੰਸ ਆਯੋਜਿਤ ਕਰਦਾ ਹੈ। ਇਹ ਹੁਣ ਦੇਸ਼ ਵਿਆਪੀ ਇਤਿਹਾਸ ਦੀ ਪੇਸ਼ਾਵਰ ਸੰਸਥਾ ਵਜੋਂ ਮੰਨਿਆ ਜਾਣ ਲੱਗ ਪਿਆ ਹੈ। ਸ਼੍ਰੋਮਣੀ ਕਮੇਟੀ ਨੇ ਪੰਜਾਬੀ ਯੂਨੀਵਰਸਿਟੀ ਦੀ ਇਸ ਇਤਿਹਾਸ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਲਈ ਕਦੇ ਕੋਈ ਪ੍ਰਤੀਨਿਧ ਨਹੀਂ ਭੇਜਿਆ। ਇਸ ਸਮੇਂ ਲੋੜ ਇਸ ਗੱਲ ਦੀ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਇਤਿਹਾਸ ਦੇ ਕਿਸੇ ਪ੍ਰੌੜ ਮੰਨੇ ਪ੍ਰਮੰਨੇ ਸਕਾਲਰ ਨੂੰ ਕਾਨਫ਼ਰੰਸ ਦੀ ਕਾਰਵਾਈ ਵਿਚ ਭਾਗ ਲੈਣ ਲਈ ਨਾਮਜ਼ਦ ਕਰਕੇ ਭੇਜਿਆ ਕਰੇ ਤਾਂ ਜੋ ਸਿੱਖ ਇਤਿਹਾਸ ਖੋਜ ਵੱਲ ਰਾਸ਼ਟਰੀ/ਅੰਤਰਰਾਸ਼ਟਰੀ ਪੇਸ਼ਾਵਰ ਪਹੁੰਚ ਸੰਬੰਧੀ ਜਾਣਕਾਰੀ ਨਿਰੰਤਰ ਉਪਲਭਦ ਰਹੇ। ਅਜਿਹਾ ਤਜਰਬਾ ਜਥੇਦਾਰ ਟੌਹੜਾ ਨੇ ਚੰਡੀਗੜ ਦੀ ਸਿੱਖ ਸਟੱਡੀਜ਼ ਇੰਸਟੀਚਿਊਟ ਕੀਤਾ ਸੀ, ਜਿਥੇ ਡਾ. ਖੜਕ ਸਿੰਘ ਅਤੇ ਡਾ. ਕਿਰਪਾਲ ਸਿੰਘ ਦਾ ਕੰਮ ਵਰਣਨਯੋਗ ਰਿਹਾ। ਦਿਲਚਸਪੀ ਦੀ ਗੱਲ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਡਾ. ਜੇ. ਐਸ ਗਰੇਵਾਲ ਨੇ ਨਾਮਵਰ ਆਲਮੀ ਸਿੱਖ ਇਤਿਹਾਸਕਾਰ ਵਜੋਂ ਆਪਣੀ ਸਾਖ ਬਣਾ ਲਈ ਹੈ। ਉਨ੍ਹਾਂ ਦੀਆਂ ਸਿੱਖ ਇਤਿਹਾਸ ਦੀਆਂ ਪੁਸਤਕਾਂ ਆਕਸਫੋਰਡ ਯੂਨੀਵਰਸਿਟੀ ਪ੍ਰੈੱਸ ਅਤੇ ਕੈਂਬਰਿਜ ਯੂਨੀਵਰਸਿਟੀ ਪ੍ਰੈੱਸ ਵਲੋਂ ਪ੍ਰਕਾਸ਼ਤ ਹੋਈਆਂ ਹਨ। ਉਨ੍ਹਾਂ ਦੀ ਇਕ ਪੁਸਤਕ 'ਵਰਤਮਾਨ ਭਾਰਤ ਦੇ ਇਤਿਹਾਸ ਵਿਚ ਮਾਸਟਰ ਤਾਰਾ ਸਿੰਘ, ਪੰਜਾਬੀ ਯੂਨੀਵਰਸਿਟੀ ਅਤੇ ਆਕਸਫੋਰਡ ਯੂਨੀਵਰਸਿਟੀ ਪ੍ਰੈੱਸ ਵਲੋਂ ਸਾਂਝੇ ਤੌਰ 'ਤੇ ਪ੍ਰਕਾਸ਼ਤ ਕੀਤੀ ਗਈ ਹੈ।

ਉਨ੍ਹਾਂ ਦੇ ਖੋਜ ਕਾਰਜ ਦਾ ਮਹੱਤਵ ਇਹ ਹੈ ਕਿ ਡਾ. ਗਰੇਵਾਲ ਨੇ ਰਵਾਇਤੀ ਸਿੱਖ ਇਤਿਹਾਸ ਦੇ ਵਰਤਮਾਨ ਵਿਧੀਬੱਧ ਖੋਜ ਕਾਰਜਾਂ ਵਿਚ ਭਰੋਸੇਯੋਗ ਸਰੋਤਾਂ ਦੀ ਪ੍ਰਾਸੰਗਕਤਾ ਨੂੰ ਸਥਾਪਤ ਕਰ ਦਿੱਤਾ ਹੈ। ਮੇਰਾ ਇਸ਼ਾਰਾ ਵਿਸ਼ੇਸ਼ ਤੌਰ 'ਤੇ 'ਫਾਰ ਸੈਂਚਰੀਸ ਆਫ਼ ਸਿੱਖ ਟ੍ਰੀਸ਼ਨ' ਪੁਸਤਕ ਵੱਲ ਹੈ। ਕੈਂਬਰਿਜ ਵਲੋਂ ਪ੍ਰਕਾਸ਼ਿਤ 'ਦ ਸਿੱਖਸ ਆਫ਼ ਦਾ ਪੰਜਾਬ', ਪੁਸਤਕ ਵਿਸ਼ੇਸ਼ ਤੌਰ 'ਤੇ ਆਮ ਪਾਠਕਾਂ ਲਈ ਜ਼ਰੂਰੀ ਵਡਮੁੱਲੀ ਨਿਸਚਿਤ ਜਾਣਕਾਰੀ ਨਾਲ ਭਰਪੂਰ ਹੈ। ਸ਼੍ਰੋਮਣੀ ਕਮੇਟੀ ਨੂੰ ਅਜਿਹੀ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਸਿੱਖ ਸੰਗਤਾਂ ਅਤੇ ਅਗਲੀਆਂ ਸਿੱਖ ਪੀੜੀਆਂ ਵਿਚ ਪ੍ਰਚਾਰ ਦਾ ਵਸੀਲਾ ਬਣਾਉਣ ਦੀ ਲੋੜ ਹੈ। ਇਸ ਸਮੇਂ ਸੰਸਾਰ ਦੇ ਵੱਖੋ-ਵੱਖਰੇ ਖੇਤਰਾਂ ਵਿਚ ਸਿੱਖ ਪੰਥ ਬਾਰੇ ਭਰੋਸੇਯੋਗ ਜਾਣਕਾਰੀ ਦੀ ਚੋਖੀ ਮੰਗ ਹੈ। ਸਿੱਖ ਧਰਮ ਨਿਸ਼ਚੇ ਹੀ ਇਕ ਆਧੁਨਿਕ ਧਰਮ ਵਜੋਂ ਸਵੀਕਾਰਿਆ ਜਾ ਰਿਹਾ ਹੈ। ਨਿਸ਼ਚੇ ਹੀ ਸਿੱਖ ਧਰਮ ਦੇ ਸਰਬਤ ਦੇ ਭਲੇ ਦਾ ਸੰਦੇਸ਼ ਸਿੱਖਿਅਕ ਲੋਕਾਈ ਲਈ ਲਾਹੇਵੰਦ ਰਹੇਗਾ। ਉਨ੍ਹਾਂ ਵਿਚ ਪੰਜਾਬੀ ਦਾ ਮਹੱਤਵ ਅੰਗਰੇਜ਼ੀ ਤੇ ਬਰਾਬਰ ਕਾਇਮ ਰੱਖਣ ਦੀ ਲੋੜ ਹੈ। ਸ਼੍ਰੋਮਣੀ ਕਮੇਟੀ ਸਿੱਖ ਇਤਿਹਾਸ ਬੋਰਡ ਨੂੰ ਪੱਕੇ ਤੌਰ 'ਤੇ ਸਰਗਰਮ ਕਰੇ, ਹਰ ਸਾਲ ਨਿਸਚਿਤ ਬਜਟ ਅਲਾਟ ਕਰੇ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ ਲਈ ਚੰਗੀਆਂ ਪੁਸਤਕਾਂ ਤਿਆਰ ਕਰਵਾਏ।

# ਭਗਵੇਂ ਫੈਲਾਉਣ ਲੱਗੇ ਯੂ.ਪੀ. ਵਿਚ ਸਿੱਖਾਂ ਵਿਰੁੱਧ ਨਫਰਤ

## ✪ ਕਿਸਾਨੀ ਅੰਦੋਲਨ ਨੂੰ ਖਤਰਨਾਕ ਪਾਸੇ ਵੱਲ ਮੋੜਨ ਦੇ ਭਾਜਪਾ ਦੀਆਂ ਸਾਜਿਸ਼ਾਂ ਨੂੰ ਸਮਝਣ ਦੀ ਲੋੜ ✪ ਕਸ਼ਮੀਰ ਵਿਚ ਸਿੱਖ ਨਿਸ਼ਾਨੇ ਉਪਰ



**ਬਘੇਲ ਸਿੰਘ ਪੱਤਰਕਾਰ**

99142-58142

ਪਿਛਲੇ ਕਈ ਦਿਨਾਂ ਤੋਂ ਕੁਝ ਲੋਕਾਂ ਨੇ ਰੌਲਾ ਪਾਇਆ ਕਿ ਸਿੱਖ ਕਿਸਾਨਾਂ ਤੇ ਹਮਲਾ ਨਹੀਂ ਹੋਇਆ, ਇਕੱਲੇ ਕਿਸਾਨਾਂ ’ਤੇ ਹਮਲਾ ਹੋਇਆ। ਕਹਿੰਦੇ ਕਿਸਾਨ ਦਾ ਕੋਈ ਧਰਮ ਨਹੀਂ ਹੁੰਦਾ। ਪਰ ਹੁਣ ਅੰਗਰੇਜ਼ੀ ਦੀ ਵੱਡੀ ਵੈਬਸਾਈਟ ਨਿਊਜ ਲਾਂਡਰੀ ਨੇ ਰਿਪੋਰਟ ਕੀਤੀ ਹੈ ਜਿਹੜੀ ਟੇਨੀ ਮਿਸ਼ਰਾ ਦੇ ਪਿੰਡ ਬਨਵੀਰਪੁਰ ਦੇ ਲੋਕਾਂ ਦੀ ਸਿੱਖਾਂ ਪ੍ਰਤੀ ਨਫ਼ਰਤ ਨੂੰ ਉਜਾਗਰ ਕਰਦੀ ਹੈ। ਇੱਕ ਮੁਸਲਮਾਨ ਕਹਿੰਦਾ ਹੈ ਕਿ ਸਿੱਖ ਖਾਲਿਸਤਾਨ ਚਾਹੁੰਦੇ ਹਨ ਕਿਉਂਕਿ ਉਨਾਂ ਕੋਲ ਜ਼ਮੀਨਾਂ ਬਹੁਤ ਹਨ। ਇਹ ਸਾਰੀ ਨਫ਼ਰਤ ਸਿੱਖਾਂ ਦੀ ਕਾਮਯਾਬੀ ਦੇ ਖ਼ਿਲਾਫ਼ ਨਿਕਲੀ ਹੈ।

8600 ਵੋਟ ਵਾਲੇ ਹਿੰਦੂ ਅਤੇ ਮੁਸਲਮਾਨ ਇੱਕ ਪਾਸੇ ਹਨ, ਜਦੋਂਕਿ 300 ਵੋਟ ਵਾਲੇ ਸਿੱਖ ਇੱਕ ਪਾਸੇ ਹਨ।

ਹਿੰਦੂ ਅਤੇ ਮੁਸਲਮਾਨ ਟੇਨੀ ਮਿਸ਼ਰਾ ਦੇ ਦਰਬਾਰ ਵਿੱਚ ਜਾ ਕੇ ਮਸਲੇ ਸੁਲਝਾਉਂਦੇ ਹਨ, ਜਦੋਂ ਕਿ ਸਿੱਖ ਆਪਣੇ ਮਸਲੇ ਆਪ ਹੱਲ ਕਰਦੇ ਹਨ। ਸਿੱਖਾਂ ਦੀ ਆਜ਼ਾਦੀ ਅਤੇ ਕਿਸੇ ਅੱਗੇ ਨਾ ਝੁਕਣ ਵਾਲਾ ਰਵੱਈਆ ਇਹਨਾਂ ਭਗਵਿਆਂ ਨੂੰ ਚੁੱਭਦਾ ਹੈ।ਕਿਸਾਨ ਯੂਨੀਅਨਾਂ ਕਹਿੰਦੀਆਂ ਹਨ ਕਿ ਅਸੀਂ ਸਿੱਖ ਸ਼ਬਦ ਦੀ ਵਰਤੋਂ ਨਾ ਕਰੀਏ ਨਹੀਂ ਤਾਂ ਮਸਲਾ ਫਿਰਕੂ ਹੋ ਜਾਵੇਗਾ।ਪਰ ਸਮਝਣ ਦੀ ਗੱਲ ਹੈ ਕਿ ਜਦੋਂ ਸਿੱਖ ਕਿਸਾਨਾਂ ਉੱਤੇ ਗੱਡੀ ਚੜੀ ਸੀ ਤਾਂ ਮਸਲਾ ਉਸੇ ਵਕਤ ਫਿਰਕੂ ਸੀ। ਮਾਹੌਲ ਤਾਂ ਉਦੋਂ ਹੀ ਖ਼ਰਾਬ ਹੈ ਜਦੋਂ ਤੁਹਾਨੂੰ ਲੱਗਿਆ ਸੀ ਕਿ ਅਗਰ ਆਪਣੀ ਪਹਿਚਾਣ ਕਰਕੇ ਸਿੱਖ ਹਮਲੇ ਦੀ ਸ਼ਿਕਾਇਤ ਕਰਨਗੇ ਤਾਂ ਬਹੁਸੰਖਿਅਕ ਕੌਮ ਇੱਕ ਪਾਸੇ ਹੋ ਜਾਵੇਗੀ। ਅਗਰ ਇਸ ਤਰਾਂ ਹੁੰਦਾ ਹੈ ਤਾਂ ਫਿਰ ਇਹ ਮਜੋਰਿਟੀ ਕਮਿਊਨਿਟੀ ਦੀ ਸਮੱਸਿਆ ਹੈ ਜਿਹੜੀ ਘੱਟਗਿਣਤੀਆਂ ਦੀਆਂ ਸਮੱਸਿਆਵਾਂ ਸਮਝਣ ਦੀ ਜਗਾ ਉਨਾਂ ਦੇ ਖ਼ਿਲਾਫ਼ ਖੜਾ ਹੋਣ ਦਾ ਮੌਕਾ ਭਾਲਦੀ ਹੈ।

ਹੁਣ ਭਾਜਪਾ ਸਿਖਾਂ ਨੂੰ ਹਦਾਇਤ ਦੇ ਰਹੀ ਹੈ ਕਿ ਸਿੱਖ ਕਿਸਾਨਾਂ ਨੂੰ ਦੂਰ ਰਹਿਣਾ ਚਾਹੀਦਾ ਮਸਲਾ ਹਿੰਦੂ ਸਿੱਖ ਦਾ ਹੋ ਜਾਵੇਗਾ। ਹੁਣ ਸਿੱਖ ਕਿਸਾਨ ਕੀ ਕਰਨ ਜਦੋਂ ਬਹੁਸੰਖਿਅਕ ਭਾਈਚਾਰੇ ਵਿੱਚੋਂ ਬਹੁਤੇ (ਜਾਟਾਂ ਨੂੰ ਛੱਡ ਕੇ) ਸੰਪਰਦਾਇਕਤਾ ਦੇ ਨਸ਼ੇ ਵਿੱਚ ਚੂਰ ਹਨ ਅਤੇ ਉਹ ਆਪਣੀ ਜਾਇਜ਼ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਨਹੀਂ ਕਰਦੇ ਅਤੇ ਉਨਾਂ ਨੂੰ ਮੋਦੀ ਸਰਕਾਰ ਖਿਲਾਫ ਪ੍ਰਦਰਸ਼ਨ ਦੇਸ਼ ਦੇ ਖਿਲਾਫ ਪ੍ਰਦਰਸ਼ਨ ਲੱਗਦਾ ਹੈ।

ਅਸਲੀਅਤ ਹੈ ਕਿ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਚੱਲ ਰਹੇ ਕਿਸਾਨੀ ਅੰਦੋਲਨ ਨੂੰ ਫੇਲ ਕਰਨ ਲਈ ਭਾਜਪਾ ਦੀ ਨੀਤੀ ਬੜੇ ਖਤਰਨਾਕ ਮੋੜ ਵੱਲ ਵਧ ਰਹੀ ਹੈ। ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜਿਲੇ ਵਿਚ ਬੀਤੇ ਦਿਨੀ ਭਾਜਪਾ ਦੇ ਕੇਂਦਰੀ ਮੰਤਰੀ ਅਤੇ ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਦੇ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਤੇ ਭਾਜਪਾ ਦੇ ਕੇਂਦਰੀ ਮੰਤਰੀ ਅਜੇ ਮਿਸ਼ਰਾ ਦੇ ਮੁੰਡੇ ਅਸ਼ੀਸ਼ ਮਿਸ਼ਰਾ ਵੱਲੋਂ ਅੰਨੇ ਵਾਹ ਗੱਡੀਆਂ ਚੜਾ ਕੇ ਚਾਰ ਕਿਸਾਨਾਂ ਅਤੇ ਇੱਕ ਪੱਤਰਕਾਰ ਨੂੰ ਮਾਰ ਦੇਣ ਅਤੇ ਕੁੱਝ ਕਿਸਾਨਾਂ ਨੂੰ ਗੰਭੀਰ ਜਖਮੀ ਕਰਨ ਵਾਲੀ ਘਟਨਾ ਤੋਂ ਬਾਅਦ, ਇੱਕ ਹੋਰ ਅਜਿਹੀ ਘਟਨਾ ਸਾਹਮਣੇ ਆਉਣ ਦੇ ਸਮਾਚਾਰ ਮਿਲ ਰਹੇ ਹਨ। ਸੋਸ਼ਲ ਮੀਡੀਏ ’ਤੇ ਜਨਤਕ ਹੋ ਰਹੀਆਂ ਵੀਡੀਓ ਅਨੁਸਾਰ ਹਰਿਆਣਾ ਦੇ ਅੰਬਾਲਾ ਜ਼ਿਲੇ ਦੇ ਨਾਲ ਲੱਗਦੇ ਨਰੈਣਗੜ ਵਿੱਚ ਜਿੱਥੇ ਕਿਸਾਨਾਂ ਵੱਲੋਂ ਭਾਜਪਾ ਸਾਂਸਦ ਨਾਇਬ ਸ਼ੈਣੀ ਦਾ ਵਿਰੋਧ ਕੀਤਾ ਜਾ ਰਿਹਾ ਸੀ, ਉੱਥੇ ਵੀ ਭਾਜਪਾਈਆਂ ਵੱਲੋਂ ਕਿਸਾਨਾਂ ਤੇ ਇਨੋਵਾ ਗੱਡੀ ਚਾੜ ਦੇਣ ਦੇ ਯਤਨ ਹੋਏ ਹਨ, ਜਿੱਥੇ ਇੱਕ ਕਿਸਾਨ ਦੇ ਕੁਚਲੇ ਜਾਣ ਦੀਆਂ ਖਬਰਾਂ ਮਿਲ ਰਹੀਆਂ ਹਨ। ਇਹ ਭਾਜਪਾ ਦਾ ਆਖਰੀ ਦਾਅ ਅਤੇ ਕਾਰਗਰ ਹਥਿਆਰ ਹੈ, ਜਿਸ ਨੂੰ ਵਰਤ ਕੇ ਭਾਜਪਾ ਦੇਸ਼ ਅੰਦਰ ਇੱਕ ਵਾਰ ਫਿਰ ਫਿਰਕੂ ਨਫਰਤ ਦੇ ਭਾਂਬੜ ਬਾਲ਼ ਕੇ ਸੱਤਾ ਦੀ ਲਗਾਤਾਰਤਾ ਨੂੰ ਆਪਣੇ ਨਾਮ ਰੱਖਣਾ ਚਾਹੁੰਦੀ ਹੈ। ਭਾਜਪਾ ਦੇਸ਼ ਦੀ ਇੱਕੋ ਇੱਕ ਅਜਿਹੀ ਕੱਟੜਵਾਦੀ ਸਿਆਸੀ ਪਾਰਟੀ ਵਜੋਂ ਉੱਭਰ ਕੇ ਸਾਹਮਣੇ ਆ ਰਹੀ ਹੈ, ਜਿਹੜੀ ਦੇਸ਼ ਦੀਆਂ ਘੱਟ-ਗਿਣਤੀਆਂ ਖਿਲਾਫ ਨਫਰਤ ਫੈਲਾ ਕੇ ਦੇਸ਼ ਅੰਦਰ ਅਰਾਜਕਤਾ ਵਾਲਾ ਮਾਹੌਲ ਸਿਰਜਣ ਲਈ ਇਸ ਕਰਕੇ ਯਤਨਸ਼ੀਲ ਹੈ, ਕਿਉਂਕਿ ਭਾਜਪਾ ਦੀ ਰਾਜਨੀਤੀ ਟਿਕੀ ਹੀ ਨਸਲੀ ਭੇਦ-ਭਾਵ ਦੇ ਸਿਰ ’ਤੇ ਹੈ। ਪ੍ਰੰਤੂ ਕਿਸਾਨੀ ਅੰਦੋਲਨ ਦੀ ਸਿੱਧੀ ਲੜਾਈ ਕੇਂਦਰ ਦੀ ਮੋਦੀ ਸਰਕਾਰ ਨਾਲ ਚੱਲ ਰਹੀ ਹੈ, ਜਿਸ ਕਰਕੇ ਭਾਜਪਾ ਦੀਆਂ ਸਰਕਾਰਾਂ ਵਾਲੇ ਸੂਬਿਆਂ ਵਿੱਚ ਕਿਸਾਨਾਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਇਸ ਦੇ ਚੱਲਦਿਆਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਦੇਸ਼ ਭਰ ਦੇ ਕਿਸਾਨਾਂ ਮਜਦੂਰਾਂ ਨੂੰ ਭਾਜਪਾ ਦੇ ਵਿਰੋਧ ਦਾ ਸੱਦਾ ਦਿੱਤਾ ਹੋਇਆ ਹੈ, ਜਿਸ ਕਰਕੇ ਕਿਸਾਨਾਂ ਅਤੇ ਭਾਜਪਾ ਦਰਮਿਆਨ ਵਧ ਰਿਹਾ ਤਣਾਅ ਟਕਰਾਅ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਭਾਜਪਾ ਕਿਸੇ ਵੀ ਕੀਮਤ ਤੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਮੰਨਣਾ ਨਹੀਂ ਚਾਹੁੰਦੀ ਅਤੇ ਇਹ ਵੀ ਨਹੀਂ ਚਾਹੁੰਦੀ ਕਿ ਕਿਸਾਨਾਂ ਦਾ ਦਬਾਅ ਦਿਨੋਂ ਦਿਨ ਭਾਜਪਾ ਉਪਰ ਵਧਦਾ ਜਾਵੇ, ਜਿਸ ਕਰਕੇ ਭਾਜਪਾ ਨੂੰ ਲੋਕਾਂ ਵਿੱਚ ਜਾਣ ਤੇ ਮੁਸ਼ਕਲਾਂ ਖੜੀਆਂ ਹੋਣ। ਭਾਜਪਾ ਸਰਕਾਰ ਇਹ ਵੀ ਚੰਗੀ ਤਰਾਂ ਸਮਝਦੀ ਹੈ ਕਿ ਕਿਸਾਨੀ ਅੰਦੋਲਨ



ਦੀ ਤਾਕਤ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਸਿੱਖ ਕਿਸਾਨ ਹਨ, ਜਿਨਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਅੰਦੋਲਨ ਨੂੰ ਫੈਸਲਾਕੁੰਨ ਮੋੜ ’ਤੇ ਲੈ ਕੇ ਆ ਗਈ ਹੈ, ਇਸ ਲਈ ਕੇਂਦਰ ਅਤੇ ਭਾਜਪਾਈ ਸੂਬਾ ਸਰਕਾਰਾਂ ਸਿੱਖ ਕਿਸਾਨਾਂ ਨੂੰ ਨਿਸ਼ਾਨੇ ਉਤੇ ਲੈਣ ਦੇ ਰਾਹ ਚੱਲ ਪਈਆਂ ਹਨ। ਭਾਜਪਾ ਇੱਕ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਦੀ ਤਾਕ ਵਿੱਚ ਹੈ। ਉਹ ਚਾਹੁੰਦੀ ਹੈ ਕਿ ਸਿੱਖ ਕਿਸਾਨਾਂ ਦੇ ਖਿਲਾਫ ਮਾਹੌਲ ਸਿਰਜਣ ਨਾਲ ਜਿੱਥੇ ਅੰਦੋਲਨ ਕਮਜੋਰ ਹੋਵੇਗਾ, ਉੱਥੇ ਹਿੰਦੂ ਸਿੱਖ ਵਿਵਾਦ ਭਾਰਤੀ ਜਨਤਾ ਪਾਰਟੀ ਲਈ ਲਾਭਕਾਰੀ ਵੀ ਹੋਣਗੇ। ਕਿਸਾਨ ਮੋਰਚੇ ਦੇ ਵੱਡੇ ਆਗੂ ਰਿਕੇਸ਼ ਟਿਕੈਤ ਨੇ ਦੋਸ਼ੀਆਂ ਦੀ ਗ੍ਰਿਫਤਾਰੀ ਅਤੇ ਕੇਂਦਰੀ ਮੰਤਰੀ ਅਜੇ ਮਿਸ਼ਰਾ ਦੀ ਬਰਖਾਸਤਗੀ ਲਈ ਸਰਕਾਰ ਨੂੰ ਮਿਰਤਕ ਕਿਸਾਨਾਂ ਦੇ ਭੋਗ ਤੱਕ ਦਾ ਸਮਾ ਦਿੱਤਾ ਹੋਇਆ ਹੈ ਅਤੇ ਭਾਜਪਾ ਵੱਲੋਂ ਉੱਤਰ ਪਰਦੇਸ਼ ਦੇ ਕਿਸਾਨਾਂ ਨੂੰ ਖਾਲਿਸਤਾਨੀ ਕਹਿਣ ਅਤੇ ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਵਾਲੀ ਟੀ ਸ਼ਰਟ ਤੇ ਸਵਾਲ ਚੁੱਕਣ ਵਾਲਿਆਂ ਨੂੰ ਵੀ ਟਿਕੈਤ ਨੇ ਲੰਮੇ ਹੱਥੀ ਲਿਆ ਸੀ, ਜਿਸ ਨਾਲ ਸਿੱਖ ਕਿਸਾਨਾਂ ਪ੍ਰਤੀ ਨਫਰਤ ਪੈਦਾ ਕਰਨ ਦੀ ਸਾਜਿਸ਼ ਨੂੰ ਇੱਕ ਵਾਰ ਵਿਰਾਮ ਲੱਗਿਆ ਹੈ। ਉੱਤਰ ਪ੍ਰਦੇਸ਼ ਪੁਲਿਸ ਵੱਲੋਂ ਅਣਪਛਾਤੇ ਕਿਸਾਨਾਂ ਉਪਰ ਪਰਚੇ ਦਰਜ ਕੀਤੇ ਗਏ ਹਨ, ਉਹ ਕਿਤੇ ਨਾ ਕਿਤੇ ਇਨਸਾਫ ਮਿਲਣ ਦੀ ਸੰਭਾਵਨਾ ਨੂੰ ਰੱਦ ਕਰਨ ਵਾਲੇ ਹਨ।

ਕਸ਼ਮੀਰ ’ਚ ਵਸਦੇ ਘੱਟ ਗਿਣਤੀਆਂ ਵਿਚ ਖੌਫ਼, ਵਾਦੀ ਛੱਡਣ ਲੱਗੇ

ਕਸ਼ਮੀਰ ਵਿਚ ਘੱਟ ਗਿਣਤੀ ਨੂੰ ਮਿੱਥ ਕੇ ਕਤਲ ਕਰਨ ਦੀਆਂ ਘਟਨਾਵਾਂ ਦੇ ਚਲਦੇ ਮੈਡੀਕਲ ਸਟੋਰ ਦੇ ਮਾਲਕ ਤੇ 2 ਅਧਿਆਪਕਾਂ ਦੀ ਹੱਤਿਆ ਦੇ ਬਾਅਦ ਸੈਂਕੜੇ ਪੰਡਿਤ ਪਰਿਵਾਰ ਜਿਹੜੇ ਵਿਸਥਾਪਤ ਕੈਂਪਾਂ ’ਚ ਰਹਿ ਰਹੇ ਸਨ, ਵਾਦੀ ਛੱਡ ਗਏ ਹਨ। ਸਰਕਾਰ ਨੇ 2 ਅਧਿਆਪਕਾਂ ਦੀ ਹੱਤਿਆ ਦੇ ਬਾਅਦ ਘੱਟ ਗਿਣਤੀ ਦੇ ਸਰਕਾਰੀ ਮੁਲਾਜ਼ਮਾਂ ਨੂੰ 10 ਦਿਨਾਂ ਦੀ ਛੁੱਟੀ ਦਾ ਐਲਾਨ ਕੀਤਾ ਹੈ। ਇਨਾਂ ਘਟਨਾਵਾਂ ਦੇ ਬਾਅਦ ਪ੍ਰਧਾਨ ਮੰਤਰੀ ਪੈਕੇਜ ਤਹਿਤ 2011-12 ਤੋਂ ਨਿਯੁਕਤ ਕੀਤੇ ਕਰਮਚਾਰੀ ਵਿਸ਼ੇਸ਼ ਕਰ ਕਸ਼ਮੀਰੀ ਪੰਡਿਤ ਵਿਸਥਾਪਤ ਕੈਂਪ ਖਾਲੀ ਕਰ ਕੇ ਖੌਫ਼ ਦੇ ਮਾਰੇ ਜੰਮੂ ਭੱਜ ਗਏ ਹਨ। ਇਨਾਂ ਕੈਂਪਾਂ ਵਿਚ ਪੁਲਿਸ ਨੇ ਸੁਰੱਖਿਆ ਦੇ ਭਾਰੀ ਪ੍ਰਬੰਧ ਕਰਕੇ ਇਨਾਂ ਨੂੰ ਪੁਲਿਸ ਛਾਉਣੀਆਂ ਵਿਚ ਬਦਲ ਦਿੱਤਾ ਹੈ । 500 ਦੇ ਕਰੀਬ ਪੰਡਿਤ, ਸਰਕਾਰੀ ਕਰਮਚਾਰੀ ਜੰਮੂ ਦਾ ਰੁਖ ਕਰ ਚੁੱਕੇ ਹਨ ਅਨੰਤਨਾਗ, ਬਡਗਾਮ, ਬਾਰਾਮੁਲਾ, ਗਾਂਦਰਬਲ ਜ਼ਿਲਿਆਂ ਵਿਚ ਸਥਾਪਤ ਕੀਤੇ ਗਏ ਕੈਂਪਾਂ ਵਿਚੋਂ 1000 ਦੇ ਕਰੀਬ ਸਰਕਾਰੀ ਮੁਲਾਜ਼ਮ ਜੰਮੂ ਜਾ ਚੁੱਕੇ ਹਨ। ਪਿਛਲੇ ਇਕ ਮਹੀਨੇ ਤੋਂ ਵਾਦੀ ’ਚ ਕਸ਼ਮੀਰੀ ਪੰਡਿਤਾਂ, ਪੁਲਿਸ ਕਰਮੀਆਂ ਤੇ ਗ਼ੈਰ-ਰਿਆਸਤੀ ਵਿਅਕਤੀਆਂ ਦੇ ਨਾਲ ਸੁਰੱਖਿਆ ਬਲਾਂ ’ਤੇ ਹਮਲਿਆਂ ਵਿਚ ਤੇਜ਼ੀ ਦਰਜ ਕੀਤੀ ਗਈ ਹੈ । ਇਸ ਨੂੰ ਵਾਦੀ ਵਿਚ ਜਿਹਾਦੀਆਂ ਵਲੋਂ ਦਹਿਸ਼ਤ ਫੈਲਾਉਣ ਦੀ ਸਾਜਿਸ਼ ਵਜੋਂ ਵੀ ਦੇਖਿਆ ਜਾ ਰਿਹਾ ਹੈ। ਧਾਰਾ 370 ਦੇ ਹਟਾਉਣ ਦੇ ਬਾਅਦ ਜੇਹਾਦੀ ਦਹਿਸ਼ਤੀ ਮਾਹੌਲ ਪੈਦਾ ਕਰਨਾ ਚਾਹੁੰਦੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿਲਾ ਸ੍ਰੀਨਗਰ ਨੇ ਕਿਹਾ ਕਿ ਘੱਟ ਗਿਣਤੀਆਂ ਦੀ ਸੁਰੱਖਿਆ ਦਾ ਭਰੋਸਾ ਨਾ ਦੇਣ ਤੱਕ ਘੱਟ ਗਿਣਤੀ ਸਰਕਾਰੀ ਮੁਲਾਜ਼ਮ ਡਿਊਟੀ ’ਤੇ ਹਾਜ਼ਰ ਨਹੀਂ ਹੋਣਗੇ। ਸ੍ਰੀਨਗਰ ਦੇ ਗੁਰਦੁਆਰਾ ਸਿੰਘ ਸਭਾ ਅਮੀਰਾ ਕਦਲ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਕਮੇਟੀ ਦੇ ਪ੍ਰਧਾਨ ਬੁੱਢਾ ਸਿੰਘ ਤੇ ਨਵਤੇਜ ਸਿੰਘ, ਜੋਗਿੰਦਰ ਸਿੰਘ ਸ਼ਾਨ ਤਰਾਲ ਨੇ ਪ੍ਰਸ਼ਾਸਨ ’ਤੇ ਵਾਦੀ ਵਿਚ ਰਹਿ ਰਹੇ ਘੱਟ ਗਿਣਤੀਆਂ ਨੂੰ ਸੁਰੱਖਿਆ ਦੇਣ ਵਿਚ ਪੂਰੀ ਤਰਾਂ ਨਾਕਾਮ ਰਹਿਣ ਦਾ ਦੋਸ਼ ਲਗਾਇਆ ਹੈ। ਉਨਾਂ ਸ੍ਰੀਨਗਰ ਵਿਖੇ 2 ਅਧਿਆਪਕਾਂ ਦੀ ਹੱਤਿਆ ਕਰਨ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਇਨਾਂ ਘਟਨਾਵਾਂ ਨੇ ਵਾਦੀ ਵਿਚ ਘੱਟ ਗਿਣਤੀਆਂ ਨੂੰ ਝੰਜੋੜ ਕੇ ਰੱਖ ਦਿਤਾ ਹੈ ਤੇ ਉਹ ਇਸ ਵੇਲੇ ਖੌਫ਼ ’ਚ ਰਹਿ ਰਹੇ ਹਨ। ਕਮੇਟੀ ਨੇ ਬਹੁ-ਗਿਣਤੀ ਭਾਈਚਾਰੇ ’ਤੇ ਦੋਸ਼ ਲਗਾਇਆ ਕਿ ਉਨਾਂ ਨੇ ਇਨਾਂ ਕਤਲਾਂ ਦੀ ਜਿਸ ਤਰਾਂ ਨਿਖੇਧੀ ਕਰਨੀ ਸੀ ਉਸ ਤਰਾਂ ਨਿਖੇਧੀ ਲਈ ਸਾਹਮਣੇ ਨਹੀਂ ਆਏ। ਕਮੇਟੀ ਨੇ ਕੇਂਦਰ ਤੋਂ ਇਨਾਂ ਘਟਨਾਵਾਂ ਦੀ ਜਾਂਚ ਕਰਨ ਦੀ ਮੰਗ ਕੀਤੀ ਕਿ ਕਿਤੇ ਇਹ ਚਿਟੀ ਸਿੰਘਪੁਰਾ ਵਰਗਾ ਹਮਲਾ ਤਾਂ ਨਹੀਂ ਹੈ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਫਰਾਡ ਸਿਆਸਤਦਾਨ ਤੇ ਵਧਦੇ ਝੂਠੇ ਚੋਣ ਵਾਅਦੇ

**ਡਾ. ਸ ਸ ਛੀਨਾ**

ਬਹੁਤ ਸਾਰੇ ਸੁਤੰਤਰਤਾ ਸੈਨਾਨੀਆਂ ਜਿਨਾਂ ਵਿਚ ਭਗਤ ਸਿੰਘ ਮੁੱਖ ਸਨ, ਦੇ ਵਿਚਾਰ ਬਹੁਤ ਵਰਨਣਯੋਗ ਅਤੇ ਮਹੱਤਵਪੂਰਨ ਹਨ। ਉਨਾਂ ਦਾ ਮਕਸਦ ਸਿਰਫ਼ ਅੰਗਰੇਜ਼ਾਂ ਨੂੰ ਬਾਹਰ ਕੱਢਣ ਤੱਕ ਸੀਮਤ ਨਹੀਂ ਸੀ ਸਗੋਂ ਇਹੋ ਜਿਹਾ ਸਮਾਜ ਬਣਾਉਣਾ ਸੀ ਜਿਸ ਵਿਚ ਗ਼ਰੀਬੀ ਤੇ ਥੁੜ ਨਾ ਹੋਵੇ, ਨਾ ਕੋਈ ਦਾਨ ਮੰਗਣ ਵਾਲਾ ਹੋਵੇ ਨਾ ਕੋਈ ਦਾਨ ਦੇਣ ਵਾਲਾ ਹੋਵੇ ਪਰ 1952 ਤੋਂ ਹੁਣ ਤੱਕ ਜਿੰਨੀਆਂ ਵੀ ਚੋਣਾਂ ਹੋਈਆਂ ਹਨ, ਚੋਣਾਂ ਵੇਲੇ ਹਰ ਸਿਆਸੀ ਪਾਰਟੀ ਵੋਟਰਾਂ ਨੂੰ ਲੁਭਾਉਣ ਲਈ ਬਹੁਤ ਸਾਰੇ ਚੋਣ ਵਾਅਦੇ ਕਰਦੀ ਹੈ; ਮਸਲਨ ਰੋਟੀ, ਕੱਪੜਾ ਤੇ ਮਕਾਨ, ਗ਼ਰੀਬੀ ਹਟਾਓ, ਪੂਰਨ ਰੁਜ਼ਗਾਰ, ਮੁਫ਼ਤ ਬਿਜਲੀ ਆਦਿ ਪਰ ਮਜ਼ੇਦਾਰ ਗੱਲ ਇਹ ਹੈ ਕਿ ਹਰ ਚੋਣ ’ਤੇ ਇਨਾਂ ਵਾਅਦਿਆਂ ਦੀ ਮਾਤਰਾ ਅਤੇ ਗਿਣਤੀ ਵੀ ਵਧਦੀ ਗਈ ਪਰ ਇਸ ਨਾਲ ਨਾ ਗ਼ਰੀਬੀ ਦੂਰ ਹੋਈ, ਨਾ ਹੀ ਨਾ-ਬਰਾਬਰੀ ਮੁੱਕੀ ਅਤੇ ਨਾ ਬੇਰੁਜ਼ਗਾਰੀ ਖ਼ਤਮ ਹੋਈ ਸਗੋਂ ਇਨਾਂ ਵਿਚ ਵਾਧਾ ਹੁੰਦਾ ਗਿਆ।

ਆਮਦਨ ਨਾ-ਬਰਾਬਰੀ, ਬੇਰੁਜ਼ਗਾਰੀ ਅਤੇ ਗ਼ਰੀਬੀ, ਤਿੰਨੇ ਤੱਤ ਆਪਸ ਵਿਚ ਗੂੜੀ ਤਰਾਂ ਨਾਲ ਜੁੜੇ ਹੋਏ ਹਨ। ਜਦੋਂ ਬੇਰੁਜ਼ਗਾਰੀ ਹੋਵੇਗੀ, ਉਦੋਂ ਗ਼ਰੀਬੀ ਹੋਵੇਗੀ ਅਤੇ ਇਹ ਦੋਵੇਂ ਆਮਦਨ ਨਾ-ਬਰਾਬਰੀ ’ਤੇ ਆਧਾਰਤ ਹਨ। ਬੇਰੁਜ਼ਗਾਰੀ ਆਪਣੇ ਆਪ ਆਮਦਨ ਨਾ-ਬਰਾਬਰੀ ’ਤੇ ਆਧਾਰਤ ਹੈ। ਬੇਰੁਜ਼ਗਾਰੀ ਦਾ ਸਭ ਤੋਂ ਵੱਡਾ ਕਾਰਨ ਆਮਦਨ ਨਾ-ਬਰਾਬਰੀ ਹੈ। ਜੇ ਇਕ ਪਾਸੇ ਬਹੁਤ ਵੱਡੀ ਗਿਣਤੀ ਵਿਚ ਗ਼ਰੀਬ ਵਸੋਂ ਹੋਵੇਗੀ ਅਤੇ ਦੂਸਰੇ ਪਾਸੇ ਥੋੜੀ ਜਿਹੀ ਗਿਣਤੀ ਵਿਚ ਅਮੀਰ ਲੋਕ ਹੋਣਗੇ, ਉਦੋਂ ਮੁਲਕ ਦੀ ਪ੍ਰਭਾਵੀ ਮੰਗ ਘੱਟ ਹੋਵੇਗੀ। ਅਮੀਰ ਲੋਕ ਬਹੁਤ ਸਾਰੇ ਪੈਸੇ ਬਚਾ ਲੈਂਦੇ ਹਨ ਕਿਉਂ ਜੋ ਉਨਾਂ ਦੀਆਂ ਲੋੜਾਂ ਥੋੜੇ ਜਿਹੇ ਪੈਸਿਆਂ ਨਾਲ ਪੂਰੀਆਂ ਹੋ ਜਾਂਦੀਆਂ ਹਨ। ਜਦੋਂ ਸਾਰੇ ਪੈਸੇ ਖ਼ਰਚ ਨਹੀਂ ਹੁੰਦੇ ਤਾਂ ਬਹੁਤ ਸਾਰਾ ਸਾਮਾਨ ਵਿਕਣੋਂ ਰਹਿ ਜਾਂਦਾ ਹੈ ਤੇ ਹੋਰ ਸਾਮਾਨ ਬਣਾਉਣ ਦੀ ਲੋੜ ਨਹੀਂ ਪੈਂਦੀ। ਪਹਿਲਾ ਸਾਮਾਨ ਵੀ ਜਮਾਂ ਹੋਣ ਕਰਕੇ ਕਈ ਕਿਰਤੀਆਂ ਦੀ ਛੁੱਟੀ ਕਰਨੀ ਪੈਂਦੀ ਹੈ ਤੇ ਨਵੇਂ ਕਿਰਤੀ ਲਾਏ ਨਹੀਂ ਜਾਂਦੇ ਜਿਸ ਕਾਰਨ ਰੁਜ਼ਗਾਰ ਦਾ ਪੱਧਰ ਪਹਿਲਾਂ ਤੋਂ ਵੀ ਘਟ ਜਾਂਦਾ ਹੈ ਤੇ ਗ਼ਰੀਬੀ ਪਹਿਲਾਂ ਤੋਂ ਵੀ ਵਧ ਜਾਂਦੀ ਹੈ। ਲੋਕ ਗ਼ਰੀਬ ਹਨ ਕਿਉਂ ਜੋ ਉਨਾਂ ਕੋਲ ਰੁਜ਼ਗਾਰ ਨਹੀਂ। ਰੁਜ਼ਗਾਰ ਇਸ ਕਰਕੇ ਨਹੀਂ ਕਿ ਪਹਿਲੀਆਂ ਵਸਤੂਆਂ ਵੀ ਨਹੀਂ ਵਿਕੀਆਂ ਤੇ ਨਵੀਆਂ ਬਣਾਉਣ ਦੀ ਲੋੜ ਨਹੀਂ। ਇਸ ਲਈ ਰੁਜ਼ਗਾਰ ਨਹੀਂ ਵਧਦਾ, ਗ਼ਰੀਬੀ ਹੋਰ ਵਧਦੀ ਹੈ। ਇਸ ਨਾਲ ਗ਼ਰੀਬੀ ਅਤੇ ਬੇਰੁਜ਼ਗਾਰੀ ਦਾ ਮਾੜਾ ਚੱਕਰ ਚਲਦਾ ਰਹਿੰਦਾ ਹੈ। ਇਹ ਚੱਕਰ ਤੋੜਨ ਲਈ ਲੋੜ ਹੈ ਕਿ ਆਮਦਨ ਨਾ-ਬਰਾਬਰੀ ਘਟਾਈ ਜਾਵੇ ਅਤੇ ਆਮਦਨ ਬਰਾਬਰੀ ਵਧਾਈ ਜਾਵੇ।

**ਖਾਸ ਟਿੱਪਣੀ**

ਜਿਨਾਂ ਮੁਲਕਾਂ ਵਿਚ ਆਮਦਨ ਦੀ ਬਰਾਬਰੀ ਹੈ, ਉੱਥੇ ਪੂਰਨ ਰੁਜ਼ਗਾਰ ਹੈ, ਵਿਕਾਸ ਦਰ ਉੱਚੀ ਹੈ ਅਤੇ ਵਿਕਾਸ ਲਗਾਤਾਰ ਚੱਲਣ ਵਾਲਾ ਹੈ। 1929 ਵਿਚ ਜਦੋਂ ਦੁਨੀਆ ਭਰ ਵਿਚ ਮਹਾਂ ਮੰਦੀ ਫੈਲੀ ਸੀ ਤਾਂ ਉਸ ਦਾ ਕਾਰਨ ਮੰਗ ਦੀ ਘਾਟ ਲੱਭਿਆ ਗਿਆ ਸੀ। ਉਸ ਵਕਤ ਦਿਨੋ-ਦਿਨ ਮੰਗ ਘਟ ਰਹੀ



ਸੀ ਜਿਸ ਕਰਕੇ ਰੁਜ਼ਗਾਰ ਘਟ ਰਿਹਾ ਸੀ ਅਤੇ ਉਹ ਮੰਦੀ ਸਾਰੀ ਦੁਨੀਆ ਵਿਚ ਫੈਲੀ ਹੋਈ ਸੀ। ਉਸ ਵਕਤ ਜਦੋਂ ਇਸ ਦਾ ਹੱਲ ਪ੍ਰਸਿੱਧ ਅਰਥਸ਼ਾਸਤਰੀ ਜੇਮਸ ਕੇਨਜ਼ ਨੇ ਲੱਭਿਆ ਤਾਂ ਉਹ ਇਹੋ ਸੀ ਕਿ ਆਮ ਲੋਕਾਂ ਦੀ ਖ਼ਰੀਦ ਸ਼ਕਤੀ ਵਧਾਈ ਜਾਵੇ। ਵਸਤੂਆਂ ਕਰਜ਼ੇ ਨਾਲ ਕਿਸ਼ਤਾਂ ਵਿਚ ਦੇ ਕੇ ਜਾਂ ਸਰਕਾਰ ਵੱਲੋਂ ਜਨਤਕ ਕੰਮ ਆਪ ਸ਼ੁਰੂ ਕਰਕੇ ਲੋਕਾਂ ਨੂੰ ਉਜਰਤਾਂ ਦਿੱਤੀਆਂ ਜਾਣ ਜਿਸ ਨਾਲ ਉਨਾਂ ਦੀ ਆਮਦਨ ਵਧੇ ਅਤੇ ਉਨਾਂ ਦੀ ਖ਼ਰੀਦ ਸ਼ਕਤੀ ਵਧਣ ਨਾਲ ਹੋਰ ਮੰਗ ਪੈਦਾ ਹੋਵੇ, ਹੋਰ ਰੁਜ਼ਗਾਰ ਦੀ ਲੋੜ ਪੈਦਾ ਹੋਵੇ; ਠੀਕ ਇਸ ਤਰਾਂ ਹੀ ਮਹਾਂ-ਮੰਦੀ ਦੂਰ ਕੀਤੀ ਗਈ।

ਉਸ ਵਕਤ ਦਨੀਆ ਦਾ ਇਕ ਹੀ ਮਲਕ ਸੋਵੀਅਤ ਯੂਨੀਅਨ ਸੀ ਜਿੱਥੇ ਨਾ ਮੰਗ ਘਟੀ ਸੀ, ਨਾ ਬੇਰੁਜ਼ਗਾਰੀ ਫੈਲੀ ਸੀ। ਉਸ ਮੰਦੀ ਤੋਂ ਸਬਕ ਲੈਂਦੇ ਹੋਏ ਦੁਨੀਆ ਦੇ ਪੂੰਜੀਪਤੀ ਮੁਲਕਾਂ ਨੇ ਵੀ ਆਮਦਨ ਬਰਾਬਰੀ ਨੂੰ ਲਗਾਤਾਰ ਵਿਕਾਸ ਦਾ ਹੱਲ ਮੰਨ ਲਿਆ। ਇਹੋ ਵਜਾ ਹੈ ਕਿ ਉਨਾਂ ਮੁਲਕਾਂ ਵਿਚ ਟੈਕਸ ਪ੍ਰਣਾਲੀ ਨਾਲ ਆਮਦਨ ਬਰਾਬਰੀ ਪੈਦਾ ਕੀਤੀ ਗਈ। ਬੇਰੁਜ਼ਗਾਰੀ ਸਮੇਂ ਬੇਰੁਜ਼ਗਾਰੀ ਭੱਤਾ ਦੇ ਕੇ ਆਮਦਨ ਬਣਾਈ ਰੱਖਣ ਦੀ ਵਿਵਸਥਾ ਬਣਾਈ ਜਿਸ ਨਾਲ ਇਕ ਤਾਂ ਕੀਮਤਾਂ ਵਿਚ ਕਮੀ ਨਾ ਹੋਈ, ਨਾ ਮੰਗ ਘਟੀ, ਜਦੋਂ ਮੰਗ ਨਾ ਘਟੀ ਤਾਂ ਰੁਜ਼ਗਾਰ ਬਣਿਆ ਰਿਹਾ।

ਭਾਰਤ ਦੀ ਸੁਤੰਤਰਤਾ ਤੋਂ ਬਾਅਦ ਆਮਦਨ ਬਰਾਬਰੀ ਪੈਦਾ ਕਰਨ ਦੇ ਕਈ ਢੰਗ ਵਰਤੇ ਗਏ। ਭਾਰਤ ਦੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਸਮਾਜਵਾਦੀ ਸਮਾਜਿਕ ਢਾਂਚਾ ਕਾਇਮ ਕਰਨ ਦੀ ਗੱਲ ਕੀਤੀ ਗਈ। ਜਨਤਕ ਉੱਦਮ ਜਾਂ ਕਾਰੋਬਾਰ ਸ਼ੁਰੂ ਕੀਤੇ ਜਿਨਾਂ ਨਾਲ ਜਿੱਥੇ ਰੁਜ਼ਗਾਰ ਵਿਚ ਵਾਧਾ ਕੀਤਾ ਗਿਆ, ਉੱਥੇ ਸਮਾਜਿਕ ਸੁਰੱਖਿਆ ਵਧਾਈ ਗਈ ਪਰ ਦੇਖਣ ਵਿਚ ਇਹ ਆਇਆ ਕਿ ਆਮਦਨ ਨਾ-ਬਰਾਬਰੀ ਲਗਾਤਾਰ ਵਧਦੀ ਗਈ। ਇਕ ਰਿਪੋਰਟ ਅਨੁਸਾਰ 1939-40 ਵਿਚ ਭਾਰਤ ਦੀ ਇਕ ਫ਼ੀਸਦੀ ਆਬਾਦੀ ਕੋਲ ਮੁਲਕ ਦੇ ਧਨ ਦਾ 20.7 ਫ਼ੀਸਦੀ ਹਿੱਸਾ ਸੀ ਜੋ ਵੱਡੀ ਨਾ-ਬਰਾਬਰੀ ਪ੍ਰਗਟ ਕਰਦਾ ਸੀ ਪਰ ਉਸ ਤੋਂ ਬਾਅਦ ਨਾ-ਬਰਾਬਰੀ ਘਟੀ ਨਹੀਂ ਸਗੋਂ ਵਧੀ ਹੈ ਕਿਉਂ ਜੋ ਅੱਜ ਕੱਲ ਇਕ ਫ਼ੀਸਦੀ ਵਸੋਂ ਕੋਲ ਮੁਲਕ ਦੇ ਕੁੱਲ ਧਨ ਦਾ 58.4 ਫ਼ੀਸਦੀ ਹਿੱਸਾ ਹੈ ਅਤੇ 10 ਫ਼ੀਸਦੀ ਅਮੀਰ ਲੋਕਾਂ ਕੋਲ ਮੁਲਕ ਦਾ 80.7 ਫ਼ੀਸਦੀ ਧਨ ਹੈ। 2017 ਵਿਚ ਮੁਲਕ ਦੇ ਇਕ ਫ਼ੀਸਦੀ ਲੋਕਾਂ ਦਾ ਧਨ 73 ਫ਼ੀਸਦੀ ਵਧਿਆ ਜਦੋਂਕਿ 6.7 ਕਰੋੜ ਲੋਕ ਜਿਨਾਂ ਵਿਚ ਮੁਲਕ ਦੀ ਗ਼ਰੀਬ ਵਸੋਂ ਹੈ, ਉਸ ਦਾ ਧਨ ਸਿਰਫ਼ 1 ਫ਼ੀਸਦੀ ਵਧਿਆ। ਵਰਤਮਾਨ ਪ੍ਰਣਾਲੀ ਵਿਚ ਧਨ ਅਤੇ ਆਮਦਨ ਨਾ-ਬਰਾਬਰੀ ਲਗਾਤਾਰ ਵਧ ਰਹੀ ਹੈ ਜਿਹੜੀ ਗ਼ਰੀਬੀ ਅਤੇ ਬੇਰੁਜ਼ਗਾਰੀ ਦਾ ਵੱਡਾ ਕਾਰਨ ਹੈ। ਇਹੋ ਵਜਾ ਹੈ ਕਿ ਹਰ ਚੋਣ ਸਮੇਂ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਜਿਹੜੇ ਚੋਣ ਵਾਅਦੇ ਕੀਤੇ ਜਾਂਦੇ ਹਨ, ਉਨਾਂ ਵਿਚੋਂ ਜ਼ਿਆਦਾ ਰੁਜ਼ਗਾਰ ਵਧਾਓ, ਗ਼ਰੀਬੀ ਹਟਾਓ ਆਦਿ ਨਾਲ ਸਬੰਧਤ ਹੁੰਦੇ ਹਨ।

ਸੁਤੰਤਰਤਾ ਸਮੇਂ ਮੁਲਕ ਦੀ 75 ਫ਼ੀਸਦੀ ਆਬਾਦੀ ਦਾ ਮੁੱਖ ਪੇਸ਼ਾ ਖੇਤੀਬਾੜੀ ਸੀ ਪਰ ਖੇਤਾਂ ਵਿਚ ਜ਼ਿਮੀਂਦਾਰੀ ਪ੍ਰਣਾਲੀ ਸੀ। ਇਕ ਤਰਫ਼ ਉਹ ਜ਼ਿਮੀਂਦਾਰ ਸਨ ਜਿਨਾਂ ਕੋਲ ਹਜ਼ਾਰਾਂ ਏਕੜ ਜ਼ਮੀਨ ਸੀ ਅਤੇ ਦੂਸਰੀ ਤਰਫ਼ ਉਹ ਮੁਜਾਰੇ ਸਨ ਜਿਨਾਂ ਨੂੰ ਕਿਸੇ ਵੇਲੇ ਵੀ ਜ਼ਮੀਨ ਦੀ ਕਾਸ਼ਤ ਤੋਂ ਵੱਖ ਕੀਤਾ ਜਾ ਸਕਦਾ ਸੀ। ਖੇਤੀ ਖੇਤਰ ਵਿਚ ਵੱਡੀ ਨਾ-ਬਰਾਬਰੀ ਸੀ। ਇਸ ਕਾਰਨ ਖੇਤੀ ਸੁਧਾਰਾਂ ਵਿਚ ਜ਼ਿਮੀਂਦਾਰੀ ਪ੍ਰਣਾਲੀ ਖ਼ਤਮ ਕਰ ਦਿੱਤੀ ਗਈ ਤੇ ਜ਼ਮੀਨ ਦੀ ਉਪਰਲੀ ਸੀਮਾ ਨਿਸ਼ਚਿਤ ਕੀਤੀ ਗਈ ਜਿਸ ਦਾ ਉਦੇਸ਼ ਭਾਵੇਂ ਖੇਤੀ ਵਾਲੀ ਭੂਮੀ ਦੀ ਚੰਗੀ ਵਰਤੋਂ ਸੀ ਪਰ ਉਸ ਦਾ ਮਕਸਦ ਧਨ ਅਤੇ ਆਮਦਨ ਬਰਾਬਰੀ ਵੀ ਸੀ। ਕੀ ਇਸ ਨਾਲ ਇਸ ਖੇਤਰ ਵਿਚ ਬਰਾਬਰੀ ਪੈਦਾ ਹੋਈ? ਬਿਲਕੁਲ ਨਹੀਂ। ਪੰਜਾਬ ਵਿਚ 33 ਫ਼ੀਸਦੀ ਜੋਤਾਂ ਉਹ ਹਨ ਜਿਨਾਂ ਕੋਲ 5 ਏਕੜ ਤੋਂ ਘੱਟ ਭੂਮੀ ਹੈ ਅਤੇ ਉਨਾਂ ਦਾ ਗੁਜ਼ਾਰਾ ਵੀ ਮੁਸ਼ਕਿਲ ਹੁੰਦਾ ਹੈ; ਉਨਾਂ ਕੋਲ ਪੰਜਾਬ ਦੇ ਕੁੱਲ ਖੇਤਰ ਦਾ ਸਿਰਫ਼ 2.36 ਫ਼ੀਸਦੀ ਖੇਤਰ ਹੈ। ਦੂਸਰੀ ਤਰਫ਼ 25 ਏਕੜ ਤੋਂ ਵੱਡੇ ਕਿਸਾਨਾਂ ਦੀ ਗਿਣਤੀ ਸਿਰਫ਼ 5.28 ਫ਼ੀਸਦੀ ਹੈ ਤੇ ਉਨਾਂ ਕੋਲ ਪੰਜਾਬ ਦੇ ਖੇਤਰ ਦਾ 21.68 ਫ਼ੀਸਦੀ ਖੇਤਰ ਹੈ। ਇਸ ਤਰਾਂ ਹੀ ਹੋਰ ਪ੍ਰਾਂਤਾਂ ਦੇ ਹਾਲਾਤ ਹਨ। ਇਸ ਦਾ ਅਰਥ ਹੈ ਕਿ ਭੂਮੀ ਦੀ ਉਪਰਲੀ ਸੀਮਾ ਵੀ ਲੋੜੀਂਦੇ ਸਿੱਟੇ ਨਾ ਦੇ ਸਕੀ।

ਜਦੋਂ ਖੇਤੀ ਵਾਲੀ ਭੂਮੀ ’ਤੇ ਉਪਰਲੀ ਸੀਮਾ ਲਾਈ ਸੀ ਤਾਂ ਬਹੁਤ ਸਾਰੇ ਨੀਤੀਵਾਨਾਂ ਨੇ ਸੁਝਾਅ ਦਿੱਤਾ ਸੀ ਕਿ ਸ਼ਹਿਰੀ ਜਾਇਦਾਦ ’ਤੇ ਵੀ ਉਪਰਲੀ ਸੀਮਾ ਲਾਈ ਜਾਵੇ ਪਰ ਇਸ ਨੂੰ ਇਸ ਕਰਕੇ ਰੱਦ ਕਰ ਦਿੱਤਾ ਕਿ ਇਸ ਨਾਲ ਉਦਯੋਗਿਕ ਵਿਕਾਸ ’ਤੇ ਮਾੜੇ ਪ੍ਰਭਾਵ ਪੈਣਗੇ ਜਦਕਿ ਹੋਇਆ ਇਹ ਕਿ ਵੱਡੇ ਵੱਡੇ ਉਦਯੋਗਪਤੀਆਂ ਅਤੇ ਵਪਾਰੀਆਂ ਨੇ ਏਕੜਾਂ ਵਿਚ ਆਪਣੇ ਘਰ ਉਸਾਰ ਲਏ ਜਦੋਂਕਿ ਜ਼ਿਆਦਾਤਰ ਪਰਿਵਾਰ 100 ਗਜ਼ ਦੇ ਫਲੈਟ ਵਿਚ ਰਹਿ ਰਹੇ ਹਨ। ਕਰੀਬ 8 ਕਰੋੜ ਉਹ ਲੋਕ ਹਨ ਜਿਨਾਂ ਕੋਲ ਆਪਣਾ ਘਰ ਹੀ ਨਹੀਂ ਅਤੇ ਉਹ ਸੜਕਾਂ ’ਤੇ ਸੌਣ ਲਈ ਮਜਬੂਰ ਹਨ ਅਤੇ ਉਨਾਂ ਦੀ ਗਿਣਤੀ ਦਿਨ-ਬ-ਦਿਨ ਵਧ ਰਹੀ ਹੈ। ਮੁਲਕ ਵਿਚ 3 ਕਰੋੜ ਬੱਚੇ ਮਜ਼ਦੂਰੀ ਕਰਨ ਲਈ ਮਜਬੂਰ ਹਨ ਭਾਵੇਂ ਬਾਲ ਮਜ਼ਦੂਰੀ ਜੁਰਮ ਹੈ। ਇਹ ਸਭ ਆਮਦਨ ਨਾ-ਬਰਾਬਰੀ ਦਾ ਸਿੱਟਾ ਹੈ।

ਹੁਣ ਲੋੜ ਉਸ ਆਰਥਿਕ ਪ੍ਰਣਾਲੀ ਦੀ ਹੈ ਜਿਹੜੀ ਆਮਦਨ ਬਰਾਬਰੀ ਨੂੰ ਯਕੀਨੀ ਬਣਾਏ। ਚੋਣਾਂ ਵਿਚ ਕੀਤੇ ਵਾਅਦੇ ਜਾਂ ਮੁਫ਼ਤ ਤੋਹਫੇ. ਫਿਰ ਉਨਾਂ ਲੋਕਾਂ ’ਤੇ ਹੀ ਬੋਝ ਹਨ ਕਿਉਂ ਜੋ ਆਮਦਨ ਟੈਕਸ ਦੇਣ ਵਾਲੇ ਤਾਂ ਬਹੁਤ ਘੱਟ ਹਨ ਪਰ ਵਿਕਰੀ ਕਰ ਜਿਹੜਾ ਝੁੱਗੀ ਵਿਚ ਰਹਿਣ ਵਾਲੇ ਤੋਂ ਲੈ ਕੇ ਹਰ ਇਕ ਨੂੰ ਦੇਣਾ ਪੈਂਦਾ ਹੈ, ਉਹ ਕਿਸੇ ਵੀ ਸਰਕਾਰ ਦੇ ਮੰਤਰੀਆਂ ਵੱਲੋਂ ਨਹੀਂ ਦਿੱਤਾ ਜਾਣਾ, ਉਹ ਜਨਤਾ ਨੂੰ ਹੀ ਦੇਣਾ ਪੈਂਦਾ ਹੈ। ਜੇ ਇਸ ਤਰਾਂ ਚਲਦਾ ਰਿਹਾ ਤਾਂ ਹਰ ਚੋਣ ਵਿਚ ਵਾਅਦੇ ਵੀ ਵਧਦੇ ਜਾਣਗੇ ਅਤੇ ਗ਼ਰੀਬੀ, ਬੇਰੁਜ਼ਗਾਰੀ ਅਤੇ ਨਾ-ਬਰਾਬਰੀ ਵੀ ਵਧਦੀ ਜਾਵੇਗੀ ਕਿਉਂ ਜੋ ਸਿਰਫ਼ ਆਮਦਨ ਬਰਾਬਰੀ ਹੀ ਇਨਾਂ ਮੁਸ਼ਕਿਲਾਂ ਦਾ ਸਾਰਥਕ ਹੱਲ ਹੈ।

# ਹੱਦ ਟੱਪੋਂਗੇ ਤਾਂ ਗੁਰੂ ਕੇ ਸਿੰਘ ਸੌਧਣਗੇ

ਬੇਅਦਬੀ ਦੇ ਦੋਸ਼ੀ ਨੂੰ ਮੌਕੇ ਉਤੇ ਸੌਧਣ ਵਾਲੇ ਨਿਹੰਗ ਸਿੰਘ ਨੇ ਗ੍ਰਿਫਤਾਰੀ ਦੇ ਦਿੱਤੀ ਹੈ, ਤੇ ਪੂਰੀ ਦ੍ਰਿੜਤਾ ਨਾਲ ਆਪਣੀ ਜ਼ਿੰਮੇਵਾਰੀ ਨੂੰ ਸਵੀਕਾਰਿਆ ਹੈ ।

ਨਿਹੰਗ ਸਿੰਘ ਹੁਰਾਂ ਨੇ ਗ੍ਰਿਫਤਾਰੀ ਤੋਂ ਪਹਿਲਾਂ ਜੋ ਕਿਹਾ ਹੈ ਉਹ ਭਰਭੂਰ ਸ਼ਲਾਘਾਯੋਗ ਹੈ । ਸਮੁੱਚੇ ਪੰਥ ਦਾ ਇਹੀ ਸਟੈਂਡ ਹੋਣਾ ਚਾਹੀਦਾ ਹੈ, ਤਾਂ ਜੋ ਅਗੇ ਅਜਿਹੀਆਂ ਘਟਨਾਵਾਂ ਨਾ ਹੋਣ ਜੋ ਸਿੱਖ ਦੀਆਂ ਭਾਵਨਾਵਾਂ ਨੂੰ ਠੇਸ ਦੇਣ। ਬਕੀਂ

ਯਕੀਨਨ ਗ੍ਰਿਫਤਾਰੀ ਦੇਣ ਦਾ ਫੈਸਲਾ ਉਹਨਾਂ ਨੇ ਕਿਸਾਨ ਮੋਰਚੇ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਕੀਤਾ ਹੋਵੇਗਾ ।

ਜਿੱਥੇ ਪੰਥਕ ਸੋਚ ਵਾਲੇ ਲੋਕਾਂ ਨੇ ਨਿਹੰਗ ਸਿੰਘ ਦੇ ਕਾਰਨਾਮੇ ਉਤੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ, ਓਥੇ ਕਿਸਾਨ ਮੋਰਚੇ ਦੇ ਗੀਧੀ ਲੀਡਰਾਂ ਨੇ ਆਪਣੀ ਜਾਨ ਛੁਡਾਣ ਵਾਲੇ ਬਿਆਨ ਦਿੱਤੇ ਹਨ ।

ਇਸ ਸਾਰੇ ਵਾਕਿਆ ਤੋਂ ਪੰਥ ਦੁਸ਼ਮਣਾਂ ਨੂੰ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਿੰਘ ਬਰਦਾਸ਼ਤ ਕਰਨ ਤੇ ਆਣ ਤਾਂ ਬਹੁਤ ਕੁੱਝ ਬਰਦਾਸ਼ਤ ਕਰ ਜਾਂਦੇ ਹਨ, ਪਰ ਬਰਦਾਸ਼ਤ ਦੀ ਇੱਕ ਹੱਦ ਜ਼ਰੂਰ ਹੁੰਦੀ ਹੈ ।

ਤੁਸੀਂ ਹੱਦ ਟੱਪੋਂਗੇ ਤਾਂ ਗੁਰੂ ਕੇ ਸਿੰਘ ਸੌਧਣਗੇ ਜ਼ਰੂਰ, ਅੱਜ ਨਹੀਂ ਤਾਂ ਕੱਲ । ਇਹ ਅਕਾਲ ਦੀ ਫੌਜ ਹੈ, ਜੋ ਗੁਰੂ ਦੇ ਆਸ਼ੇ ਵਿਚ ਆਪਣਾ ਜੀਵਨ ਬਤੀਤ ਕਰਦੇ ਹਨ। ਪਿਛਲੇ ਲੰਮੇ ਅਰਸੇ ਤੋਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀਆਂ ਹੋ ਰਹੀਆਂ ਬੇਅਦਬੀਆ ਨੇ ਜਿਨ੍ਹਾਂ ਦਾ ਕੋਈ ਇਨਸਾਫ਼ ਨਹੀਂ ਮਿਲਿਆ, ਕਾਨੂੰਨ ਦੀ ਇਸ ਪੱਖਪਾਤ ਨੇ ਖਾਲਸੇ ਨੂੰ ਮਜਬੂਰ ਕਰ ਦਿਤਾ ਕਿ ਓਹ੍ਹ ਹੁਣ ਆਪ ਹੀ ਇਨ੍ਹਾਂ ਨਾਲ ਨਜਿੱਠਣ ਗਏ। ਜੋ ਅੱਜ ਇਸ ਘਟਨਾ ਨੂੰ ਮੰਦਭਾਗੀ ਘਟਨਾ ਬੋਲ ਰਹੇ ਹਨ, ਓਹ੍ਹ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਮੇਂ ਵੀ ਇਸੇ ਤਰਾਂ ਬੋਲਦੇ ਸਨ। ਗੁਰੂ ਤੋਂ ਕੁਰਬਾਨ ਹੋਣ ਦੀ ਰੀਤ ਸਿੱਖ ਇਤਿਹਾਸ ਵਿੱਚ ਮੁਢ ਕਦੀਮ ਤੋਂ ਚੱਲੀ ਆ ਰਹੀ ਹੈ । ਸਿੰਘ ਸੂਰਮੇ ਇਕ ਹੱਦ ਤੱਕ ਬਰਦਾਸ਼ਤ ਕਰ ਸਕਦੇ ਹਨ। ਜੇ ਬਾਰ ਬਾਰ ਦੁਸ਼ਮਣ ਵਲੋਂ ਵੰਗਾਰਿਆ ਜਾਵੇ ਫੇਰ ਸੋਧੇ ਲਾਉਣੇ ਹੀ ਪੈਣਗੇ।

**ਗਜਿੰਦਰ ਸਿੰਘ, ਦਲ ਖਾਲਸਾ ।**

Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# ਦਰਪਣ ਝੂਠ ਨਹੀਂ ਬੋਲਦਾ

## ਕਿਸਾਨਾਂ ਦੇ ਕਤਲਾਂ ਦਾ ਦੋਸ਼ੀ ਕੇਂਦਰੀ ਮੰਤਰੀ ਦਾ ਪੁੱਤ

### ਰਜਿੰਦਰ ਸਿੰਘ ਪੁਰੇਵਾਲ







ਕਿਸਾਨਾਂ 'ਤੇ ਗੱਡੀਆਂ ਚੜਾਉਣ ਦੇ ਮਾਮਲੇ ਵਿਚ ਪੁਲਿਸ ਹੱਥ ਵੱਡਾ ਸਬੂਤ ਲੱਗਾ ਹੈ । ਮੌਕੇ ਦੇ ਨੇੜਲੀਆਂ ਦੋ ਦੁਕਾਨਾਂ ਦੀ ਡੀ ਵੀ ਆਰ ਤੋਂ ਪਤਾ ਲੱਗਿਆ ਹੈ ਕਿ ਜਦੋਂ ਤਿਕੁਨੀਆ ਵਿਚ ਇਹ ਵਾਰਦਾਤ ਹੋਈ, ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦਾ ਬੇਟਾ ਆਸ਼ੀਸ਼ ਮਿਸ਼ਰਾ ਉਰਫ ਮੋਨੂੰ ਉਥੇ ਸੀ। ਸੀ ਸੀ ਟੀ ਵੀ ਵਿਚ ਉਹ ਦਿਸ ਰਿਹਾ ਹੈ। ਪੁਲਿਸ ਨੇ ਇਸੇ ਆਧਾਰ 'ਤੇ ਉਸ ਨੂੰ ਗ੍ਰਿਫਤਾਰ ਕੀਤਾ ਹੈ । ਜਿਹੜੀ ਥਾਰ ਜੀਪ ਨੇ ਕਿਸਾਨਾਂ ਨੂੰ ਕੁਚਲਿਆ ਸੀ, ਉਸ ਵਿਚ ਆਸ਼ੀਸ਼ ਦੀ ਤਰਾਂ ਚਿੱਟੀ ਸ਼ਰਟ ਪਾਈ ਇਕ ਵਿਅਕਤੀ ਬੈਠਾ ਦਿਸ ਰਿਹਾ ਹੈ । ਹਾਲਾਂਕਿ ਹਿੰਸਾ ਦੇ ਬਾਅਦ ਦਾਅਵਾ ਕੀਤਾ ਗਿਆ ਸੀ ਕਿ ਜੀਪ ਡਰਾਈਵਰ ਹਰੀ ਓਮ ਚਲਾ ਰਿਹਾ ਸੀ ਤੇ ਉਸ ਨੇ ਚਿੱਟੀ ਸ਼ਰਟ ਪਾਈ ਹੋਈ ਸੀ । ਉਸ ਨੂੰ ਕਿਸਾਨਾਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ, ਪਰ ਹਰੀ ਓਮ ਦੀ ਲਾਸ਼ ਪੀਲੇ ਰੰਗ ਦੀ ਧਾਰੀਦਾਰ ਕਮੀਜ਼ ਵਿਚ ਬਰਾਮਦ ਹੋਈ ਸੀ । ਇਸੇ ਦੌਰਾਨ ਲਖੀਮਪੁਰ ਖੀਰੀ ਦੀ ਸੈਸ਼ਨ ਕੋਰਟ ਨੇ ਬੀਤੇ ਸੋਮਵਾਰ ਆਸ਼ੀਸ਼ ਦਾ ਤਿੰਨ ਦਿਨਾ ਪੁਲਿਸ ਰਿਮਾਂਡ ਦੇ ਦਿੱਤਾ ਹੈ ।

ਮੋਦੀ ਸਰਕਾਰ ਦੇ ਮੰਤਰੀ ਦੀ ਹੰਕਾਰੀ ਤੇ ਫਿਰਕੂ ਨੀਤੀ ਮੋਦੀ ਸਰਕਾਰ ਦਾ ਅਕਸ ਵਿਗਾੜ ਰਹੀ ਹੈ। ਕੇਂਦਰ ਵਿਚ ਮੋਦੀ ਸਰਕਾਰ ਅਤੇ ਉੱਤਰ ਪ੍ਰਦੇਸ਼ ਵਿਚ ਯੋਗੀ ਸਰਕਾਰ ਫਿਰਕੂਵਾਦ ਦੀ ਖੇਡ ਖੇਡ ਰਹੀ ਹੈ। ਹਰਿਆਣਾ ਦੀ ਖੱਟਰ ਸਰਕਾਰ ਵੀ ਇਨਾਂ ਰਾਹਾਂ ਉਪਰ ਹੈ।ਇਸ ਲਈ ਰਾਜਨੀਤੀ ਵਿਚ ਭਾਜਪਾ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਪਰ ਚੋਣ ਵਿਸ਼ਲੇਸ਼ਣ ਹਾਲੇ ਤੱਕ ਭਾਜਪਾ ਦੀ ਉੱਤਰ ਪ੍ਰਦੇਸ਼ ਵਿਚ ਮਜਬੂਤੀ ਦਿਖਾ ਰਿਹਾ ਹੈ। ਕੁਝ ਰਾਜਨੀਤਕ ਮਾਹਿਰ ਕਹਿੰਦੇ ਹਨ ਮੋਦੀ ਖ਼ਿਲਾਫ਼ ਕੋਈ ਵੱਡੀ ਸੱਤਾ ਵਿਰੋਧੀ ਲਹਿਰ ਭਖੇਗੀ। ਭਾਜਪਾ ਨੇ ਲਖੀਮਪੁਰ ਖੀਰੀ ਕਾਂਡ ਦੇ ਜ਼ਰੀਏ ਆਪਣਾ ਬਹੁਤ ਜ਼ਿਆਦਾ ਨੁਕਸਾਨ ਕਰ ਲਿਆ ਹੈ। ਅੰਦਰੂਨੀ ਖਬਰ ਸਾਹਮਣੇ ਆ ਰਹੀ ਹੈ ਕਿ ਮੋਦੀ ਸਰਕਾਰ ਆਪਣੇ ਕੇਂਦਰੀ ਰਾਜ ਮੰਤਰੀ ਅਤੇ ਉਨਾਂ ਦੇ ਬੇਟੇ ਦਾ ਬਚਾਅ ਕਰਨ 'ਚ ਲੱਗੀ ਹੋਈ ਹੈ। ਪਰ ਅੰਦਰੋਂ-ਅੰਦਰ ਉਸ ਵਿਚ ਦੋ ਤਰਾਂ ਦੀ ਰਾਏ ਬਣ ਚੁੱਕੀ ਹੈ। ਇਕ ਪੱਖ ਦੀ ਸੋਚ ਹੈ ਕਿ ਜੇਕਰ ਇਸ ਮਾਮਲੇ ਵਿਚ ਕਿਸਾਨਾਂ ਨਾਲ ਇਨਸਾਫ ਕੀਤਾ ਜਾਂਦਾ ਹੈ ਤਾਂ ਮੋਦੀ ਸਰਕਾਰ ਦਾ ਅਕਸ ਸੁਧਰ ਸਕਦਾ ਹੈ। ਦੂਜੇ ਪੱਖ ਦੀ ਸੋਚ ਹੈ ਕਿ ਜੇਕਰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਅਤੇ ਉਨਾਂ ਦੇ ਬੇਟੇ ਆਸ਼ੀਸ਼ ਮਿਸ਼ਰਾ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਗਈ ਤਾਂ ਯੋਗੀ ਸਰਕਾਰ ਖ਼ਿਲਾਫ਼ ਪਹਿਲਾਂ ਤੋਂ ਸੁਲਘ ਰਹੀ ਬ੍ਰਾਹਮਣ-ਵਿਰੋਧ ਦੀ ਅੱਗ ਹੋਰ ਭਾਂਬੜ ਮਚਾਏਗੀ।

ਧਿਆਨ ਰਹੇ ਕਿ ਲਖੀਮਪੁਰ ਖੀਰੀ ਨੂੰ 'ਮਿੰਨੀ ਪੰਜਾਬ' ਵੀ ਕਿਹਾ ਜਾਂਦਾ ਹੈ। ਵੰਡ ਤੋਂ ਬਾਅਦ ਇੱਥੇ ਆ ਕੇ ਵਸੇ ਸਿੱਖਾਂ ਨੇ ਆਦਿਵਾਸੀਆਂ ਤੋਂ ਜ਼ਮੀਨਾਂ ਖ਼ਰੀਦੀਆਂ ਸਨ ਅਤੇ ਆਪਣੀ ਮਿਹਨਤ ਨਾਲ ਉਸ ਨੂੰ ਉੱਤਮ ਫ਼ਸਲ ਉਗਾਉਣ ਵਾਲੀ ਲਾਭਦਾਇਕ ਖੇਤੀ ਯੋਗ ਜ਼ਮੀਨ ਵਿਚ ਬਦਲ ਦਿੱਤਾ ਹੈ। ਸਿੱਖਾਂ ਦੀ ਵਧਦੀ ਖ਼ੁਸ਼ਹਾਲੀ ਅਤੇ ਰਾਜਨੀਤਕ ਦਾਅਵੇਦਾਰੀਆਂ ਦਾ ਨਤੀਜਾ ਇਹ ਨਿਕਲਿਆ ਕਿ ਇਲਾਕੇ ਵਿਚ ਪਹਿਲਾਂ ਤੋਂ ਆਪਣਾ ਦਬਦਬਾ ਰੱਖਣ ਵਾਲੇ ਬ੍ਰਾਹਮਣਾਂ ਦੇ ਨਾਲ ਉਨਾਂ ਦਾ ਤਕਰਾਰ ਰਿਹਾ ਹੈ। ਕਿਸਾਨ ਅੰਦੋਲਨ 'ਚ ਵੀ ਇੱਥੋਂ ਦੇ ਸਿੱਖ ਕਿਸਾਨਾਂ ਨੇ ਵੱਧ-ਚੜ ਕੇ ਹਿੱਸਾ ਲਿਆ ਹੈ। ਇਹ ਉਹੀ ਪਹਿਲ ਸੀ ਜਿਸ ਕਾਰਨ ਰਾਜ ਮੰਤਰੀ ਨੇ ਪਹਿਲਾਂ ਭੱਦੀ ਭਾਸ਼ਾ 'ਚ ਇਕ ਹਮਲਾਵਰ ਚੁਣੌਤੀ ਦਿੱਤੀ ਸੀ। ਇਸ ਦੇ ਕਾਰਨ ਹੀ ਅੰਦੋਲਨਕਾਰੀ ਕਿਸਾਨਾਂ ਵਲੋਂ ਉਨਾਂ ਨੂੰ ਕਾਲੇ ਝੰਡੇ ਦਿਖਾਏ ਜਾਣ ਦਾ ਪ੍ਰੋਗਰਾਮ ਬਣਾਇਆ ਗਿਆ ਸੀ।

ਭਾਜਪਾ ਦੀ ਚੋਣ ਰਣਨੀਤੀ ਦੀ ਕਮਾਨ ਸੰਭਾਲਣ ਵਾਲੇ ਰਣਨੀਤੀਕਾਰਾਂ ਨੇ ਆਖ਼ਰੀ ਦਮ ਤੱਕ ਕੋਸ਼ਿਸ਼ ਕੀਤੀ ਕਿ ਆਸ਼ੀਸ਼ ਮਿਸ਼ਰਾ ਉਰਫ਼ ਮੋਨੂੰ ਦੀ ਗ੍ਰਿਫ਼ਤਾਰੀ ਨਾ ਹੋ ਸਕੇ। ਪਰ ਹੁਣ ਜਦੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤਾਂ ਭਾਜਪਾ ਸ਼ਾਇਦ ਇਹ ਦਲੀਲ ਦੇ ਸਕਦੀ ਹੈ ਕਿ ਉਹ ਤਾਂ ਆਸ਼ੀਸ਼ ਮਿਸ਼ਰਾ ਨੂੰ ਜੇਲ ਨਹੀਂ ਸੀ ਭੇਜਣਾ ਚਾਹੁੰਦੀ ਪਰ ਸਰਬੋਤਮ ਅਦਾਲਤ ਦੇ ਦਬਾਅ 'ਚ ਉਸ ਨੂੰ ਅਜਿਹਾ ਕਰਨਾ ਪਿਆ। ਭਾਜਪਾ ਦੇਖ ਰਹੀ ਹੈ ਕਿ ਕਿਸਾਨ ਅੰਦੋਲਨ ਦੇ ਕਾਰਨ ਉਸ ਦੇ ਪੱਕੇ ਵੋਟਰਾਂ 'ਚੋਂ ਜਾਟਾਂ ਅਤੇ ਗੁੱਜਰਾਂ ਦਾ ਵੱਡਾ ਹਿੱਸਾ ਉਸ ਤੋਂ ਦੂਰ ਹੋਣ ਜਾ ਰਿਹਾ ਹੈ। ਦੂਜੇ ਪਾਸੇ ਯੋਗੀ ਨੇ ਜਿਸ ਤਰਾਂ ਨਾਲ ਸਰਕਾਰ ਚਲਾਈ, ਉਸ ਤੋਂ ਬ੍ਰਾਹਮਣ ਵੋਟਰ ਵੀ ਨਾਰਾਜ਼ ਹਨ। ਜੇਕਰ ਬ੍ਰਾਹਮਣਾਂ ਨੂੰ ਯਕੀਨ ਹੋ ਗਿਆ ਕਿ ਯੋਗੀ ਹੀ ਦੁਬਾਰਾ ਮੁੱਖ ਮੰਤਰੀ ਬਣਨ ਵਾਲੇ ਹਨ ਤਾਂ ਉਨਾਂ ਦਾ ਇਕ ਵੱਡਾ ਹਿੱਸਾ ਭਾਜਪਾ ਨੂੰ ਵੋਟ ਦੇਣ ਸਬੰਧੀ ਫਿਰ ਤੋਂ ਵਿਚਾਰ ਕਰ ਸਕਦਾ ਹੈ। ਬ੍ਰਾਹਮਣਾਂ ਦੀ ਰਣਨੀਤੀ ਇਹ ਹੋਵੇਗੀ ਕਿ ਭਾਜਪਾ ਸੱਤਾ 'ਚ ਵੀ ਬਣੀ ਰਹੇ ਅਤੇ ਯੋਗੀ ਨੂੰ ਮੁੱਖ ਮੰਤਰੀ ਬਣਨ ਦਾ ਮੌਕਾ ਨਾ ਮਿਲੇ। ਪਰ ਇਹ ਦੋਵੇਂ ਗੱਲਾਂ ਸੰਭਵ ਨਹੀਂ। ਮੋਦੀ ਸਰਕਾਰ ਯੋਗੀ ਨੂੰ ਕਦੇ ਵੀ ਨਾਰਾਜ਼ ਕਰਨ ਦਾ ਖਤਰਾ ਨਹੀਂ ਉਠਾਏਗੀ ਅਤੇ ਨਾ ਹੀ ਬ੍ਰਾਹਮਣ ਵੋਟਰਾਂ ਨੂੰ। ਇਸ ਲਿਹਾਜ਼ ਨਾਲ ਕਿਹਾ ਜਾ ਸਕਦਾ ਹੈ ਕਿ ਲਖੀਮਪੁਰ ਖੀਰੀ ਕਾਂਡ ਬਾਰੇ ਭਾਜਪਾ ਇਨਸਾਫ ਦੇਣ ਲਈ ਦੁਬਿਧਾ ਵਿਚ ਹੈ। ਸ਼ਾਇਦ ਇਹ ਕਾਂਡ ਪਾਰਟੀ ਦੇ ਰਾਜਨੀਤਕ ਹਿਤਾਂ ਦੇ ਲਿਹਾਜ਼ ਨਾਲ ਸਭ ਤੋਂ ਬੁਰੇ ਸਮੇਂ ਵਾਪਰਿਆ ਹੈ।ਉਹ ਵੀ ਰਾਜ ਮੰਤਰੀ ਮਿਸ਼ਰਾ ਦੀ ਫਿਰਕੂ ਨੀਤੀ ਕਾਰਨ।

ਭਾਜਪਾ ਵਿਰੋਧੀਆਂ ਨੂੰ ਉਮੀਦ ਹੈ ਕਿ ਮੌਜੂਦਾ ਹਾਲਾਤ 'ਚ 'ਮੋਦੀ ਡਿਵੀਡੈਂਡ' ਉੱਤਰ ਪ੍ਰਦੇਸ਼ ਵਿਚ ਪਹਿਲਾਂ ਦੀ ਤਰਾਂ ਨਹੀਂ ਚੱਲੇਗੀ। ਜੇਕਰ ਅਜਿਹਾ ਹੋਇਆ ਤਾਂ ਭਾਜਪਾ ਦੀਆਂ ਸੱਠ ਤੋਂ ਸੌ ਵਿਚਾਲੇ ਸੀਟਾਂ ਘੱਟ ਹੋ ਸਕਦੀਆਂ ਹਨ। ਜੇਕਰ ਅਜਿਹਾ ਹੋਇਆ ਤਾਂ ਪੱਛਮੀ ਬੰਗਾਲ ਵਿਚ ਪਾਰਟੀ ਦੀ ਹਾਰ ਤੋਂ ਬਾਅਦ ਉੱਤਰ ਪ੍ਰਦੇਸ਼ 'ਚ ਖ਼ਰਾਬ ਪ੍ਰਦਰਸ਼ਨ ਨਾਲ ਮੋਦੀ ਦੇ ਲੋਕ ਸਭਾ ਚੋਣਾਂ ਸਬੰਧੀ ਮੌਕਿਆਂ 'ਤੇ ਅਸਰ ਪੈ ਸਕਦਾ ਹੈ। ਉੱਤਰ ਪ੍ਰਦੇਸ਼ ਵਿਚ ਖ਼ਰਾਬ ਪ੍ਰਦਰਸ਼ਨ ਭਾਜਪਾ ਦੇ ਅੰਤ ਦੀ ਸ਼ੁਰੂਆਤ ਸਿੱਧ ਹੋ ਸਕਦਾ ਹੈ। ਕਿਸਾਨਾਂ ਨਾਲ ਟਕਰਾਉਣਾ ਮੋਦੀ ਸਿਆਸਤ ਲਈ ਖਤਰਨਾਕ ਹੋਵੇਗਾ।

ਪ੍ਰਵਾਸੀ ਪੰਜਾਬੀਆਂ ਲਈ ਚੰਨੀ ਸਰਕਾਰ ਦੀ ਉਸਾਰੂ ਨੀਤੀ

ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਨੇ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਐਨਆਰਆਈਜ਼ ਲਈ ਵੱਡਾ ਐਲਾਨ ਕੀਤਾ ਹੈ। ਮੁੱਖ ਮੰਤਰੀ ਦੇ ਐਲਾਨ ਨਾਲ ਹੁਣ ਆਪਣਾ ਘਰ-ਬਾਰ ਅਤੇ ਜ਼ਮੀਨ-ਜਾਇਦਾਦ ਛੱਡ ਕੇ ਵਿਦੇਸ਼ ਗਏ ਐਨਆਰਆਈਜ਼ ਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਵੀ ਦੇਸ਼ ਵਿੱਚ ਪੰਜਾਬੀ ਵਸਦਾ ਹੋਵੇ, ਪ੍ਰੰਤੂ ਜੇਕਰ ਉਸ ਦਾ ਪੰਜਾਬ ਵਿੱਚ ਘਰ ਹੈ ਤਾਂ ਉਸ ਨੂੰ ਇਸ ਦੀ ਜਾਣਕਾਰੀ ਵੀ ਪੰਜਾਬ ਸਰਕਾਰ ਭੇਜੇਗੀ। ਸ. ਚੰਨੀ ਨੇ ਕਿਹਾ ਕਿ ਪ੍ਰਵਾਸੀ ਭਾਰਤੀਆਂ ਦੀਆਂ ਜ਼ਮੀਨਾਂ ਦੀਆਂ ਗਿਰਦਾਵਰੀਆਂ ਉਨਾਂ ਦੀ ਰਜ਼ਾਮੰਦੀ ਅਤੇ ਸੂਚਨਾ ਤੋਂ ਬਿਨਾਂ ਨਾ ਕਰਨ ਲਈ ਵੀ ਇਕ ਨਵਾਂ ਕਾਨੂੰਨ ਲਿਆਂਦਾ ਜਾ ਰਿਹਾ ਹੈ, ਤਾਂ ਜੋ ਉਨਾਂ ਦੀਆਂ ਜ਼ਮੀਨਾਂ ਤੇ ਜਾਇਦਾਦਾਂ ਸੁਰੱਖਿਅਤ ਰਹਿਣ। ਦਿਲਚਸਪ ਗੱਲ ਇਹ ਹੈ ਕਿ ਪ੍ਰਵਾਸੀ ਭਾਰਤੀ ਲਈ ਮਗਰਲੇ ਸਾਲਾਂ ਦੌਰਾਨ ਵੀ ਜੋ ਕਾਨੂੰਨ ਲਿਆਂਦੇ ਗਏ ਉਨਾਂ 'ਤੇ ਅਮਲ ਨਾ ਹੋਣ ਕਾਰਨ ਪ੍ਰਵਾਸੀ ਭਾਰਤੀ ਕਾਫ਼ੀ ਨਿਰਾਸ਼ ਹਨ। ਚੰਨੀ ਜੇਕਰ ਪ੍ਰਵਾਸੀ ਪੰਜਾਬੀਆਂ ਦੇ ਹੱਕਾਂ ਬਾਰੇ ਇਨਸਾਫ ਕਰਦੇ ਹਨ ਤਾਂ ਪ੍ਰਵਾਸੀ ਪੰਜਾਬੀਆਂ ਨੂੰ ਵੱਡਾ ਲਾਭ ਹੋ ਸਕਦਾ ਹੈ ਤੇ ਕਾਂਗਰਸ ਨੂੰ ਸਿਆਸੀ ਫਾਇਦਾ।ਇਸ ਦਾ ਕਾਰਨ ਹੈ ਕਿ ਪ੍ਰਵਾਸੀ ਪੰਜਾਬੀ ਆਪਣੇ ਪਰਿਵਾਰਾਂ ਰਾਹੀਂ ਪੰਜਾਬ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਦੇ ਹਨ।

ਹਰਿਆਣਾ ਸੰਘ ਪਰਿਵਾਰ ਦੀਆਂ ਗਤੀਵਿਧੀਆਂ ਦਾ ਕੇਂਦਰ ਬਣੇਗਾ

ਹਰਿਆਣਾ ਸਰਕਾਰ ਨੇ 1967 ਅਤੇ 1980 'ਚ ਜਾਰੀ 2 ਆਦੇਸ਼ਾਂ ਨੂੰ ਵਾਪਸ ਲੈ ਲਿਆ, ਜਿਸ ਦੇ ਅਧੀਨ ਸਰਕਾਰੀ ਕਰਮੀਆਂ ਦੇ ਰਾਸ਼ਟਰੀ ਸੋਇਮ ਸੇਵਕ ਸੰਘ ਦੀਆਂ ਗਤੀਵਿਧੀਆਂ 'ਚ ਹਿੱਸਾ ਲੈਣ 'ਤੇ ਰੋਕ ਸੀ। ਹੁਣ ਸਰਕਾਰੀ ਕਰਮੀ ਆਰ.ਐੱਸ.ਐੱਸ. ਦੀਆਂ ਗਤੀਵਿਧੀਆਂ 'ਚ ਹਿੱਸਾ ਲੈ ਸਕਣਗੇ। ਪ੍ਰਦੇਸ਼ ਸਰਕਾਰ ਸੰਘ ਨੂੰ ਗੈਰ ਸਿਆਸੀ ਸੰਗਠਨ ਮੰਨਦੀ ਹੈ। ਰਾਜਨੀਤੀ 'ਚ ਕਰਮੀਆਂ ਦੇ ਹਿੱਸਾ ਲੈਣ, ਪ੍ਰਚਾਰ ਕਰਨ ਅਤੇ ਵੋਟ ਮੰਗਣ 'ਤੇ ਹਾਲੇ ਵੀ ਰੋਕ ਰਹੇਗੀ। ਮੁੱਖ ਸਕੱਤਰ ਦਫ਼ਤਰ ਵਲੋਂ ਆਮ ਪ੍ਰਸ਼ਾਸਨ ਵਿਭਾਗ ਨੇ ਇਸ ਸੰਬੰਧ 'ਚ ਸਾਰੇ ਪ੍ਰਸ਼ਾਸਨਿਕ ਸਕੱਤਰਾਂ, ਵਿਭਾਗ ਮੁਖੀਆਂ, ਬੋਰਡ ਨਿਗਮਾਂ ਦੇ ਮੁੱਖ ਪ੍ਰਸ਼ਾਸਕਾਂ, ਪ੍ਰਬੰਧ ਨਿਰਦੇਸ਼ਕਾਂ, ਡੀ.ਸੀ., ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਨੂੰ ਨਿਰਦੇਸ਼ ਜਾਰੀ ਕਰ ਦਿੱਤੇ। ਇਸ 'ਚ ਹਰਿਆਣਾ ਸਿਵਲ ਸੇਵਾ (ਸਰਕਾਰੀ ਕਰਮੀ ਆਚਰਨ) ਨਿਯਮ, 2016 ਦੇ ਨਿਯਮ ਸੰਖਿਆ 9 ਅਤੇ 10 ਦਾ ਪਾਲਣ ਸਖ਼ਤੀ ਨਾਲ ਯਕੀਨੀ ਕਰਨ ਲਈ ਕਿਹਾ ਗਿਆ ਹੈ। ਤਾਜ਼ਾ ਪੱਤਰ ਅਨੁਸਾਰ ਹੁਣ ਆਰ.ਐੱਸ.ਐੱਸ. ਪ੍ਰਦੇਸ਼ 'ਚ ਪਾਬੰਦੀਸ਼ੁਦਾ ਸੰਗਠਨ ਨਹੀਂ ਹੈ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਹੇਮੰਤ ਕੁਮਾਰ ਨੇ ਦੱਸਿਆ ਕਿ 11 ਜਨਵਰੀ 1967 ਨੂੰ ਉਸ ਸਮੇਂ ਦੀ ਹਰਿਆਣਾ ਸਰਕਾਰ ਨੇ ਸਰਕਾਰੀ ਕਰਮੀਆਂ ਦੇ ਆਰ.ਐੱਸ.ਐੱਸ. ਦੀਆਂ ਗਤੀਵਿਧੀਆਂ 'ਚ ਹਿੱਸਾ ਲੈਣ 'ਤੇ ਪਾਬੰਦੀ ਲਗਾ ਦਿੱਤੀ ਸੀ। ਪੰਜਾਬ ਸਰਕਾਰੀ ਕਰਮੀ ਨਿਯਮ, 1966 (ਉਦੋਂ ਹਰਿਆਣਾ 'ਤੇ ਵੀ ਲਾਗੂ) ਦੇ ਨਿਯਮ 5 (1) ਦੇ ਅਧੀਨ ਆਰ.ਐੱਸ.ਐੱਸ. ਨੂੰ ਸਿਆਸੀ ਸੰਗਠਨ ਮੰਨਿਆ ਗਿਆ ਸੀ। ਇਸ ਦੀਆਂ ਗਤੀਵਿਧੀਆਂ 'ਚ ਹਿੱਸਾ ਲੈਣ 'ਤੇ ਸਰਕਾਰੀ ਕਰਮੀਆਂ ਦੇ ਵਿਰੁੱਧ ਨਿਯਮ ਅਨੁਸਾਰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। 4 ਮਾਰਚ 1970 ਨੂੰ ਇਕ ਹੋਰ ਸਰਕਾਰੀ ਆਦੇਸ਼ 'ਚ ਕਾਰਵਾਈ ਕਰਨ 'ਤੇ ਰੋਕ ਲਗਾ ਦਿੱਤੀ ਗਈ, ਕਿਉਂਕਿ ਮਾਮਲਾ ਸੁਪਰੀਮ ਕੋਰਟ 'ਚ ਵੀ ਪੈਂਡਿੰਗ ਸੀ। ਇਸ ਤੋਂ ਬਾਅਦ 2 ਅਪ੍ਰੈਲ 1980 ਨੂੰ ਹੋਰ ਸਰਕਾਰੀ ਪੱਤਰ 'ਚ ਸਪੱਸ਼ਟ ਕੀਤਾ ਗਿਆ ਕਿ ਮਾਮਲਾ ਪੈਂਡਿੰਗ ਹੋਣ ਦੇ ਬਾਵਜੂਦ ਹਰਿਆਣਾ 'ਚ ਆਰ.ਐੱਸ.ਐੱਸ. ਦੀਆਂ ਗਤੀਵਿਧੀਆਂ 'ਚ ਹਿੱਸਾ ਲੈਣ 'ਤੇ ਸਰਕਾਰੀ ਕਰਮੀਆਂ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਹੁਣ ਇਹ ਪਾਬੰਦੀ ਹਟਾ ਦਿੱਤੀ ਗਈ ਹੈ। ਇਸ ਤੋਂ ਸਪਸ਼ਟ ਹੈ ਕਿ ਕਿਸਾਨ ਗਤੀਵਿਧੀਆਂ ਤੋਂ ਡਰੀ ਹਰਿਆਣਾ ਭਾਜਪਾ ਸਰਕਾਰ ਸੰਘ ਰਾਹੀਂ ਆਪਣੇ ਸਿਆਸੀ ਢਾਹ ਰੋਕਣਾ ਚਾਹੁੰਦੀ ਹੈ। ਹਰਿਆਣਾ ਸਰਕਾਰ ਹੁਣ ਯੂਪੀ ਭਾਜਪਾ ਸਰਕਾਰ ਦੇ ਫਿਰਕੂ ਰਾਹ ਉਪਰ ਚਲ ਪਈ ਹੈ।

ਮਾਮਲਾ ਗੁਰੂ ਕਾਸ਼ੀ ਕੈਂਪਸ ਦਾ ਨਾਂ ਬਦਲਣ ਦਾ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਸਥਾਨਕ ਗੁਰੂ ਕਾਸ਼ੀ ਕੈਂਪਸ ਦਾ ਨਾਮ ਬਦਲ ਕੇ ਪੰਜਾਬੀ ਯੂਨੀਵਰਸਿਟੀ ਦੱਖਣੀ ਕੈਂਪਸ ਕਰਨ ਅਤੇ ਗੁਰੂ ਕਾਸ਼ੀ ਕਾਲਜ ਦੇ ਕੁਝ ਕੋਰਸ ਯਾਦਵਿੰਦਰਾ ਕਾਲਜ ਵਿਖੇ ਲਿਜਾਣ ਦੇ ਮਸਲੇ 'ਤੇ ਇਲਾਕਾ ਵਾਸੀਆਂ, ਕਾਲਜ ਦੇ ਪੁਰਾਣੇ ਤੇ ਮੌਜੂਦਾ ਵਿਦਿਆਰਥੀਆਂ ਤੇ ਹੋਰਨਾਂ ਵਲੋਂ ਕੈਂਪਸ ਵਿਖੇ ਇਕੱਠ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਰੋਸ ਪ੍ਰਦਰਸ਼ਨ ਦੌਰਾਨ ਮਾਹੌਲ ਉਸ ਸਮੇਂ ਤਣਾਅਪੂਰਣ ਹੋ ਗਿਆ ਜਦੋਂ ਉਕਤ ਮਸਲੇ ਦੇ ਸਬੰਧ ਵਿਚ ਕੈਂਪਸ ਪਹੁੰਚੇ ਪੰਜਾਬ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਵਲੋਂ ਉਕਤ ਮੰਗਾਂ ਸਬੰਧੀ ਦਿੱਤੇ ਗਏ ਭਰੋਸੇ ਤੋਂ ਉਹ ਸੰਤੁਸ਼ਟ ਨਾ ਹੋਏ ਤੇ ਜਦੋਂ ਵੀਸੀ ਉਥੋਂ ਜਾਣ ਲੱਗੇ ਤਾਂ ਰੋਹ 'ਚ ਆਏ ਪ੍ਰਦਰਸ਼ਨਕਾਰੀਆਂ ਵਲੋਂ ਵਾਈਸ ਚਾਂਸਲਰ ਦਾ ਘਿਰਾਓ ਕਰਕੇ ਐਲਾਨ ਕਰ ਦਿੱਤਾ ਕਿ ਜਦੋਂ ਤੱਕ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਨਾਂ ਚਿਰ ਇਹ ਘਿਰਾਓ ਜਾਰੀ ਰਹੇਗਾ। ਜਾਣਕਾਰੀ ਅਨੁਸਾਰ ਗੁਰੂ ਕਾਸ਼ੀ ਕੈਂਪਸ ਦਾ ਨਾਮ ਬਲਦਣ ਦੇ ਮਸਲੇ ਦੇ ਹੱਲ ਲਈ ਪੰਜਾਬ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਕੈਂਪਸ ਵਿੱਚ ਪਹੁੰਚੇ ਸਨ ਤੇ ਇਸ ਸਬੰਧੀ ਉਨਾਂ ਪ੍ਰਦਰਸ਼ਨਕਾਰੀਆਂ ਦੇ ਵਫਦ ਸਮੇਤ ਇਲਾਕੇ ਦੇ ਮੋਹਤਬਰਾਂ ਨਾਲ ਮੀਟਿੰਗ ਕੀਤੀ। ਜਿਸ ਦੌਰਾਨ ਵਫਦ ਵਲੋਂ ਕੈਂਪਸ ਦਾ ਨਾਮ ਬਦਲਣ 'ਤੇ ਗੁਰੂ ਕਾਸ਼ੀ ਕਾਲਜ ਦੇ ਕੋਰਸ ਯਾਦਵਿੰਦਰਾ ਕਾਲਜ ਵਿੱਚ ਲਿਜਾਣ ਸਮੇਤ ਹੋਰਨਾਂ ਮੰਗਾਂ 'ਤੇ ਵਾਈਸ ਚਾਂਸਲਰ ਕੋਲ ਰੋਸ ਪ੍ਰਗਟ ਕੀਤਾ ਗਿਆ, ਜਿਸ ਨੂੰ ਵੀਸੀ ਨੇ ਸੁਣਿਆ ਗਿਆ ਤੇ ਕਿਹਾ ਕਿ ਉਕਤ ਮੰਗਾਂ ਨੂੰ ਵਿਚਾਰ ਕੀਤਾ ਜਾਵੇਗਾ ਤੇ ਇਹ ਕਹਿਣ ਉਪਰੰਤ ਜਦੋਂ ਵੀਸੀ ਕੈਂਪਸ ਤੋਂ ਬਾਹਰ ਜਾਣ ਲੱਗੇ ਤੇ ਰੋਸ ਵਜੋਂ ਪ੍ਰਦਰਸ਼ਨਕਾਰੀਆਂ ਵਲੋਂ ਵਾਈਸ ਚਾਂਸਲਰ ਦਾ ਘਿਰਾਓ ਕਰ ਦਿੱਤਾ ਤੇ ਐਲਾਨ ਕੀਤਾ ਕਿ ਜਦੋਂ ਤੱਕ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਦੋਂ ਤੱਕ ਘਿਰਾਓ ਜਾਰੀ ਰਹੇਗਾ। ਉਨਾਂ ਕਿਹਾ ਕਿ ਅਧਿਕਾਰੀਆਂ ਵਲੋਂ ਹਰ ਭਰੋਸੇ ਦੇ ਕੇ ਗੱਲ ਨੂੰ ਟਾਲ ਦਿੱਤਾ ਜਾਂਦਾ ਹੈ ਪਰ ਹੁਣ ਅਜਿਹਾ ਨਹੀਂ ਹੋਵੇਗਾ, ਜਿਸ ਉਪਰੰਤ ਵਾਈਸ ਚਾਂਸਲਰ ਤੇ ਪ੍ਰਦਰਸ਼ਨਕਾਰੀਆਂ ਦੇ ਵਫਦ ਦੌਰਾਨ ਫਿਰ ਤੋਂ ਮੀਟਿੰਗ ਹੋਈ। ਇਸ ਦੌਰਾਨ ਵਾਈਸ ਚਾਂਸਲਰ ਵਲੋਂ ਵਫਦ ਦੀਆਂ ਮੰਗਾਂ ਮੰਨ ਲਈਆਂ ਗਈਆਂ, ਜਿਸ ਤਹਿਤ ਇਹ ਫੈਸਲਾ ਹੋਇਆ ਕੈਂਪਸ ਦਾ ਨਾਂ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਰੱਖਿਆ ਜਾਵੇਗਾ। ਗੁਰੂ ਕਾਸ਼ੀ ਕਾਲਜ ਦੇ ਕੋਰਸ ਪਹਿਲਾਂ ਵਾਂਗ ਚਲਾਏ ਜਾਣਗੇ ਤੇ ਕੈਂਪਸ ਸਬੰਧੀ ਅਗਾਊਂ ਫੈਸਲੇ ਲੈਣ ਲਈ ਇਲਾਕੇ ਦੇ ਮੋਹਤਬਰਾਂ ਦੀ ਇਕ ਸਲਾਹਕਾਰ ਕਮੇਟੀ ਬਣਾਏ ਜਾਵੇਗੀ ਤੇ ਨਾਲ ਹੋਰਨਾਂ ਮੰਗਾਂ 'ਤੇ ਜਲਦ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਸ ਉਪਰੰਤ ਪ੍ਰਦਰਸ਼ਨਕਾਰੀ ਸ਼ਾਂਤ ਹੋਏ ਤੇ ਵਾਈਸ ਚਾਂਲਸਰ ਦਾ ਘਿਰਾਓ ਸਮਾਪਤ ਕੀਤਾ। ਧਰਨੇ ਦੀ ਸਮਾਪਤੀ ਉਪਰੰਤ ਉਕਤ ਮਸਲੇ ਸਬੰਧੀ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਵੀ ਮੁਲਾਕਾਤ ਕੀਤੀ ਗਈ ਗਈ ਤੇ ਮੀਟਿੰਗ ਉਪਰੰਤ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕੈਂਪਸ ਦਾ ਨਾਮ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਰੱਖਣ ਸਬੰਧੀ ਜਾਣਕਾਰੀ ਪੱਤਰਕਾਰਾਂ ਨਾਲ ਸਾਂਝੀ ਕੀਤੀ। ਅਸਲ ਮਸਲਾ ਹੈ ਕਿ ਸੰਘ ਪਰਿਵਾਰ ਆਪਣੇ ਵਾਈਸ ਚਾਂਸਲਰ ਰਾਹੀਂ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਸਿੱਖ ਵਿਰੋਧੀ ਕਾਰਵਾਈਆਂ ਕਰ ਰਿਹਾ ਹੈ। ਪੰਜਾਬੀ ਵਿਦਿਆਰਥੀਆਂ ਨੇ ਵੀਸੀ ਦਾ ਘਿਰਾਉ ਕਰਕੇ ਇਸ ਭਗਵੀਂ ਸਾਜਿਸ਼ ਨੂੰ ਰੋਕ ਦਿਤਾ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

15 ਅਕਤੂਬਰ 2021 ਤੋਂ 21 ਅਕਤੂਬਰ 2021

# ਅਟੱਲ, ਆਪਾ-ਵਿਰੋਧੀ, ਅਸਥਿਰਤਾ

ਸ਼ਬਦ ਮਨੁੱਖ ਲਈ ਰੱਬ ਦੀ ਘਾੜਤ ਨੂੰ ਸਮਝਣ ਵਿੱਚ ਸਹਾਈ ਹੁੰਦੇ ਹਨ। ਇਨ੍ਹਾਂ ਰਾਹੀਂ ਹੀ ਦਿੱਸਦੀਆਂ, ਅਣਦਿਸਦੀਆਂ ਘਟਨਾਵਾਂ ਅਤੇ ਘਟਨਾਵਾਂ ਪਿਛਲੇ ਵੱਡੇ ਮਹੱਤਵ ਨੂੰ ਸਮਝਣਾ ਅਤੇ ਜ਼ਾਹਰ ਕਰਨਾ ਸੰਭਵ ਹੋ ਸਕਿਆ ਹੈ। ਸ਼ਬਦ ਜਿੱਥੇ ਕੁਦਰਤ ਦੇ ਬੇਅੰਤ ਗੁਣਾਂ ਦੀ ਮਹਿਮਾ ਕਹਿ ਸਕਦੇ ਹਨ, ਉੱਥੇ ਸੀਮਤਾਵਾਂ ਜਾਂ ਔਗੁਣਾ ਨੂੰ ਵੀ ਰੂਪ ਦਿੰਦੇ ਹਨ। ਪੰਜਾਬ ਵਿੱਚ ਨਿੱਤ ਵਾਪਰ ਰਹੇ ਰਾਜਨੀਤਕ ਘਟਨਾਕ੍ਰਮਾਂ ਲਈ ਇਹ ਤਿੰਨ ਸ਼ਬਦ ਚੰਗੇ ਢੁੱਕਦੇ ਹਨ - ਅਟੱਲ, ਆਪਾ-ਵਿਰੋਧੀ ਅਤੇ ਅਸਥਿਰਤਾ।

ਪਹਿਲਾ ਸ਼ਬਦ ਹੈ 'ਅਟੱਲ', ਅੰਗਰੇਜ਼ੀ 'ਚ 'ਇਨਏਵੀਟੇਬਲ', ਅਟੱਲ ਤੋਂ ਭਾਵ ਹੈ ਜੋ ਹੋਣਾ ਹੀ ਹੋਵੇ ਭਾਵੇਂ ਸਹਿਜੇ, ਭਾਵੇਂ ਤੱਟ-ਫੱਟ ਜਾਂ ਪੂਰਨ ਜਾਂ ਅਧੂਰੇ ਰੂਪ 'ਚ। ਦੋ ਕੌਮਾਂ ਦੇ ਵੱਖੋ-ਵੱਖਰੇ ਘਰਾਂ(ਮੁਲਕਾਂ) ਦੇ ਐਨ ਵਿਚਾਲੇ ਆਏ ਸਿੱਖਾਂ ਦੇ 'ਡੀ ਫੈਕਟੋ' (ਬਹੁਗਿਣਤੀ ਵਸੋਂ ਅਤੇ ਵਿਰਾਸਤ ਏਥੇ ਹੋਣ ਕਰਕੇ) ਪੰਜਾਬ(ਪੂਰਬੀ) ਦੀ ਬਗੈਰ ਕਿਸੇ ਸਰੰਚਨਾਤਮਕ ਉਪਰੋਥਲੀ ਦੇ ਅਜੋਕੀ ਹਾਲਤ 'ਅਟੱਲ' ਸੀ। ਬੁੱਧਵਾਰ ਨੂੰ ਕੇਂਦਰੀ ਸਰਕਾਰ ਵੱਲੋਂ ਇਹ ਸੂਚਨਾ ਜਾਰੀ ਕੀਤੀ ਗਈ ਕਿ ਬਾਰਡਰ ਸਿਕਉਰਟੀ ਫੋਰਸ (ਬੀ.ਐਸ.ਐਫ) ਨੂੰ ਹੁਣ ਪੰਜਾਬ, ਪੱਛਮੀ ਬੰਗਾਲ, ਅਸਾਮ ਅਤੇ ਤ੍ਰਿਪੁਰਾ ਦੇ ਸਰਹੱਦੀ ਇਲਾਕਿਆਂ 'ਚ ੫੦ ਕਿ.ਮਿ ਅੰਦਰ ਤੱਕ ਗਿਰਫਤਾਰੀ, ਖੋਜ ਅਤੇ ਜਬਤ ਕਰਨ ਦੇ ਹਕੂਕ/ਤਾਕਤਾਂ ਦੇ ਦਿੱਤੀਆਂ ਗਈਆਂ ਹਨ। ਪਹਿਲਾਂ ਇਹ ਹੱਦ ੧੫ ਕਿ.ਮਿ ਤੱਕ ਸੀ। ਪੰਜਾਬ ਕੁੱਲ ੫੫੩ ਕਿ.ਮਿ ਭਾਰਤ-ਪਾਕਿ ਅੰਤਰ-ਰਾਸ਼ਟਰੀ ਸਰਹੱਦ ਨਾਲ ਲਗਦਾ ਹੈ। ਹੁਣ ਪੰਜਾਬ ਦੇ ਕੁੱਲ ੫੦੩੬੨ ਕਿ.ਮਿ ਦੇ ਰਕਬੇ ਵਿੱਚੋਂ ਤਕਰੀਬਨ ੨੭੦੦੦ ਤੋਂ ਵੱਧ ਕਿ.ਮਿ ਘੇਰੇ ਵਿੱਚ ਬੀ.ਐਸ.ਐਫ ਦਾ ਮੁਤਵਾਜੀ ਰੂਪ ਵਿੱਚ ਸਿੱਧਾ ਅਸਰ ਹੋਵੇਗਾ। ਹੁਣ ਕੇਂਦਰ ਸਰਕਾਰ ਨੂੰ ਪੰਜਾਬ ਵਿੱਚ ਕਿਸੇ ਯੂ.ਏ.ਪੀ.ਏ, ਐਨ.ਆਈ.ਏ ਜਾਂ ਕਸ਼ਮੀਰ ਦੇ ਸੰਦਰਭ ਵਿੱਚ ਐਨ.ਐਸ.ਏ ਕਨੂੰਨ ਰਾਹੀਂ ਵਲ-ਵਲੇਵੇਂ ਪਾ ਕੇ ਆਉਣ ਦੀ ਲੋੜ ਨਹੀਂ ਰਹੀ। ਅਟੱਲ! ਵੇਖਣਯੋਗ ਗੱਲ ਇਹ ਵੀ ਹੈ ਕਿ ਇਸ ਮੌਕੇ ਪੰਜਾਬ ਦੇ ਰਾਜਨੀਤਿਕ ਆਗੂਆਂ ਦੀ ਬਹਿਸ ਦੀ ਦਲੀਲ ਇਸ ਗੱਲ 'ਤੇ ਟਿਕੀ ਹੈ ਕਿ ਕਿਸ ਨੇ ਪੰਜਾਬ ਦੇ ਹੱਕਾ ਨੂੰ ਕਿੰਨਾ-ਕਿੰਨਾ ਅਤੇ ਕਿਹੜੇ ਭਾਅ ਵੇਚਿਆ। ਕਿਉਂ ਵੇਚਿਆ ? ਜਾਂ ਰੋਕਿਆ ਕਿਉਂ ਨਹੀਂ ? ਤੱਕ ਪਹੁੰਚਦਿਆਂ-ਪਹੁੰਚਦਿਆਂ ਸ਼ਾਇਦ ਬਹੁਤ ਦੇਰ ਹੋ ਜਾਵੇਗੀ।

ਦੂਜਾ ਸ਼ਬਦ ਹੈ 'ਆਪਾ-ਵਿਰੋਧੀ', ਜੋ ਪੰਜਾਬ ਦੇ ਰਾਜਨੀਤਕ ਆਗੂਆਂ ਦੀ ਕਾਰਗੁਜ਼ਾਰੀ 'ਤੇ ਪੂਰਾ ਢੁੱਕਦਾ ਹੈ। ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਦੇ ਇਸ ਫੈਸਲੇ ਮਗਰੋਂ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਨੇ ਵਿਰੋਧ ਜ਼ਾਹਰ ਕੀਤਾ ਹੈ, ਸੱਤਾਧਾਰੀ ਧਿਰ ਕਾਂਗਰਸ ਦੇ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੂੰ ਇਸ ਫੈਸਲੇ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਪੰਜਾਬ ਦੇ ਡਿਪਟੀ ਮੁੱਖਮੰਤਰੀ ਅਤੇ ਹੁਣ ਬੀ.ਐਸ.ਐਫ ਦੀ ਤਾਕਤ ਹੇਠ ਆਏ ਪੰਜਾਬ ਦੇ ਹਿੱਸੇ ਤੋਂ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ "ਕੇਂਦਰ ਸਰਕਾਰ ਦੇ ਇਸ ਇੱਕਪਾਸੜ ਫੈਸਲੇ ਨਾਲ ਸੂਬਿਆਂ ਦੇ ਹੱਕਾਂ ਨੂੰ ਢਾਹ ਲੱਗੀ ਹੈ।" ਸ਼੍ਰੋਮਣੀ ਅਕਾਲੀ ਦਲ(ਬਾਦਲ) ਨੇ ਬਿਆਨ ਜਾਰੀ ਕੀਤਾ ਹੈ ਕਿ "ਇਸ ਫੈਸਲੇ ਰਾਹੀਂ ਕੇਂਦਰ ਸਰਕਾਰ ਵੱਲੋਂ ਪੰਜਾਬ ਵਿੱਚ ਪਿਛਲੇ ਦਰਵਾਜੇ ਰਾਹੀਂ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾ ਰਿਹਾ ਹੈ।" ਪੰਜਾਬ ਦੀਆਂ ਇਹ ਦੋਵੇਂ ਰਾਜਨੀਤਕ ਜਮਾਤਾਂ ਘੁਣ ਵਾਙੂ ਪੰਜਾਬ ਨੂੰ ਖਾਂਦੇ ਆ ਰਹੇ ਰੋਗਾਂ ਬਾਰੇ ਆਪੋ-ਆਪਣੇ ਰਾਜਨੀਤਕ ਮੁਫਾਦਾਂ ਕਰਕੇ ਮੌਨ ਰਹੀਆਂ ਹਨ। ਹੁਣ ਕੀਤੀ ਜਾ ਰਹੀ ਰਾਜਨੀਤਕ ਬਿਆਨਬਾਜੀ ਸੱਪ ਲੰਘਣ ਮਗਰੋਂ ਲਕੀਰ ਕੁੱਟਣ ਤੋਂ ਵੱਧ ਹੋਰ ਕੋਈ ਮਾਇਨਾ ਨਹੀਂ ਰੱਖਦੀ।

ਤੀਜਾ ਸ਼ਬਦ ਹੈ 'ਅਸਥਿਰਤਾ', ਭਾਰਤੀ ਅਤੇ ਚੀਨੀ ਫੌਜ ਦਰਮਿਆਨ ਸਰਹੱਦੀ ਮਸਲਿਆਂ ਨੂੰ ਲੈ ਕੇ ਹੋਈ ੧੩ਵੀਂ ਵਾਰਤਾ ਵੀ ਕਿਸੇ ਠੋਸ ਨਤੀਜੇ ਤੱਕ ਨਹੀਂ ਪਹੁੰਚ ਸਕੀ। ਚੀਨੀ ਫੌਜ ਦੀ ਸਥਿਤੀ ਭਾਰਤ ਦੀ ਉੱਤਰ ਪੂਰਬੀ ਸਰਹੱਦ 'ਤੇ ਦਿਨੋਂ-ਦਿਨ ਮਜਬੂਤ ਹੁੰਦੀ ਜਾ ਰਹੀ ਹੈ, ਇਥੋਂ ਤੱਕ ਕਿ ਚੀਨ ਵੱਲੋਂ ਭਾਰਤੀ ਉਪ-ਰਾਸ਼ਟਰਪਤੀ ਵੈਂਕਈਆ ਨਾਇਡੂ ਦੀ ਉਤਰਾਂਚਲ ਪ੍ਰਦੇਸ਼ ਦੀ ਫੇਰੀ 'ਤੇ ਵੀ ਜਨਤਕ ਤੌਰ 'ਤੇ ਸਵਾਲ ਚੁੱਕੇ ਗਏ ਹਨ। ਦੂਜੇ ਪਾਸੇ ਕਸ਼ਮੀਰ ਵਿੱਚ ਤਣਾਅ ਵੱਧਦਾ ਜਾ ਰਿਹਾ ਹੈ, ਬੀਤੇ ਦਿਨੀਂ ਘੱਟਗਿਣਤੀਆਂ ਅਤੇ ਸਥਾਨਕ ਭਾਈਚਾਰੇ ਦੇ ਆਮ ਸ਼ਹਿਰੀਆਂ ਦੇ ਮਿੱਥ ਕੇ ਹੋਏ ਕਤਲ, ਫੌਜ ਅਤੇ ਖਾੜਕੂਆਂ ਵਿਚਾਲੇ ਭਾਰੀ ਮੁਕਾਬਲਿਆਂ ਨਾਲ ਕਸ਼ਮੀਰ ਦੀ ਭਾਰਤ ਦੇ ਸੂਬੇ ਵਜੋਂ ਬਹਾਲੀ ਜਾਂ ਆਮ ਚੋਣਾਂ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ। ਇਸ ਮੌਕੇ ਕਿਸਾਨ ਅੰਦੋਲਨ, ਭ੍ਰਿਸ਼ਟ ਰਾਜਨੀਤਕਾਂ, ਅਫਸਰਸ਼ਾਹੀ ਅਤੇ ਹੋਰ ਗੰਭੀਰ ਮਸਲਿਆਂ ਨਾਲ ਨਜਿੱਠ ਰਹੇ ਪੰਜਾਬ ਵਿੱਚ ਕੋਈ ਅਣਸੁਖਾਵਾਂ ਮੋੜ ਆਉਣਾ ਅਤਕਥਨੀ ਨਹੀਂ ਹੈ।

ਇਸ ਕਿਸਮ ਦੇ ਮਾਹੌਲ ਦਾ ਚੋਣ ਪ੍ਰਣਾਲੀ ਅਤੇ ਇਸ ਦੇ ਨਤੀਜਿਆਂ 'ਤੇ ਵੀ ਅਸਰ ਪੈਣਾ ਸੁਭਾਵਕ ਹੋਵੇਗਾ। ਇਸ ਮੌਕੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਭੂਮਿਕਾ ਵੀ ਚਰਚਾ ਵਿੱਚ ਹੈ, ਜੇਕਰ ਕੈਪਟਨ ਕੇਂਦਰ ਵਿੱਚ ਆਪਣੀ ਵਿਰੋਧੀ ਰਾਜਨੀਤਕ ਜਮਾਤ ਰਾਹੀਂ ਕਥਿਤ ਤੌਰ 'ਤੇ ਪੰਜਾਬ ਵਿੱਚ ਝੋਨੇ ਦੀ ਖਰੀਦ ਅਤੇ ਬੀ.ਐਸ.ਐਫ ਹੇਠਲੇ ਰਕਬੇ 'ਤੇ ਅਸਰ ਪਾ ਸਕਦੇ ਹਨ ਤਾਂ ਪੰਜਾਬ ਵਿੱਚ ਲੰਬੇ ਸਮੇਂ ਤੋਂ ਖੇਡੇ ਜਾ ਰਹੇ ਰਾਜਨੀਤਿਕ ਫਰੇਬ ਨੂੰ ਸੱਚ ਸਾਬਤ ਕਰਨ ਲਈ ਇਸ ਤੋਂ ਵੱਡਾ ਤੱਥ ਹੋਰ ਕੋਈ ਨਹੀਂ ਹੋ ਸਕਦਾ।

ਪੰਜਾਬ ਵਿੱਚ ਜੇਕਰ ਕੋਈ ਬਦਲ ਜਾਂ ਪੁਰਾਣੀ ਰਾਜਨੀਤਕ ਪਾਰਟੀ ਅਗਲੀਆਂ ਚੋਣਾਂ ਵਿੱਚ ਕਾਬਜ ਹੋਣਾ ਚਾਹੁੰਦੀ ਹੈ ਤਾਂ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਦਾ ਫੈਸਲਾ ਇਸ ਗੱਲ 'ਤੇ ਹੀ ਨਿਰਭਰ ਕਰੇਗਾ ਕਿ ਉਹ ਕੇਂਦਰ ਪ੍ਰਤੀ ਆਪਣੀ ਵਫਾਦਾਰੀ ਲਈ ਕਿਸ ਹੱਦ ਤੀਕ ਜਾ ਸਕਦੀ ਹੈ। ਇਸ ਮੌਕੇ ਅੱਧਾ ਪੰਜਾਬ ਬੀ.ਐਸ.ਐਫ ਦੇ ਅਧਿਕਾਰ ਖੇਤਰ ਹੇਠ ਦੇਣਾ ਕਿਸੇ ਵੱਡੇ ਬਦਲ ਦਾ ਇਸ਼ਾਰਾ ਹੈ।

# ਬੇਅਦਬੀ ਦੀਆਂ ਘਟਨਾਵਾਂ ਅਤੇ ਪੰਜਾਬ ਦੀ ਰਾਜਨੀਤੀ ਉੱਪਰ ਪ੍ਰਭਾਵ



**ਰਣਜੀਤ ਸਿੰਘ ਕੁਕੀ**

ਛੇ ਸਾਲਾਂ ਬਾਅਦ ਵੀ ਪੰਜਾਬ ਦੀ ਰਾਜਨੀਤੀ ਅਤੇ ਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮੁੱਦਾ ਲਗਾਤਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿਉਂਕਿ ਸਿੱਖ ਧਰਮ ਵਿਚ ਇਸ ਪਵਿੱਤਰ ਗ੍ਰੰਥ ਦਾ ਸਰਵਉੱਚ ਸਥਾਨ ਹੈ।ਇਹ ਬਹੁਤ ਹੀ ਸੁਭਾਵਿਕ ਹੈ ਕਿ ਸਿੱਖ ਇਸ ਕੇਸ ਵਿਚ ਨਿਆਂ ਚਾਹੁੰਦੇ ਹਨ।ਬਿਨਾਂ ਕਿਸੇ ਵਿਰੋਧਾਭਾਸ ਤੋਂ ਸਿੱਖ ਮੰਨਦੇ ਹਨ ਕਿ ਇਸ ਤਰਾਂ ਦੀ ਦੁਖਦਾਈ ਘਟਨਾ ਤਾਂ ਮੁਗਲ ਰਾਜ ਸਮੇਂ ਵੀ ਨਹੀਂ ਸੀ ਹੋਈ ਜਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ਨਿਸ਼ਚਿਤ ਕੀਤਾ ਹੋਇਆ ਸੀ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਦੇ ਛੇ ਵਰ੍ਹਿਆਂ ਬਾਅਦ ਵੀ ਇਸ ਨੂੰ ਪੰਜਾਬ ਸੂਬੇ ਵਿਚ ਰਾਜਨੀਤੀ ਦੀ ਦਸ਼ਾ ਨਿਰਧਾਰਿਤ ਕਰਨ ਲਈ ਇਕ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ।ਪੰਜਾਬ ਦੀ ਰਾਜਨੀਤਿਕ ਪਾਰਟੀਆਂ ਲਈ ਬੇਅਦਬੀ ਅਤੇ ਉਸ ਤੋਂ ਬਾਅਦ ਦੀਆਂ ਘਟਨਾਵਾਂ ਦੇ ਅਜੇ ਵੀ ਗੰਭੀਰ ਰਾਜਨੀਤਿਕ ਪਰਿਣਾਮ ਨਿਕਲ ਸਕਦੇ ਹਨ।

ਪੰਜਾਬ ਦੀ ਰਾਜਨੀਤੀ ਵਿਚ ਬੇਅਦਬੀ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਨੇ ਕੇਂਦਰੀ ਸਥਾਨ ਨਹੀਂ ਸੀ ਪ੍ਰਾਪਤ ਕਰਨਾ ਅਗਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ ਹੱਲ ਕਰਨ ਦੀ ਦਿਸ਼ਾ ਵਿਚ ਕੁਝ ਕਾਰਗਾਰ ਕਦਮ ਚੁੱਕੇ ਹੁੰਦੇ।ਸੱਤਾਧਾਰੀ ਪਾਰਟੀ ਅਤੇ ਇਸ ਦੇ ਸਟਾਰ ਮੁੱਖ ਮੰਤਰੀ ਦੀ ਇਸ ਨੂੰ ਹੱਲ ਕਰਨ ਵਿਚ ਅਸਫਲਤਾ ਨੇ ਹੀ ੨੦੨੨ ਦੀਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਇਸ ਮੁੱਦੇ ਨੂੰ ਫਿਰ ਤੋਂ ਮੁੱਖ ਮੁੱਦਾ ਬਣਾ ਦਿੱਤਾ ਹੈ।ਇਸ ਦੇ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਲਈ ਗੰਭੀਰ ਸਿੱਟੇ ਨਿਕਲ ਸਕਦੇ ਹਨ।ਪੰਜਾਬ ਦੀ ਜਨਤਾ ਵਿਚ ਵਿਸ਼ਵਾਸ ਜਗਾਉਣ ਲਈ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸੱਤਾਧਾਰੀ ਕਾਂਗਰਸ ਪਾਰਟੀ ਨੇ ਬੇਅਦਬੀ ਸੰਬੰਧੀ ਵਿਧਾਨਿਕ ਨਿਯਮ ਲਿਆ ਕੇ ਸੂਬੇ ਨੂੰ ਸਦੀਆਂ ਨਹੀਂ ਤਾਂ ਦਹਾਕਿਆਂ ਪਿੱਛੇ ਧੱਕ ਦਿੱਤਾ।ਪਹਿਲਾਂ ਤੋਂ ਹੀ ਨਿਰਦਈ ਅਤੇ ਅਸੰਵਿਧਾਨਿਕ ਪੀਨਲ ਕੋਡ ਵਿਚ ਇਹ ਧਾਰਾ ਸ਼ਾਮਿਲ ਕੀਤੀ ਗਈ ਕਿ ਜੋ ਕੋਈ ਵੀ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਆਹਤ ਕਰਨ ਦੇ ਮਕਸਦ ਨਾਲ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਕਰੇਗਾ, ਉਸ ਨੂੰ ਉਮਰ ਕੈਦ ਦੀ ਸਜ਼ਾ ਹੋਵੇਗੀ।ਇਸ ਉਸ ਵਿਰੋਧਾਭਾਸ ਨੂੰ ਜ਼ਾਹਿਰ ਕਰਦਾ ਹੈ ਜਿਸ ਦੇ ਤਹਿਤ ਇਕ-ਈਸ਼ਵਰਵਾਦੀ ਧਰਮ ਨਾਲ ਸੰਬੰਧਿਤ ਪਵਿੱਤਰ ਗ੍ਰੰਥਾਂ ਨੂੰ ਇਕ ਦੂਜੇ ਵਿਰੁੱਧ ਹੀ ਧਰਮ-ਵਿਰੋਧੀ ਹੋਣ ਵਜੋਂ ਵਰਤਿਆ ਜਾ ਸਕਦਾ ਹੈ।ਇਸ ਤਰਾਂ ਕੀਤੀ ਗਈ ਨਵੀਂ ਸੋਧ ਅਸਲ ਵਿਚ ਸੰਵਿਧਾਨ ਦੀ ਧਾਰਾ ੧੯ ਵਿਚ ਦਰਜ ਨਾਗਰਿਕਾਂ ਦੇ ਅਜ਼ਾਦੀ ਅਤੇ ਬੋਲਣ ਦੇ ਅਧਿਕਾਰ ਦੀ ਸਰਾਸਰ ਉਲੰਘਣਾ ਹੈ।ਇਹ ਕਾਨੂੰਨ ਮਹਿਜ਼ ਬੋਲਣ ਅਤੇ ਇਜ਼ਹਾਰ ਕਰਨ ਕਰਕੇ ਹੀ ਨਾਗਰਿਕਾਂ ਨੂੰ ਉਮਰ ਕੈਦ ਦੀ ਸਜ਼ਾ ਦੁਆ ਸਕਦਾ ਹੈ। ਇਸ ਤੋਂ ਵੀ ਵੱਡੀ ਵਿਡੰਬਨਾ ਇਹ ਹੈ ਕਿ ਇਸ ਦੀ ਦੁਰਵਰਤੋਂ ਨੂੰ ਰੋਕਣ ਲਈ ਕੁਝ ਵੀ ਨਹੀਂ ਕੀਤਾ ਗਿਆ ਜੋ ਕਿ ਸਰਕਾਰ ਦੇ ਗੈਰ-ਜ਼ਿੰਮੇਵਾਰਾਨਾ ਨਜ਼ਰੀਏ ਨੂੰ ਜ਼ਾਹਿਰ ਕਰਦਾ ਹੈ।

੧ ਜੂਨ, ੨੦੧੫ ਨੂੰ ਸਿੱਖਾਂ ਦੇ ਗੁਰੂ ਸਥਾਨ ਪ੍ਰਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਫਰੀਦਕੋਟ ਜਿਲੇ ਨਾਲ ਸੰਬੰਧਿਤ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿਚੋਂ ਚੋਰੀ ਕਰਨ ਦੀ ਘਟਨਾ ਵਾਪਰੀ।ਇਸ ਤੋਂ ਕਈ ਮਹੀਨਿਆਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਾਪੀਆਂ ਪੰਜਾਬ ਵਿਚ ਕਈ ਹੋਰ ਥਾਵਾਂ ਤੇ ਮਿਲੀਆਂ ਜਿਸ ਵਿਚ ਫਰੀਦਕੋਟ ਦਾ ਬਰਗਾੜੀ ਵੀ ਸ਼ਾਮਿਲ ਸੀ।ਇਸ ਨਾਲ ਪੂਰੇ ਸੂਬੇ ਵਿਚ ਸਿੱਖਾਂ ਦੁਆਰਾ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਗਿਆ।ਫਰੀਦਕੋਟ ਜਿਲੇ ਵਿਚ ਵਿਰੋਧ ਪ੍ਰਦਰਸ਼ਨ ਕਰ ਰਹੇ ਸਿੱਖਾਂ ਉੱਪਰ ਪੁਲਿਸ ਦੁਆਰਾ ਹਿੰਸਕ ਜਵਾਬੀ ਕਾਰਵਾਈ ਕੀਤੀ ਗਈ ਜਿਸ ਵਿਚ ਦੋ ਸਿੱਖ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਅਤੇ ਕਈ ਲੋਕ ਪੁਲਿਸ ਦੁਆਰਾ ਕੀਤੀ ਗੋਲਾਬਾਰੀ ਵਿਚ ਜਖਮੀ ਹੋ ਗਏ।ਇਸ ਘਟਨਾ ਦੇ ਗੰਭੀਰ ਰਾਜਨੀਤਿਕ ਸਿੱਟੇ ਨਿਕਲੇ।

ਉਸ ਸਮੇਂ ਬਾਦਲ ਦੀ ਅਗਵਾਈ ਵਾਲੀ ਸੱਤਾਧਾਰੀ ਅਕਾਲੀ ਪਾਰਟੀ ਨੂੰ ੨੦੧੭ ਦੀਆਂ ਅਸੈਂਬਲੀ ਚੋਣਾਂ ਵਿਚ ਬੁਰੀ ਤਰਾਂ ਹਾਰ ਦਾ ਸਾਹਮਣਾ ਕਰਨਾ ਪਿਆ।ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਨੇ ਬੇਅਦਬੀ ਦੀ ਘਟਨਾ ਵਿਚ ਨਿਆਂ ਦੁਆਉਣ ਨੂੰ ਅਧਾਰ ਬਣਾ ਕੇ ਇਸ ਨੂੰ ਚੋਣਾਂ ਵਿਚ ਮੁੱਖ ਮੁੱਦੇ ਵਜੋਂ ਪੇਸ਼ ਕੀਤਾ।ਨਤੀਜਨ ਕਾਂਗਰਸ ਪਾਰਟੀ ਨੂੰ ਚੋਣਾਂ ਵਿਚ ਦੋ-ਤਿਹਾਈ ਤੋਂ ਵੀ ਜਿਆਦਾ ਭਾਰੀ ਬਹੁਮਤ ਮਿਲਿਆ।ਅਕਤੂਬਰ ੨੦੧੫ ਤੋਂ ਲੈ ਕੇ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਨੇ ਇਸ ਸੰਬੰਧੀ ਦੋ ਨਿਆਂਇਕ ਕਮਿਸ਼ਨਾਂ ਦਾ ਗਠਨ ਕੀਤਾ ਅਤੇ ਚਾਰ ਸਪੈਸ਼ਲ ਜਾਂਚ ਟੀਮਾਂ ਬਣਾਈਆਂ ਗਈਆਂ। ਇਸ ਦੇ ਨਾਲ ਹੀ ਕੇਂਦਰੀ ਜਾਂਚ ਬਿਊਰੋ ਦੁਆਰਾ ਨਾਲ-ਨਾਲ ਜਾਂਚ ਦੀ ਕਾਰਵਾਈ ਚਲਦੀ ਰਹੀ ਹੈ।ਇਸ ਦੇ ਬਾਵਜੂਦ ਵੀ ਇਸ ਜਾਂਚ ਦਾ ਕੋਈ ਸਿੱਟਾ ਨਹੀਂ ਨਿਕਲਿਆ ਅਤੇ ਡੇਰਾ ਸੱਚਾ ਸੌਦਾ ਨਾਲ ਸੰਬੰਧਿਤ ਆਮ ਲੋਕਾਂ ਨੂੰ ਛੱਡ ਕੇ ਕਿਸੇ ਨੂੰ ਵੀ ਇਸ ਵਿਚ ਕੋਈ ਸਜ਼ਾ ਨਹੀਂ ਹੋਈ ਹੈ।ਸਗੋਂ ਇਸ ਨਾਲ ਸੰਬੰਧਿਤ ਪ੍ਰਭਾਵਸ਼ਾਲੀ ਵਿਅਕਤੀਆਂ ਅਤੇ ਪੁਲਿਸ ਅਫਸਰਾਂ ਨੂੰ ਲਗਾਤਾਰ ਰਾਹਤ ਮਿਲਦੀ ਰਹੀ ਹੈ।

ਕੁਝ ਮਹੀਨੇ ਪਹਿਲਾਂ ਉੱਚ ਅਦਾਲਤ ਦੇ ਇਸ ਕੇਸ ਸੰਬੰਧੀ ਫੈਸਲੇ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸੱਤਾਧਾਰੀ ਕਾਂਗਰਸ ਵਿਚ ਖਲਬਲੀ ਮਚਾ ਦਿੱਤੀ ਕਿਉਂਕਿ ਉੱਚ ਅਦਾਲਤ ਨੇ ਸਰਕਾਰ ਦੁਆਰਾ ਨਿਯੁਕਤ ਸਪੈਸ਼ਲ ਜਾਂਚ ਟੀਮ ਨੂੰ ਖਾਰਿਜ ਕਰ ਦਿੱਤਾ ਅਤੇ ਇਸ ਟੀਮ ਦੁਆਰਾ ਬੇਅਦਬੀ ਅਤੇ ਇਸ ਨਾਲ ਸੰਬੰਧਿਤ ਘਟਨਾਵਾਂ ਦੀ ਜਾਂਚ ਨੂੰ ਅਫਸਰ ਦੀ ਨਿੱਜੀ ਦੁਰਭਾਵਨਾ ਤੋਂ ਪ੍ਰੇਰਿਤ ਦੱਸਿਆ ਜਿਸ ਵਿਚ ਉਸ ਨੇ ਮਨਘੜਤ ਨਜ਼ਰੀਏ ਨਾਲ ਕੰਮ ਕੀਤਾ।ਮੌਜੂਦਾ ਸਮੇਂ ਵਿਚ ਕਾਂਗਰਸ ਪਾਰਟੀ ਦੁਆਰਾ ਹੀ ਆਰੰਭੀਆਂ ਗਈਆਂ ਤਿੰਨ ਹੋਰ ਜਾਂਚਾਂ ਚੱਲ ਰਹੀਆਂ ਹਨ।ਇਸ ਸਾਰੀ ਘਟਨਾ ਵਿਚ ਸਭ ਤੋਂ ਮਹੱਤਵਪੂਰਨ ਪੱਖ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਕੇ ਇਸ ਦੇ ਪਵਿੱਤਰ ਅੰਗਾਂ ਨੂੰ ਗਲੀਆਂ ਵਿਚ ਰੋਲਣ ਦਾ ਅਸਲ ਦੋਸ਼ੀ ਕੌਣ ਹੈ।ਅਕਾਲੀ ਦਲ ਦੀ ਸੱਤਾ ਸਮੇਂ ਡਾਇਰੈਕਟਰ ਜਨਰਲ ਦੀ ਅਗਵਾਈ ਵਾਲੀ ਸਪੈਸ਼ਲ ਜਾਂਚ ਟੀਮ ਨੇ ਇਸ ਵਿਚ ਸਿੱਖ ਨੌਜਵਾਨਾਂ ਅਤੇ ਵਿਦੇਸ਼ੀ ਹੱਥ ਹੋਣ ਦੀ ਗੱਲ ਕਹੀ ਅਤੇ ਡੇਰੇ ਨੂੰ ਕਲੀਨ ਚਿੱਟ ਦੇ ਦਿੱਤੀ।ਪਰ ਸਿੱਖਾਂ ਦੇ ਦਬਾਅ ਹੇਠ ਇਸ ਤਰਾਂ ਦੀਆਂ ਮਨਘੜੀਆਂ ਗੱਲਾਂ ਕਿਸੇ ਸਿਰੇ ਨਾਲ ਲੱਗੀਆਂ।ਇਸ ਤੋਂ ਬਾਅਦ ਪੁਲਿਸ ਨੇ ਆਪਣਾ ਰਾਸਤਾ ਬਦਲਿਆ ਅਤੇ ਇਸ ਵਿਚ ਡੇਰੇ ਦੀ ਭੂਮਿਕਾ ਸੰਬੰਧੀ ਜਾਂਚ ਕਰਨੀ ਸ਼ੁਰੂ ਕੀਤੀ।ਪਰ ਇਸ ਦਾ ਵੀ ਕੋਈ ਸਿੱਟਾ ਨਹੀ ਨਿਕਲਿਆ ਕਿਉਂਕਿ ਕੇਂਦਰੀ ਜਾਂਚ ਬਿਊਰੋ ਨੇ ਡੇਰੇ ਨਾਲ ਸੰਬੰਧਿਤ ਲੋਕਾਂ ਨੂੰ ਕਲੀਨ ਚਿੱਟ ਦੇ ਦਿੱਤੀ ਅਤੇ ਇਸ ਸੰਬੰਧੀ ਆਪਣੀ ਆਖਰੀ ਰਿਪੋਰਟ ਪੇਸ਼ ਕਰ ਦਿੱਤੀ।ਛੇ ਸਾਲਾਂ ਦੀ ਜਾਂਚ ਤੋਂ ਬਾਅਦ ਵੀ ਪੰਜਾਬ ਪੁਲਿਸ ਬੇਅਦਬੀ ਅਤੇ ਇਸ ਤੋਂ ਬਾਅਦ ਹੋਏ ਗੋਲੀ ਕਾਂਢ ਦੇ ਮੁੱਖ ਦੋਸ਼ੀਆਂ ਤੱਕ ਨਹੀਂ ਪਹੁੰਚ ਪਾਈ ਹੈ।ਪੁਲਿਸ ਵਾਰ-ਵਾਰ ਡੇਰੇ ਦੇ ਆਮ ਸ਼ਰਧਾਲੂਆਂ ਨੂੰ ਗ੍ਰਿਫਤਾਰ ਕਰਦੀ ਰਹੀ ਹੈ ਜਿਸ ਨੇ ਸਿੱਖਾਂ ਵਿਚ ਕੋਈ ਵਿਸ਼ਵਾਸ ਨਹੀਂ ਪੈਦਾ ਕੀਤਾ।ਕੇਂਦਰੀ ਜਾਂਚ ਬਿਊਰੋ ਦੁਆਰਾ ਡੇਰੇ ਦੇ ਸ਼ਰਧਾਲੂਆਂ ਨੂੰ ਕਲੀਨ ਚਿੱਟ ਦੇਣ ਤੋਂ ਬਾਅਦ ਇਹ ਸੁਆਲ ਪੈਦਾ ਹੁੰਦਾ ਹੈ ਕਿ ਬੇਅਦਬੀ ਅਤੇ ਇਸ ਤੋਂ ਬਾਅਦ ਦੀਆਂ ਘਟਨਾਵਾਂ ਲਈ ਅਸਲ ਵਿਚ ਕੌਣ ਜ਼ਿੰਮੇਵਾਰ ਹੈ ?

ਇਸ ਦਾ ਇੱਕ ਪੱਖ ਵੋਟ ਬੈਂਕ ਦੀ ਰਾਜਨੀਤੀ ਨਾਲ ਜੁੜਦਾ ਹੈ।ਇਸੇ ਕਰਕੇ ਇਸ ਮੁੱਦੇ ਨੂੰ ਚੋਣਾਂ ਤੋਂ ਪਹਿਲਾਂ ਜਾਣ-ਬੁੱਝ ਕੇ ਹਵਾ ਦਿੱਤੀ ਗਈ ਹੈ ਕਿਉਂਕਿ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਲੋਕਾਂ ਦੇ ਅਸਲ ਮੁੱਦਿਆਂ ਤੋਂ ਭੱਜਦੀਆਂ ਹਨ? ਬੇਅਦਬੀ ਦੀ ਘਟਨਾ ਦੇ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ, ਖਾਸ ਕਰਕੇ ਅਕਾਲੀ ਦਲ, ਲਈ ਗੰਭੀਰ ਸਿੱਟੇ ਨਿਕਲੇ।ਪਿਛਲੇ ਛੇ ਸਾਲਾਂ ਵਿਚ ਪੰਜਾਬ ਪੁਲਿਸ ਪਿਛਲੀਆਂ ਰਿਪੋਰਟਾਂ ਅਤੇ ਜਾਂਚਾਂ ਨੂੰ ਖਾਰਿਜ ਕਰਨ ਕਰਕੇ ਹੀ ਸੁਰਖੀਆਂ ਵਿਚ ਰਹੀ ਹੈ।ਇੱਥੋਂ ਤੱਕ ਕਿ ਨਵੀਂ ਗਠਿਤ ਕੀਤੀ ਗਈ ਸਪੈਸ਼ਲ ਜਾਂਚ ਟੀਮ ਵੀ ਸਮੇਂ ਦੇ ਵਿਰੁੱਧ ਹੀ ਲੜ ਰਹੀ ਹੈ ਕਿਉਂਕਿ ਇਹ ਸਪੱਸ਼ਟ ਹੈ ਕਿ ੨੦੨੨ ਦੀਆਂ ਚੋਣਾਂ ਕਰਕੇ ਲਗਾਏ ਜਾਣ ਵਾਲੇ ਚੋਣ ਜ਼ਾਬਤੇ ਤੋਂ ਪਹਿਲਾਂ ਕੁਝ ਵੀ ਮਹੱਤਵਪੂਰਨ ਸਾਹਮਣੇ ਆਉਣ ਦੀ ਸੰਭਾਵਨਾ ਨਹੀਂ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਜਨਤਕ ਰੂਪ ਤੌਰ ਤੇ ਲੋਕਾਂ ਨੂੰ ਇਸ ਕੇਸ ਵਿਚ ਨਿਆਂ ਦੁਆਉਣ ਦਾ ਵਾਅਦਾ ਕੀਤਾ, ਪਰ ਉਹ ਇਸ ਵਿਚ ਬੁਰੀ ਤਰਾਂ ਅਸਫਲ ਰਿਹਾ।ਇਸ ਦੇ ਨਾਲ ਹੀ ਉਸ ਦੇ ਅਸਤੀਫੇ ਪਿੱਛੇ ਹੋਰ ਵੀ ਮਹੱਤਵਪੂਰਨ ਮੁੱਦੇ ਹਨ, ਪਰ ਜਿਸ ਬੇਅਦਬੀ ਦੇ ਮੁੱਦੇ ਕਰਕੇ ਉਸ ਨੂੰ ਚੋਣਾਂ ਵਿਚ ਸਫਲਤਾ ਪ੍ਰਾਪਤ ਹੋਈ ਉਹ ਹੀ ਉਸ ਦੇ ਅਸਤੀਫੇ ਦਾ ਕਾਰਣ ਬਣਿਆ।ਬੇਅਦਬੀ ਅਤੇ ਇਸ ਤੋਂ ਬਾਅਦ ਦੀਆਂ ਘਟਨਾਵਾਂ ਕਰਕੇ ਹੀ ਅਕਾਲੀ ਦਲ ਨੂੰ ਰਾਜਨੀਤਿਕ ਤੌਰ ਤੇ ਨੁਕਸਾਨ ਉਠਾਉਣਾ ਪਿਆ।ਇਸ ਦਾ ਅਸਰ ਅਜੇ ਵੀ ਬਰਕਰਾਰ ਹੈ ਕਿਉਂਕਿ ਅਕਾਲੀ ਦਲ ਅਜੇ ਵੀ ਇਸ ਦੇ ਪ੍ਰਭਾਵ ਤੋਂ ਨਹੀਂ ਨਿਕਲ ਪਾਇਆ ਹੈ।ਇਸ ਸਾਰੀ ਘਟਨਾ ਨੇ ਅਕਾਲੀਆਂ ਦੇ ਵੋਟ ਅਧਾਰ ਸਿੱਖਾਂ ਨੂੰ ਹੀ ਉਨ੍ਹਾਂ ਦੇ ਵਿਰੁੱਧ ਕਰ ਦਿੱਤਾ ਹੈ।ਬੇਅਦਬੀ ਅਤੇ ਇਸ ਨਾਲ ਸੰਬੰਧਿਤ ਘਟਨਾਵਾਂ ਦੀ ਜਾਂਚ ਨੇ ਅਜੇ ਕਿਸੇ ਸਿੱਟੇ ਉੱਪਰ ਪੁੱਜਣਾ ਹੈ ਪਰ ਇਸ ਮੁੱਦੇ ਵਿਚ ਕੋਈ ਵੀ ਤਾਜ਼ਾ ਗਤੀਵਿਧੀ ਅਕਾਲੀਆਂ ਦੇ ਸਿਖਰ ਨੇਤਾਵਾਂ ਵਿਚ ਨਕਰਾਤਮਕਤਾ ਪੈਦਾ ਕਰ ਦਿੰਦੀ ਹੈ।ਅਕਾਲੀਆਂ ਨੂੰ ਨਵੇਂ ਸਿਰੇ ਤੋਂ ਇਹਨਾਂ ਸਾਰੀਆਂ ਘਟਨਾਵਾਂ ਸੰਬੰਧੀ ਆਪਣੀ ਸਫਾਈ ਦੇਣੀ ਪੈਂਦੀ ਹੈ। ਅਮਰਿੰਦਰ ਸਿੰਘ ਦੇ ਅਸਤੀਫੇ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਵੀ ਇਸ ਕੇਸ ਵਿਚ ਕਿਸੇ ਸਿੱਟੇ ਉੱਪਰ ਪੁੱਜਣ ਲਈ ਸਮੇਂ ਵਿਰੁੱਧ ਹੀ ਲੜ ਰਿਹਾ ਹੈ ਕਿਉਂਕਿ ਕਾਂਗਰਸ ਸਰਕਾਰ ਧਾਰਨਾਵਾਂ ਉੱਪਰ ਅਧਾਰਿਤ ਲੜਾਈ ਹੀ ਲੜ ਰਹੀ ਹੈ। ਇਸ ਦੇ ਨਾਲ ਹੀ ਪੁਲਿਸ ਵੀ ਅਸਪੱਸ਼ਟਤਾ ਦੀ ਸ਼ਿਕਾਰ ਹੈ ਕਿਉਂਕਿ ਉਨ੍ਹਾਂ ਕੋਲ ਦੋਸ਼ੀਆਂ ਦਾ ਦੋਸ਼ ਸਾਬਿਤ ਕਰਨ ਲਈ ਕੋਈ ਪੁਖ਼ਤਾ ਸਬੂਤ ਨਹੀਂ ਹੈ ਅਤੇ ਉਹ ਅਜੇ ਤੱਕ ਵੀ ਇਹ ਸਾਬਿਤ ਨਹੀਂ ਕਰ ਪਾਏ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੱਖ-ਵੱਖ ਥਾਵਾਂ ਤੇ ਮਿਲੇ ਅੰਗਾਂ ਦਾ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਚੋਰੀ ਹੋਈ ਬੀੜ ਨਾਲ ਕੋਈ ਸੰਬੰਧ ਹੈ ਜਾਂ ਨਹੀਂ।ਉਹ ਬਿਨਾਂ ਕਿਸੇ ਨਤੀਜੇ ਉੱਪਰ ਪਹੁੰਚਣ ਵਾਲੀ ਜਾਂਚ ਵਿਚ ਮਸ਼ਰੂਫ ਹਨ।

# ਪੰਜਾਬ ਦੀ ਆਰਥਿਕ ਸਥਿਤੀ ਨਿਘਾਰ ਵੱਲ

## ✪ ਮੁ.ਫਤ ਬਿਜਲੀ, ਮੁ.ਫਤ ਪਾਣੀ, ਪੜਾਈ ਆਦਿ ਦੀ ਪੇਸ਼ਕਸ਼ ਕਰਕੇ ਪੰਜਾਬ ਨੂੰ ਕੀਤਾ ਜਾ ਰਿਹਾ ਏ ਤਬਾਹ

## ✪ ਵੱਧ ਰਹੀ ਆਮਦਨੀ ਦੇ ਬਾਵਜੂਦ ਪੰਜਾਬ ਇਸ ਵੇਲੇ ਕੁੱਲ ਮਿਲਾ ਕੇ 2.75 ਲੱਖ ਕਰੋੜ ਦੇ ਕਰਜ਼ੇ ਦੇ ਬੋਝ ਹੇਠ

ਇਨੀਂ-ਦਿਨੀਂ ਹਰੇਕ ਨੇਤਾ ਨਵੇਂ ਤੋਂ ਨਵੇਂ ਚੋਣ ਵਾਅਦੇ ਕਰਨ ਵਿਚ ਰੁੱਝਿਆ ਹੋਇਆ ਹੈ। ਮੁਫ਼ਤ ਬਿਜਲੀ, ਮੁ.ਫਤ ਪਾਣੀ, ਪੜਾਈ ਆਦਿ ਦੀ ਪੇਸ਼ਕਸ਼ ਕਰਨ ਦਾ ਮੌਸਮ ਮੁੜ ਵਾਪਸ ਆ ਗਿਆ ਹੈ। ਭਾਰਤ ਦੇ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ 2019 ਦੀ ਰਿਪੋਰਟ ਅਨੁਸਾਰ ਸਾਲ 2017-18 ਲਈ ਪੰਜਾਬ ਦੀ ਕੁੱਲ ਆਮਦਨੀ (ਮਾਲੀਆ ਪ੍ਰਾਪਤੀਆਂ ਅਤੇ ਪੂੰਜੀ ਪ੍ਰਾਪਤੀਆਂ ਦੋਵਾਂ ਨੂੰ ਮਿਲਾ ਕੇ) 1,19,078.23 ਕਰੋੜ ਰੁਪਏ ਸੀ ਅਤੇ ਇਸ ’ਚੋਂ 18,267.98 ਕਰੋੜ ਰੁਪਏ ਕੇਂਦਰ ਸਰਕਾਰ ਤੋਂ ਪ੍ਰਾਪਤ ਹੋਏ ਸਨ। ਸੰਨ 2020 ਵਿਚ ਪ੍ਰਕਾਸ਼ਿਤ ਇਸੇ ਰਿਪੋਰਟ ਦਾ ਖ਼ੁਲਾਸਾ ਹੈ ਕਿ ਪਿਛਲੇ ਵਿੱਤੀ ਸਾਲ ਤੋਂ ਇਹ ਮਾਲੀਆ ਵਧ ਕੇ 1,51,384.64 ਕਰੋੜ ਰੁਪਏ ਹੋਇਆ ਹੈ ਜਿਸ ’ਚੋਂ 23,112.51 ਕਰੋੜ ਰੁਪਏ ਭਾਰਤ ਸਰਕਾਰ ਤੋਂ ਪ੍ਰਾਪਤ ਹੋਏ ਹਨ।

ਇਸ ਵਧ ਰਹੀ ਆਮਦਨੀ ਦੇ ਬਾਵਜੂਦ ਪੰਜਾਬ ਇਸ ਵੇਲੇ ਕੁੱਲ ਮਿਲਾ ਕੇ 2.75 ਲੱਖ ਕਰੋੜ ਦੇ ਕਰਜ਼ੇ ਦੇ ਬੋਝ ਹੇਠ ਹੈ ਜਿਸ ਕਾਰਨ ਸਾਲਾਨਾ 20,000 ਕਰੋੜ ਰੁਪਏ ਦੇ ਲਗਭਗ ਰਾਸ਼ੀ ਵਿਆਜ ਵਜੋਂ ਚਲੀ ਜਾਂਦੀ ਹੈ। ਇਸ ਤੋਂ ਇਲਾਵਾ ਕੈਗ ਵੱਲੋਂ ਇਹ ਵੀ ਰਿਪੋਰਟ ਕੀਤਾ ਗਿਆ ਹੈ ਕਿ ਇਹ ਕਰਜ਼ਾ 2024-25 ਤੱਕ ਵਧ ਕੇ 3.73 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਅਗਲੀ ਸਰਕਾਰ ਅਜਿਹੇ ਕਰਜ਼ਿਆਂ ਦਾ ਭੁਗਤਾਨ ਕਿਵੇਂ ਕਰੇਗੀ ?

ਦੇਣਦਾਰੀਆਂ ਦੇ ਅਜਿਹੇ ਭੁਗਤਾਨ ਨੂੰ ਇਕੱਤਰ ਕਰਨ ਲਈ ਕੌਣ ਜ਼ਿੰਮੇਵਾਰ ਹੈ ? ਇਹ ਲੱਖਾਂ ਡਾਲਰ ਦਾ ਸਵਾਲ ਬਣ ਗਿਆ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਚੋਣਾਂ ਦੇ ਇਸ ਮੌਸਮ ਵਿਚ ਕੋਈ ਵੀ ਇਸ ਪ੍ਰਸ਼ਨ ਦਾ ਉੱਤਰ ਦੇਣ ਵਿਚ ਦਿਲਚਸਪੀ ਨਹੀਂ ਲੈ ਰਿਹਾ। ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਵੋਟਰਾਂ ਨੂੰ ਲੁਭਾਉਣ ਲਈ ਵੱਡੇ-ਵੱਡੇ ਐਲਾਨ ਕੀਤੇ ਜਾ ਰਹੇ ਹਨ ਪਰ ਇਸ ਮਾਮਲੇ ਨਾਲ ਨਜਿੱਠਣ ਲਈ ਕਿਸੇ ਵੱਲੋਂ ਕੋਈ ਤਵੱਜੋ ਨਹੀਂ ਦਿੱਤੀ ਗਈ।

ਪਿਛਲੀ ਸਰਕਾਰ ਨੇ 30 ਹਜ਼ਾਰ ਕਰੋੜ ਤੋਂ ਵੱਧ ਰੁਪਏ ਦੇ ਐੱਫਸੀਆਈ ਓਵਰਡਰਾਫਟ ਨੂੰ ਸੌਖਿਆਂ ਹੀ ਲੰਬੇ ਸਮੇਂ ਦੇ ਕਰਜ਼ੇ ਵਿਚ ਬਦਲ ਦਿੱਤਾ। ਹੁਣ ਪੰਜਾਬ ਇਸ ਵਾਧੂ ਰਕਮ ਦੇ ਬੋਝ ਹੇਠ ਹੈ। ਇਸ ਵੱਡੇ ਕਰਜ਼ੇ ਦਾ ਭੁਗਤਾਨ ਕੌਣ ਕਰੇਗਾ ? ਭਵਿੱਖ ਲਈ ਐਲਾਨੀਆਂ ਜਾ ਰਹੀਆਂ ਵੱਡੀਆਂ ਰਿਆਇਤਾਂ ਦਾ ਭੁਗਤਾਨ ਕੌਣ ਕਰੇਗਾ ? ਇਨਾਂ ਸਵਾਲਾਂ ਦਾ ਜਵਾਬ ਬਹੁਤ ਸਰਲ ਹੈ ਕਿ ਵਧੇਰੇ ਟੈਕਸ ਲਗਾਏ ਜਾਣਗੇ ਅਤੇ ਸਿੱਟੇ ਵਜੋਂ ਆਮ ਲੋਕ ਹੀ ਇਸ ਵੱਡੇ ਕਰਜ਼ੇ ਦਾ ਭੁਗਤਾਨ ਕਰਨਗੇ। ਪੰਜਾਬ ਵਿਚ ਪਹਿਲਾਂ ਹੀ ਟੈਕਸਾਂ ਦੀਆਂ ਦਰਾਂ ਬਹੁਤ ਉੱਚੀਆਂ ਹਨ। ਬਿਜਲੀ ਦੀ ਕੀਮਤ ਸਭ ਤੋਂ ਵੱਧ ਹੈ, ਰਹਿਣ-ਸਹਿਣ ਦੀ



ਕੀਮਤ ਬਹੁਤ ਜ਼ਿਆਦਾ ਹੈ, ਰੇਤ ਅਤੇ ਬਜਰੀ ਦੀ ਕੀਮਤ ਅਸਮਾਨ ਨੂੰ ਛੂਹ ਰਹੀ ਹੈ ਅਤੇ ਦੇਸ਼ ਵਿਚ ਪੈਟਰੋਲੀਅਮ ਉਤਪਾਦਾਂ ’ਤੇ ਵੈਟ ਸਭ ਤੋਂ ਵੱਧ ਹੈ। ਪੰਜਾਬ, ਭਾਰਤ ਦਾ ਇਕੱਲਾ ਰਾਜ ਹੈ ਜਿੱਥੇ ਪੇਸ਼ੇਵਰ ਕਰ (ਪ੍ਰੋਫੈਸ਼ਨਲ ਟੈਕਸ) ਲਗਾਇਆ ਜਾਂਦਾ ਹੈ ਜੋ ਕਿ ਆਪਣੇ-ਆਪ ਵਿਚ ਅਸਾਧਾਰਨ ਕਦਮ ਹੈ। ਸੋ ਸਪਸ਼ਟ ਹੈ ਕਿ ਰਾਜਨੇਤਾ ਸਿਰਫ਼ ਵਾਅਦੇ ਕਰਨਗੇ ਅਤੇ ਸੂਬੇ ਦੇ ਅਰਥਚਾਰੇ ’ਤੇ ਹੋਰ ਭਾਰ ਪਾਉਣਗੇ। ਉਨਾਂ ਨੂੰ ਰੋਕਣ ਵਾਲਾ ਕੋਈ ਨਹੀਂ ਹੈ। ਉਨਾਂ ਵੱਲੋਂ ਦਿੱਤੇ ਗਏ ਕਿਸੇ ਵੀ ਤਰਾਂ ਦੇ ਬਿਆਨਾਂ ਦੀ ਕੋਈ ਕਾਨੂੰਨੀ ਤੌਰ ’ਤੇ ਜਵਾਬਦੇਹੀ ਨਹੀਂ ਹੈ।

ਬੁਢਾਪਾ ਪੈਨਸ਼ਨ ਦੇ ਲਗਭਗ 36% ਖਾਤੇ ਪੂਰੀ ਤਰਾਂ ਧੋਖਾਧੜੀ ਵਾਲੇ ਅਤੇ ਫ਼ਰਜ਼ੀ ਹਨ ਅਤੇ ਇਨਾਂ ਖਾਤਿਆਂ ਰਾਹੀਂ ਪੈਨਸ਼ਨ ਪ੍ਰਾਪਤ ਕਰਨ ਵਾਲੇ ਲੋਕ ਜਾਅਲੀ ਹਨ। ਲਗਭਗ 3 ਕਰੋੜ ਦੀ ਕੁੱਲ ਆਬਾਦੀ ’ਚੋਂ ਪੰਜਾਬ ਵਿਚ ਤਕਰੀਬਨ 8.26 ਫ਼ੀਸਦੀ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਹਨ ਜੋ ਲਗਭਗ 24,78,000 ਦੇ ਕਰੀਬ ਬਣਦੇ ਹਨ ਪਰ ਰਾਜ ਵਿਚ ਆਟਾ-ਦਾਲ ਸਕੀਮ ਅਧੀਨ ਕੁੱਲ ਲਾਭਪਾਤਰੀਆਂ ਦੀ ਗਿਣਤੀ 1.44 ਕਰੋੜ ਤੋਂ ਵੱਧ ਹੈ ਜੋ ਕਿ ਪੰਜਾਬ ਦੀ ਕੁੱਲ ਅਬਾਦੀ ਦਾ ਲਗਭਗ 50% ਹੈ। ਪੰਜਾਬ ਵਿਚ ਐੱਸਸੀ/ਬੀਸੀ ਭਾਈਚਾਰੇ ਦੀ ਵੱਡੀ ਅਬਾਦੀ ਹੈ ਅਤੇ ਹਰ ਸਾਲ ਉਨਾਂ ਦੀ ਭਲਾਈ ਲਈ ਹਜ਼ਾਰਾਂ ਕਰੋੜ ਰੁਪਏ ਰਾਖਵੇਂ ਰੱਖੇ ਜਾਂਦੇ ਹਨ।

ਇਸ ਸਬੰਧੀ ਕੀਤੇ ਗਏ ਅਧਿਐਨ ਦਰਸਾਉਂਦੇ ਹਨ ਕਿ ਉਨਾਂ ਨੂੰ ਅਲਾਟ ਕੀਤੇ ਜਾਂਦੇ ਪੂਰੇ ਪੈਸੇ ਉਨਾਂ ਤੱਕ ਪਹੁੰਚਦੇ ਹੀ ਨਹੀਂ ਹਨ। ਅਸਲ ਲਾਭਪਾਤਰੀਆਂ ਤਕ ਅਜਿਹੇ ਲਾਭ ਪਹੁੰਚਣ ਵਿਚ ਵੱਡੇ ਪੱਧਰ ’ਤੇ ਲੀਕੇਜ ਹੋ ਰਹੀ ਹੈ। ਸਾਰੀਆਂ ਭਲਾਈ ਸਕੀਮਾਂ ਵਿਚ ਭ੍ਰਿਸ਼ਟ ਅਮਲ ਨੂੰ ਰੋਕਣ ਲਈ ਤਕਨਾਲੋਜੀ ਦੀ ਵਰਤੋਂ ਕਰਨ ਲਈ ਕੋਈ ਗੰਭੀਰ ਯਤਨ ਨਹੀਂ ਕੀਤੇ ਗਏ ਹਨ ਅਤੇ ਰਾਜਨੀਤਕ ਸਬੰਧਾਂ ਵਾਲੇ ਲੋਕ ਅਜਿਹੇ ਅਮਲ ਦਾ ਪੂਰਾ ਲਾਭ ਉਠਾ ਰਹੇ ਹਨ।

ਇਸ ਸਥਿਤੀ ਦਾ ਸੱਚ ਇਹ ਹੈ ਕਿ ਜਦੋਂ ਵੀ ਕਿਸੇ ਕਿਸਮ ਦੀ ਧੋਖਾਧੜੀ ਦਾ ਪਰਦਾਫਾਸ਼ ਹੋ ਜਾਂਦਾ ਹੈ ਤਾਂ ਸਮੁੱਚੀ ਭਲਾਈ ਯੋਜਨਾ ਹੀ ਬੰਦ ਹੋ ਜਾਂਦੀ ਹੈ ਅਤੇ ਸਥਿਤੀ ਹੋਰ ਬਦਤਰ ਹੋ ਜਾਂਦੀ ਹੈ। ਸੂਬਾ ਸਰਕਾਰ ਫਜ਼ੂਲ ਖ਼ਰਚਿਆਂ ਨੂੰ ਰੋਕਣ ਲਈ ਬੀਤੇ ਸਾਢੇ ਚਾਰ ਸਾਲਾਂ ਵਿਚ ਕੋਈ ਠੋਸ ਕਦਮ ਨਹੀਂ ਚੁੱਕ ਸਕੀ। ਉਲਟਾ ਇਸ ਨੇ ਆਪਣੇ ਵਿਧਾਇਕਾਂ ਅਤੇ ਨੌਕਰਸ਼ਾਹਾਂ ਲਈ 400 ਨਵੀਆਂ ਮਹਿੰਗੀਆਂ ਐੱਸਯੂਵੀ ਗੱਡੀਆਂ ਸਰਕਾਰ ਬਣਨ ਦੇ ਪਹਿਲੇ ਸਾਲ ਵਿਚ ਹੀ ਖ਼ਰੀਦ ਲਈਆਂ ਗਈਆਂ ਸਨ। ਹੁਣ ਸਿਆਸਤਦਾਨ ਹੋਰ ਨਵੇਂ ਵਾਅਦੇ ਕਰਨ ਵਿਚ ਰੁੱਝੇ ਹੋਏ ਹਨ।

ਬਿਨਾਂ ਇਹ ਸੋਚੇ ਕਿ ਉਨਾਂ ਵੱਲੋਂ ਇਹ ਵਾਅਦੇ ਪੂਰੇ ਕਿਵੇਂ ਕੀਤੇ ਜਾਣੇ ਹਨ ? ਆਉਣ ਵਾਲੇ 5 ਸਾਲਾਂ ਵਿਚ ਨਿੱਜੀ ਖੇਤਰ ਦੀਆਂ 10 ਲੱਖ ਨੌਕਰੀਆਂ ਉਪਲਬਧ ਕਰਵਾਉਣ ਦੇ ਜੋ ਵਾਅਦੇ ਕੀਤੇ ਜਾ ਰਹੇ ਹਨ, ਇਸ ਤੋਂ ਵੱਡਾ ਝੂਠ ਹੋਰ ਕੋਈ ਨਹੀਂ ਹੋ ਸਕਦਾ। ਕੋਈ ਵੀ ਸਰਕਾਰ ਪ੍ਰਾਈਵੇਟ ਸੈਕਟਰ ਵਿਚ ਪੈਦਾ ਕੀਤੀਆਂ ਜਾ ਰਹੀਆਂ ਨੌਕਰੀਆਂ ਵਿਚ ਭਰਤੀ ਲਈ ਉਸ ਸੈਕਟਰ ਨੂੰ ਕਿਵੇਂ ਮਜਬੂਰ ਕਰ ਸਕਦੀ ਹੈ ਅਤੇ ਉਸ ਬਾਰੇ ਅਨੁਮਾਨ ਕਿਸ ਤਰਾਂ ਲਗਾ ਸਕਦੀ ਹੈ।

ਇਕ ਹਾਲੀਆ ਅਧਿਐਨ ਨੇ ਸੰਕੇਤ ਦਿੱਤੇ ਹਨ ਕਿ ਮੌਜੂਦਾ ਸਰਕਾਰ ਦੀ ਚੱਲ ਰਹੀ ‘ਘਰ-ਘਰ ਰੁਜ਼ਗਾਰ ਯੋਜਨਾ’ ਵਿਚ ਭਰਤੀ ਕੀਤੇ ਗਏ ਨਵੇਂ ਕਰਮਚਾਰੀਆਂ ਦੀ ਨੌਕਰੀ ਛੱਡਣ ਦੀ ਦਰ 90% ਤੋਂ ਵੱਧ ਹੈ। ਆਰਥਿਕ ਮੰਦੀ ਅਤੇ ਕੋਰੋਨਾ ਮਹਾਂਮਾਰੀ ਕਾਰਨ ਪੂਰੀ ਵਿਸ਼ਵ ਅਰਥਵਿਵਸਥਾ ਡਗਮਗਾ ਰਹੀ ਹੈ, ਕਰਮਚਾਰੀਆਂ ਦੀ ਛੁੱਟੀ ਕੀਤੀ ਜਾ ਰਹੀ ਹੈ ਅਤੇ ਤਨਖ਼ਾਹਾਂ ਵਿਚ ਕਟੌਤੀ ਕੀਤੀ ਜਾ ਰਹੀ ਹੈ।

ਅਜਿਹੇ ਮਾਹੌਲ ’ਚ ਕੋਈ ਵੀ ਇੰਨੀਆਂ ਨੌਕਰੀਆਂ ਦੀ ਗਾਰੰਟੀ ਕਿਵੇਂ ਦੇ ਸਕਦਾ ਹੈ ? ਇਸ ਸਭ ਦਾ ਵਾਅਦਾ ਉਦੋਂ ਕੀਤਾ ਜਾ ਰਿਹਾ ਹੈ ਜਦੋਂ ਇੰਡਸਟਰੀ ਪੰਜਾਬ ’ਚੋਂ ਭੱਜ ਰਹੀ ਹੈ। ਮੌਜੂਦਾ ਸਰਕਾਰ ਦੁਆਰਾ ਕੀਤੇ ਗਏ ਵੱਡੇ ਵਾਅਦਿਆਂ ਨੂੰ ਵਿੱਤੀ ਮਜਬੂਰੀਆਂ ਕਾਰਨ ਪੂਰਾ ਨਹੀਂ ਕੀਤਾ ਜਾ ਸਕਦਾ। ਇਹ ਵਾਅਦੇ ਸਿਰਫ਼ ਵੋਟਰਾਂ ਨੂੰ ਭਰਮਾਉਣ ਅਤੇ ਸਰਕਾਰ ਬਣਾਉਣ ਲਈ ਹੀ ਕੀਤੇ ਗਏ ਸਨ। ਕਮਿਸ਼ਨ ਨੇ ਨੋਟ ਕੀਤਾ ਕਿ 2018-19 ਵਿਚ ਕੁੱਲ ਮਾਲੀਆ ਪ੍ਰਾਪਤੀਆਂ (ਟੀਆਰਆਰ) ਦੇ ਅਨੁਪਾਤ ਲਈ ਪੰਜਾਬ ਦਾ ਵਿਆਜ ਭੁਗਤਾਨ 26.2% ਸੀ ਜੋ ਸਾਰੇ ਰਾਜਾਂ ਵਿਚ ਸਭ ਤੋਂ ਵੱਧ ਸੀ।

ਇਹ ਵੀ ਸਾਹਮਣੇ ਆਇਆ ਕਿ ਪੰਜਾਬ ਪਿਛਲੇ ਸਮੇਂ ਵਿਚ ਆਪਣੀ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ (ਐੱਫਆਰਬੀਐੱਮ) ਦੀ ਹੱਦ ਦੀ ਪਾਲਣਾ ਵੀ ਨਹੀਂ ਕਰ ਰਿਹਾ। ਸਿਆਸਤਦਾਨਾਂ ਨੇ ਪਹਿਲਾਂ ਸੂਬੇ ਦੇ ਬਿਜਲੀ ਬੋਰਡ ਨੂੰ ਦੀਵਾਲੀਆ ਕਰ ਦਿੱਤਾ ਅਤੇ ਹੁਣ ਸਰਕਾਰੀ ਬੱਸਾਂ ਵਿਚ ਮੁਫ਼ਤ ਯਾਤਰਾ ਦੀ ਯੋਜਨਾ ਛੇਤੀ ਹੀ ਪੰਜਾਬ ਦੇ ਟਰਾਂਸਪੋਰਟ ਖੇਤਰ ਨੂੰ ਵੀ ਬਰਬਾਦ ਕਰ ਦੇਵੇਗੀ। ਪੰਜਾਬ ਹੋਰ ਉਜਾੜਾ ਹੁੰਦਾ ਰਹੇਗਾ ਜੇ ਅਖੌਤੀ ਲੀਡਰ ਵੋਟਾਂ ਦੀ ਰਾਜਨੀਤੀ ਛੱਡ ਕੇ ਪੰਜਾਬ ਦੀ ਬਿਹਤਰੀ ਨੂੰ ਸਹੀ ਢੰਗ ਨਾਲ ਤਰਜੀਹ ਨਹੀਂ ਦੇਣਗੇ।

# ਖ਼ਾਲਸਾ ਕਦੋਂ ਤੇ ਕਿਸ ਸਮੇਂ ਤਲਵਾਰ ਚੁੱਕਦਾ



ਜ਼ੋਰਾਵਰ ਸਿੰਘ ਤਰਸੀਕਾ

ਨਿਹੰਗ ਸਿੰਘਾਂ ਨੂੰ ਗੁਰੂ ਮਹਾਰਾਜ ਦੀ ਬੇਅਦਬੀ ਕਰਨ ਵਾਲੇ ਨੂੰ ਵੱਢ ਕੇ ਮਾਰਨ ਦੀ ਲੋੜ ਕਿਉ ਪਈ ।ਕਸੂਰ ਕਿਸ ਦਾ ਇਹ ਬਹੁਤ ਵੱਡਾ ਪਹਿਲੂ ਹੈ ਸੋਚਨ ਦਾ , ਆਖਰ ਕਿਉ ਹਥਿਆਰ ਵਰਤਨੇ ਪਏ ।ਗੱਲ ਸੁਰੂ ਹੁੰਦੀ ਹੈ ਬਰਗਾੜੀ ਮੋਰਚਾ ਲਗਵਾਉਣ ਤੋ ਪਹਿਲਾ ਦੀ ਜਦੋ ਗੁਰੂ ਸਾਹਿਬ ਜੀ ਦੀ ਬੇਅਦਬੀ ਹੋਈ ਕਿਸੇ ਸਰਕਾਰ ਦੇ ਕੰਨ ਤੇ ਜੂੰ ਤਕ ਨਹੀ ਸ਼ਰਕੀ ।ਸਗੋ ਬਰਗਾੜੀ ਮੋਰਚੇ ਦੌਰਾਨ ਸ਼ਾਤਮਈ ਸਿੱਖਾਂ ਨੂੰ ਹੀ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਕਿਸੇ ਵੀ ਸਰਕਾਰ ਜਾ ਅਦਾਲਤ ਨੇ ਦੋਸੀਆਂ ਨੂੰ ਕੋਈ ਵੱਡੀ ਸਜਾ ਨਹੀ ਦਿੱਤੀ ।ਦੋਸੀ ਸਰੇਆਮ ਘੁੰਮ ਰਹੇ ਹਨ ਤੇ ਸਰਾਰਤੀ ਅਨਸਰ ਦਿਨ ਬਾ ਦਿਨ ਕੋਈ ਨਾ ਕੋਈ ਨਵੀ ਬੇਅਦਬੀ ਨੂੰ ਅੰਜਾਮ ਦੇ ਰਹੇ ਹਨ ।ਗੱਲ ਏਥੇ ਨਹੀ ਰੁਕੀ ਵਾਰ ਵਾਰ ਸਰਕਾਰ ਦੇ ਧਿਆਨ ਵਿੱਚ ਲਿਉਣ ਦੇ ਬਾਵਜੂਦ ਦੋਸੀ ਸਰੇਆਮ ਤਖ਼ਤ ਕੇਸ਼ਗੜ ਸਾਹਿਬ ਤੇ ਜਾ ਕੇ ਸਿਰਗਟ ਪੀ ਕੇ ਗੁਰੂ ਗ੍ਰੰਥ ਸਾਹਿਬ ਜੀ ਵੱਲ ਸੁੱਟਦੇ ਹੈ ।ਜੋ ਰਾਗੀ ਸਿੰਘ ਜੋ ਕੀਰਤਨ ਦੀ ਹਾਜਰੀ ਬਰ ਰਹੇ ਸਨ ਓਹਨਾ ਦੇ ਪੈਰਾਂ ਕੋਲ ਜਾ ਕੇ ਡਿਗ ਪੈਦੀ ਹੈ ।ਫੇਰ ਵੀ ਉਥੋ ਦੇ ਪ੍ਰਬੰਧਕਾਂ ਨੇ ਕਨੂੰਨ ਦਾ ਸਹਾਰਾ ਲੈ ਕੇ ਉਸ ਨੂੰ ਪੁਲਿਸ ਦੇ ਹਵਾਲੇ ਕੀਤਾ ।ਪਰ ਉਸ ਨੂੰ ਕੀ ਹੋਣਾ ਕੁਝ ਨਹੀ ਮੈਂਟਲੀ ਐਬਸਟ ਦਸ ਕੇ ਕੇਸ ਰਫਾ ਦਫਾ ਕਰ ਦਿੱਤਾ ਜਾਵੇਗਾ ।ਇਹ ਬੇਅਦਬੀਆਂ ਕਰਵਾਉਣ ਵਾਲੇ ਤੇ ਕਰਨ ਵਾਲਿਆ ਦੇ ਹੌਸਲੇ ਹੋਰ ਵੱਧਦੇ ਜਾ ਰਹੇ ਹਨ ਕਿ ਕਨੂੰਨ ਸਾਨੂੰ ਕੀ ਕਰ ਸਕਦਾ ਹੈ ।ਇਹ ਤੇ ਮਹੀਨਾ ਖੰਡ ਰੱਖ ਕੇ ਵਾਪਸ ਫੇਰ ਬਾਹਰ ਆ ਜਾਣਗੇ ।ਹੁਣ ਤੇ ਸਿਖਾਂ ਨੇ ਵੀ ਸਮਝ ਲਿਆ ਕੇ ਝੋਟੇ ਅੱਗੇ ਬੀਨ ਵਜਾਉਣ ਦਾ ਕੋਈ ਫਾਇਦਾ ਨਹੀ ਇਹ ਚੋਰ ਕੁੱਤੀ ਸਭ ਰਲੇ ਹੋਏ ਹਨ ।ਨਾ ਤੇ ਕਨੂੰਨ ਨੇ ਇਹਨਾ ਨੂੰ ਕੋਈ ਸਜਾ ਦੇਣੀ ਹੈ ਤੇ ਨਾ ਹੀ ਇਹਨਾ ਦੋਸੀਆ ਨੇ ਬੇਅਦਬੀਆਂ ਕਰਨੋ ਹਟਨਾ ਹੈ ।ਹੁਣ ਤੇ ਆਪ ਹੀ ਆਪਣਾ ਗੁਰੂਘਰ



ਇਹਨਾ ਦੁਸ਼ਟਾ ਤੋ ਬਚਾਉਣਾ ਪੈਣਾ ਹੈ ।ਕਨੂੰਨ ਤੇ ਸਰਕਾਰ ਦੀ ਕਮਜੋਰੀ ਤੋ ਦੁੱਖੀ ਹੋ ਕੇ ਹੀ ਸੰਬੂ ਬਾਡਰ ਤੇ ਨਿਹੰਗ ਸਿੰਘ ਨੇ ਉਸ ਨਸ਼ੈੜੀ ਦੁਸ਼ਟ ਦਾ ਸੋਦਾ ਲਾਉਣਾ ਪਿਆ ।ਕਿ ਦੂਸਰਿਆ ਦੋਸੀਆ ਨੂੰ ਵੀ ਡਰ ਪੈ ਸਕੇ ਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆ ਦਾ ਕੀ ਹਾਲ ਹੋ ਸਕਦਾ ਹੈ ।ਇਕ ਸੋਚਨ ਵਾਲੀ ਗਲ ਇਹ ਵੀ ਹੈ ਜੋ ਦੋਸ਼ੀ ਨਿਹੰਗ ਸਿੰਘਾਂ ਵਲੋ ਮਾਰਿਆ ਗਿਆ ਹੈ ।ਜਿਸ ਦਾ ਨਾਮ ਲਖਬੀਰ ਸਿੰਘ ਹੈ ਜਿਸ ਦਾ ਪਿੰਡ ਚੀਮਾ ਜਿਲਾ ਤਰਨਤਾਰਨ ਸਾਹਿਬ ਹੈ ।ਉਸ ਦੇ ਪਰਿਵਾਰ ਦੇ ਮੈਬਰ ਦਸਦੇ ਹਨ ਕਿ ਇਹ ਤੇ ਨਸ਼ਿਆ ਦਾ ਆਦੀ ਸੀ ਜਿਸ ਦੀ ਘਰਵਾਲੀ ਵੀ ਛੱਡ ਕੇ ਚਲੀ ਗਈ ਸੀ ।ਚੋਰੀਆਂ ਵਗੈਰਾ ਕਰਦਾ ਸੀ ਨਸ਼ਿਆ ਦੀ ਪੂਰਤੀ ਵਾਸਤੇ ਤੇ ਬਨੈਨ ਤੇ ਕੈਪਰੀ ਵਿੱਚ ਹੀ ਰਹਿੰਦਾ ਸੀ ਕਦੇ ਅੰਮ੍ਰਿਤਸਰ ਤਕ ਨਹੀ ਗਿਆ ।ਇਹ ਕਲਾ ਦਿਲੀ ਕਿਵੇ ਚਲਾ ਗਿਆ ਤੇ ਉਥੇ ਜਾ ਕੇ ਨਿਹੰਗਾਂ ਵਾਲੇ ਬਸਤਰ ਕਿਵੇ ਪਾਏ ਇਹ ਬਹੁਤ ਵੱਡਾ ਸਵਾਲ ਹੈ ਸਰਕਾਰ ਅੱਗੇ ।ਤੁਸੀ ਤੇ ਨਿਹੰਗ ਸਿੰਘ ਨੂੰ ਵੀ ਫੜ ਲਿਆ ਉਸ ਤੇ ਧਾਰਾ ਲਾ ਕੇ ਜੇਲ ਵੀ ਭੇਜ ਦਿਉਗੇ ।ਪਰ ਉਸ ਦੋਸੀ ਲਖਬੀਰ ਸਿੰਘ ਨੂੰ ਦਿੱਲੀ ਲਿਉਣ ਵਿਚ ਤੇ ਉਸ ਤੋ ਬੇਅਦਬੀ ਕਵਾਉਣ ਵਾਲਿਆ ਦੇ ਕਦੋ ਪਤਾ ਲਗਵਾ ਕੇ ਉਹਨਾ ਨੂੰ ਬਣਦੀ ਸਜਾ ਦੇਵੋਗੇ ।

# ਸਾਡੀ ਪੰਥਕ ਹਸਤੀ ਦੇ ਸੁਆਲ ਦਾ ਹੱਲ ਕਿਵੇਂ ਟੋਲੀਏ ?

## ਪੁਰਖਿਆਂ ਦੇ ਇਤਿਹਾਸ ਦਾ ਨਰੇਟਿਵ ਸਿਰਜਦਿਆਂ ਸਫਾਂ ਵਿਛਾ ਕੇ ਇਕਮੁੱਠ ਹੋਵੋ, ਵਾਦ ਵਿਵਾਦ ਮਿਟਾਉ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

9815700916

ਅਸੀਂ ਸਿੱਖ ਦਿਸ਼ਾਹੀਣ ਨਾਦਾਨ ਪਰਿੰਦੇ ਹਾਂ। ਕੁਝ ਕਰਜ਼ ਨੇ ਸਾਡੇ ਉਪਰ ਗੁਰੂ ਸਾਹਿਬਾਨ ਦੇ, ਜੇ ਉਹ ਨਾ ਨਿਭਾਏ ਤਾਂ ਅਸੀਂ ਖੁਆਰ ਹੁੰਦੇ ਰਹਾਂਗੇ। ਆਪਣਾ ਇਤਿਹਾਸ, ਸਾਹਿਤ ਫਲਸਫਾ, ਸਭਿਆਚਾਰ, ਗੁਰਮੁਖੀ, ਬੋਲੀ ਸੰਭਾਲੋ। ਇਨਾਂ ਚੈਲਿੰਜਾਂ ਨਾਲ ਨਿਬੜਨ ਦੀ ਰੋਸ਼ਨੀ ਸਤਿਗੁਰੂ ਗ੍ਰੰਥ ਸਾਹਿਬ ਤੋਂ ਮਿਲਣੀ ਹੈ। ਸਿੱਖ ਪੰਥ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਨਾਲ ਨਾ ਜੁੜਿਆ ਹੈ। ਜੇ ਅਸੀਂ ਗਰੀਬਾਂ, ਦਬਿਆਂ ਕੁਚਲਿਆਂ ਨੂੰ ਸਾਥੀ ਨਾ ਬਣਾਇਆ ਅਸੀਂ ਆਪਣੇ ਆਪ ਨੂੰ ਕਮਜੋਰ ਪਵਾਂਗੇ। ਗੁਰੂ ਸਾਹਿਬਾਨ ਦੀ ਉਸਾਰੀ ਲਹਿਰ ਦੀ ਸ਼ਕਤੀ ਦਾ ਆਧਾਰ ਕਿਰਤੀ ਤੇ ਬਿਪਰਨਵਾਦ ਦੇ ਸਤਾਏ ਲੋਕ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਸਤਿਗੁਰੂ ਦੇ ਹੁਕਮ ਨਾਲ ਜੁੜ ਕੇ ਇਸੇ ਆਧਾਰ ਨੂੰ ਆਪਣੇ ਨਾਲ ਜੋੜਿਆ ਤੇ ਖਾਲਸਾ ਰਾਜ ਦੀ ਸਥਾਪਤੀ ਕੀਤੀ। ਸਾਡਾ ਇਤਿਹਾਸ ਉਹੀ ਹੈ ਜੋ ਸਾਡੇ ਸਤਿਗੁਰੂ ਲਈ ਸ਼ਰਧਾ ਵਿਸ਼ਵਾਸ ਜਗਾਉਂਦਾ ਹੈ । ਇਹ ਵਿਸ਼ਵਾਸ ਤੇ ਵਿਚਾਰ ਸਰਬਤ ਦੇ ਭਲੇ ਦੇ ਰਾਹ ਵਲ ਤੋਰਦਾ ਹੈ। ਸਾਡੇ ਇਤਿਹਾਸ ਦਾ ਨਰੇਟਿਵ ਸਾਡੀ ਚੇਤਨਾ ਬੁਲੰਦ ਕਰਦਾ ਹੈ। ਇਤਿਹਾਸ ਹੀ ਤੁਹਾਡੀ ਜਾਨ ਤੇ ਸ਼ਾਨ ਹੁੰਦਾ ਹੈ। ਇਸ ਵਿਚ ਸਾਡੇ ਪੁਰਖਿਆਂ ਦੀ ਪ੍ਰਾਪਤੀ ਤੇ ਇਤਿਹਾਸ ਨੂੰ ਮੋੜਨ, ਸ਼ਹਾਦਤਾਂ, ਰਾਜ ਦੇ ਮਹਾਨ ਬਿਰਤਾਂਤ ਹਨ। ਇਤਿਹਾਸ ਸਾਡੇ ਅੰਦਰ ਜੋਸ਼ ਤੇ ਜ਼ਜਬਾ ਭਰਦਾ ਹੈ। ਜਦੋਂ ਅਸੀਂ ਆਪਣੇ ਇਤਿਹਾਸ ਦਾ ਅਧਿਐਨ ਕਰਦੇ ਹਾਂ ਤਾਂ ਅਸੀਂ ਪੁਰਾਤਨਤਾ ਵਿਚ ਹੁੰਦੇ ਆਪਣੇ ਪੁਰਖਿਆਂ ਉਪਰ ਮਾਣ ਕਰ ਰਹੇ ਹੁੰਦੇ ਹਾਂ। ਅਸੀਂ ਅੱਜ ਦੇ ਦੌਰ ਵਿਚ ਆਪਣੇ ਪੁਰਖਿਆਂ ਵਾਲਾ ਇਤਿਹਾਸ ਤੇ ਸਭਿਆਚਾਰ ਕਿਵੇਂ ਲਾਗੂ ਕਰਨਾ ਤੇ ਆਪਣੇ ਖਾਲਸਾ ਪੰਥ ਨੂੰ ਕਿਵੇਂ ਅੱਗੇ ਵਧਾਉਣਾ ਹੈ ਇਹ ਇਕ ਚੈਲਿੰਜ ਹੈ। ਇਹੀ ਇਤਿਹਾਸ ਦਾ ਨਰੇਟਿਵ ਹੈ। ਬਿਰਤਾਂਤ ਸਿਰਜੇ ਬਿਨਾਂ ਤੁਸੀਂ ਭਵਿੱਖ ਤੇ ਅਗਲੇ ਯੁਗ ਵਿਚ ਆਪਣੀ ਕਥਾ ਨਹੀਂ ਰਚ ਸਕਦੇ, ਨਾ ਕਮਾਲ ਦਿਖਾ ਸਕਦੇ ਹੋ। ਅੱਜ ਸਾਡੇ ਸਿੱਖ ਪਰਿੰਦਿਆਂ ਦੀ ਉਡਾਨ ਵੱਖਰੀ ਵੱਖਰੀ ਤਾਲੋਂ ਖੁੰਝੀ ਹੈ, ਕਿਉਂਕਿ ਅਸੀਂ ਗੁਰੂ ਹੁਕਮਾਂ ਨੂੰ ਭੁਲੇ ਹਾਂ। ਇਸ ਕਰਕੇ ਅਸੀਂ ਨਵਾਂ ਇਤਿਹਾਸ ਘੜ ਨਹੀਂ ਸਕੇ ਆਪਣੇ ਪੁਰਖਿਆਂ ਵਾਂਗ। ਆਓ ਆਪਣੇ ਅਠਾਰਵੀਂ ਸਦੀ ਦੇ ਪੁਰਖਿਆਂ ਵਾਂਗ ਸਫਾਂ ਵਿਛਾਕੇ ਆਪਣੇ ਵਿਤਕਰੇ ਖਤਮ ਕਰੀਏ। ਸਭ ਇਕ ਸੰਗਤ ਵਿਚ ਜਮਾਂ ਹੋਈਏ। ਜਿਵੇਂ ਡੂਮਣਾ ਹੁੰਦਾ ਹੈ, ਨੇੜੇ ਕੋਈ ਆਵੇ ਡੰਗ ਕੇ ਦੁਸ਼ਮਣ ਨੂੰ ਭਜਣ ਲਈ ਮਜਬੂਰ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ, ਪੰਥ ਨਾਲ ਬੇਇਨਸਾਫ਼ੀ, ਵਿਤਕਰੇ ਦਾ ਕਾਰਨ ਸਾਡੀ ਫੁੱਟ ਹੈ।

**ਰੁਲ ਰਹੀ ਸਿੱਖ ਬੌਧਿਕਤਾ**






**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥**

ਮੈਂ ਇਹ ਜਾਣਦਾ ਪੰਥਕ ਸੰਸਥਾਵਾਂ, ਸਿੱਖ ਸਮਾਜ ਵਿਚ ਸਿੱਖ ਲੇਖਕਾਂ ਦਾ ਵਜੂਦ ਨਹੀਂ ਹੈ। ਸਰਕਾਰ ਕਾਰਨ ਸਰਕਾਰੀ ਨੀਤੀ ਵਾਲੇ ਖੱਬੇਪੱਖੀਆਂ ਦਾ ਯੂਨੀਵਰਸਿਟੀਆਂ, ਸਾਹਿਤਕ ਸਭਾਵਾਂ ਤੇ ਅਕਾਦਮੀਆਂ ਉਪਰ ਕਬਜ਼ਾ ਹੈ। ਪੰਜਾਬ ਸੰਤਾਪ ਤੋਂ ਇਹ ਨੀਤੀ ਹੋਰ ਤੇਜ਼ ਕੀਤੀ ਗਈ। ਸਿੱਖੀ ਨੂੰ ਪਰਨਾਏ ਲੇਖਕਾਂ ਦੀ ਕੋਈ ਸਪੇਸ ਨਹੀਂ ਰਹਿਣ ਦਿੱਤੀ। ਸਿੱਖ ਲੇਖਕਾਂ ਨੂੰ ਆਮ ਹੀ ਧਾਰਮਿਕ, ਕੱਟੜ ਤੇ ਅੰਧ ਵਿਸ਼ਵਾਸੀ ਕਹਿ ਕੇ ਰੱਦ ਕੀਤਾ ਜਾਂਦਾ ਹੈ। ਜੇ ਸਿੱਖ ਲੇਖਕ ਪ੍ਰਵਾਨ ਨਹੀਂ, ਸਿੱਖ ਸਾਹਿਤ ਤੇ ਇਤਿਹਾਸ ਕਿਵੇਂ ਪਰਵਾਨ ਕੀਤਾ ਜਾਵੇਗਾ। ਇਹ ਤੁਸੀਂ ਸਰਕਾਰੀ ਨੀਤੀ ਜਾਣ ਸਕਦੇ ਹੋ। ਤੁਸੀਂ ਇਹ ਵੀ ਕਹਿ ਸਕਦੇ ਹੋ ਕਿ ਇਹ ਸਰਕਾਰੀ ਕਾਮਰੇਡਾਂ ਦਾ ਫਿਰਕੂਵਾਦ ਹੈ। ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਸਿੱਖ ਗਿਆਨ ਸਿਲੇਬਸ ਤੇ ਵਿਚਾਰ ਸਰਕਾਰੀ ਸੰਸਥਾਵਾਂ ਵਿਚ ਨਹੀਂ ਉਭਰ ਸਕਦੇ। ਪਰ ਪੰਥਕ ਸੰਸਥਾਵਾਂ, ਸ਼੍ਰੋਮਣੀ ਕਮੇਟੀ ਨੇ ਇਹੀ ਪੰਥ ਵਿਰੋਧੀ ਸੋਚ ਵਾਲੇ ਤੇ ਨਾਸਤਕ, ਤਰਕਸ਼ੀਲ ਲੇਖਕ ਭਰਤੀ ਕੀਤੇ ਹਨ। ਲੇਖਕ ਸੁਰਜੀਤ ਪਾਤਰ ਫਤਿਹਗੜ ਯੂਨੀਵਰਸਿਟੀ ਵਿਚ ਪ੍ਰੋਫੈਸਰ ਭਰਤੀ ਕੀਤਾ ਗਿਆ ਸੀ। ਉਸ ਨੇ ਸਿੰਘ ਵੀ ਮਗਰ ਲਗਾਉਣਾ ਸ਼ੁਰੂ ਕਰ ਦਿਤਾ। ਪਰ ਉਸਦਾ ਵਜੂਦ ਅਖੌਤੀ ਨਿਰਪੱਖਤਾ ਵਾਲਾ ਰਿਹਾ। ਉਸਦਾ ਕਦੇ ਵਿਚਾਰ ਗੁਰਮਤਿ ਫਲਸਫੇ ਵਿਚੋਂ ਨਹੀਂ ਨਿਕਲਿਆ। ਜੇ ਪੰਥਕ ਸੰਸਥਾਵਾਂ ਵਿਚ ਨਰੇਟਿਵ ਨਾਸਤਕ ਤੇ ਤਰਕਸ਼ੀਲ ਹੈ ਤਾਂ ਸਿੱਖੀ ਕਿਥੋਂ ਭਾਲਦੇ ਹੋ ? ਜਦੋਂ ਵੱਡੇ ਸੈਮੀਨਾਰਾਂ ਵਿਚ ਵੱਡੀਆਂ ਸੰਸਥਾਵਾਂ ਦੇ ਲੀਡਰਾਂ ਦੀ ਹਾਜ਼ਰੀ ਵਿਚ ਬੋਲੀਦਾ ਹੈ ਕਿ ਇਹ ਵੱਡੀ ਪੰਥਕ ਸਮਸਿਆ ਹੈ, ਹੱਲ ਕਰੋ। ਬੋਲਦੇ ਵੇਲੇ ਉਨਾਂ ਦਾ ਚਿਹਰਾ, ਸਰੀਰਕ ਹਲਚਲ ਨੋਟ ਕਰੀਦੀ ਹੈ ਤਾਂ ਝੋਟੇ ਦੇ ਇਕ ਮੱਖੀ ਉਡਾਉਣ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਮੁਰਦਿਆਂ ਵਰਗੀ ਸ਼ਾਂਤੀ ਹੁੰਦੀ ਹੈ। ਸਿੱਖਾਂ ਦਾ ਈਸਾਈਕਰਨ ਸਭ ਚੁਪ। ਸਿੱਖਾਂ ਉਪਰ ਸਾਹਿਤਕ, ਇਤਿਹਾਸਕ ਤੇ ਸਭਿਆਚਾਰਕ ਹਮਲੇ ਸਭ ਚੁਪ। ਫਿਰ ਇਹ ਮਸਲੇ ਹਲ ਕਿਵੇਂ ਹੋਣੇ ਹਨ ? ਕੁਝ ਕੁ ਸਿੱਖ ਬੁੱਧੀਜੀਵੀ ਇਹ ਸਾਰਾ ਦ੍ਰਿਸ਼ ਦੇਖਕੇ ਸੰਘ ਜੁਆਇਨ ਕਰਕੇ ਉਨਾਂ ਦੀਆਂ ਸੰਸਥਾਵਾਂ ਵਿਚ ਭਰਤੀ ਹੋ ਕੇ ਅਨੰਦ ਮਾਣ ਰਹੇ ਹਨ। ਪਰ ਸਿੱਖੀ ਨੂੰ ਪਰਨਾਏ ਚਿੰਤਕ ਕਿਤੇ ਵੀ ਫਿਟ ਨਹੀਂ ਹੁੰਦੇ, ਸਮਝੌਤੇ ਨਹੀਂ ਕਰਦੇ। ਸਤਿਗੁਰੂ ਪ੍ਰਤੀ ਪ੍ਰੀਤ, ਪੰਥ ਪ੍ਰਤੀ ਪਿਆਰ ਪੰਥਕ ਚਿੰਤਕਾਂ ਨੂੰ ਗੁਰੂ ਬੰਧਨ ਵਿਚ ਬੰਨੀਂ ਰਖਦਾ ਹੈ। ਸਿੱਖ ਕਾਨਫਰੰਸਾਂ ਵਿਚ ਵੀ ਸਿੱਖ ਨੌਜਵਾਨ ਬੁੱਧੀਜੀਵੀਆਂ ਨੂੰ ਥਾਂ ਨਹੀਂ ਦਿੱਤੀ ਜਾਂਦੀ। ਯੂਨੀਵਰਸਿਟੀਆਂ ਵਿਚ ਉਨਾਂ ਦੀ ਦਾਲ ਨਹੀਂ ਗਲ਼ਦੀ ਤਾਂ ਅੱਗੋਂ ਸਿੱਖ ਬੌਧਿਕਤਾ ਕਿਵੇਂ ਵਿਕਾਸ ਕਰ ਸਕਦੀ ਹੈ ? ਜਾਣੇ ਅਨਜਾਣੇ ਵਿਚ ਸਿੱਖ ਕਾਨਫਰੰਸਾਂ ਵਿਚ ਸਨਾਤਨੀ ਬਜੁਰਗ ਬੁੱਧੀਜੀਵੀਆਂ ਨੂੰ ਵਿਸ਼ੇਸ਼ ਥਾਂ ਦਿੱਤੀ ਜਾਂਦੀ ਹੈ ਜੋ ਪੰਥਕ ਚੇਤਨਾ ਨੂੰ ਪਛਾਣਦੇ ਨਹੀਂ ਤੇ ਨਾ ਹੀ ਸਿੱਖੀ ਦੇ ਭਵਿੱਖ ਬਾਰੇ ਸੰਕਟਾਂ 'ਤੇ ਵਿਚਾਰ ਰਖਦੇ ਹਨ। ਨਾ ਹੀ ਉਹ ਗੁਰੂ ਗ੍ਰੰਥ ਸਾਹਿਬ ਦੀ ਸਰਵਉਚਤਾ ਦਾ ਧਿਆਨ ਰਖਦੇ ਹਨ। ਬਜ਼ੁਰਗ ਬੁੱਧੀਜੀਵੀ ਪੁਰਾਤਨ ਸਰੋਤਾਂ ਨੂੰ ਇੰਨ-ਬਿੰਨ ਸੱਚ ਮੰਨਦੇ ਅੰਨੀ ਸ਼ਰਧਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਲਿਆ ਖੜਾ ਕਰਦੇ ਹਨ। ਇਹੀ ਸਨਾਤਨੀ ਰੀਤ ਹੈ ਜੋ ਬ੍ਰਾਹਮਣਵਾਦ ਦੇ ਰੂਪ ਵਿਚ ਸਾਡੇ ਵਿਚਾਰਾਂ ਤੇ ਪੰਥ ਵਿਚ ਦਾਖਲ ਕਰਾ ਦਿੱਤੀ ਹੈ। ਇਹੀ ਕਾਰਨ ਹੈ ਕਿ ਸਾਡੇ ਵਿਚਾਰਾਂ ਉਪਰ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਪ੍ਰਕਾਸ਼ ਨਹੀਂ ਕਰ ਰਿਹਾ। ਜਦਕਿ ਗੁਰੂ ਗ੍ਰੰਥ ਸਾਹਿਬ ਕਾਇਨਾਤੀ ਗਿਆਨ ਹੈ। ਪੁਰਾਣੇ ਸੋਰਸਾਂ ਨੂੰ ਸ਼ਬਦ ਗੁਰੂ ਗਿਆਨ ਨਾਲ ਪਰਖਣਾ ਚਾਹੀਦਾ ਹੈ। ਪੁਰਾਤਨ ਸੋਰਸਾਂ ਵਿਚ ਚੰਗਾ ਵੀ ਮਿਲਦਾ, ਮਾੜਾ ਵੀ। ਪਰ ਸਾਡੀ ਬਿਰਤੀ ਹੰਸ ਵਰਗੀ ਹੋਣੀ ਚਾਹੀਦੀ ਹੈ ਜੋ ਡੱਡੀਆਂ ਦੀ ਥਾਂ ਮੋਤੀ ਚੁਣਦਾ ਹੈ। ਇਹੀ ਗੁਰਮੁਖਿ ਵਿਧੀ ਹੈ। ਭਾਈ ਗੁਰਦਾਸ ਜੀ ਨੇ ਸਪਸ਼ਟ ਕੀਤਾ ਹੈ-

**ਕਾਉਂ ਨ ਹੋਵਨਿ ਉਜਲੇ ਕਾਲੀ ਹੂੰ ਧਉਲੇ ਸਿਰਿ ਆਏ ॥**
**ਕਾਗਹੁ ਹੰਸ ਹੁਇ ਪਰਮ ਹੰਸੁ ਨਿਰਮੋਲਕੁ ਮੋਤੀ ਚੁਣਿ ਖਾਏ॥।**
**(ਵਾਰ ੩੭, ਪਉੜੀ ੨੮)**

ਕਾਉਂ ਕਦੇ ਹੰਸ ਵਾਂਗ ਚਿੱਟੇ ਨਹੀਂ ਹੁੰਦੇ, ਭਾਵੇਂ ਕਾਲਿਆਂ ਵਾਲਾਂ ਤੋਂ ਧੌਲੇ ਸਿਰ 'ਤੇ ਆ ਜਾਣ ਭਾਵ ਸਿਰ ਚਿੱਟਾ ਹੋ ਜਾਵੇ ਅਭਿਮਾਨੀ ਪੁਰਸ਼ ਨਹੀਂ ਸੁਧਰਦੇ। ਪ੍ਰੰਤੂ ਕਾਵਾਂ ਦਾ ਵੰਸ਼, ਭਾਵ, ਕਾਂ ਬਿਰਤੀ ਵਾਲੇ ਪੁਰਸ਼, ਗੁਰੂ ਮਾਨ ਸਰੋਵਰ ਅਰਥਾਤ ਗੁਰ ਗਿਆਨ ਤੇ ਹੁਕਮ ਵਿਚ ਟੁਭੀ ਲਗਾ ਕੇ ਪਰਮ ਹੰਸ ਹੋ ਕੇ ਅਮੋਲਕ ਮੋਤੀ ਅਰਥਾਤ ਸਚ ਚੁਣ ਚੁਣ ਕੇ ਖਾਂਦਾ ਹੈ, ਭਾਵ ਗੁਰੂ ਕਾਵਾਂ ਨੂੰ ਵੀ ਪਰਮ ਹੰਸ ਕਰ ਦੇਂਦੇ ਹਨ। ਸਾਨੂੰ ਸਿੱਖ ਨਰੇਟਿਵ ਸਿਰਜਣ ਲਈ ਸਨਾਤਨੀ ਬਜੁਰਗ ਬੁੱਧੀਜੀਵੀਆਂ ਨੂੰ ਪਰੇ ਰਖਣਾ ਚਾਹੀਦਾ। ਸਨਾਤਨੀ ਵਿਧੀ ਖਾਲਸਾ ਪੰਥ ਲਈ ਕੈਂਸਰ ਰੋਗ ਹੈ।ਗੁਰੂ ਗ੍ਰੰਥ ਸਾਹਿਬ ਇਸ ਦਾ ਬਦਲ ਹੈ ਜਿਸ ਰਾਹੀਂ ਅਸੀਂ ਆਪਣੀ ਖੜੋਤ ਤੋੜ ਸਕਦੇ ਹਾਂ।ਨੌਜਵਾਨ ਸਿੱਖ ਲੇਖਕ ਵਰਗ ਨੂੰ ਕਾਨਫਰੰਸਾਂ ਰਾਹੀਂ ਹੰਸ ਚੋਗ ਬਿਰਤੀ ਤੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨਾਲ ਜੋੜਨਾ ਚਾਹੀਦਾ ਹੈ।ਮੈਂ ਇਕ ਸਵਾਲ ਖੜਾ ਕਰਦਾ ਹਾਂ, ਜਦੋਂ ਖਾਲਸਾ ਪੰਥ ਉਪਰ ਅਕਾਦਮਿਕ ਹਮਲੇ ਕਾਮਰੇਡਾਂ ਤੇ ਆਰੀਅਨਾਂ ਵਲੋਂ ਹੁੰਦੇ ਹਨ ਤਾਂ ਸਨਾਤਨੀ ਸਿੱਖ ਬੁੱਧੀਜੀਵੀ ਦਸਣ ਕਿੰਨੇ ਕੁ ਜੁਆਬ ਦੇਣ ਜੋਗੇ ਹਨ।

ਮਹਾਂ ਸਿਖ ਵਿਦਵਾਨ ਪ੍ਰੋਫੈਸਰ ਪੂਰਨ ਸਿੰਘ ਨੇ ਸੱਚ ਲਿਖਿਆ ਹੈ ਕਿ ਗੁਰੂ ਸਾਹਿਬਾਂ ਦਾ ਮਜ਼ਹਬ ਸੰਖੇਪ ਵਿਚ, ਜੀਵਨ ਜਾਚ, ਅਗੰਮੀ ਜੋਤ ਨੂੰ ਜਗਦੇ ਰੱਖਣ ਦਾ ਹੈ। ਇਹ ਅਧਿਆਤਮਿਕ ਜਾਂ ਧਰਮ ਸ਼ਾਸਤਰਾਂ ਅਨੁਸਾਰ ਹੋਣ ਦੀ ਬਜਾਏ ਵਧੇਰੇ ਕਲਾਮਈ ਹੈ ਅਤੇ ਇਹ ਕਿਰਤ, ਕਾਰੀਗਰੀ ਮਨੁੱਖ, ਕੁਦਰਤ ਅਤੇ ਉਨਾਂ ਦੀ ਘਾੜਤ ਵਿਚਲੇ ਹੁਸਨ ਦੀ ਪ੍ਰਸ਼ੰਸਾ ਨਾਲ ਭਰਪੂਰ ਹੈ। ਇਸ ਵਿਚ ਅਸੀਮ ਖੁਸ਼ੀ ਹੈ ਅਤੇ ਅਸੀਮ ਗ਼ਮ ਵੀ ਹਨ। ਗੁਰੂ ਪ੍ਰਣਾਲੀ ਵਿਚ ਖੁਸ਼ੀ ਜੀਵਨ ਦੇ ਗ਼ਮਾਂ ਦੇ ਰੁੱਖ 'ਤੇ ਖਿੜਿਆ ਫੁੱਲ ਹੈ। ਜਿਨਾਂ ਨੂੰ ਜੀਵਨ ਵਿਚ ਗ਼ਮ ਦਾ ਅਹਿਸਾਸ ਪ੍ਰਾਪਤ ਨਹੀਂ ਹੋਇਆ ਉਨਾਂ ਲਈ ਨਿਰੀ ਖੁਸ਼ੀ ਹੌਕੇਂ ਭਰੀ, ਧੋਖਾ ਅਤੇ ਟਹਿਣੀਓਂ ਟੁੱਟੇ ਫੁੱਲ ਦੇ ਮਰਝਾਉਣ ਸਮੇਂ ਦੇ ਰੰਗਾਂ ਵਾਂਗ ਤਤਵਹੀਣ ਹੈ।

ਗੁਰੂ ਗੋਬਿੰਦ ਸਿੰਘ ਦਾ ਖਾਲਸਾ ਪੰਥ ਇਕ ਅਜਿਹਾ ਸੰਘ ਹੈ ਜਿਸ ਵਿਚ ਇਸਤਰੀਆਂ ਖੁਲਾ ਅਤੇ ਬਰਾਬਰ ਦਾ ਭਾਗ ਲੈਂਦੀਆਂ ਹਨ। ਇਸਤਰੀਆਂ ਲਈ ਸਿੱਖੀ ਅਤੇ ਪਿਆਰ ਦੇ ਬਰਾਬਰ ਦੇ ਅਧਿਕਾਰਾਂ ਤੇ ਸਮਾਜ ਦੀ ਪੁਨਰ-ਉਸਾਰੀ ਇਤਿਹਾਸ ਵਿਚ ਪਹਿਲੀ ਵਾਰੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਦਾ ਹੱਕ ਮਿਲਿਆ ਹੈ। ਗੁਰੂ ਸਾਹਿਬਾਂ ਵੱਲੋਂ ਰਚੇ ਗਏ ਸਿੱਖ ਸਾਹਿਤ ਵਿਚ ਸਿੱਖਣੀ ਸ਼ਬਦ ਕਿਤੇ ਨਹੀਂ ਮਿਲਦਾ। ਅਨੁਯਾਈ ਜਾਂ ਸਿੱਖ ਲਿੰਗ-ਰਹਿਤ ਨਾਂਵ ਹੈ। ਇਹ ਨਾਮਕਰਨ ਸਭ ਨੂੰ ਦਿੱਤਾ ਜਾਂਦਾ ਹੈ, ਜੋ ਸੰਗਤ ਵਿਚ ਆਉਂਦਾ ਹੈ। ਗੁਰੂ ਸਾਹਿਬਾਂ ਦਾ ਆਦਰਸ਼ ਲਾਸਾਨੀ ਅਤੇ ਕ੍ਰਾਂਤੀਕਾਰੀ ਹੈ।

ਆਓ, ਫਿਰ, ਉਹ ਪੰਜਾਬ ਦੇ ਸਿੱਖ ਨੌਜਵਾਨੋ ਅਤੇ ਸਤਿਗਰਾਂ ਦੇ ਨਾਮ ਤੇ ਸਭ ਕੁਝ ਤਿਆਗ ਕੇ, ਗੁਰੂ ਦਾ ਝੰਡਾ ਬੁਲੰਦ ਅਤੇ ਝੂਲਦਾ ਰੱਖੋ। ਆਉ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਬਣੀਏ ਅਤੇ ਇਸ ਜੀਵਨ ਰੂਪੀ ਜੰਗਲ ਦੇ ਕੱਖ-ਕਾਣ ਵਰਗੇ ਅਖਾਉਤੀ ਅਵਤਾਰਾਂ ਦੇ ਫ਼ਿਰਕਿਆਂ, ਸਭਾਵਾਂ ਜਾਂ ਕਲੱਬਾਂ ਦੀ ਹੋ ਰਹੀ ਖੁੰਬਾਂ ਵਰਗੀ ਉਤਪੱਤੀ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਈਏ। ਸਾਡੇ ਤੋਂ ਪਹਿਲਾਂ ਹੋਏ ਖ਼ਾਲਸੇ ਮੌਤੋਂ ਪਰੇ ਰਹਿੰਦੇ ਹਨ। ਉਹ ਸਾਡੀ ਮੱਦਦ ਲਈ ਸਾਡੇ ਪਾਸ ਆਉਂਦੇ ਹਨ, ਜੇ ਅਸੀਂ ਆਪਣਾ ਰੁਖ਼ ਉਨਾਂ ਵੱਲ ਕਰੀਏ ਅਤੇ ਇਮਦਾਦ ਮੰਗੀਏ। ਅਸੀਂ ਅਣਗਿਣਤ ਹਾਂ ਜੇ ਅਸੀਂ ਆਪਣੀ ਰੂਹ ਵਿਚ ਜਾਗੀਏ ਅਤੇ ਦੇਹ ਰਹਿਤ ਹੋ ਜਾਈਏ।




jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




# ਭਾਰਤੀ ਸਮਾਜ ਵਿਚ ਔਰਤ ਦਾ ਸਥਾਨ

**ਹਰਜੀਤ ' ਕਾਤਿਲ ' ਸ਼ੇਰਪੁਰ**
੯੬੮੦੩੯੫੪੭੯

ਹਰ ਧਰਮ ਵਿਚ ਔਰਤ ਦੀ ਖ਼ਾਸ ਥਾਂ ਹੈ। ਹਿੰਦੂ ਧਰਮ ਚ ਔਰਤ ਨੂੰ ਦੇਵੀ ਆਖ ਸਤਿਕਾਰਿਆ ਜਾਂਦਾ ਹੈ ਤੇ ਕੰਜਕਾਂ ਦੀ ਪੂਜਾ ਕੀਤੀ ਜਾਂਦੀ ਹੈ। ਸਿੱਖ ਧਰਮ ਚ ਮਾਤਾ ਗੁਜਰੀ ਦੀ ਲਾਸਾਨੀ ਸ਼ਹਾਦਤ ਨੂੰ ਸਲਾਮ ਕੀਤਾ ਜਾਂਦਾ ਹੈ। ਇਸਲਾਮ ਧਰਮ ਵੀ ਇਸ ਦੇ ਬਾਨੀ ਹਜਰਤ ਮੁਹੰਮਦ ਹਜ਼ਰਤ ਦੀ ਬੇਟੀ ਫ਼ਾਤਿਮਾ ਤੋਂ ਸ਼ੁਰੂ ਹੋਇਆ ਤੇ ਇਸਾਈ ਧਰਮ ਵਿਚ ਵੀ ਹਜ਼ਰਤ ਮਰਿਅਮ ਨੂੰ ਆਲਾ ਮੁਕਾਮ ਦਿੱਤਾ ਗਿਆ ਹੈ।ਹਰ ਧਰਮ ਵਿਚ ਔਰਤ ਦੀ ਖ਼ਾਸ ਥਾਂ ਹੈ। ਹਿੰਦੂ ਧਰਮ ਚ ਔਰਤ ਨੂੰ ਦੇਵੀ ਆਖ ਸਤਿਕਾਰਿਆ ਜਾਂਦਾ ਹੈ ਤੇ ਕੰਜਕਾਂ ਦੀ ਪੂਜਾ ਕੀਤੀ ਜਾਂਦੀ ਹੈ। ਸਿੱਖ ਧਰਮ ਚ ਮਾਤਾ ਗੁਜਰੀ ਦੀ ਲਾਸਾਨੀ ਸ਼ਹਾਦਤ ਨੂੰ ਸਲਾਮ ਕੀਤਾ ਜਾਂਦਾ ਹੈ। ਇਸਲਾਮ ਧਰਮ ਵੀ ਇਸ ਦੇ ਬਾਨੀ ਹਜਰਤ ਮੁਹੰਮਦ ਹਜ਼ਰਤ ਦੀ ਬੇਟੀ ਫ਼ਾਤਿਮਾ ਤੋਂ ਸ਼ੁਰੂ ਹੋਇਆ ਤੇ ਇਸਾਈ ਧਰਮ ਵਿਚ ਵੀ ਹਜ਼ਰਤ ਮਰਿਅਮ ਨੂੰ ਆਲਾ ਮੁਕਾਮ ਦਿੱਤਾ ਗਿਆ ਹੈ ਔਰਤ ਸਾਡੇ ਸਮਾਜ ਦਾ ਉਹ ਕਿਰਦਾਰ ਹੈ ਜੋ ਇਤਿਹਾਸ ਤੋਂ ਲੈ ਕੇ ਹੁਣ ਤਕ ਆਪਣੀ ਹੋਂਦ ਅਤੇ ਪਛਾਣ ਲਈ ਲੜਦੀ ਆਈ ਹੈ। ਹਰ ਦੌਰ 'ਚ ਇਸ ਕਿਰਦਾਰ ਨੂੰ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ ਹੈ। ਰੱਬ ਦੀ ਕਲਾ ਦਾ ਬਿਹਤਰੀਨ ਨਮੂਨਾ, ਸੁੰਦਰਤਾ ਤੇ ਮਮਤਾ ਦੀ ਮੂਰਤ, ਹਰ ਰਿਸ਼ਤੇ ਦਾ ਆਧਾਰ, ਜ਼ਿੰਦਗੀ ਰੂਪੀ ਬਗ਼ੀਚੇ ਦਾ ਹਰ ਫੁੱਲ ਜਿਸ ਦੇ ਬਿਨਾਂ ਅਧੂਰਾ ਹੈ, ਉਹ ਹੈ ਔਰਤ। ਗੁਰੂਆਂ, ਪੀਰਾਂ ਤੇ ਯੋਧਿਆਂ ਨੂੰ ਜਨਮ ਦੇਣ ਵਾਲੀ ਔਰਤ ਨੇ ਖ਼ੁਦ ਵੀ ਝਾਂਸੀ ਦੀ ਰਾਣੀ ਬਣ ਕੇ ਅਤਿਆਚਾਰਾਂ ਦੇ ਖ਼ਿਲਾਫ਼ ਸੰਘਰਸ਼ ਕੀਤਾ ਹੈ। ਪਰ ਮਮਤਾ ਦੀ ਮੂਰਤ, ਰੱਬ ਦਾ ਦੂਜਾ ਨਾਂ ਕਹੀ ਜਾਣ ਵਾਲੀ ਔਰਤ ਨੂੰ ਪੈਰ ਦੀ ਜੁੱਤੀ ਵੀ ਸਮਝਿਆ ਜਾਂਦਾ ਹੈ।

**ਔਰਤ ਦੀ ਖ਼ਾਸ ਥਾਂ**

ਹਰ ਧਰਮ ਵਿਚ ਔਰਤ ਦੀ ਖ਼ਾਸ ਥਾਂ ਹੈ। ਹਿੰਦੂ ਧਰਮ 'ਚ ਔਰਤ ਨੂੰ ਦੇਵੀ ਆਖ ਸਤਿਕਾਰਿਆ ਜਾਂਦਾ ਹੈ ਤੇ ਕੰਜਕਾਂ ਦੀ ਪੂਜਾ ਕੀਤੀ ਜਾਂਦੀ ਹੈ। ਸਿੱਖ ਧਰਮ 'ਚ ਮਾਤਾ ਗੁਜਰੀ ਦੀ ਲਾਸਾਨੀ



ਸ਼ਹਾਦਤ ਨੂੰ ਸਲਾਮ ਕੀਤਾ ਜਾਂਦਾ ਹੈ। ਇਸਲਾਮ ਧਰਮ ਵੀ ਇਸ ਦੇ ਬਾਨੀ ਹਜਰਤ ਮੁਹੰਮਦ ਹਜ਼ਰਤ ਦੀ ਬੇਟੀ ਫ਼ਾਤਿਮਾ ਤੋਂ ਸ਼ੁਰੂ ਹੋਇਆ ਤੇ ਇਸਾਈ ਧਰਮ ਵਿਚ ਵੀ ਹਜ਼ਰਤ ਮਰਿਅਮ ਨੂੰ ਆਲਾ ਮੁਕਾਮ ਦਿੱਤਾ ਗਿਆ ਹੈ।ਪਰ ਫੇਰ ਵੀ ਮੁੱਢ ਤੋਂ ਲੈ ਕੇ ਹੁਣ ਤਕ ਔਰਤ ਹਰ ਦੌਰ 'ਚ ਜ਼ੁਲਮੋ-ਜਬਰ ਤੇ ਤਸ਼ੱਦਦ ਦਾ ਸ਼ਿਕਾਰ ਹੁੰਦੀ ਆਈ ਹੈ। ਫਿਰ ਭਾਵੇਂ ਸਾਰੇ ਧਰਮ ਔਰਤ ਦੀ ਅਜ਼ਾਦੀ, ਬਿਹਤਰੀ ਅਤੇ ਬਰਾਬਰੀ ਦੀ ਦੁਹਾਈ ਦਿੰਦੇ ਹਨ ਪਰ ਇਹ ਜ਼ਾਲਮ ਸਮਾਜ ਨੇ ਧਰਮ ਨੂੰ ਵੀ ਆਪਣੇ ਵਾਂਗ ਮੋੜ ਔਰਤ ਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾ ਲਿਆ।

**ਦੇਵੀ ਪੂਜਣ ਵਾਲੇ**

ਕਈ ਧਾਰਮਿਕ ਸਥਾਨਾਂ 'ਤੇ ਔਰਤ ਦੀ ਮੌਜੂਦਗੀ ਧਰਮ ਦੇ ਠੇਕੇਦਾਰਾਂ ਨੂੰ ਮਨਜ਼ੂਰ ਨਹੀਂ। ਦੇਵੀ ਪੂਜਣ ਵਾਲੇ ਹਿੰਦੂਆਂ ਵਿਚ ਕਈ ਮੰਦਰਾਂ 'ਚ ਔਰਤ ਨੂੰ ਜਾਣ ਨਹੀਂ ਦਿੱਤਾ ਜਾਂਦਾ। ਮੁਸਲਿਮ ਧਰਮ ਵਿਚ ਵੀ ਔਰਤ ਨੂੰ ਕਈ ਮਸਜਿਦਾਂ 'ਚ ਜਾ ਕੇ ਨਮਾਜ਼ ਪੜਨ ਦੀ ਇਜਾਜ਼ਤ ਨਹੀਂ ਹੈ। ਆਧੁਨਿਕ ਕਹੇ ਜਾਣ ਵਾਲੇ ਸਿੱਖ ਧਰਮ ਜਿਸ ਵਿਚ ਔਰਤ ਦੀ ਬਿਹਤਰੀ ਲਈ ਗੁਰੂਆਂ ਵੱਲੋਂ ਆਵਾਜ਼ ਬੁਲੰਦ ਕੀਤੀ ਗਈ, ਉਸ ਵਿਚ ਤਖ਼ਤਾਂ 'ਤੇ ਅਜੇ ਵੀ ਔਰਤਾਂ ਨੂੰ ਕੀਰਤਨ ਕਰਨ ਦੀ ਮਨਾਹੀ ਹੈ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਧਾਰਮਿਕ ਪੱਖੋਂ ਔਰਤ ਅਜੇ ਵੀ ਵਧੀਕੀਆਂ ਦਾ ਸ਼ਿਕਾਰ ਹੈ।

**ਸਮਾਜਿਕ ਕੁਰੀਤੀਆਂ**

ਸ਼ੁਰੂ ਤੋਂ ਸਤੀ ਪ੍ਰਥਾ, ਦਾਜ ਵਰਗੇ ਜ਼ੁਲਮ ਔਰਤਾਂ 'ਤੇ ਕੀਤੇ ਗਏ, ਅਤੇ ਹੁਣ ਇਸ ਨੂੰ ਭਰੂਣ ਹੱਤਿਆ, ਔਨਰ ਕੀਲਿੰਗ ਵਰਗੀ ਸਮਾਜਿਕ ਕੁਰੀਤੀਆਂ ਦਾ ਨਾਂ ਦੇ ਕੇ ਸਮਾਜ ਨੇ ਔਰਤ ਨੂੰ ਅਲਗ ਸ਼੍ਰੇਣੀ 'ਚ ਰੱਖਿਆ ਹੈ। ਸਿਰਫ਼ ਪਿੱਛੜੇ ਦੇਸ਼ਾਂ ਵਿਚ ਹੀ ਨਹੀਂ, ਸਗੋਂ ਆਪਣੇ ਆਪ ਨੂੰ ਬੜਾ ਵਿਕਸਿਤ ਆਖਣ ਵਾਲੇ ਮੁਲਕ ਅਮਰੀਕਾ, ਆਸਟ੍ਰੇਲੀਆ, ਕੈਨੇਡਾ, ਨਿਊਜ਼ੀਲੈਂਡ ਆਦਿ 'ਚ ਵੀ ਔਰਤ ਨੂੰ ਮਰਦ ਦੇ ਬਰਾਬਰ ਨਹੀਂ ਸਮਝਿਆ ਜਾਂਦਾ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਕਈ ਸਲੋਕਾਂ ਵਿਚ ਔਰਤ ਦੇ ਹੱਕਾਂ ਲਈ ਜਿੱਥੇ ਆਵਾਜ਼ ਉਠਾਈ ਉੱਥੇ ਹੀ ਉਨਾਂ ਔਰਤ ਨੂੰ ਸਾਰੇ ਸਮਾਜਿਕ ਰਿਸ਼ਤਿਆਂ ਦਾ ਸਰੋਤ ਮੰਨਿਆ ਹੈ।ਇਸਲਾਮ ਧਰਮ ਦੇ ਆਖ਼ਰੀ ਨਬੀ ਹਜ਼ਰਤ ਮੁਹੰਮਦ ਦੇ ਕੋਲ ਇਕ ਸਹਾਬੀ (ਸਹਾਬੀ ਉਸ ਆਦਮੀ ਨੂੰ ਕਹਿੰਦੇ ਹਨ ਜਿਸ ਨੇ ਹਜ਼ਰਤ ਮੁਹੰਮਦ ਨੂੰ ਜਿਊਂਦੇ ਜੀਅ ਆਪਣੀਆਂ ਅੱਖਾਂ ਨਾਲ ਵੇਖਿਆ ਹੋਵੇ, ਉਨਾਂ ਦੁਆਰਾ ਦਿੱਤੀਆਂ ਹਦਾਇਤਾਂ ਉੱਤੇ ਅਮਲ ਕੀਤਾ ਹੋਵੇ) ਆਇਆ ਤੇ ਆਪ ਨੂੰ ਪੁੱਛਣ ਲੱਗਾ ਕਿ ਮੈਨੂੰ ਅੱਲਾਹ ਤੇ ਰਸੂਲ ਤੋਂ ਬਾਅਦ ਦੁਨੀਆ ਵਿਚ ਸਭ ਤੋਂ ਵੱਧ ਕਿਸ ਨੂੰ ਇੱਜ਼ਤ ਦੇਣੀ ਚਾਹੀਦੀ ਹੈ ਜਾਂ ਸਭ ਤੋਂ ਵੱਧ ਮੇਰੇ ਹੁਸਨੇ-ਸਲੂਕ ਦਾ ਹੱਕਦਾਰ ਕੌਣ ਹੈ ? ਤਾਂ ਆਪ ਨੇ ਕਿਹਾ ਤੇਰੀ ਮਾਂ। ਉਸ ਨੇ ਫਿਰ ਦੁਬਾਰਾ ਪੁੱਛਿਆ ਕਿ ਉਸ ਤੋਂ ਬਾਅਦ, ਆਪ ਨੇ ਫਿਰ ਫ਼ਰਮਾਇਆ ਤੇਰੀ ਮਾਂ।ਉਸ ਨੇ ਤੀਜੀ ਵਾਰ ਪੁੱਛਿਆ, ਉਸ ਤੋਂ ਬਾਅਦ ਆਪ ਨੇ ਤੀਜੀ ਵਾਰ ਵੀ ਫ਼ਰਮਾਇਆ ਤੇਰੀ ਮਾਂ। ਜਦ ਉਸ ਨੇ ਚੌਥੀ ਵਾਰ ਪੁੱਛਿਆ ਕਿ ਉਸ ਤੋਂ ਬਾਅਦ ਤਾਂ ਆਪ ਨੇ ਫ਼ਰਮਾਇਆ ਤੇਰਾ ਬਾਪ। ਕਹਿਣ ਦਾ ਭਾਵ ਇਹ ਹੈ ਕਿ ਔਰਤ ਜਾਤ ਵਿਚ ਜੋ ਕੁਰਬਾਨੀ ਅਪਣੇ ਬੱਚਿਆਂ ਲਈ ਮਾਂ ਦੀ ਹੁੰਦੀ ਹੈ, ਉਸ ਦਾ ਅਹਿਸਾਨ ਇਕ ਬੰਦਾ ਅਪਣੀ ਸਾਰੀ ਉਮਰ ਵੀ ਮਾਂ ਦੀ ਖ਼ਿਦਮਤ ਕਰਦਾ ਰਹੇ ਤਾਂ ਵੀ ਚੁਕਾ ਨਹੀਂ ਸਕਦਾ।ਇਸੇ ਤਰਾਂ ਇਕ ਹੋਰ ਮੌਕੇ ਉੱਤੇ ਹਜ਼ਰਤ ਮੁਹੰਮਦ ਨੇ ਅਪਣੇ ਸਹਾਬੀਆਂ ਨੂੰ ਫ਼ਰਮਾਇਆ ਕਿ ਜਿਸ ਘਰ ਦੋ ਜਾਂ ਤਿੰਨ ਲੜਕੀਆਂ ਨੇ ਜਨਮ ਲਿਆ ਤੇ ਉਸ ਨੇ ਉਨਾਂ ਲੜਕੀਆਂ ਨੂੰ ਵੇਖ ਕੇ ਮੱਥੇ ਵੱਟ ਨਾ ਪਾਇਆ ਤੇ ਲੜਕੀਆਂ ਦੀ ਵਧੀਆ ਢੰਗ ਨਾਲ ਪਰਵਰਿਸ਼ ਕੀਤੀ, ਲੜਕੀਆਂ ਨੂੰ ਨੇਕ ਤੇ ਚੰਗੀ ਜਗਾ ਵਿਆਹਿਆ ਤਾਂ ਉਹ ਜਨੱਤ ਵਿਚ ਮੇਰੇ ਨਾਲ ਇਸ ਪ੍ਰਕਾਰ ਹੋਵੇਗਾ ਜਿਵੇਂ ਇਹ ਦੋ ਉਂਗਲਾਂ (ਜੇਤੂ ਦੇ ਨਿਸ਼ਾਨ ਵਾਲੀਆਂ) ਹਨ।

**ਸਵਰਗ ਦੀ ਮਿੱਟੀ**

ਸਹਾਬੀ ਦਾ ਆਖਣਾ ਹੈ ਕਿ ਜੇਕਰ ਅਸੀਂ ਇਕ ਲੜਕੀ ਲਈ ਪੁੱਛਦੇ ਤਾਂ ਯਕੀਨਨ ਹਜ਼ਰਤ ਮੁਹੰਮਦ ਦਾ ਉਕਤ ਵਾਲਾ ਉੱਤਰ ਹੀ ਹੋਣਾ ਸੀ।

ਬਾਕੀ ਸਫ਼ਾ 18 'ਤੇ

## ਮੇਰੀ ਧੀ.......

### ਇਕ ਪਿਤਾ ਦੇ ਅਹਿਸਾਸ



ਮੈਂ ਕਦੇ ਪਰੀਆਂ ਨਹੀ ਦੇਖੀਆਂ, ਪਰ ਮੇਰੀ ਧੀ ਪਰੀਆਂ ਵਾਂਗ ਹੈ। ਮੇਰੀ ਧੀ ਮੇਰੀ ਰਾਜਕੁਮਾਰੀ ਹੈ, ਉਹ ਬੜੀ ਪਿਆਰੀ ਹੈ, ਸੱਚ ਕਹਾਂ ਤਾਂ ਉਹ ਮੇਰੀ ਜਾਨ ਹੈ।

ਜਦੋਂ ਉਸਦਾ ਜਨਮ ਹੋਇਆ ਸੀ ਤਾਂ ਮੈਂ ਉਦੋਂ ਉਦਾਸ ਹੋਇਆ ਸੀ ਕਿ ਰੱਬਾ ਇਹ ਕੀ ਕੀਤਾ ਮੈਨੂੰ ਤਾਂ ਬੇਟਾ ਚਾਹੀਦਾ ਸੀ ਬੇਟੀ ਨਹੀਂ।

ਪਰ ਉਦੋਂ ਐਸਾ ਸੋਚਣਾ ਮੇਰੀ ਮੂਰਖਤਾ ਸੀ ਜਿਸ ਬਾਰੇ ਸੋਚਕੇ ਮੈਨੂੰ ਅੱਜ ਵੀ ਪਛਤਾਵਾ ਹੁੰਦਾ ਹੈ।

ਜਿਉਂ ਜਿਉਂ ਮੇਰੀ ਧੀ ਵੱਡੀ ਹੁੰਦੀ ਗਈ, ਮੈਨੂੰ ਵੀ ਉਹ ਪਿਆਰੀ ਪਿਆਰੀ ਲੱਗਣ ਲੱਗੀ। ਉਸ ਦੀ ਹੋਂਦ ਨਾਲ ਘਰ ਭਰਿਆ ਭਰਿਆ ਲੱਗਣ ਲੱਗਾ।

ਕੁਝ ਸਾਲਾਂ ਬਾਅਦ ਰੱਬ ਨੇ ਬੇਟਾ ਵੀ ਦੇ ਦਿੱਤਾ, ਮਨ ਨੂੰ ਖੁਸ਼ੀ ਹੋਈ ਕਿ ਮੇਰਾ ਵੀ ਬੇਟਾ ਹੋ ਗਿਆ ਹੈ, ਭੈਣ ਭਰਾ ਦੀ ਜੋੜੀ ਰਲ ਗਈ ਹੈ।

ਛੋਟੇ ਹੁੰਦਿਆਂ ਉਨਾਂ ਦੋਵਾਂ ਦੀਆਂ ਸ਼ਰਾਰਤਾਂ, ਉਨਾਂ ਦੀਆਂ ਆਪਸੀ ਲੜਾਈਆਂ ਘਰ ਵਿਚ ਰੌਣਕ ਲਾਈ ਰੱਖਦੀਆਂ।

ਸ਼ਾਇਦ ਬੇਟੇ ਸਮਝ ਜਾਂਦੇ ਹਨ ਕਿ ਮਾਤਾ ਪਿਤਾ ਕਿਤੇ ਨਾ ਕਿਤੇ ਬੇਟੀਆਂ ਤੋਂ ਵੱਧ ਉਨਾਂ ਨੂੰ ਤਵੱਜੋਂ ਦਿੰਦੇ ਹਨ, ਇਸੇ ਕਰਕੇ ਬੇਟੇ ਜ਼ਿਆਦਾ ਜਿੱਦੀ ਹੋ ਜਾਂਦੇ ਹਨ, ਆਕੜਖੋਰ ਜਿਹੇ ਹੋ ਜਾਂਦੇ ਹਨ।

ਪਰ ਦੂਸਰੇ ਪਾਸੇ ਬੇਟੀਆਂ ਮਾਪਿਆਂ ਨੂੰ ਜ਼ਿਆਦਾ ਦੁੱਖ ਨਹੀਂ ਦੇਂਦੀਆਂ। ਜੋ ਮਾਤਾ ਪਿਤਾ ਉਨਾਂ ਨੂੰ ਲਿਆ ਦੇਂਦੇ ਹਨ ਉਹ ਉਸੇ ਵਿਚ ਖੁਸ਼ ਰਹਿੰਦੀਆਂ ਹਨ ਪਰ ਦੂਸਰੇ ਪਾਸੇ ਬੇਟਿਆਂ ਦੀਆਂ ਸਾਰੀਆਂ ਗੱਲਾਂ ਵੀ ਮੰਨੀ ਜਾਉ ਉਹ ਫਿਰ ਵੀ ਕਦੇ ਪੂਰੇ ਖੁਸ਼ ਨਹੀਂ ਹੁੰਦੇ। ਉਨਾਂ ਦੀ ਕੋਈ ਨਾ ਕੋਈ ਮੰਗ ਤਿਆਰ ਹੀ ਰਹਿੰਦੀ ਹੈ।

ਧੀਆਂ ਸਦਾ ਮਾਪਿਆਂ ਦੀ ਸੁੱਖ ਮੰਗਦੀਆਂ ਹਨ, ਵੀਰਾਂ ਦੀ ਹਾਂ ਵਿਚ ਹਾਂ ਮਿਲਾਉਂਦੀਆਂ ਹਨ, ਬਚਪਨ ਵਿਚ ਵੀਰਾਂ ਕੋਲੋਂ ਬਿਨਾ ਕਸੂਰ ਤੋਂ ਕਦੇ ਕਦੇ ਕੁੱਟ ਵੀ ਖਾ ਲੈਂਦੀਆਂ ਹਨ। ਵੀਰਾਂ ਨਾਲ ਥੋੜਾ ਨਾਰਾਜ਼ ਵੀ ਹੁੰਦੀਆਂ ਹਨ, ਫਿਰ ਕੁਝ ਸਮੇਂ ਬਾਅਦ ਸਭ ਕੁਝ ਭੁੱਲ ਕੇ ਵੀਰਾਂ ਨਾਲ ਬੋਲਣ ਲੱਗ ਪੈਂਦੀਆਂ ਹਨ।

ਸੱਚ ਕਹਾਂ ਮਾਂ ਦਾ ਜ਼ਿਆਦਾ ਪਿਆਰ ਪੁੱਤਾਂ ਨਾਲ ਹੁੰਦਾ ਹੈ ਤੇ ਪਿਤਾ ਦਾ ਜ਼ਿਆਦਾ ਪਿਆਰ ਧੀਆਂ ਨਾਲ ਹੁੰਦਾ ਹੈ।

ਕਿਸੇ ਵੀ ਪਿਤਾ ਨੂੰ ਆਪਣੇ ਪੁੱਤਰ 'ਤੇ ਮਾਣ ਤਾਂ ਮਹਿਸੂਸ ਹੁੰਦਾ ਹੈ ਪਰ ਇਕ ਪਿਤਾ ਦੀ ਰੂਹ ਨੂੰ ਸਕੂਨ ਉਸਦੀ ਧੀ ਦੇ ਪਿਆਰ ਨਾਲ ਹੀ ਮਿਲਦਾ ਹੈ।

ਹਰ ਘਰ ਵਿਚ ਇਕ ਧੀ ਜ਼ਰੂਰ ਹੋਣੀਂ ਚਾਹੀਦੀ ਹੈ। ਧੀ ਦਾ ਅਹਿਸਾਸ ਘਰ ਵਿਚ ਬੜਾ ਪਿਆਰਾ ਪਿਆਰਾ ਜਿਹਾ ਹੁੰਦਾ ਹੈ।

ਇਕ ਸਚਿਆਰੀ ਧੀ ਵਿਚੋਂ ਪਿਤਾ ਨੂੰ ਆਪਣੀ ਮਾਂ ਅਤੇ ਭੈਣਾਂ ਦੀ ਝਲਕ ਵੀ ਮਿਲਦੀ ਹੈ।

ਸਭ ਤੋਂ ਪਿਆਰੇ ਰਿਸ਼ਤਿਆਂ ਵਿਚੋਂ ਇਕ ਰਿਸ਼ਤਾ ਬਾਪ ਬੇਟੀ ਦਾ ਵੀ ਹੁੰਦਾ ਹੈ।

ਮੇਰੀ ਅਰਦਾਸ ਹੈ ਸਭ ਧੀਆਂ ਹਮੇਸ਼ਾ ਖੁਸ਼ ਰਹਿਣ, ਸੁਖੀ ਰਹਿਣ ਤੇ ਦੁਨੀਆਂ ਦੇ ਦੁੱਖ ਉਨਾਂ ਕੋਲੋਂ ਹਮੇਸ਼ਾ ਦੂਰ ਰਹਿਣ।

ਹਰਪਾਲ ਸਿੰਘ ਅੰਮ੍ਰਿਤਸਰ

# ਧੀ ਦੀ ਅੰਦਰਲੀ ਹੂਕ

**ਹਰਪ੍ਰੀਤ ਸਿੰਘ ਜਵੰਦਾ**

ਮੀਂਹ ਜਾਵੇ ਜਾਂ ਹਨੇਰੀ, ਨਿੱਕੀ ਜਿਹੀ ਉਹ ਕੁੜੀ, ਆਪਣੇ ਬੂਹੇ ਦੇ ਉੱਪਰ ਬਨੇਰੇ ਤੇ ਚੜ ਸਾਰਾ-ਸਾਰਾ ਦਿਨ ਗਲੀ ਦੇ ਮੋੜ ਵੱਲ ਨੂੰ ਹੀ ਤੱਕਦੀ ਰਹਿੰਦੀ।

ਜਦੋਂ ਵੀ ਰੋਂਦੀਆਂ ਤੇ ਵੈਣ ਪਾਉਂਦੀਆਂ ਔਰਤਾਂ ਦਾ ਕੋਈ ਝੁੰਡ ਆਪਣੇ ਘਰ ਵੱਲ ਨੂੰ ਮੁੜਦਾ ਵੇਖਦੀ ਤਾਂ ਛੇਤੀ ਨਾਲ ਥੱਲੇ ਉੱਤਰ ਬਾਰ ਦੀ ਦੋਹਰੀ ਕੁੰਡੀ ਲਾ ਦਿਆ ਕਰਦੀ।

ਫੇਰ ਜਦੋਂ ਉਹ ਝੁੰਡ ਬੂਹੇ ਅੱਗੇ ਆ ਕੇ ਖਲੋ ਜਾਂਦਾ ਤਾਂ ਕਿਸੇ ਸਿਆਣੇ ਨੂੰ ਉਸ ਨਿੱਕੀ ਕੁੜੀ ਨੂੰ ਜਬਰਦਸਤੀ ਪਰੇ ਹਟਾ ਕੇ ਬੂਹਾ ਖੋਲਣਾ ਪੈਂਦਾ। ਮਗਰੋਂ ਰੋਣ ਧੋਣ ਦਾ ਨਾ ਮੁੱਕਣ ਵਾਲਾ ਲੰਮਾ ਸਿਲਸਿਲਾ ਜਿਹਾ ਸ਼ੁਰੂ ਹੋ ਜਾਂਦਾ।

ਮੁੜਕੇ ਜਹਾਨੋਂ ਚਲੇ ਗਏ ਉਸਦੇ ਪਿਓ ਨੂੰ ਯਾਦ ਕਰਦੀ ਉਸਦੀ ਮਾਂ ਕਿੰਨਾ ਕਿੰਨਾ ਚਿਰ ਬੇਸੁੱਧ ਪਈ ਰਹਿੰਦੀ।

ਉਹ ਆਪਣੀ ਮਾਂ ਵਾਸਤੇ ਪਾਣੀ ਦਾ ਗਲਾਸ ਲਿਆਉਂਦੀ, ਹੱਥ ਪੈਰ ਘੁੱਟਦੀ, ਕਦੀ ਮੱਥਾ ਚੁੰਮਦੀ, ਹੋਰ ਵੀ ਕਿੰਨੇ ਸਾਰੇ ਅਹੁੜ-ਪੌੜ ਕਰਦੀ। ਫੇਰ ਜਦੋਂ ਥੋੜਾ ਹੋਸ਼ ਕਰਦੀ ਤਾਂ ਇੱਕ ਵਾਰ ਫੇਰ ਬਾਹਰ ਆ ਕੇ ਓਸੇ ਬਨੇਰੇ 'ਤੇ ਆਣ ਬੈਠਦੀ।

ਇੱਕ ਦਿਨ ਸਿਖਰ ਦੁਪਹਿਰ ਵੇਲੇ ਥੋੜੀ ਬਹੁਤ ਰੋਟੀ ਖਾ ਕੇ ਮਾਂ ਦੀ ਅਜੇ ਅੱਖ ਲੱਗੀ ਹੀ ਸੀ ਕੇ ਬੂਹੇ ਤੇ ਇੱਕ ਵੇਰ ਦਸਤਕ ਹੋਈ, ਔਰਤਾਂ ਦਾ ਵੱਡਾ ਝੁੰਡ ਸੀ,

ਅੱਜ ਉਸਨੇ ਸਬ ਤੋਂ ਪਹਿਲੋਂ ਖੁਦ ਹੀ ਕੁੰਡੀ ਖੋਲੀ, ਫੇਰ ਐਨ ਵਿਚਕਾਰ ਰਸਤਾ ਰੋਕ ਕੇ ਖਲੋ ਗਈ ਤੇ ਆਖਣ ਲੱਗੀ, ਤੁਸੀਂ ਬਾਅਦ ਵਿਚ ਆਇਓ, ਮਾਂ ਅਜੇ ਸੁੱਤੀ ਪਈ ਏ, ਉਹ ਹੈ ਵੀ ਬਿਮਾਰ, ਉਸ ਕੋਲੋਂ ਅੱਜ ਰੋਇਆ ਨਹੀਂ ਜਾਣਾ।

ਉਸਦੀ ਜਿੱਦ ਕਾਰਨ ਸਾਰੀਆਂ ਨੂੰ ਬਿਨਾ ਅੰਦਰ ਵੜੇ ਬਾਹਰੋਂ ਹੀ ਘਰੋਂ ਘਰੀ




ਪਰਤਣਾ ਪਿਆ। ਵਾਪਿਸ ਤੁਰੀਆਂ ਜਾਂਦੀਆਂ ਗੱਲਾਂ ਕਰ ਰਹੀਆਂ ਸਨ। ਕਿੰਨੀ ਬਦਤਮੀਜ਼ ਏ, ਕੁਲਹਿਣੀ ਵੀ, ਪਿਓ ਨੂੰ ਵੀ ਖਾ ਗਈ, ਉਸ ਦਿਨ ਇਸੇ ਲਈ ਹੀ ਤਾਂ ਸਮੋਸੇ ਲੈਣ ਜਾਂਦਾ ਹੋਇਆ ਟਰੱਕ ਹੇਠ ਆ ਗਿਆ ਸੀ, ਡੈਣ ਨਾ ਹੋਵੇ ਕਿਸੇ ਥਾਂ ਦੀ। ਪਰ ਦੂਜੇ ਪਾਸੇ ਬੂਹੇ ਨੂੰ ਦੋਹਰੀ ਕੁੰਡੀ ਲਾ ਕੇ ਵਾਪਿਸ ਮੁੜਦੀ ਹੋਈ ਉਹ ਹੁਣ ਬਹੁਤ ਹੀ ਖੁਸ਼ ਸੀ। ਬਾਹਰ ਹੁੰਦੀ ਗੱਲਬਾਤ ਵਿਚੋਂ ਮਿਲ ਗਏ ਕਿੰਨੇ ਸਾਰੇ ਵੱਡੇ ਵੱਡੇ ਖਿਤਾਬ ਭਾਵੇਂ ਉਸਦੀ ਸਮਝ ਵਿਚ ਪੂਰੀ ਤਰਾਂ ਨਹੀਂ ਸਨ ਪਏ ਪਰ ਉਸਨੇ ਕਿੰਨੇ ਦਿਨਾਂ ਮਗਰੋਂ ਅੱਜ ਪਹਿਲੀ ਵਾਰ ਗੂੜੀ ਨੀਂਦਰ ਸੁੱਤੀ ਪਈ ਆਪਣੀ ਮਾਂ ਨੂੰ ਇੱਕ ਵਾਰ ਫੇਰ ਦੁਖਾਂ ਦੇ ਸਮੁੰਦਰ ਵਿਚ ਡੁੱਬਣੋਂ ਬਚਾ ਜਰੂਰ ਲਿਆ ਸੀ।

ਦੋਸਤੋ, ਹਮਦਰਦੀ ਸਿਰਫ ਉੱਚੀ-ਉੱਚੀ ਰੋ-ਪਿੱਟ ਕੇ ਹੀ ਨਹੀਂ ਪ੍ਰਗਟਾਈ ਜਾ ਸਕਦੀ ਏ, ਸਗੋਂ ਕਿਸੇ ਮਾਨਸਿਕ ਤੌਰ 'ਤੇ ਬੁਰੀ ਤਰਾਂ ਟੁੱਟ ਚੁੱਕੇ ਦਾ ਸਿਰ ਪਿਆਰ ਨਾਲ ਪਲੋਸ ਆਪਣੀ ਬੁੱਕਲ ਵਿਚ ਲੈ ਕੇ ਉਸਨੂੰ ਦੋ ਘੜੀਆਂ ਦਾ ਚੈਨ ਮੁਹੱਈਆ ਕਰ ਦੇਣਾ ਵੀ ਉਪਰਲੀ ਦਰਗਾਹ ਵਿਚ ਪਹਾੜ ਜਿੱਡਾ ਪੁੰਨ ਗਿਣਿਆ ਜਾਂਦਾ।

# ਦਲਿਤ ਸਮਾਜ ਦੀਆਂ ਮਹਾਨ ਔਰਤਾਂ ਸਾਵਿੱਤਰੀਬਾਈ ਫੂਲੇ, ਰਮਾਬਾਈ ਅੰਬੇਡਕਰ, ਝਲਕਾਰੀ ਬਾਈ

**ਬੇਅੰਤ ਛਾਹੜ**

ਦਲਿਤ ਸਮਾਜ ਨੂੰ ਸਦੀਆਂ ਤੋਂ ਦਬਾਇਆ ਤੇ ਲਤਾੜਿਆ ਗਿਆ ਹੈ। ਦਲਿਤਾਂ ਦੀ ਬਹੁਤ ਭੈੜੀ ਸਥਿਤੀ ਰਹੀ ਹੈ, ਪਰ ਇਸ ਤੋਂ ਵੀ ਕਿਤੇ ਭੈੜੀ ਸਥਿਤੀ ਦਲਿਤ ਔਰਤਾਂ ਦੀ ਸੀ। ਉਨਾਂ 'ਤੇ ਅੱਤਿਆਚਾਰ ਅਤੇ ਉਨਾਂ ਦਾ ਸ਼ੋਸ਼ਣ ਸ਼ਰੇਆਮ ਹੁੰਦਾ ਸੀ। ਇਨਾਂ ਔਰਤਾਂ ਨੇ ਅੱਤਿਆਚਾਰਾਂ ਖਿਲਾਫ਼ ਸਮੇਂ-ਸਮੇਂ 'ਤੇ ਆਵਾਜ਼ ਉਠਾਈ ਅਤੇ ਕੁਰਬਾਨੀਆਂ ਦਿੱਤੀਆਂ। ਉਨਾਂ ਨੇ ਦੇਸ਼ ਦੀ ਆਜ਼ਾਦੀ, ਸਮਾਜਿਕ ਬੁਰਾਈਆਂ ਦੇ ਵਿਰੋਧ, ਨਾਰੀਵਾਦ ਦੇ ਪੱਖ ਅਤੇ ਸਿੱਖਿਆ ਦੇ ਖੇਤਰ ਆਦਿ ਵਿੱਚ ਆਪਣਾ ਯੋਗਦਾਨ ਦਿੱਤਾ। ਅਫ਼ਸੋਸ ਦੀ ਗੱਲ ਇਹ ਹੈ ਕਿ ਜਾਤ-ਪਾਤ ਦੀ ਵਿਵਸਥਾ ਵਾਲਾ ਸਮਾਜ ਹੋਣ ਕਾਰਨ ਉਨਾਂ ਦੇ ਯੋਗਦਾਨ ਨੂੰ ਅੱਖੋਂ-ਪਰੋਖੇ ਕੀਤਾ ਗਿਆ। ਇਸ ਲਈ ਦਲਿਤ ਸਮਾਜ ਦੀਆਂ ਮਹਾਨ ਔਰਤਾਂ ਬਾਰੇ ਗੱਲ ਕਰਨੀ ਜ਼ਰੂਰੀ ਹੈ।

**ਸ਼ਹੀਦ ਇਨਕਲਾਬੀ ਨਾਂਗੇਲੀ**

ਨਾਂਗੇਲੀ ਨੂੰ ਕੇਰਲ ਤੋਂ ਬਾਹਰ ਸ਼ਾਇਦ ਹੀ ਕੋਈ ਜਾਣਦਾ ਹੋਵੇ। ਉਹ ਇੱਕ ਦਲਿਤ ਔਰਤ ਸੀ। 19ਵੀਂ ਸਦੀ ਦੇ ਸ਼ੁਰੂ ਵਿੱਚ ਕੇਰਲ ਵਿੱਚ ਉੱਚ ਜਾਤੀਆਂ ਵੱਲੋਂ ਦਲਿਤ ਸਮਾਜ ਦੀਆਂ ਔਰਤਾਂ ਨੂੰ ਸਰੀਰ ਦਾ ਉਪਰਲਾ ਹਿੱਸਾ ਢਕਣ ਦੀ ਇਜਾਜ਼ਤ ਨਹੀਂ ਸੀ। ਜੇਕਰ ਉਹ ਆਪਣਾ ਸੀਨਾ ਢਕਦੀਆਂ ਸਨ ਤਾਂ ਉਨਾਂ ਨੂੰ ਕੇਲਿਆਂ ਦੇ ਪੱਤਿਆਂ 'ਤੇ ਧਰ ਕੇ ਇਸ ਬਦਲੇ ਟੈਕਸ ਦੇਣਾ ਪੈਂਦਾ ਸੀ। ਅਜਿਹੀਆਂ ਸ਼ਰਮਨਾਕ ਘਟਨਾਵਾਂ ਅਤੇ ਉਨਾਂ ਵਿਰੁੱਧ ਸੰਘਰਸ਼ ਕਰਨ ਵਾਲੀਆਂ ਔਰਤਾਂ ਦਾ ਸਾਡੇ ਇਤਿਹਾਸ ਵਿੱਚ ਕੋਈ ਜ਼ਿਕਰ ਨਹੀਂ।

ਚੇਰਥਾਲ (ਕੇਰਲਾ) ਇਲਾਕੇ ਦੀ ਇਜਹਾਣ ਜਾਤੀ ਦੀ ਔਰਤ ਨਾਂਗੇਲੀ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਉਸ ਨੇ ਔਰਤਾਂ ਦੇ ਹੱਕ ਵਿੱਚ ਆਵਾਜ਼ ਉਠਾਈ ਤੇ ਆਪਣਾ ਪੂਰਾ ਸਰੀਰ ਢਕਣਾ ਸ਼ੁਰੂ ਕਰ ਦਿੱਤਾ। ਪੂਰਾ ਸਰੀਰ ਢਕਣ ਕਾਰਨ ਦਲਿਤ ਔਰਤਾਂ 'ਤੇ ਲਾਇਆ ਜਾਣ ਵਾਲਾ ਟੈਕਸ ਵਸੂਲਣ ਵਾਲੇ ਅਧਿਕਾਰੀਆਂ ਤੱਕ ਵੀ ਇਸ ਦੀ ਖ਼ਬਰ ਪਹੁੰਚ ਗਈ। ਸਥਾਨਕ ਅਧਿਕਾਰੀ ਟੈਕਸ ਵਸੂਲਣ ਆਏ ਕਿਉਂਕਿ ਇਹ ਰਾਜ ਦੇ ਹੁਕਮਾਂ ਦਾ ਵਿਰੋਧ ਸੀ। ਅਧਿਕਾਰੀ ਜਦੋਂ ਨਾਂਗੇਲੀ ਦੀ ਝੁੱਗੀ 'ਚ ਆਏ ਤਾਂ ਉਨਾਂ ਨੇ ਉਸ ਨੂੰ ਤੁਰੰਤ ਉਪਰਲਾ ਕੱਜਣ ਉਤਾਰਨ ਦਾ ਹੁਕਮ ਸੁਣਾ ਦਿੱਤਾ। ਇਹ ਸੁਣ ਕੇ ਨਾਂਗੇਲੀ ਆਪਣੀ ਝੁੱਗੀ ਅੰਦਰ ਗਈ। ਇਸ ਤੋਂ ਪਹਿਲਾਂ ਕਿ ਅਧਿਕਾਰੀ ਝੁੱਗੀ ਅੰਦਰ ਜਾਂਦੇ, ਨਾਂਗੇਲੀ ਨੇ ਝੱਟ ਆਪਣੀ ਛਾਤੀ ਦਾਤੀ ਨਾਲ ਕੱਟ ਕੇ ਇੱਕ ਕੇਲੇ ਦੇ ਪੱਤੇ ਉੱਤੇ ਰੱਖ ਕੇ ਟੈਕਸ ਵਸੂਲਣ ਆਏ ਅਧਿਕਾਰੀਆਂ ਸਾਹਮਣੇ ਪੇਸ਼ ਕਰ ਦਿੱਤੀ। ਖ਼ੂਨ ਨਾਲ ਲੱਥਪੱਥ ਨਾਂਗੇਲੀ ਵੇਖਦਿਆਂ ਹੀ ਵੇਖਦਿਆਂ ਡਿੱਗ ਪਈ ਅਤੇ ਇਉਂ ਇਸ ਕੁਰੀਤੀ ਖਿਲਾਫ਼ ਸ਼ਹਾਦਤ ਦੇ ਗਈ। ਇਹ ਦੇਖ ਕੇ ਅਧਿਕਾਰੀ ਵੀ ਹੈਰਾਨ ਰਹਿ ਗਏ।

ਉਸ ਦੀ ਸ਼ਹਾਦਤ ਤੋਂ ਬਾਅਦ ਇਸ ਟੈਕਸ ਦਾ ਡਟ ਕੇ ਵਿਰੋਧ ਹੋਣ ਲੱਗਾ ਅਤੇ ਅੰਗਰੇਜ਼ਾਂ ਨੇ 1859 ਵਿੱਚ ਇਸ







ਨੂੰ ਖ਼ਤਮ ਕਰਨ ਦੇ ਆਦੇਸ਼ ਦਿੱਤੇ। ਫਿਰ ਵੀ ਇਹ ਪੂਰੀ ਤਰਾਂ ਖ਼ਤਮ ਨਾ ਹੋਇਆ ਤਾਂ 1865 ਵਿੱਚ ਅੰਗਰੇਜ਼ਾਂ ਨੇ ਇਸ ਸਬੰਧੀ ਕਾਨੂੰਨ ਬਣਾਇਆ। ਫਿਰ ਵੀ ਇਹ ਪ੍ਰਥਾ ਹੌਲੀ ਹੌਲੀ ਖ਼ਤਮ ਹੋਈ। ਇਹ ਨਾਂਗੇਲੀ ਦੀ ਬਹਾਦਰੀ ਤੇ ਸ਼ਹਾਦਤ ਸਦਕਾ ਹੀ ਸੰਭਵ ਹੋਇਆ।

**ਵੀਰਾਂਗਣਾ ਝਲਕਾਰੀ ਬਾਈ**

ਝਲਕਾਰੀ ਬਾਈ ਦੇਸ਼ ਦੀ ਆਜ਼ਾਦੀ ਵਿੱਚ ਯੋਗਦਾਨ ਪਾਉਣ ਵਾਲੀ ਮਹਾਨ ਔਰਤ ਸੀ। ਉਸ ਨੇ 1857 ਦੇ ਵਿਦਰੋਹ ਸਮੇਂ ਅੰਗਰੇਜ਼ਾਂ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਉਨਾਂ ਦਾ ਡਟ ਕੇ ਮੁਕਾਬਲਾ ਕੀਤਾ।

ਝਲਕਾਰੀ ਬਾਈ ਦਾ ਜਨਮ 22 ਨਵੰਬਰ 1830 ਨੂੰ ਝਾਂਸੀ ਦੇ ਇੱਕ ਪਿੰਡ ਭੋਜਲਾ ਵਿੱਚ ਹੋਇਆ। ਉਹ ਇੱਕ ਗ਼ਰੀਬ ਪਰਿਵਾਰ ਵਿੱਚ ਪੈਦਾ ਹੋਈ। ਉਸ ਦੇ ਪਿਤਾ ਦਾ ਨਾਮ ਸਾਦੋਵਰ ਸਿੰਘ ਤੇ ਮਾਤਾ ਦਾ ਨਾਮ ਜਮੁਨਾ ਦੇਵੀ ਸੀ। ਜਦੋਂ ਝਲਕਾਰੀ ਬਾਈ ਬਹੁਤ ਛੋਟੀ ਸੀ ਤਾਂ ਉਸ ਦੀ ਮਾਂ ਦੀ ਮੌਤ ਹੋ ਗਈ। ਉਸ ਤੋਂ ਬਾਅਦ ਪਿਤਾ ਨੇ ਹੀ ਝਲਕਾਰੀ ਦਾ ਪਾਲਣ ਪੋਸ਼ਣ ਮੁੰਡੇ ਦੀ ਤਰਾਂ ਕੀਤਾ। ਉਸ ਨੇ ਝਲਕਾਰੀ ਨੂੰ ਤੀਰਅੰਦਾਜ਼ੀ, ਘੋੜਸਵਾਰੀ ਅਤੇ ਹਥਿਆਰ ਚਲਾਉਣਾ ਆਦਿ ਸਿਖਾਇਆ।

ਝਲਕਾਰੀ ਬਾਈ ਬਚਪਨ ਤੋਂ ਹੀ ਬਹੁਤ ਬਹਾਦਰ ਸੀ। ਇੱਕ ਵਾਰ ਉਹ ਜੰਗਲ ਵਿੱਚ ਲੱਕੜਾਂ ਕੱਟ ਰਹੀ ਸੀ ਤਾਂ ਉਸ ਦਾ ਸਾਹਮਣਾ ਇੱਕ ਚੀਤੇ ਨਾਲ ਹੋਇਆ। ਉਸ ਨੇ ਆਪਣੀ ਕੁਹਾੜੀ ਨਾਲ ਹੀ ਚੀਤੇ ਨੂੰ ਮਾਰ ਦਿੱਤਾ। ਇਸ ਤੋਂ ਬਾਅਦ ਉਸ ਨੇ ਪਿੰਡ ਵਿੱਚੋਂ ਚੋਰ ਗਿਰੋਹ ਨੂੰ ਵੀ ਮਾਰ ਭਜਾਇਆ ਸੀ। ਕਿਹਾ ਜਾਂਦਾ ਹੈ ਕਿ ਉਸ ਦੀ ਇਸ ਬਹਾਦਰੀ ਦੇ ਮੱਦੇਨਜ਼ਰ ਪਿੰਡ ਵਾਲਿਆਂ ਨੇ ਉਸ ਦਾ ਵਿਆਹ ਰਾਣੀ ਝਾਂਸੀ ਦੇ ਇੱਕ ਸੈਨਿਕ ਪੂਰਨ ਸਿੰਘ ਨਾਲ ਕਰਵਾ ਦਿੱਤਾ। ਪੂਰਨ ਸਿੰਘ ਵੀ ਬਹਾਦਰ ਯੋਧਾ ਸੀ। ਪੂਰੀ ਸੈਨਾ ਉਸ ਦਾ ਲੋਹਾ ਮੰਨਦੀ ਸੀ। ਪੂਰਨ ਸਿੰਘ ਨੇ ਝਲਕਾਰੀ ਬਾਈ ਨੂੰ ਰਾਣੀ ਲਕਸ਼ਮੀ ਬਾਈ ਨਾਲ ਮਿਲਾਇਆ। ਰਾਣੀ ਲਕਸ਼ਮੀ ਬਾਈ, ਝਲਕਾਰੀ ਨੂੰ ਦੇਖਦੀ ਹੀ ਰਹਿ ਗਈ ਕਿਉਂਕਿ ਉਹ ਬਿਲਕੁਲ ਉਸੇ ਵਰਗੀ ਸੀ। ਇਸ ਤੋਂ ਬਾਅਦ ਰਾਣੀ ਲਕਸ਼ਮੀ ਬਾਈ ਨੇ ਝਲਕਾਰੀ ਬਾਈ ਨੂੰ ਦੁਰਗਾ ਦਲ ਵਿੱਚ ਸ਼ਾਮਲ ਕਰ ਲਿਆ।

1857 ਦੇ ਵਿਦਰੋਹ ਤੋਂ ਬਾਅਦ 1858 ਵਿੱਚ ਅੰਗਰੇਜ਼ਾਂ ਨੇ ਝਾਂਸੀ 'ਤੇ ਹਮਲਾ ਕੀਤਾ। ਇਸ ਹਮਲੇ ਵਿੱਚ ਝਲਕਾਰੀ ਬਾਈ ਰਾਣੀ ਲਕਸ਼ਮੀ ਬਾਈ ਦੇ ਭੇਸ ਵਿੱਚ ਲੜੀ ਅਤੇ ਉਸ ਨੇ ਅੰਗਰੇਜ਼ਾਂ ਦਾ ਡਟ ਕੇ ਮੁਕਾਬਲਾ ਕੀਤਾ। ਉਹ ਆਪਣੇ ਪੁੱਤਰ ਨੂੰ ਆਪਣੇ ਪਿੱਛੇ ਚੁੰਨੀ ਨਾਲ ਬੰਨ ਕੇ ਲੜਾਈ ਲੜਦੀ ਰਹੀ ਅਤੇ ਰਾਣੀ ਲਕਸ਼ਮੀ ਬਾਈ ਨੂੰ ਕਿਲੇ ਵਿੱਚੋਂ ਕੱਢਣ ਵਿੱਚ ਕਾਮਯਾਬ ਹੋ ਗਈ। ਉਸ ਦੀ ਮੌਤ ਬਾਰੇ ਅਜੇ ਤੱਕ ਮਤਭੇਦ ਹਨ। ਕਈ ਇਤਿਹਾਸਕਾਰ ਕਹਿੰਦੇ ਹਨ ਕਿ ਉਹ ਜੰਗ ਵਿੱਚ ਲੜਦੀ ਹੋਈ ਸ਼ਹੀਦ ਹੋ ਗਈ ਤੇ ਕਈ ਕਹਿੰਦੇ ਹਨ ਕਿ ਉਸ ਨੂੰ ਅੰਗਰੇਜ਼ਾਂ ਨੇ ਕੈਦ ਕਰ ਲਿਆ ਸੀ। ਝਲਕਾਰੀ ਬਾਈ ਦੀ ਇਸ ਬਹਾਦਰੀ ਨੂੰ ਰਾਣੀ ਲਕਸ਼ਮੀ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ ਜੋ ਝਲਕਾਰੀ ਬਾਈ ਨਾਲ ਬੇਇਨਸਾਫ਼ੀ ਹੈ। ਗਵਾਲੀਅਰ ਵਿੱਚ ਝਲਕਾਰੀ ਬਾਈ ਦਾ ਬੁੱਤ ਲੱਗਿਆ ਹੋਇਆ ਹੈ। ਇਹ ਬੁੱਤ ਉਸ ਦੇ ਭਾਈਚਾਰੇ ਦੇ ਲੋਕਾਂ ਨੇ ਲਗਾਇਆ ਹੈ।

**ਪਹਿਲੀ ਅਧਿਆਪਕਾ ਸਾਵਿੱਤਰੀਬਾਈ ਫੂਲੇ**

ਸਾਰੇ ਜਾਣਦੇ ਹਨ ਕਿ 5 ਸਤੰਬਰ 1888 ਨੂੰ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦਾ ਜਨਮ ਹੋਇਆ ਸੀ ਜੋ ਸਾਡੇ ਮੁਲਕ ਵਿੱਚ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ। ਉਹ ਭਾਰਤ ਦੇ ਪਹਿਲੇ ਉਪ-ਰਾਸ਼ਟਰਪਤੀ ਅਤੇ ਦੂਜੇ ਰਾਸ਼ਟਰਪਤੀ ਸਨ। ਇਹ ਸ਼ਾਇਦ ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਦਲਿਤ ਸਮਾਜ ਦੀ ਔਰਤ ਸਾਵਿੱਤਰੀਬਾਈ ਫੂਲੇ ਹਿੰਦੋਸਤਾਨ ਦੀ ਪਹਿਲੀ ਅਧਿਆਪਕਾ ਸੀ।

ਸਾਵਿੱਤਰੀਬਾਈ ਫੂਲੇ ਦਾ ਜਨਮ 3 ਜਨਵਰੀ 1831 ਨੂੰ ਨਯਾਗਾਓਂ (ਜ਼ਿਲਾ ਸਤਾਰਾ, ਮਹਾਂਰਾਸ਼ਟਰ) ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਮ ਖਦੋਜੀ ਅਤੇ ਮਾਤਾ ਦਾ ਨਾਮ ਲਕਸ਼ਮੀ ਸੀ। ਉਸ ਦਾ ਵਿਆਹ 1840 ਵਿੱਚ ਨੌਂ ਸਾਲ ਦੀ ਉਮਰ ਵਿੱਚ 13 ਸਾਲਾ ਜੋਤੀਬਾਰਾਏ ਫੂਲੇ ਨਾਲ ਹੋਇਆ ਜੋ ਇੱਕ ਮਹਾਨ ਸਮਾਜਿਕ ਸੁਧਾਰਕ ਸਨ। ਉਨਾਂ ਦੀ ਪੁਸਤਕ 'ਗੁਲਾਮਗਿਰੀ' ਬਹੁਤ ਪ੍ਰਸਿੱਧ ਹੈ। ਸਾਵਿੱਤਰੀਬਾਈ ਫੂਲੇ ਨੂੰ ਜੋਤੀਬਾਰਾਏ ਫੂਲੇ ਨੇ ਹੀ ਪੜਾਇਆ ਲਿਖਾਇਆ ਅਤੇ ਅੱਗੇ ਲੈ ਕੇ ਆਏ। ਵਿਆਹ ਸਮੇਂ ਸਾਵਿੱਤਰੀਬਾਈ ਸਿੱਖਿਆ ਤੋਂ ਵਾਂਝੀ ਸੀ ਕਿਉਂਕਿ ਉਸ ਸਮੇਂ ਹਿੰਦੋਸਤਾਨ ਵਿੱਚ ਅੰਧ-ਵਿਸ਼ਵਾਸ, ਰੂੜੀਵਾਦੀ ਪਰੰਪਰਾਵਾਂ, ਛੂਤ-ਛਾਤ, ਜਾਤੀਵਾਦ ਤੇ ਖ਼ਾਸਕਰ ਦਲਿਤਾਂ ਅਤੇ ਔਰਤਾਂ ਉੱਤੇ ਸਰੀਰਕ ਤੇ ਮਾਨਸਿਕ ਜ਼ੁਲਮ ਸਿਖਰਾਂ 'ਤੇ ਸਨ।

ਸਾਵਿੱਤਰੀਬਾਈ ਨੇ ਸਿੱਖਿਅਤ ਹੋ ਕੇ ਮਹਿਸੂਸ ਕੀਤਾ ਕਿ ਔਰਤਾਂ ਦਾ ਸਿੱਖਿਅਤ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਉਸ ਨੇ ਔਰਤਾਂ ਨੂੰ ਸਿੱਖਿਅਤ ਕਰਨ ਦਾ ਫ਼ੈਸਲਾ ਕੀਤਾ। ਉਹ ਜਦੋਂ ਘਰ ਘਰ ਪੜਾਉਣ ਜਾਂਦੀ ਤਾਂ ਲੋਕ ਉਸ 'ਤੇ ਪੱਥਰ ਮਾਰਦੇ ਤੇ ਗੋਹਾ ਸੁੱਟਦੇ ਸਨ। ਇਸੇ ਲਈ ਉਹ ਨਾਲ ਇੱਕ ਵਾਧੂ ਸਾੜੀ ਵੀ ਲੈ ਕੇ ਜਾਂਦੀ। ਉਸ ਨੇ ਕਿਸੇ ਦੀ ਪ੍ਰਵਾਹ ਕੀਤੇ ਬਿਨਾਂ ਆਪਣਾ ਕੰਮ ਜਾਰੀ ਰੱਖਿਆ। ਅੱਜ ਤੋਂ ਲਗਪਗ 160 ਸਾਲ ਪਹਿਲਾਂ ਕੁੜੀਆਂ ਦਾ ਸਕੂਲ ਖੋਲਣਾ ਤਾਂ ਦੂਰ ਦੀ ਗੱਲ, ਕੁੜੀਆਂ ਦਾ ਕਿਸੇ ਵੀ ਤਰਾਂ ਸਿੱਖਿਆ ਪ੍ਰਾਪਤ ਕਰਨਾ ਪਾਪ ਸਮਝਿਆ ਜਾਂਦਾ ਸੀ। ਅਜਿਹੇ ਸਮੇਂ ਵਿੱਚ ਸਾਵਿੱਤਰੀਬਾਈ ਫੂਲੇ ਨੇ ਇਕੱਲਿਆਂ ਕੁੜੀਆਂ ਦਾ ਸਕੂਲ ਖੋਲਿਆ।

ਸਾਵਿੱਤਰੀਬਾਈ ਨੇ ਮਹਿਸੂਸ ਕੀਤਾ ਕਿ ਔਰਤਾਂ ਨੂੰ ਸਿੱਖਿਆ ਦੇਣਾ ਅਤੇ ਇਕੱਠਾ ਕਰਨਾ ਹੀ ਕਾਫ਼ੀ ਨਹੀਂ। ਉਹ ਇਸ ਸਿੱਟੇ 'ਤੇ ਪਹੁੰਚੀ ਕਿ ਔਰਤਾਂ ਨੂੰ ਇਸ ਢੰਗ ਨਾਲ ਜਥੇਬੰਦ ਕੀਤਾ ਜਾਵੇ ਕਿ ਉਹ ਝੂਠ ਦੇ ਤਾਣੇ-ਬਾਣੇ ਤੇ ਜਾਤ-ਪਾਤ ਨੂੰ ਸਮਝਣ ਅਤੇ ਇਸ ਨੂੰ ਜੜੋਂ ਪੁੱਟ ਸਕਣ। ਇਸ ਦਿਸ਼ਾ ਵਿੱਚ ਚਲਦਿਆਂ ਉਸ ਨੇ ਪੁਣੇ ਵਿੱਚ 1852 ਵਿੱਚ ਇੱਕ ਮਹਿਲਾ ਮੰਡਲ ਬਣਾਇਆ ਜਿਹੜਾ ਉਨਾਂ ਦਿਨਾਂ ਵਿੱਚ ਵਧੇਰੇ ਮੁਸ਼ਕਿਲ ਕਾਰਜ ਸੀ।

**ਬਾਕੀ ਸਫ਼ਾ 31 'ਤੇ**

# ਔਰਤਾਂ ਕਦੋਂ ਮੁਕਤ ਹੋਣਗੀਆਂ ਕੋਝੀਆਂ ਪ੍ਰੰਪਰਾਵਾਂ ਤੋਂ ?



**ਹਰਕੀਰਤ ਕੌਰ**
੯੭੭੯੧੧੮੦੬੬

ਨਾਰੀ ਸੁਸ਼ਕਤੀਕਰਨ ਦੇ ਨਾਮ ਉੱਪਰ ਪਿਛਲੇ ਕੁਝ ਸਮੇਂ ਤੋਂ ਪਤਾ ਨਹੀਂ ਕਿੰਨੇ ਕੁ ਪ੍ਰੋਗਰਾਮ, ਸਮਾਗਮ, ਸਰਗਰਮੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਦੇਸ਼ ਦੀਆਂ ਸਰਕਾਰਾਂ ਨੇ ਯਤਨ ਕੀਤਾ ਕਿ ਔਰਤਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਅਜਿਹੇ ਕਦਮ ਚੁੱਕੇ ਜਾਣ ਜਿਨਾਂ ਨਾਲ ਔਰਤਾਂ ਆਤਮ ਨਿਰਭਰ ਹੋ ਸਕਣ, ਆਰਥਿਕ ਪੱਖੋਂ ਮਜ਼ਬੂਤ ਹੋ ਸਕਣ । ਵੱਖ ਵੱਖ ਤਰੀਕਿਆਂ ਨਾਲ ਔਰਤਾਂ ਨੂੰ ਤਕਨੀਕੀ ਤੇ ਮਿਆਰੀ ਸਿੱਖਿਆ ਦੇਣ ਦੇ ਵੀ ਯੋਗ ਪ੍ਰਬੰਧ ਕੀਤੇ ਗਏ। ਔਰਤਾਂ ਨੂੰ ਬਰਾਬਰਤਾ ਦੇ ਮੌਕੇ ਪ੍ਰਦਾਨ ਕਰਨ ਲਈ ਵੀ ਬਹੁਤ ਸਾਰੇ ਯਤਨ ਕੀਤੇ ਗਏ, ਜਿਨਾਂ ਦਾ ਬਹੁਤ ਸਾਰੀਆਂ ਔਰਤਾਂ ਨੇ ਲਾਭ ਵੀ ਉਠਾਇਆ। ਤਿੰਨ ਤਲਾਕ ਤੇ ਵੀ ਦੇਸ਼ ਦੀ ਨਿਆਂਪਾਲਿਕਾ ਨੇ ਇਸ ਅਣਮਨੁੱਖੀ ਪ੍ਰਥਾ ਨੂੰ ਖਤਮ ਕਰਨ ਦੇ ਨਾਲ ਨਾਲ ਅਜਿਹਾ ਅਪਰਾਧ ਕਰਨ ਵਾਲਿਆਂ ਵਿਰੁੱਧ ਸਜ਼ਾ ਦੀ ਵਿਵਸਥਾ ਵੀ ਕੀਤੀ। ਇਸ ਤੋਂ ਇਲਾਵਾ ਅਸੀ ਦੇਖਦੇ ਹਾਂ ਕਿ ਅੱਜ ਔਰਤ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ ।

ਸਿੱਖਿਆ, ਸਿਹਤ, ਸੁਰੱਖਿਆ, ਖੇਡ, ਵਿਗਿਆਨ ਕੋਈ ਵੀ ਖੇਤਰ ਹੋਵੇ ਕੁਝ ਔਰਤਾਂ ਨੇ ਆਪਣੀ ਹੋਂਦ ਨੂੰ ਦੁਨੀਆਂ ਸਾਹਮਣੇ ਪੇਸ਼ ਕੀਤਾ ਹੈ। ਪਰ ਇਹ ਕਹਾਣੀ ਕੁਝ ਕੁ ਔਰਤਾਂ ਦੀ ਹੈ, ਜੋ ਮੀਡੀਆ ਦੀ ਤੇਜ਼ ਅੱਖ ਦੇ ਅੱਗੇ ਆ ਗਈਆਂ। ਇੱਕ ਕਹਾਣੀ ਕੈਮਰੇ ਤੋਂ ਪਿੱਛੇ ਦੀ ਵੀ ਹੈ, ਉਹ ਕਹਾਣੀ ਉਹਨਾਂ ਔਰਤਾਂ ਦੀ ਹੈ ਜਿੰਨਾ ਤੱਕ ਨਾ ਤਾਂ ਸਰਕਾਰਾਂ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸਹੂਲਤਾਂ ਜਾਂ ਮੌਕੇ ਪਹੁੰਚੇ, ਨਾ ਮੀਡੀਆ ਦੇ ਕੈਮਰੇ ਦੀਆਂ ਅੱਖਾਂ। ਬਹੁਤਾਤ ਔਰਤਾਂ ਜਿਨਾਂ ਵਿਚੋਂ ਜਿਆਦਾਤਰ ਨਵਵਿਆਹੁਤਾ ਜਵਾਨ ਲੜਕੀਆਂ ਹਨ, ਦੀ ਹਾਲਤ ਬਹੁਤ ਤਰਸਯੋਗ ਹੈ। ਆਪਣੇ ਹੀ ਘਰਾਂ ਵਿੱਚ ਹਿੰਸਾ ਦੀਆਂ ਸ਼ਿਕਾਰ ਹੁੰਦੀਆਂ ਔਰਤਾਂ ਬੇਵੱਸ ਹਨ, ਪਹਿਲਾਂ ਪੇਕੇ ਘਰ ਵਿਤਕਰੇ ਦਾ ਸਾਹਮਣਾ ਕਰਨ, ਪੜਨ ਦੇ ਸਹੀ ਮੌਕੇ ਨਾ ਮਿਲਣ ਕਰਕੇ ਆਪਣੇ ਸੁਪਨਿਆਂ ਨੂੰ ਅੰਦਰੋਂ ਅੰਦਰੀ ਘੁੱਟ ਕੇ ਵਿਆਹੁਤਾ ਜੀਵਨ ਦੀ ਸ਼ੁਰੂਆਤ ਕਰਦੀਆਂ ਹਨ ਫਿਰ ਉੱਥੇ ਵੀ ਜਾ ਕੇ ਤਸ਼ੱਦਦ ਸਹਿਣਾ ਪੈਂਦਾ ਹੈ, ਸਾਡੇ ਸਮਾਜ ਦੀ ਤਰਾਸਦੀ ਵੇਖੋ ਕਿ ਇੱਕ ਮਰਦ ਔਰਤ ਉੱਪਰ ਚਾਹੇ ਕਿਸੇ ਵੀ ਤਰਾਂ ਜ਼ੁਲਮ ਕਰੇ, ਕਿੰਨਾ ਵੀ ਤਸ਼ੱਦਦ ਕਰੇ, ਬੜੇ ਹੱਕ ਨਾਲ ਔਰਤ ਨੂੰ ਇਸ ਗੱਲ ਦਾ ਅਹਿਸਾਸ ਕਰਵਾਉਣ ਦਾ ਯਤਨ ਕੀਤਾ ਜਾਂਦਾ ਹੈ ਕਿ ਜਿਵੇ ਉਸਨੇ ਔਰਤ ਬਣ ਕੇ ਕੋਈ ਪਾਪ ਕੀਤਾ ਹੋਵੇ। ਘਰ ਦੇ ਸਾਰੇ ਕਾਰ ਵਿਹਾਰ ਸੰਭਾਲਦਿਆਂ ਵੀ ਔਰਤ ਨੂੰ ਸੱਸ, ਸਹੁਰੇ, ਪਤੀ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜਿਹੜੀ ਔਰਤ ਇਨਾਂ ਵਧੀਕੀਆਂ ਦਾ ਚੁੱਪ ਚਾਪ ਸਾਹਮਣਾ ਕਰਦੀ ਰਹੇ, ਦੁੱਖ ਦਰਦ, ਵਿਤਕਰੇ ਆਪਣੇ ਆਪ ਉੱਪਰ ਹੰਢਾਉਂਦੀ ਰਹੇ ਫਿਰ ਤਾਂ ਔਰਤ ਬਹੁਤ ਮਹਾਨ ਹੈ, ਸਾਊ ਹੈ, ਉੱਚੇ ਆਚਰਣ ਵਾਲੀ ਹੈ । ਪਰ ਜੇ ਕਿਤੇ ਉਸਨੇ ਹਿੰਮਤ ਕਰਕੇ ਜੁਲਮ ਦੇ ਵਿਰੁੱਧ ਅਵਾਜ਼ ਉਠਾਉਣ ਦਾ ਯਤਨ ਕੀਤਾ, ਆਪਣੀ ਜਿੰਦਗੀ ਨੂੰ ਲੀਹੇ ਪਾਉਣ ਲਈ ਕਦਮ ਚੁੱਕਿਆ ਤਾਂ ਸਾਡੇ ਸਮਾਜ ਵੱਲੋਂ ਉਸੇ ਔਰਤ ਨੂੰ ਸਵਾਲੀਆ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਪਤਾ ਨਹੀਂ ਸਾਡੇ ਸਮਾਜ ਵਿੱਚ ਕਿੰਨੀਆਂ ਹੀ ਅਜਿਹੀਆਂ ਔਰਤਾਂ ਹਨ ਜੋ ਸਮਾਜ ਦੇ ਸਵਾਲਾਂ ਤੋਂ ਡਰਦੀਆਂ ਜ਼ੁਲਮ ਸਹਿੰਦੀਆਂ ਰਹਿੰਦੀਆਂ ਹਨ ਅਤੇ ਨਰਕ ਭਰੀ ਜਿੰਦਗੀ ਜਿਊ ਰਹੀਆਂ ਹਨ। ਬਹੁਤ ਸਾਰੀਆਂ ਔਰਤ ਪਾਠਕਾਂ ਆਪਣੀਆਂ ਮੁਸ਼ਕਿਲਾਂ ਜਦ ਸਾਂਝੀਆਂ ਕਰਦੀਆਂ ਹਨ ਤਾਂ ਮਨ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਕਿਸੇ ਇੱਕ ਇਨਸਾਨ ਦੀ ਜਿੰਦਗੀ ਨੂੰ ਕੰਟਰੋਲ ਕਰਨ ਦਾ ਅਧਿਕਾਰ ਕਿਸੇ ਦੂਸਰੇ ਇਨਸਾਨ ਨੂੰ ਕਿਵੇਂ ਹੋ ਸਕਦਾ ਹੈ। ਜੀਵਨ ਰੂਪੀ ਤੋਹਫ਼ਾ ਕੁਦਰਤ ਵੱਲੋਂ ਮਿਲਿਆ ਹੈ, ਕਿਸੇ ਦੂਸਰੇ ਵਿਅਕਤੀ ਨੂੰ ਕਿਸੇ ਇੱਕ ਦੀ ਜਿੰਦਗੀ ਖਰਾਬ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਹਰ ਇੱਕ ਨੂੰ ਆਪਣੀ ਜਿੰਦਗੀ ਜਿਊਣ ਦਾ ਹੱਕ ਹੈ। ਸੱਸਾਂ, ਨਨਾਣਾਂ, ਨੂੰਹਾਂ ਦੇ ਰੂਪ ਵਿੱਚ ਬੈਠੀਆਂ ਔਰਤਾਂ ਨੂੰ ਚਾਹੀਦਾ ਹੈ ਕਿ ਘੱਟੋ ਘੱਟ ਤੁਸੀਂ ਇੱਕ ਦੂਸਰੇ ਦੀ ਤਾਕਤ ਬਣੋ। ਇੱਕ ਔਰਤ ਦੂਸਰੀ ਔਰਤ ਦਾ ਸਾਥ ਦੇਵੇ ਤਾਂ ਸਮਾਜ ਵਿੱਚ ਔਰਤਾਂ ਦੀ ਸਥਿਤੀ ਕੁਝ ਹੱਦ ਤੱਕ ਸਹੀ ਕੀਤੀ ਜਾ ਸਕਦੀ ਹੈ। ਬਹੁਤ ਸਾਰੀਆਂ ਔਰਤਾਂ ਅਜਿਹੀਆਂ ਹਨ ਜੋ ਸਿੱਖਿਅਤ ਹੋਕੇ ਵੀ ਆਪਣੇ ਫ਼ੈਸਲੇ ਖੁਦ ਨਹੀਂ ਕਰ ਸਕਦੀਆਂ। ਦੇਸ਼ ਦੀਆਂ ਸਿੱਖਿਅਤ ਔਰਤਾਂ ਵੀ ਖਾਮੋਸ਼ ਕਿਉਂ ਰਹਿੰਦੀਆਂ ਹਨ ? ਜੇਕਰ ਔਰਤਾਂ ਆਪਣੇ ਫ਼ੈਸਲੇ ਆਪ ਨਹੀਂ ਕਰਨਗੀਆਂ, ਜੁਲਮ ਵਿਰੁੱਧ ਅਵਾਜ਼ਾਂ ਨਹੀਂ ਉਠਾਉਣਗੀਆਂ ਤਾਂ ਉਨਾਂ ਕੋਲ ਕੋਈ ਹੱਕ ਨਹੀਂ ਕਿ ਉਹ ਆਪਣੇ ਹਲਾਤਾਂ ਨੂੰ ਕੋਸਣ। ਜੇਕਰ ਅਸੀਂ ਸਮਰੱਥ ਹੋਣ ਦੇ ਬਾਵਜੂਦ ਵੀ ਗਲਤ ਵਿਰੁੱਧ ਅਵਾਜ਼ ਬੁਲੰਦ ਨਹੀਂ ਕਰਦੀਆਂ ਤਾਂ ਸਮਾਜ ਵਿੱਚ ਔਰਤ ਦੀ ਹਾਲਤ ਕਦੇ ਵੀ ਨਹੀਂ ਸੁਧਰ ਸਕੇਗੀ।

ਇਹ ਬਹੁਤ ਸਾਰੀਆਂ ਔਰਤਾਂ ਦੀ ਕਹਾਣੀ ਹੈ ਜੋ ਘਰੇਲੂ ਹਿੰਸਾ ਦਾ, ਦੁਰਵਿਵਹਾਰ ਦਾ ਸ਼ਿਕਾਰ ਹੁੰਦੀਆਂ ਹਨ। ਜਿਨਾਂ ਤੱਕ ਕੋਈ ਸਹੂਲਤ ਨਹੀਂ ਪੁੰਹਚਦੀ, ਪਰ ਇੱਕ ਗੱਲ ਸਾਰੀਆਂ ਔਰਤਾਂ ਨੂੰ ਸਮਝਣੀ ਪਵੇਗੀ ਕਿ ਜਿਹੜਾ ਖੁਦ ਬੰਦਿਸ਼ਾਂ ਤੋਂ ਮੁਕਤ ਨਹੀਂ ਹੋਣਾ ਚਾਹੁੰਦਾ ਉਸਨੂੰ ਰੱਬ ਵੀ ਮੁਕਤ ਨਹੀਂ ਕਰ ਸਕਦਾ।

ਜੇਕਰ ਔਰਤ ਚਾਹੁੰਦੀ ਹੈ ਕਿ ਉਹ ਵੀ ਖੁੱਲੇ ਅਸਮਾਨ ਵਿੱਚ ਅਜਾਦ ਪੰਛੀ ਵਾਂਗ ਉਡਾਰੀ ਭਰ ਸਕੇ, ਉਹ ਸੌੜੀ ਸੋਚ ਦੇ ਬੰਧਨਾਂ ਤੋਂ ਮੁਕਤ ਹੋਵੇ ਤਾਂ ਔਰਤ ਨੂੰ ਖੁਦ ਹੰਭਲਾ ਮਾਰਨਾ ਪਵੇਗਾ। ਆਪਣੇ ਲਈ ਅਵਾਜ਼ ਉਠਾਉਣੀ ਪਵੇਗੀ। ਨਾਲ ਦੀ ਨਾਲ ਇਹ ਵੀ ਧਿਆਨ ਵਿੱਚ ਰੱਖਣਾ ਪਵੇਗਾ ਅਜ਼ਾਦੀ ਦਾ ਅਰਥ ਖਰੂਦ ਪਾਉਣਾ ਕਦੇ ਨਹੀਂ ਹੁੰਦਾ, ਅਜ਼ਾਦੀ ਤੋਂ ਭਾਵ ਹੱਕਾਂ ਦੀ ਅਜ਼ਾਦੀ, ਨਿਰਭਉ ਹੋਕੇ ਉਡਾਣ ਭਰਨ ਦੀ ਖੁਲ ਹੈ।

ਸਮਾਜ ਵਿੱਚ ਬਣੀਆਂ ਇਹ ਕੋਝੀਆਂ ਪ੍ਰੰਪਰਾਵਾਂ ਜੋ ਔਰਤਾਂ ਦਾ ਗਲਾ ਘੁੱਟਦੀਆਂ ਹਨ, ਸਭ ਔਰਤਾਂ ਦੇ ਸਾਂਝੇ ਸਹਿਯੋਗ ਨਾਲ ਹੀ ਦੂਰ ਹੋ ਸਕਦੀਆਂ ਹਨ। ਬਚਪਨ ਤੋਂ ਆਪਣੇ ਬੇਟਿਆਂ ਨੂੰ ਔਰਤਾਂ ਦੀ ਇੱਜ਼ਤ ਕਰਨੀ ਸਿਖਾਉ। ਘਰ ਵਿੱਚ ਨੂੰਹ ਪੁੱਤ ਦੀ ਕਹਾ-ਸੁਣੀ ਵਿੱਚ ਨੂੰਹ ਦੇ ਨਾਲ ਸਾਹਸ ਨਾਲ ਖੜੋ ਤੇ ਉਸਦਾ ਸਾਥ ਦਿਓ ਤਾਂ ਜੋ ਇੱਕ ਔਰਤ ਦੂਸਰੀ ਔਰਤ ਦੇ ਮੋਢੇ ਨਾਲ ਮੋਢਾ ਜੋੜ ਸਮਾਜ ਵਿੱਚ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕੇ। ਸਰਕਾਰਾਂ ਦਾ ਯਤਨ ਹੋਣਾ ਚਾਹੀਦਾ ਹੈ ਕਿ ਔਰਤ ਦੀ ਸੁਰੱਖਿਆ ਲਈ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸਹੂਲਤਾਂ ਦੇਸ਼ ਦੀ ਹਰ ਔਰਤ ਤੱਕ ਪੁੱਜਦੀ ਹੋਵੇ। ਹਰ ਔਰਤ ਐਨੀ ਕਾਬਿਲ ਹੋਵੇ ਕਿ ਆਪਣੇ ਜੀਵਨ ਨਿਰਬਾਹ ਲਈ ਕਿਸੇ ਉੱਪਰ ਨਿਰਭਰ ਨਾ ਹੋਣਾ ਪਵੇ।

## ਭਾਰਤੀ ਸਮਾਜ ਵਿਚ

ਹਜ਼ਰਤ ਲੁਕਮਾਨ ਨੇ ਇਕ ਵਾਰ ਅਪਣੇ ਪੁੱਤਰ ਨੂੰ ਕਿਹਾ ਕਿਤੋਂ ਸਵਰਗ ਦੀ ਮਿੱਟੀ ਲੈ ਕੇ ਆ ਤਾਂ ਉਨਾਂ ਦੇ ਬੇਟੇ ਨੇ ਅਪਣੀ ਮਾਂ ਦੇ ਪੈਰਾਂ ਹੇਠਲੀ ਮਿੱਟੀ ਚੁੱਕੀ ਤੇ ਜਾ ਫੜਾਈ। ਜੇਕਰ ਗੱਲ ਭਾਰਤ ਦੀ ਕਰੀਏ ਤਾਂ ਸਦੀਆਂ ਤੋਂ ਇਸ ਦੇਸ਼ ਵਿਚ ਔਰਤ ਨੂੰ ਦੇਵੀ ਸਮਝ ਇਸ ਦੀ ਪੂਜਾ ਕੀਤੀ ਜਾਂਦੀ ਹੈ ਤੇ ਬੱਚੀਆਂ ਨੂੰ ਕੰਜਕਾਂ ਕਹਿ ਕੇ ਉਨਾਂ ਦਾ ਆਦਰ ਸਤਿਕਾਰ ਕੀਤਾ ਜਾਂਦਾ ਹੈ। ਉਕਤ ਸਾਰੀ ਵਿਆਖਿਆ ਕਰਨ ਦਾ ਮਕਸਦ ਇਹੋ ਹੈ ਕਿ ਜਿਸ ਔਰਤ ਨੂੰ ਸਾਡੇ ਗੁਰੂਆਂ, ਪੀਰਾਂ ਤੇ ਅਵਤਾਰਾਂ ਨੇ ਇੰਨੀ ਇੱਜ਼ਤ ਨਾਲ ਨਵਾਜ਼ਿਆ ਹੈ, ਅੱਜ ਉਸੇ ਔਰਤ (ਮਾਂ, ਧੀ, ਭੈਣ ਤੇ ਪਤਨੀ) ਉੱਤੇ ਮਰਦ ਪ੍ਰਧਾਨ ਸਮਾਜ ਨੇ ਆਨੇ-ਬਹਾਨੇ ਜਿਸ ਤਰਾਂ ਉਸ ਉੱਤੇ ਤਰਾਂ-ਤਰਾਂ ਦੇ ਜਬਰ-ਜ਼ੁਲਮ ਢਾਹੇ ਜਾ ਰਹੇ ਹਨ, ਉਸ ਦੀ ਉਦਾਹਰਣ ਸ਼ਾਇਦ ਉਸ ਦੌਰ ਵਿਚ ਵੀ ਨਹੀਂ ਮਿਲਦੀ, ਜਦੋਂ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ। ਤਦੇ ਇਕ ਸ਼ਾਇਰ ਨੇ ਕਿਹਾ ਸੀ,

'ਲੋਗ ਔਰਤ ਕੋ ਫਕਤ ਜਿਸਮ ਸਮਝ ਲੇਤੇ ਹੇਂ,
ਰੂਹ ਭੀ ਹੋਤੀ ਹੈ ਇਸ ਮੇਂ ਯੇ ਕਹਾਂ ਸੋਚਤੇ ਹੇਂ।
ਕਿਤਨੀ ਸਦੀਓਂ ਸੇ ਯੇ ਵਹਿਸ਼ਤ ਕਾ ਚਲਨ ਜਾਰੀ ਹੈ,
ਕਿਤਨੀ ਸਦੀਓਂ ਸੇ ਕਾਇਮ ਹੈ ਯੇ ਗੁਨਾਹੋਂ ਕਾ ਰਿਵਾਜ।
ਲੋਗ ਔਰਤ ਕੀ ਹਰ ਚੀਖ਼ ਕੋ ਨਗ਼ਮਾ ਸਮਝੇਂ,
ਵੋਹ ਕਬੀਲੋਂ ਕਾ ਜ਼ਮਾਨਾ ਹੋ ਕਿ ਸ਼ਹਿਰੋਂ ਕਾ ਰਿਵਾਜ।

### ਮਰਦ ਦੀ ਪ੍ਰਧਾਨਗੀ ਦਾ ਪਰਛਾਵਾਂ

ਬੇਸ਼ਕ ਅੱਜ ਦੇ ਦੌਰ 'ਚ ਕਿਤਾਬਾਂ ਵਿਚ ਔਰਤ ਤੇ ਮਰਦ ਵਿਚ ਕੋਈ ਫ਼ਰਕ ਨਹੀਂ ਸਮਝਿਆ ਜਾਂਦਾ ਪਰ ਅਸਲ 'ਚ ਹਕੀਕਤ ਇਸ ਤੋਂ ਬਿਲਕੁਲ ਦੂਰ ਹੈ। ਸਮਾਜ ਵਿਚ ਔਰਤ ਨੂੰ ਸਨਮਾਨਯੋਗ ਸਥਾਨ ਦੇਣ ਲਈ ਸਮੇਂ-ਸਮੇਂ 'ਤੇ ਅਨੇਕਾਂ ਯਤਨ ਕੀਤੇ ਜਾਂਦੇ ਹਨ। ਸਾਡੇ ਦੇਸ਼ ਵਿਚ ਮਰਦ ਦੀ ਪ੍ਰਧਾਨਗੀ ਦਾ ਪਰਛਾਵਾਂ ਹਮੇਸ਼ਾ ਔਰਤਾਂ 'ਤੇ ਭਾਰੂ ਰਹਿੰਦਾ ਹੈ। ਔਰਤ ਆਪਣੀ ਜ਼ਿੰਦਗੀ 'ਚ ਕਈ ਕਿਰਦਾਰ ਅਦਾ ਕਰਦੀ ਹੈ ਕਦੇ ਬੇਟੀ, ਕਦੇ ਭੈਣ, ਕਦੇ ਨੂੰਹ, ਕਦੇ ਸੱਸ ਤੇ ਕਦੇ ਪਤਨੀ ਪਰ ਇਹ ਕਿਰਦਾਰ ਨਿਭਾਉਂਦੇ ਹੋਏ ਨਾ ਚਾਹੁੰਦੇ ਹੋਏ ਵੀ ਆਪਣੇ ਖ਼ਾਬਾਂ ਦਾ ਕਤਲ ਕਰ ਦਿੰਦੀ ਹੈ ਤਾਂ ਜੋ ਉਸ ਦਾ ਪਰਿਵਾਰ ਸੁੱਖੀ ਰਹਿ ਸਕੇ। ਇਸ ਦੇ ਬਦਲੇ ਵਿਚ ਸਮਾਜ ਉਸ ਨੂੰ ਲਾਚਾਰਤਾ ਦਿੰਦਾ ਹੈ। ਮਰਦ ਪ੍ਰਧਾਨ ਸਮਾਜ ਨੇ ਔਰਤ ਪ੍ਰਤੀ ਅਜਿਹੀ ਮਾਨਸਿਕਤਾ ਬਣਾ ਦਿੱਤੀ ਹੈ ਕਿ ਉਨਾਂ ਦੀ ਸਮਝ ਅਧੂਰੀ ਹੈ, ਉਹ ਆਪਣੇ ਫ਼ੈਸਲੇ ਆਪ ਨਹੀਂ ਲੈ ਸਕਦੀਆਂ। ਸਮਾਜ ਵਿਚਲੀਆਂ ਕੁਝ ਚੇਤਨ ਔਰਤਾਂ ਨੇ ਆਪਣੀ ਪਛਾਣ ਅਪਣੇ ਬਲਬੂਤੇ 'ਤੇ ਬਣਾਈ ਹੈ।

### ਬੁਲੰਦੀ ਦੀ ਪਰਵਾਜ਼

ਅੱਜ ਔਰਤਾਂ ਦੇਸ਼ ਦੀ ਪ੍ਰਗਤੀ ਵਿਚ ਅਹਿਮ ਹਿੱਸਾ ਪਾ ਰਹੀਆਂ ਹਨ। ਅੱਜ ਦੀ ਔਰਤ ਬੱਸ ਕੰਡਕਟਰ ਤੋਂ ਲੈ ਕੇ ਚੰਨ ਤਕ ਹਰ ਪਾਸੇ ਅੱਗੇ ਵਧ ਰਹੀਆਂ ਹਨ। ਹਰ ਕੰਮ 'ਚ ਮਰਦਾਂ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਚਲ ਰਹੀਆਂ ਹਨ। ਭਾਵੇਂ ਗੱਲ ਹੋਵੇ ਮਦਰ ਟਰੇਸਾ, ਕਲਪਨਾ ਚਾਵਲਾ, ਇੰਦਰਾ ਗਾਂਧੀ, ਕਿਰਨ ਬੇਦੀ, ਸਾਇਨਾ ਨੇਹਵਾਲ ਹਰ ਖੇਤਰ 'ਚ ਔਰਤਾਂ ਨੇ ਆਪਣਾ ਇਕ ਮੁਕਾਮ ਬਣਾਇਆ ਹੈ। ਘਰ ਦੀ ਚਾਰਦੀਵਾਰੀ ਤੋਂ ਬਾਹਰ ਆ ਕੇ ਅੱਜ ਦੀ ਔਰਤ ਬੁਲੰਦੀ ਦੀ ਪਰਵਾਜ਼ ਭਰ ਰਹੀ ਹੈ। ਕਈ ਵਾਰੀ ਅਸੀਂ ਦੇਖਦੇ ਹਾਂ ਕਿ ਔਰਤ ਪੱਛਮ ਦੇ ਨਾਰੀਵਾਦੀ ਸਿਧਾਂਤਾਂ ਨੂੰ ਅਪਣਾਉਣ ਦੀ ਕੋਸ਼ਿਸ਼ ਕਰਦੀ ਹੋਈ ਆਪਣੀ ਸਥਿਤੀ ਸੁਧਾਰਨ ਵਾਸਤੇ ਸੋਚਦੀ ਹੈ ਪਰ ਔਰਤ ਦੀ ਬੁਲੰਦੀ ਅਤੇ ਉਨਾਂ ਦੇ ਸੁਪਨਿਆਂ ਨੂੰ ਇਹ ਜ਼ਾਲਿਮ ਸਮਾਜ ਆਪਣੀ ਪੱਛੜੀ ਹੋਈ ਸੋਚ ਨਾਲ ਕੁਤਰ ਦਿੰਦਾ ਹੈ ਤੇ ਔਰਤ ਦੇ ਸੁਪਨਿਆਂ ਦੀ ਮੌਤ ਹੋ ਜਾਂਦੀ ਹੈ।

### ਤਰੱਕੀ ਦੇ ਵੱਡੇ-ਵੱਡੇ ਦਾਅਵੇ

ਭਾਵੇਂ ਅਸੀਂ ਅੱਜ ਤਰੱਕੀ ਦੇ ਵੱਡੇ-ਵੱਡੇ ਦਾਅਵੇ ਕਰਦੇ ਨਹੀਂ ਥੱਕਦੇ ਤੇ ਦੁਨੀਆ ਦੇ ਪਿਛਲੇ ਸਭ ਮਨੁੱਖਾਂ ਤੋਂ ਖ਼ੁਦ ਨੂੰ ਅਵੱਲ ਤੇ ਸੱਭਿਅਕ ਕਹਾਉਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਾਂ ਕਿਉਂਕਿ ਅਸੀਂ ਚੰਨ 'ਤੇ ਫ਼ਤਹਿ ਪਾਉਣ ਉਪਰੰਤ ਮੰਗਲ ਗ੍ਰਹਿ 'ਤੇ ਜਿੱਤ ਦੀ ਪ੍ਰਾਪਤੀ ਦੇ ਸੁਪਨੇ ਵੇਖ ਰਹੇ ਹਾਂ ਪਰ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਏਨੀ ਤਰੱਕੀ ਕਰ ਲੈਣ ਦੇ ਬਾਵਜੂਦ ਸਾਡੇ ਸਮਾਜ ਵਿਚ ਅੱਜ ਔਰਤ ਦੀ ਇੱਜ਼ਤ ਤਕ ਮਹਿਫ਼ੂਜ਼ ਨਹੀਂ ਹੈ। ਹਾਲਾਤ ਇਸ ਕਦਰ ਗੰਭੀਰ ਹਨ ਕਿ ਮੁਟਿਆਰਾਂ ਦੀ ਗੱਲ ਛੱਡੋ ਅੱਜ ਸਮਾਜ ਵਿਚ ਵਿਚਰਦੇ ਦਰਿੰਦਿਆਂ ਹੱਥੋਂ ਅੱਠ ਮਹੀਨਿਆਂ ਤੇ ਅੱਠ ਸਾਲਾਂ ਦੀਆਂ ਬੱਚੀਆਂ ਤੋਂ ਲੈ ਕੇ 80 ਸਾਲਾਂ ਦੀ ਬੇਬੇ ਤਕ ਵੀ ਮਹਿਫ਼ੂਜ਼ ਨਹੀਂ। ਯਕੀਨਨ ਇਹ ਸਮਾਜ ਲਈ ਸ਼ਰਮ ਵਾਲੀ ਗੱਲ ਹੈ ਨਾਲ ਹੀ ਸਾਡੀ ਸਮੁੱਚੀ ਮਨੁੱਖ ਜਾਤੀ ਲਈ ਇਕ ਗੰਭੀਰ ਚੁਣੌਤੀ ਭਰਪੂਰ ਚਿੰਤਾ ਦਾ ਵਿਸ਼ਾ ਹੈ। ਇਸ ਸੰਦਰਭ ਵਿਚ ਸਾਹਿਰ ਲੁਧਿਆਣਵੀ ਕਹਿੰਦੇ ਹਨ,

ਔਰਤ ਨੇ ਜਨਮ ਦੀਯਾ ਮਰਦੋਂ ਕੋ,
ਮਰਦੋਂ ਨੇ ਉਸੇ ਬਾਜ਼ਾਰ ਦੀਯਾ,
ਜਬ ਜੀਅ ਚਾਹਾ ਮਸਲਾ, ਕੁਚਲਾ,
ਜਬ ਜੀਅ ਚਾਹਾ ਧੁਤਕਾਰ ਦੀਯਾ।
ਮਰਦੋਂ ਕੇ ਲੀਯੇ ਹਰ ਜ਼ੁਲਮ ਰਵਾਅ,

ਔਰਤ ਕੇ ਲੀਯੇ ਰੋਨਾ ਭੀ ਖ਼ਤਾ,
ਮਰਦੋਂ ਕੇ ਕੀਯੇ ਹਰ ਐਸ਼ ਕਾ ਹੱਕ,
ਔਰਤ ਕੇ ਲੀਯੇ ਜੀਨਾ ਭੀ ਖ਼ਤਾ।

### ਅਸੁੱਰਖਿਅਤ ਮੁਲਕ

ਪਿਛਲੇ ਦਿਨੀਂ ਇਕ ਆਲਮੀ ਮਾਹਰਾਂ ਦੇ ਪੈਨਲ ਵਲੋਂ ਕੀਤੇ ਸਰਵੇਖਣ ਉਪਰੰਤ ਜੋ ਤੱਥ ਉੱਭਰ ਕੇ ਸਾਹਮਣੇ ਆਏ, ਜੇਕਰ ਉਨਾਂ ਨੂੰ ਸੱਚ ਮੰਨੀਏ ਤਾਂ ਸਮੁੱਚੀ ਦੁਨੀਆਂ ਦੇ ਨਾਲ-ਨਾਲ ਸਾਡੇ ਅਪਣੇ ਦੇਸ਼ ਵਾਸੀਆਂ ਨੂੰ ਸ਼ਰਮਸਾਰ ਕਰਨ ਵਾਲੀ ਗੱਲ ਹੈ। ਥਾਮਸਨ ਰਾਈਟਰਜ਼ ਫ਼ਾਊਂਡੇਸ਼ਨ ਦੇ ਉਕਤ ਸਰਵੇਖਣ ਅਨੁਸਾਰ ਭਾਰਤ ਦੁਨੀਆਂ ਭਰ ਦੇ ਦੇਸ਼ਾਂ ਵਿੱਚੋਂ ਔਰਤਾਂ ਲਈ ਸਭ ਤੋਂ ਵੱਧ ਖ਼ਤਰਨਾਕ ਤੇ ਅਸੁੱਰਖਿਅਤ ਮੁਲਕ ਹੈ ਤੇ ਅਪਣੇ ਇਸ ਸਰਵੇ ਵਿਚ ਔਰਤਾਂ ਲਈ ਗ਼ੈਰ-ਮਹਿਫ਼ੂਜ਼ ਮੁਲਕਾਂ ਦੀ ਸ਼੍ਰੇਣੀ ਵਿਚ ਭਾਰਤ ਨੂੰ ਅੱਵਲ ਨੰਬਰ ਉੱਤੇ ਰੱਖਿਆ ਗਿਆ ਹੈ। ਜਦ ਕਿ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਫ਼ਹਿਰਿਸਤ ਵਿਚ ਦਹਿਸ਼ਤ ਗਰਦੀ ਨਾਲ ਪ੍ਰਭਾਵਤ ਅਫ਼ਗ਼ਾਨਿਸਤਾਨ ਤੇ ਜੰਗ ਨਾਲ ਤਬਾਹ ਹੋਏ ਸੀਰੀਆ ਵਰਗੇ ਦੇਸ਼ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ ਉੱਤੇ ਹਨ ਜਦੋਂ ਕਿ ਅਮਰੀਕਾ ਪੱਛਮੀ ਦੇਸ਼ਾਂ ਵਿਚ ਇਕ ਅਜਿਹਾ ਦੇਸ਼ ਹੈ, ਜੋ ਉਪਰਲੇ 10 ਦੇਸ਼ਾਂ ਵਿਚ ਸ਼ਾਮਲ ਹੈ।

### ਸਮੱਸਿਆਵਾਂ ਤੋਂ ਵਾਕਫ਼

ਇਹ ਸਰਵੇ ਉਕਤ ਸੰਸਥਾ ਦੁਆਰਾ ੨੬ ਮਾਰਚ ਤੋਂ ੪ ਮਈ ੨੦੧੮ ਵਿਚਕਾਰ ਕਰਵਾਇਆ ਗਿਆ ਹੈ। ਇਸ ਸਰਵੇ ਵਿਚ ਪੂਰੀ ਦੁਨੀਆ ਦੇ ੫੪੮ ਅਜਿਹੇ ਮਾਹਰਾਂ ਨੂੰ ਸ਼ਾਮਲ ਕੀਤਾ ਗਿਆ, ਜੋ ਔਰਤਾਂ ਨਾਲ ਸਬੰਧਤ ਸਮੱਸਿਆਵਾਂ ਤੋਂ ਪੂਰੀ ਤਰਾਂ ਵਾਕਫ਼ ਸਨ। ਇਨਾਂ ਵਿਚ ਵਿਦਿਅਕ ਵਿਭਾਗ ਨਾਲ ਸਬੰਧਿਤ, ਸਿਹਤ ਤੇ ਐਨਜੀਓਜ਼ ਵਿਚ ਕੰਮ ਕਰਦੇ ਲੋਕੀ ਵੀ ਸ਼ਾਮਲ ਕੀਤੇ ਗਏ ਸਨ। ਜ਼ਿਕਰਯੋਗ ਹੈ ਕਿ ੨੦੧੧ ਵਿਚ ਕਰਵਾਏ ਇਕ ਇਸੇ ਤਰਾਂ ਦੇ ਸਰਵੇ ਵਿਚ ਭਾਰਤ ਚੌਥੇ ਸਥਾਨ ਉੱਤੇ ਸੀ। ਥਾਮਸਨ ਰਈਟਰਜ਼ ਫ਼ਾਊਂਡੇਸ਼ਨ ਦਾ ਉਕਤ ਸਰਵੇ ਸੰਸਾਰ ਦੇ ਕੁਲ ੧੯੩ ਦੇਸ਼ਾਂ ਦੀਆਂ ਔਰਤਾਂ ਦੇ ਹਾਲਾਤ 'ਤੇ ਆਧਾਰਤ ਹੈ। ਇਸ ਸਰਵੇ ਵਿਚ ਭਾਰਤ ਨੂੰ ਔਰਤਾਂ ਲਈ ਸਭ ਤੋਂ ਵੱਧ ਗ਼ੈਰ-ਮਹਿਫ਼ੂਜ਼ ਕਰਾਰ ਦਿੰਦਿਆਂ ਪਹਿਲੇ ਸਥਾਨ ਉੱਤੇ ਰੱਖਿਆ ਗਿਆ ਹੈ।ਪਹਿਲੇ ਦਸ ਦੇਸ਼ਾਂ ਦੀ ਸੂਚੀ ਵਿਚ ਅਮਰੀਕਾ ਦਸਵੇਂ ਸਥਾਨ ਉੱਤੇ, ਪਾਕਿਸਤਾਨ ਛੇਵੇਂ ਸਥਾਨ ਉੱਤੇ, ਸੋਮਾਲੀਆ ਚੌਥੇ ਸਥਾਨ ਉਤੇ ਅਤੇ ਸਾਉਦੀ ਅਰਬ ਪੰਜਵੇਂ ਸਥਾਨ ਉੱਤੇ ਹੈ। ਜੇਕਰ ਇਸ ਸਰਵੇਖਣ ਦੀ ਤੁਲਨਾ ੨੦੧੧ਦੇ ਸਰਵੇਖਣ ਨਾਲ ਕਰੀਏ ਤਾਂ ਦੋਹਾਂ ਵਿਚਕਾਰ ਜ਼ਮੀਨ-ਆਸਮਾਨ ਦਾ ਫ਼ਰਕ ਵਿਖਾਈ ਦਿੰਦਾ ਹੈ ਕਿਉਂ ਕਿ ੨੦੧੧ ਵਾਲੇ ਸਰਵੇਖਣ ਵਿਚ ਕ੍ਰਮਵਾਰ ਅਫ਼ਗ਼ਾਨਿਸਤਾਨ ਪਹਿਲੇ, ਕਾਂਗੋ ਦੂਜੇ, ਪਾਕਿਸਤਾਨ ਤੀਜੇ, ਭਾਰਤ ਚੌਥੇ ਤੇ ਸੋਮਾਲੀਆ ਪੰਜਵੇਂ ਸਥਾਨ ਉਤੇ ਸਨ। ਸਰਵੇਖਣ ਵਿਚ ਇਕੱਲਾ ਜਿਨਸੀ ਸ਼ੋਸ਼ਣ ਜਾਂ ਛੇੜ-ਛਾੜ ਦੇ ਹੀ ਮੁੱਦੇ ਨਹੀਂ ਹਨ ਸਗੋਂ ਇਸ ਦੇ ਨਾਲ-ਨਾਲ ਔਰਤਾਂ ਦੀ ਸਿਹਤ, ਸੱਭਿਆਚਾਰਕ ਰਵਾਇਤਾਂ, ਭੇਦ-ਭਾਵ, ਕੁੱਟਮਾਰ ਤੇ ਮਨੁੱਖੀ ਜਿਸਮ ਦੀ ਸਮਗਲਿੰਗ ਦੇ ਮਾਮਲੇ ਵੀ ਸ਼ਾਮਲ ਕੀਤੇ ਗਏ ਹਨ।

### ਭਾਰਤ ਦਾ ਜ਼ਿਕਰ

ਫ਼ਾਊਂਡੇਸ਼ਨ ਨੇ ਅਪਣੀ ਰਿਪੋਰਟ ਵਿਚ ਭਾਰਤ ਦਾ ਜ਼ਿਕਰ ਕਰਦਿਆਂ ਲਿਖਿਆ ਹੈ 'ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਬਾਦੀ ਵਾਲੇ ਦੇਸ਼ ਜਿਥੇ ੧.੩ਬਿਲੀਅਨ ਲੋਕ ਰਹਿੰਦੇ ਹਨ, ਉਹ ਤਿੰਨ ਮਾਮਲਿਆਂ ਵਿਚ ਦੁਨੀਆਂ ਦਾ ਸਭ ਤੋਂ ਖ਼ਤਰਨਾਕ ਦੇਸ਼ ਹੈ ਤੇ ਇਹ ਹਨ, ਔਰਤਾਂ ਦੇ ਵਿਰੁਧ ਜਿਨਸੀ ਤਸ਼ੱਦਦ, ਸੱਭਿਆਚਾਰਕ ਤੇ ਰਵਾਇਤੀ ਮਾਮਲੇ ਅਤੇ ਇਨਸਾਨੀ ਸਮਗਲਿੰਗ, ਜਿਨਾਂ ਵਿਚ ਜਬਰਨ ਮਜ਼ਦੂਰੀ ਕਰਾਉਣਾ ਤੇ ਘਰੇਲੂ ਮੁਲਾਜ਼ਮ ਬਣਾ ਕੇ ਰਖਣਾ ਆਦਿ ਸ਼ਾਮਲ ਹਨ।' ਇਸ ਸਬੰਧੀ ਔਰਤਾਂ ਦੇ ਕੌਮੀ ਕਮਿਸ਼ਨ (ਐਨਸੀਡਬਲਿਊ) ਨੇ ਉਕਤ ਸਰਵੇਖਣ ਦੀਆਂ ਲੱਭਤਾਂ ਨੂੰ ਖ਼ਾਰਜ ਕਰ ਦਿੱਤਾ।

### ਜਨਤਕ ਤੌਰ 'ਤੇ ਬੋਲਣ ਦੀ ਖੁੱਲ

ਕਮਿਸ਼ਨ ਦਾ ਕਹਿਣਾ ਹੈ ਕਿ ਜਿਨਾਂ ਮੁਲਕਾਂ ਨੂੰ ਭਾਰਤ ਹੇਠ ਰੱਖਿਆ ਗਿਆ ਹੈ, ਉਨਾਂ ਮੁਲਕਾਂ ਦੀਆਂ ਔਰਤਾਂ ਨੂੰ ਤਾਂ ਜਨਤਕ ਤੌਰ ਉੱਤੇ ਬੋਲਣ ਦੀ ਵੀ ਖੁੱਲ ਨਹੀਂ। ਉਨਾਂ ਰਿਪੋਰਟ ਨੂੰ ਰੱਦ ਕਰਦਿਆਂ ਦਾਅਵਾ ਕੀਤਾ ਕਿ ਸਰਵੇ ਲਈ ਜਿਹੜਾ ਨਮੂਨਾ ਵਰਤਿਆ ਗਿਆ ਉਹ ਮਾਪ ਵਿਚ ਕਾਫ਼ੀ ਛੋਟਾ ਸੀ ਤੇ ਉਹ ਪੂਰੇ ਮੁਲਕ ਦੀ ਪ੍ਰਤੀਨਿਧਤਾ ਨਹੀਂ ਕਰ ਸਕਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਕਤ ਕਮਿਸ਼ਨ ਨੇ ਜੋ ਰਿਪੋਰਟ ਨੂੰ ਰੱਦ ਕਰਨ ਲਈ ਦਲੀਲਾਂ ਦਿੱਤੀਆਂ ਹਨ, ਉਹ ਸਭ ਵਾਜਬ ਹਨ ਪ੍ਰੰਤੂ ਜਦ ਅਸੀਂ ਆਪਣਾ ਉਕਤ ਰਿਪੋਰਟ 'ਤੇ ਧਿਆਨ ਦਿੰਦੇ ਹਾਂ ਤਾਂ ਗ਼ਾਲਿਬ ਦਾ ਇਹ ਸ਼ੇਅਰ ਬੇ-ਅਖ਼ਤਿਆਰ ਜ਼ਬਾਨ ਉੱਤੇ ਆ ਜਾਂਦਾ ਹੈ,

ਬੇ-ਖ਼ੁਦੀ ਬੇ-ਸਬਬ ਨਹੀਂ ਗ਼ਾਲਿਬ, ਕੁਛ ਤੋ ਹੈ ਜਿਸ ਕੀ ਪਰਦਾਦਾਰੀ ਹੈ।

ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਵੀ ੨੦੧੬ ਤੋਂ ੨੦੧੬ ਦੇ ਵਿਚਕਾਰ ਔਰਤਾਂ ਉੱਤੇ ਕੀਤੇ ਜਾਂਦੇ ਜੁਰਮਾਂ ਦੇ ਮਾਮਲਿਆਂ ਵਿਚ ੮੩ ਫ਼ੀਸਦੀ ਦਾ ਵਾਧਾ ਹੋਇਆ ਹੈ ਤੇ ਹਰ ਘੰਟੇ ਚਾਰ ਔਰਤਾਂ ਨਾਲ ਜਬਰ ਜਨਾਹ ਦੇ ਮਾਮਲੇ ਪੇਸ਼ ਆਉਂਦੇ ਹਨ।




# ਅਫ਼ਗਾਨ ਸਿੱਖਾਂ ਦਾ ਦਰਦ ਅਤੇ ਸਮੇਂ ਦੇ ਹਾਲਾਤ

**ਸਰਬਜੀਤ ਕੌਰ ਸਰਬ**





ਅਫ਼ਗਾਨਿਸਤਾਨ ਵਿੱਚ ਲੰਮੇ ਸਮੇਂ ਤੋਂ ਚੱਲੀ ਆ ਰਹੀ ਅੰਦਰੂਨੀ ਲੜਾਈ ਦੇ ਕਾਰਨ ਅਫਗਾਨਿਸਤਾਨ ਵਿਚ ਸਿੱਖ ਕੌਮ ਅਲੋਪ ਹੋਣ ਦੇ ਨੇੜੇ ਹੈ। ਪਿਛਲੇ ਹਫਤਿਆਂ ਦੌਰਾਨ ਤਾਲਿਬਾਨ ਦੇ ਕਬਜ਼ੇ ਅਤੇ ਅਤਿਵਾਦੀ ਅਤਿਆਚਾਰਾਂ ਤੋਂ ਬਚਣ ਲਈ ਸਿੱਖ ਅਫਗਾਨਿਸਤਾਨ ਦੀ ਧਰਤੀ ਨੂੰ ਛੱਡ ਰਹੇ ਹਨ। ਉਨਾਂ ਵਿੱਚੋਂ ਬਹੁਤ ਸਾਰੇ ਭਾਰਤ ਜਾਣ ਦੀ ਸੋਚ ਰਹੇ ਹਨ ਹਨ। ਇਹ ਕੂਚ ਅਫ਼ਗਾਨ ਸਿੱਖਾਂ ਦੇ 15ਵੀਂ ਸਦੀ ਦੇ ਅਮੀਰ ਇਤਿਹਾਸ ਨੂੰ ਖਤਮ ਕਰਨ ਦੇ ਨੇੜੇ ਜਾਪਦਾ ਹੈ। 1980 ਦੇ ਦਹਾਕੇ ਵਿੱਚ ਲਗਭਗ 300,000 ਸਿੱਖ ਅਫ਼ਗਾਨਿਸਤਾਨ ਵਿਚ ਵਸਦੇ ਸਨ ਜਿਨਾਂ ਨੇ ਦੇਸ਼ ਦੇ ਵਪਾਰ ਅਤੇ ਵਿੱਤੀ ਵਪਾਰ ਵਿੱਚ ਮੁੱਖ ਭੂਮਿਕਾ ਨਿਭਾਈ। ਦਹਾਕਿਆਂ ਦੇ ਅਤਿਆਚਾਰ ਅਤੇ ਵਿਤਕਰੇ ਅਤੇ ਤਾਲਿਬਾਨ ਅਤੇ ਇਸਲਾਮਿਕ ਸਟੇਟ ਸਮੂਹ ਦੁਆਰਾ ਹਿੰਸਾ ਵਿੱਚ ਤੇਜ਼ੀ ਨੇ ਸਾਬਤ ਕੀਤਾ ਹੈ ਕਿ ਸਿੱਖਾਂ ਲਈ ਇਹ ਜਗਾ ਸੁਰਖਿਅਤ ਨਹੀਂ ਹੈ ।

ਕੁਝ ਵਿਸ਼ੇਸ਼ ਰਿਪੋਟਰਾਂ ਮਿਲੀਆਂ ਜਿਸ ਵਿਚ ਉੱਥੇ ਰਹਿੰਦੇ ਸਿੱਖਾਂ ਨੇ ਖੁਦ ਸਥਿਤੀ ਨੂੰ ਬਿਆਨ ਕੀਤਾ ਜਿਵੇਂ, 'ਹਰਮੀਤ ਸਿੰਘ ਨੇ ਕਿਹਾ, ਤਾਲਿਬਾਨ ਨੇ ਮੈਨੂੰ ਕਿਹਾ ਕਿ ਮੈਨੂੰ ਮੁਸਲਮਾਨ ਬਣਨਾ ਚਾਹੀਦਾ ਹੈ ਜਾਂ ਮੌਤ ਲਈ ਤਿਆਰ ਰਹਿਣਾ ਚਾਹੀਦਾ ਹੈ,' ਜੋ ਅਗਸਤ ਵਿੱਚ ਇੱਕ ਫਲਾਈਟ ਰਾਹੀਂ ਦਿੱਲੀ ਆ ਗਿਆ ਸੀ। ਪੂਰਬੀ ਸ਼ਹਿਰ ਜਲਾਲਾਬਾਦ ਦੇ 40 ਸਾਲਾ ਵਿਅਕਤੀ ਨੇ ਦਿ ਟੈਲੀਗ੍ਰਾਫ ਨੂੰ ਦੱਸਿਆ, 'ਉਨਾਂ ਨੇ ਧਮਕੀ ਦਿੱਤੀ ਸੀ ਕਿ ਜੇ ਅਸੀਂ ਉਨਾਂ ਨੂੰ ਸੁਰੱਖਿਆ ਦੇ ਪੈਸੇ ਦੇਣੇ ਬੰਦ ਕਰ ਦਿੱਤੇ ਤਾਂ ਸਾਡੇ ਗੁਰਦੁਆਰਿਆਂ ਅਤੇ ਮਕਾਨਾਂ ਨੂੰ ਢਾਹ ਦੇਣਗੇ।'

ਇਸੇ ਤਰਾਂ ਇਕ ਹੋਰ ਸਿੰਘ ਨੇ ਕਿਹਾ, 'ਤਾਲਿਬਾਨ ਦੇ ਜਲਾਲਾਬਾਦ ਉੱਤੇ ਕਬਜ਼ਾ ਕਰਨ ਤੋਂ ਪਹਿਲਾਂ ਹੀ, ਦੋ ਆਦਮੀ ਮੇਰੀ ਦੁਕਾਨ ਤੇ ਆਏ ਅਤੇ ਮੈਨੂੰ ਕਿਹਾ ਕਿ ਮੈਨੂੰ ਜੜੀ ਬੂਟੀਆਂ ਵੇਚਣਾ ਬੰਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਹ ਕਾਰੋਬਾਰ ਸਿਰਫ ਮੁਸਲਮਾਨਾਂ ਦਾ ਹੈ।' 'ਫਿਰ, ਉਹ ਮੇਰੀ ਦੁਕਾਨ ਵਿੱਚ ਦਾਖਲ ਹੋਏ ਅਤੇ ਪੈਸੇ ਚੋਰੀ ਕੀਤੇ। 14 ਅਗਸਤ ਦੀ ਰਾਤ ਨੂੰ ਮੈਨੂੰ ਜਾਨ ਤੋਂ ਮਾਰਨ ਦੀ ਇਕ ਹੋਰ ਧਮਕੀ ਮਿਲੀ ਅਤੇ ਇਸ ਲਈ ਅਸੀਂ ਅਫਗਾਨਿਸਤਾਨ ਨੂੰ ਵਿੱਚ ਛੱਡਣ ਦਾ ਫੈਸਲਾ ਕੀਤਾ ਅਤੇ ਇੱਕ ਸੁਰੱਖਿਅਤ ਦੇਸ਼ ਜਾਣ ਦਾ ਮਨ ਬਣਾ ਲਿਆ।'

ਉਡਾਣਾਂ ਦੇ ਮੁਅੱਤਲ ਹੋਣ ਕਾਰਨ ਫਸੇ ਸਿਰਫ 212 ਅਫਗਾਨ ਸਿੱਖ ਹੁਣ ਉੱਥੇ ਹੀ ਰਹਿ ਗਏ ਹਨ। ਇਹ 1990 ਦੇ ਦਹਾਕੇ ਦੀ ਹਫੜਾ-ਦਫੜੀ ਸੀ ਜੋ ਅਫਗਾਨਿਸਤਾਨ ਦੇ ਸਿੱਖਾਂ ਲਈ ਮਾਰੂ ਸਾਬਤ ਹੋਈ। ਇਸਲਾਮਿਕ ਕੱਟੜਪੰਥੀ ਮੁਜਾਹਿਦੀਨ ਅਤੇ ਫਿਰ ਤਾਲਿਬਾਨ ਦੋਵਾਂ ਨੇ ਸਿੱਖ ਕਾਰੋਬਾਰਾਂ ਨੂੰ ਤਬਾਹ ਕਰ ਦਿੱਤਾ, ਮੰਦਰਾਂ ਨੂੰ ਲੁੱਟਿਆ ਅਤੇ ਉਨਾਂ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ। ਉਨਾਂ ਦਾ ਇਹ ਵਿਸ਼ਵਾਸ ਕਿ ਸਿੱਖ ਇਸਲਾਮ ਦੇ ਦੁਸ਼ਮਣ ਹਨ। 1992 ਵਿੱਚ ਹਿੰਦੂ ਕੱਟੜਪੰਥੀਆਂ ਦੁਆਰਾ ਭਾਰਤ ਵਿੱਚ ਬਾਬਰੀ ਮਸਜਿਦ ਨੂੰ ਤਬਾਹ ਕਰਨ ਤੋਂ ਬਾਅਦ ਹੋਰ ਹਿੰਸਕ ਰੂਪ ਧਾਰਨ ਕਰ ਗਏ, ਜਿਸ ਕਾਰਨ ਮੁਜਾਹਿਦੀਨ ਨੇ ਸਿੱਖਾਂ ਨੂੰ ਹਿੰਦੂਆਂ ਨਾਲ ਮਿਲ ਕੇ ਲੁੱਟਿਆ। ਮੰਨਿਆ ਜਾਂਦਾ ਹੈ ਕਿ ਇਕੱਲੇ 1992 ਵਿੱਚ 65,000 ਸਿੱਖ ਅਤੇ ਹਿੰਦੂ ਅਫਗਾਨਿਸਤਾਨ ਤੋਂ ਭਾਰਤ ਭੱਜ ਗਏ ਸਨ।

ਮਾਰਚ 2020 ਵਿੱਚ 25 ਅਫਗਾਨ ਸਿੱਖ ਮਾਰੇ ਗਏ। ਅਮਰੀਕਾ ਦੇ ਸਮਰਥਨ ਵਾਲੇ ਰਾਸ਼ਟਰਪਤੀ ਅਸ਼ਰਫ ਗਨੀ ਦੇ 2014 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਦੇਸ਼ ਦੀ ਘਟਦੀ ਸਿੱਖ ਅਬਾਦੀ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਕੀਤੀ ਪਰ ਉਹ ਭਾਈਚਾਰੇ ਨੂੰ ਵਿਨਾਸ਼ਕਾਰੀ ਅੱਤਵਾਦੀ ਹਮਲਿਆਂ, ਜਿਵੇਂ ਕਿ ਇਸਲਾਮਿਕ ਸਟੇਟ-ਖੁਰਾਸਾਨ ਪ੍ਰਾਂਤ (ਕਾਬੁਲ ਦੇ ਗੁਰਦੁਆਰੇ ਉੱਤੇ ਹਮਲੇ) ਤੋਂ ਬਚਾਉਣ ਵਿੱਚ ਅਸਮਰੱਥ ਰਹੇ। ਅਮਰੀਕਾ ਦੀ ਅਗਵਾਈ ਵਾਲੇ ਗੱਠਜੋੜ ਦੇ ਅਫਗਾਨਿਸਤਾਨ ਤੋਂ ਪਿੱਛੇ ਹਟਣ ਨਾਲ ਨਾ ਸਿਰਫ ਤਾਲਿਬਾਨ ਸੱਤਾ ਵਿੱਚ ਪਰਤਿਆ ਹੈ, ਬਲਕਿ, ਇਸ ਦੇ ਨਾਲ ਹੀ, ਹੋਰ ਕੱਟੜਪੰਥੀ ਸਮੂਹਾਂ ਵਿੱਚ ਪੁਨਰ ਉਥਾਨ ਹੋਇਆ ਹੈ ਜੋ ਅਫਗਾਨ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦੇ ਹਨ।

ਸ੍ਰੀ ਖਾਲਸਾ ਨੇ ਕਿਹਾ 38 ਸਾਲਾ ਨਰਿੰਦਰ ਸਿੰਘ ਖਾਲਸਾ ਨੂੰ 2019 ਵਿੱਚ ਦੇਸ਼ ਦਾ ਇਕਲੌਤਾ ਸਿੱਖ ਸੰਸਦ ਮੈਂਬਰ ਨਿਯੁਕਤ ਕੀਤਾ ਗਿਆ ਸੀ ਜੋ ਕਿ ਸਿੱਖ ਭਾਈਚਾਰੇ ਨੂੰ ਵਧੇਰੇ ਦਿੱਖ ਪ੍ਰਦਾਨ ਕਰਨ ਦੀ ਕੋਸ਼ਿਸ਼ ਦੇ ਰੂਪ ਵਿੱਚ ਸੀ,। ਪਰ ਉਹ ਵੀ ਅਗਸਤ ਵਿੱਚ ਭੱਜ ਗਿਆ ਸੀ ਅਤੇ ਮਿਸਟਰ ਖਾਲਸਾ ਦੀ ਦਿੱਲੀ ਪਹੁੰਚਣ 'ਤੇ ਅੱਥਰੂ ਵਹਾਉਣ ਦੀ ਫੁਟੇਜ ਵਾਇਰਲ ਹੋਈ ਸੀ। 'ਸਿੱਖਾਂ ਲਈ ਅਫਗਾਨਿਸਤਾਨ ਹੁਣ ਸੁਰੱਖਿਅਤ ਨਹੀਂ ਹੈ। ਸਾਡੀ ਸੁਰੱਖਿਆ ਲਈ ਕੋਈ ਸਰਕਾਰ ਨਹੀਂ ਹੈ। ਮੈਨੂੰ ਆਈਐਸਆਈਐਸ-ਕੇ ਤੋਂ ਲਗਾਤਾਰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਅਤੇ ਮੇਰੇ ਕੋਲ ਅਜੇ ਵੀ ਉਨਾਂ ਦੇ ਪੱਤਰ ਹਨ। ਮੈਨੂੰ ਅਜੇ ਵੀ ਪਤਾ ਨਹੀਂ ਹੈ ਕਿ ਉਹ ਸਾਨੂੰ ਕਿਉਂ ਮਾਰਨਾ ਚਾਹੁੰਦੇ ਹਨ। ਸੰਸਦ ਮੈਂਬਰ ਵਜੋਂ ਆਪਣੀ ਪਿਛਲੀ ਜ਼ਿੰਦਗੀ ਤੋਂ ਬਹੁਤ ਦੂਰ, ਹੁਣ ਦਿੱਲੀ ਵਿੱਚ ਆਪਣੀ ਜ਼ਿੰਦਗੀ ਦੁਬਾਰਾ ਬਣਾਉਣ ਲਈ ਮਜਬੂਰ ਕੀਤਾ ਗਿਆ ਹੈ ਜਦੋਂ ਕਿ ਭਾਰਤ ਨੇ ਅਫਗਾਨ ਸਿੱਖਾਂ ਨੂੰ ਅਸਥਾਈ ਰਿਹਾਇਸ਼ ਦੇ ਦਿੱਤੀ ਹੈ। ਨਵੇਂ ਆਉਣ ਵਾਲਿਆਂ ਨੂੰ ਹੋਰ ਵਿੱਤੀ ਜਾਂ ਡਾਕਟਰੀ ਸਹਾਇਤਾ ਨਹੀਂ ਮਿਲਦੀ। ਖਾਲਸਾ ਏਡ, ਸਿੱਖ ਐਨਜੀਓ, ਇਸ ਸਮੇਂ ਬਹੁਤ ਸਾਰੇ ਨਵੇਂ ਆਉਣ ਵਾਲਿਆਂ ਨੂੰ ਸਪਾਂਸਰ ਕਰ ਰਹੀਆਂ ਹਨ। ਗਲੋਬਲ ਸਿੱਖ ਡਾਇਸਪੋਰਾ ਦੇ ਦਾਨ ਸੰਗਠਨ ਕੁਝ ਅਫਗਾਨ ਸਿੱਖਾਂ ਲਈ ਫਲੈਟ ਕਿਰਾਏ ਤੇ ਲੈਣ, ਕਰਿਆਨੇ ਦੀ ਖਰੀਦਦਾਰੀ ਕਰਨ ਅਤੇ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉਣ ਦੀ ਆਗਿਆ ਦਿੰਦਾ ਹੈ। ਪਰ, ਭਾਰਤ ਵਿੱਚ ਲੰਮੇ ਸਮੇਂ ਤੱਕ ਰੁਕਣ ਦੀਆਂ ਸੰਭਾਵਨਾਵਾਂ ਘੱਟ ਹਨ ਅਤੇ ਬਹੁਤ ਸਾਰੇ ਅਫਗਾਨ ਸਿੱਖ ਯੂਰਪ ਜਾਂ ਕੈਨੇਡਾ ਵਿੱਚ ਨਵੀਂ ਜ਼ਿੰਦਗੀ ਦੇ ਸੁਪਨੇ ਦੇਖਦੇ ਹਨ। ਜਦੋਂ ਮੈਂ ਅਫਗਾਨਿਸਤਾਨ, ਆਪਣਾ ਕਾਰੋਬਾਰ ਅਤੇ ਆਪਣਾ ਘਰ ਛੱਡਿਆ ਤਾਂ ਮੈਂ ਸਭ ਕੁਝ ਗੁਆ ਦਿੱਤਾ. ਪਰ, ਇਸ ਤੋਂ ਜ਼ਿਆਦਾ ਮਹੱਤਵਪੂਰਨ ਕੀ ਹੈ - ਤੁਹਾਡਾ ਪੈਸਾ ਜਾਂ ਤੁਹਾਡੀ ਜ਼ਿੰਦਗੀ ? 26 ਸਾਲਾ ਜਸਪਿੰਦਰ ਸਿੰਘ, ਖਾਲਸਾ ਸਿੰਘ ਨੂੰ ਪੁੱਛਦਾ ਹੈ, ਜੋ ਕਹਿੰਦਾ ਹੈ ਕਿ ਉਹ ਕਾਬੁਲ ਵਿੱਚ ਆਪਣੀ ਪਿਛਲੀ ਮਹੀਨਾਵਾਰ ਆਮਦਨੀ ਦਾ ਲਗਭਗ ਦਸਵਾਂ ਹਿੱਸਾ ਕਮਾਉਂਦਾ ਹੈ।

ਸ੍ਰੀ ਖਾਲਸਾ ਨੇ ਕਿਹਾ, 'ਇਹ ਸਾਡੇ ਭਾਈਚਾਰੇ ਦਾ ਅੰਤ ਹੈ। ਮੈਂ ਅਫਗਾਨਿਸਤਾਨ ਨਾਲ ਸਬੰਧਤ ਹਾਂ, ਮੇਰਾ ਜਨਮ ਅਫਗਾਨਿਸਤਾਨ ਵਿੱਚ ਹੋਇਆ ਸੀ ਅਤੇ ਮੈਂ ਉੱਥੇ ਮਰਨਾ ਚਾਹੁੰਦਾ ਸੀ, ਇਸ ਦੀ ਬਜਾਏ, ਮੈਂ ਇੱਥੇ ਹਰ ਸਕਿੰਟ ਮਰ ਰਿਹਾ ਹਾਂ। ਅਫ਼ਗਾਨਿਸਤਾਨ ਵਿੱਚ ਸਿੱਖਾਂ ਨਾਲ ਮੁੱਢ ਤੋਂ ਹੀ ਵਿਤਕਰਾ ਹੁੰਦਾ ਆ ਰਿਹਾ ਹੈ । ਗੁਰਦੁਆਰਾ ਸਾਹਿਬ ਨੂੰ ਨਿਸ਼ਾਨਾ ਬਣਾਉਣਾ, ਸਿੱਖ ਸੰਗਤ ਉੱਤੇ ਗੋਲੀਆਂ ਚਲਾਉਣੀਆਂ, ਇਹ ਸਭ ਕੁਝ ਅਫਗਾਨਿਸਤਾਨ ਵਿਚ ਕਾਫੀ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਹੈ ਪਰ ਫੇਰ ਵੀ ਉਹ ਇਹ ਸਭ ਕੁਝ ਸਹਾਰਦੇ ਹੋਏ ਅਫ਼ਗਾਨਿਸਤਾਨ ਵਿੱਚ ਰਹਿ ਰਹੇ ਸਨ। ਪਰ ਜਦੋਂ ਤਾਲਿਬਾਨ ਨੇ ਅਫਗਾਨਿਸਤਾਨ ਉਤੇ ਆਪਣਾ ਕਬਜ਼ਾ ਕਰ ਲਿਆ ਤਾਂ ਇਹ ਸਥਿਤੀ ਹੋਰ ਵੀ ਨਾਜ਼ੁਕ ਬਣ ਗਈ ਅਤੇ ਸਿੱਖ ਅਫ਼ਗਾਨਾਂ ਨੂੰ ਆਪਣਾ ਘਰ ਬਾਰ ਛੱਡ ਕੇ ਇੱਧਰ ਉੱਧਰ ਜਾਣਾ ਪਿਆ । ਇਸ ਸਮੇਂ ਜੋ ਸਥਿਤੀ ਸਿੱਖਾਂ ਦੀ ਅਫਗਾਨਿਸਤਾਨ ਵਿਚ ਹੈ ਉਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇਕਰ ਸਿੱਖ ਕੌਮ ਇੱਕਮੁੱਠ ਹੋ ਕੇ ਅਫ਼ਗਾਨ ਸਿੱਖਾਂ ਦਾ ਸਾਥ ਨਹੀਂ ਦਿੰਦੀ ਤਾਂ ਅਫਗਾਨਿਸਤਾਨ ਵਿਚੋਂ ਆਉਣ ਵਾਲੇ ਸਮੇਂ ਵਿੱਚ ਸਿੱਖ ਕੌਮ ਖ਼ਤਮ ਹੋ ਜਾਵੇਗਾ।

# ਨਿਹੰਗ ਸਿੰਘਾਂ ਦਾ ਸਿੱਖ ਪੰਥ ਵਿੱਚ ਯੋਗਦਾਨ

**ਬੀਬੀ ਰਜਿੰਦਰ ਕੌਰ**

**ਤਲਵੰਡੀ ਸਾਬੋ**

ਨਿਹੰਗ ਸਿੰਘਾਂ ਦਾ ਗੁਰੂ-ਘਰ ਨਾਲ ਨਿਕਟਵਰਤੀ ਅਤੇ ਭਾਵਨਾਤਮਕ ਸੰਬੰਧ ਹੈ। ਨਿਹੰਗ ਸਿੰਘਾਂ ਨੇ ਸਮੁੱਚੇ ਸਿੱਖ ਪੰਥ ਦੀ ਹੋਂਦ ਨੂੰ ਕਾਇਮ ਰੱਖਣ ਲਈ ਜੋ ਸੰਘਰਸ਼ ਕੀਤਾ, ਉਹ ਬੇਮਿਸਾਲ ਹੈ। ਇਨ੍ਹਾਂ ਨੇ ਅਠ੍ਹਾਰਵੀਂ ਸਦੀ ਦੇ ਭਿਆਨਕ ਦੌਰ ਵਿਚ ਵਿਦੇਸ਼ੀ ਹਮਲਾਵਰਾਂ ਦਾ ਮੁਕਾਬਲਾ ਬਹੁਤ ਹੀ ਬਹਾਦਰੀ, ਆਤਮ-ਵਿਸ਼ਵਾਸ ਅਤੇ ਦ੍ਰਿੜ੍ਹਤਾ ਨਾਲ ਕੀਤਾ। ਇਸ ਸਮੇਂ ਦੌਰਾਨ ਉਹ ਬਨਵਾਸੀਆਂ ਦੀ ਤਰ੍ਹਾਂ ਜੰਗਲਾਂ ਵਿਚ ਰਹੇ। ਕਈ-ਕਈ ਦਿਨ ਉਨ੍ਹਾਂ ਨੇ ਬਗੈਰ ਕੁਝ ਖਾਧਿਆਂ-ਪੀਤਿਆਂ ਘੋੜਿਆਂ ਦੀਆਂ ਕਾਠੀਆਂ ਉੱਤੇ ਬਤੀਤ ਕੀਤੇ। ਪਰੰਤੂ ਇਨ੍ਹਾਂ ਦੇ ਚਰਿੱਤਰ ਦਾ ਵਿਸ਼ੇਸ਼ ਗੁਣ ਇਹ ਸੀ ਕਿ ਇਨ੍ਹਾਂ ਨੇ ਕਦੇ ਵੀ ਸਿਦਕ ਨਹੀਂ ਹਾਰਿਆ। ਇਨ੍ਹਾਂ ਨੇ ਜ਼ਾਲਮਾਂ ਦੇ ਜ਼ੁਲਮਾਂ ਦਾ ਟਾਕਰਾ ਕਰਨ ਲਈ ਹਰ ਸਮੇਂ ਜਾਰੀ ਰੱਖਿਆ। ਇਨ੍ਹਾਂ ਦਿਨਾਂ ਵਿਚ ਪੰਜਾਬ ਦੇ ਆਮ ਵਸਨੀਕਾਂ ਦੀ ਜੋ ਦਸ਼ਾ ਸੀ ਉਹ ਇਸ ਅਖਾਣ ਤੋਂ ਸਪਸ਼ਟ ਹੋ ਜਾਂਦੀ ਹੈ-'ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ।' ਦੂਜੇ ਪਾਸੇ ਨਿਹੰਗ ਸਿੰਘਾਂ ਦੀ ਸੱਚੀ-ਸੁੱਚੀ, ਰਹਿਣੀ-ਬਹਿਣੀ ਅਤੇ ਪਵਿੱਤਰ ਆਚਰਣ ਦੇ ਕਾਰਨ ਹੀ ਇਹ ਕਹਾਵਤ ਮਸ਼ਹੂਰ ਹੋਈ-'ਆਏ ਨੀ ਨਿਹੰਗ, ਬੂਹਾ ਖੋਲ੍ਹ ਦੇ ਨਿਸੰਗ।'

ਜੇਕਰ ਨਿਹੰਗ ਸਿੰਘਾਂ ਦੇ ਅਰੰਭ ਹੋਣ ਦੇ ਸਮੇਂ ਦੇ ਭਾਰਤੀ ਇਤਿਹਾਸ ਵੱਲ ਧਿਆਨ ਦੇਈਏ ਤਾਂ ਉਸ ਸਮੇਂ ਧਰਮ ਨੂੰ ਬਚਾਉਣ ਦਾ ਸਿਰਫ ਇੱਕੋ ਇਕ ਰਸਤਾ ਸੀ ਕਿ ਸ਼ਸਤਰਧਾਰੀ ਹੋ ਕੇ ਧਰਮ ਦੀ ਰੱਖਿਆ ਕੀਤੀ ਜਾਵੇ। ੧੧ਵੀਂ ਸਦੀ ਤੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਹਿੰਦੁਸਤਾਨੀ ਸਮਾਜ ਆਪਣੀ ਅਣਖ ਅਤੇ ਗ਼ੈਰਤ ਨੂੰ ਗੁਆ ਚੁੱਕਿਆ ਸੀ। ਜੈਨ ਧਰਮ ਅਤੇ ਬੁੱਧ ਧਰਮ ਦੀਆਂ ਅਹਿੰਸਾਵਾਦੀ ਸਿੱਖਿਆਵਾਂ ਦਾ ਲੋਕਾਂ ਦੀ ਮਾਨਸਿਕਤਾ ਉੱਪਰ ਕਾਫੀ ਪ੍ਰਭਾਵ ਸੀ ਜਿਸ ਕਾਰਨ ਵਿਦੇਸ਼ੀ ਹਮਲਾਵਰ ਹਿੰਦੁਸਤਾਨ ਉੱਪਰ ਨਜਾਇਜ਼ ਕਾਬਜ਼ ਹੋ ਕੇ ਮਨ ਚਾਹੇ ਢੰਗ ਨਾਲ ਹਕੂਮਤ ਕਰ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸਿੱਖ ਗੁਰੂ ਸਾਹਿਬਾਨ ਨੇ ਹਿੰਦੁਸਤਾਨੀਆਂ ਦੀ ਇਸ ਤਰਸਯੋਗ ਹਾਲਤ ਅਤੇ ਹਾਕਮਾਂ ਦੇ ਅਤਿਆਚਾਰੀ ਵਤੀਰੇ ਨੂੰ ਬੜੀ ਨਜ਼ਦੀਕੀ ਤੋਂ ਦੇਖਿਆ ਸੀ। ਸ਼ਾਂਤੀ ਅਤੇ ਅਹਿੰਸਾ ਦੇ ਮਾਰਗ ਉੱਤੇ ਚੱਲਦਿਆਂ ਹੋਇਆਂ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ ਹੋ ਚੁੱਕੀਆਂ ਸਨ। ਹੁਣ ਧਰਮ ਨੂੰ ਬਚਾਉਣ ਦਾ ਇੱਕੋ-ਇਕ ਰਸਤਾ ਹਥਿਆਰ ਉਠਾਉਣਾ ਅਤੇ ਜ਼ਾਲਮਾਂ ਦੇ ਵਿਰੁੱਧ ਜੰਗ-ਏ-ਮੈਦਾਨ ਵਿਚ ਜੂਝਣਾ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਹਿਲਾਂ ਹੀ ਇਸ ਰਸਤੇ ਉੱਪਰ ਚੱਲਣ ਦੀ ਸ਼ੁਰੂਆਤ ਕਰ ਚੁੱਕੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫ਼ਰਮਾਨ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲਸਤੁ ਬੁਰਦਨ ਬ ਸ਼ਮਸ਼ੀਰ ਦਸਤ॥੧

ਸੋ ਅਜਿਹੇ ਸਮੇਂ ਵਿਚ ਜ਼ੁਲਮ ਅਤੇ ਜ਼ਾਲਮ ਦਾ ਟਾਕਰਾ ਕਰਨ ਲਈ ਨਿਹੰਗ ਸਿੰਘਾਂ ਦੀ ਸ਼ਸਤਰਧਾਰੀ, ਸੂਰਬੀਰ ਫੌਜ ਦਾ ਅਰੰਭ ਹੋਇਆ।

ਇਨ੍ਹਾਂ ਲਈ 'ਅਕਾਲੀ' ਜਾਂ 'ਨਿਹੰਗ' ਸ਼ਬਦ ਇਸ ਲਈ ਵਰਤਿਆ ਜਾਂਦਾ ਸੀ ਕਿਉਂਕਿ ਇਹ ਇੱਕੋ ਅਕਾਲ 'ਤੇ ਵਿਸ਼ਵਾਸ ਰੱਖਦੇ ਅਤੇ ਕਾਲ ਦੇ ਭੈਅ ਤੋਂ ਮੁਕਤ ਹੋ ਕੇ ਵਿਚਰਦੇ ਸਨ। ਫ਼ਾਰਸੀ ਵਿਚ 'ਨਿਹੰਗ' ਮਗਰਮੱਛ ਦਾ ਵਾਚਕ ਹੈ ਜੋ ਇਕ ਬੜਾ ਹਠੀਲਾ ਜਲ-ਜਾਨਵਰ ਹੈ। ਮਹਾਨ ਕੋਸ਼ ਵਿਚ ਨਿਹੰਗ ਦਾ ਅਰਥ 'ਨਿਹਸ਼ੰਕ' ਅਤੇ 'ਨਿਹਸੰਗ' ਦਿੱਤਾ ਗਿਆ ਹੈ।੨ 'ਨਿਹਸ਼ੰਕ' ਭਾਵ ਜਿਸ ਨੂੰ ਮੌਤ ਦੀ ਚਿੰਤਾ ਨਹੀਂ ਬਹਾਦਰ, ਦਲੇਰ। 'ਨਿਹਸੰਗ' ਤੋਂ ਭਾਵ ਨਿਰਲੇਪ ਆਤਮਾ ਗਿਆਨੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਭਾਵ ਦਾ ਸ਼ਬਦ ਹੈ:

**ਨਿਰਭਉ ਹੋਇਓ ਭਇਆ ਨਿਹੰਗਾ॥**
**(ਪੰਨਾ ੩੯੨)**

ਭਾਈ ਰਤਨ ਸਿੰਘ (ਭੰਗੂ) ਰਚਿਤ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ:

**ਨਿਹੰਗ ਕਹਾਵੈ ਸੋ ਪੁਰਸ਼ ਦੁਖ ਸੁਖ ਮੰਨੇ ਨ ਅੰਗ।**
**(ਸਫ਼ਾ ੪੧੩)**

ਇਸ ਪ੍ਰਕਾਰ ਹੀ ਪਿਆਰਾ ਸਿੰਘ ਪਦਮ ਅਨੁਸਾਰ ਨਿਹੰਗ ਦਾ ਭਾਵ-ਅਰਥ ਨਿਧੜਕ ਤੇ ਨਿਰਭੈ ਵਰਿਆਮ ਯੋਧਾ ਹੈ, ਜੋ ਜੱਕੋ-ਤੱਕੀ ਨੂੰ ਛੱਡ ਕੇ ਇਕਦਮ ਐਕਸ਼ਨ ਕਰਦਾ ਤੇ ਫਿਰ ਪਿਛਾਂਹ ਨਹੀਂ ਹਟਦਾ।੩ ਇਸ ਤਰ੍ਹਾਂ 'ਨਿਹੰਗ' ਤੋਂ ਭਾਵ ਨਿਰਭੈ, ਨਿਹਸ਼ੰਕ, ਨਿਹਸੰਗ, ਬੇਪਰਵਾਹ ਯੋਧਾ



ਹੈ। ਨਿਹੰਗ ਸਿੰਘਾਂ ਵਿਚ 'ਚਲਦੇ ਵਹੀਰ' ਦਾ ਕੇਂਦਰੀ ਮਹੱਤਵ ਹੈ। ਨਿਹੰਗ ਸਿੰਘਾਂ ਦੇ 'ਚਲਦੇ ਵਹੀਰ' (ਜਿਸ ਨੂੰ ਦਲ ਵੀ ਕਿਹਾ ਜਾਂਦਾ ਹੈ) ਵਿਚ ਸਭ ਤੋਂ ਮੁੱਖ ਸਥਾਨ ਜਥੇਦਾਰ ਦਾ ਹੁੰਦਾ ਹੈ। ਨਿਹੰਗ ਸਿੰਘ ਜ਼ਿਆਦਾ ਕਰਕੇ ਨੀਲਾ ਬਾਣਾ ਪਹਿਨਦੇ ਹਨ ਅਤੇ ਸਿਰ ਉੱਪਰ ਨੀਲੇ ਜਾਂ ਕੇਸਰੀ ਰੰਗ ਦੀ ਗੋਲ ਦਸਤਾਰ ਬੰਨ੍ਹਦੇ ਹਨ ਜਿਸ 'ਤੇ ਚੱਕਰ, ਚੰਦ ਤੋੜੇ ਅਤੇ ਛੋਟੇ ਸ਼ਸਤਰ ਆਦਿ ਸਜਾਉਂਦੇ ਹਨ। ਇਹ ਸਰਬਲੋਹ ਦੇ ਸ਼ਸਤਰ ਬਹੁਤ ਸ਼ੌਂਕ ਨਾਲ ਰੱਖਦੇ ਹਨ। ਕਈ ਪੁਰਾਤਨ ਸਿੰਘਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਕਮਰਕੱਸੇ ਸਵਾ-ਸਵਾ ਮਣ ਭਾਰ ਦੇ ਹੋਇਆ ਕਰਦੇ ਸਨ। ਰਹਿਤਨਾਮੇ ਦਾ ਫ਼ਰਮਾਨ ਹੈ:

**ਸੋ ਅਕਾਲੀ ਰੂਪ ਹੈ, ਨੀਲ ਬਸਤ੍ਰ ਪਹਿਰਾਇ। ਜਪੇ ਜਾਪੁ ਗੁਰਬਰ ਅਕਾਲ, ਸਰਬਲੋਹ ਪਹਿਰਾਇ।੪**

ਨਿਹੰਗ ਸਿੰਘਾਂ ਦਾ ਜੀਵਨ ਇਕ ਕਠਿਨ ਤਪੱਸਿਆ ਤੋਂ ਘੱਟ ਨਹੀਂ ਹੁੰਦਾ। ਭਾਵੇਂ ਮੌਸਮ ਕਿਸੇ ਤਰ੍ਹਾਂ ਦਾ ਵੀ ਹੋਵੇ, ਇਹ ਜਦੋਂ ਰਵਾਨਾ ਹੋਣ ਦੀ ਅਰਦਾਸ ਕਰ ਲੈਂਦੇ ਹਨ ਤਾਂ ਫਿਰ ਕਿਸੇ ਵੀ ਹਾਲਤ ਵਿਚ ਰੁਕਦੇ ਨਹੀਂ। ਹਰ ਦੂਜੇ, ਚੌਥੇ ਦਿਨ ਸਥਾਨ (ਪੜਾਅ) ਬਦਲਣਾ, ਹਰੇਕ ਪੜਾਅ 'ਤੇ ਜਾ ਕੇ ਆਪਣਾ ਨਵਾਂ ਲੋਹ-ਲੰਗਰ ਤਿਆਰ ਕਰਨਾ, ਆਪਣੇ ਨਿਤਨੇਮ ਜਾਂ ਰਹਿਤ-ਬਹਿਤ ਵਿਚ ਛੋਟੀ ਜਿਹੀ ਭੁੱਲ ਹੋਣ 'ਤੇ ਵੀ ਤਨਖਾਹ ਲਵਾਉਣਾ ਇਨ੍ਹਾਂ ਦੇ ਜੀਵਨ ਵਿਚ ਸ਼ਾਮਲ ਹੈ।

ਇਨ੍ਹਾਂ ਸੰਤ-ਸਿਪਾਹੀ ਸੂਰਬੀਰਾਂ ਦੀ ਪ੍ਰਸੰਸਾ ਕੇਵਲ ਇਨ੍ਹਾਂ ਦੇ ਸ਼ੁਭ-ਚਿੰਤਕਾਂ ਨੇ ਹੀ ਨਹੀਂ ਕੀਤੀ ਬਲਕਿ ਜੰਗਾਂ-ਯੁੱਧਾਂ ਵਿਚ ਇਨ੍ਹਾਂ ਦੇ ਵਿਰੁੱਧ ਲੜਨ ਵਾਲੇ ਮੁਗ਼ਲ ਹਮਲਾਵਰਾਂ ਦੀਆਂ ਸਮਕਾਲੀ ਰਚਨਾਵਾਂ ਵਿੱਚੋਂ ਵੀ ਇਨ੍ਹਾਂ ਦੇ ਉੱਚੇ ਨੈਤਿਕ ਗੁਣਾਂ ਦਾ ਪ੍ਰਗਟਾਵਾ ਆਪ ਮੁਹਾਰੇ ਹੋਇਆ ਮਿਲਦਾ ਹੈ। ਜਿਵੇਂ ਅਹਿਮਦ ਸ਼ਾਹ ਦੁਰਾਨੀ ਦੇ ੧੭੬੪ ਈ. ਵਿਚ ਹੋਏ ਸਤਵੇਂ ਹਮਲੇ ਦਾ ਹਾਲ ਲਿਖਦਾ ਹੋਇਆ ਕਾਜ਼ੀ ਨੂਰ ਮੁਹੰਮਦ ਲਿਖਦਾ ਹੈ:

ਸਗਾਂ ਰਾ ਮਗੋ ਸਗ ਕਿ ਹਸਤੰਦ ਸ਼ੇਰ
ਬ ਮੈਦਾਨੇ ਮਰਦਾਂ ਚੂੰ ਸ਼ੇਰਾਂ ਦਲੇਰ।
ਕਿ ਨ ਕੁਸ਼ੰਦ ਨਮਰਦ ਰਾ ਹੇਚ ਗਾਹ
ਗੁਰੇਜ਼ੰਦਾ ਰਾਹਮ ਨਗੀਰੰਦ ਰਾਹ।...
ਜਨਾਹਮ ਨ ਬਾਸ਼ਦ ਮਿਆਨੇ ਸਗਾਂ
ਨ ਦੁਜ਼ਦੀ ਬਵਦ ਕਾਰੇ ਆਂ ਬਦਰਗਾਂ।...

ਬਾਕੀ ਸਫ਼ਾ 33 'ਤੇ

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ 'ਭੱਟਾਂ ਦੇ ਸਵਈਏ' ਪੜਨ ਦੀ ਮਰਯਾਦਾ

**ਜਗਦੀਪ ਸਿੰਘ ਲਤੀਫ਼ਪੁਰ**

**ਮੋ: 8283838323**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿੱਥੇ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਅਤੇ ਗੁਰਸਿੱਖਾਂ ਦੀ ਬਾਣੀ ਦਰਜ ਹੈ ਓਥੇ ਭੱਟ ਸਾਹਿਬਾਨ ਦੀ ਬਾਣੀ ਨੂੰ ਵੀ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਨਾਂ ਭੱਟ ਸਾਹਿਬਾਨ ਦੀ ਬਾਣੀ ਨੂੰ ਆਮ ਬੋਲੀ ਵਿਚ 'ਭੱਟਾਂ ਦੇ ਸਵਈਏ' ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਬਾਣੀ ਦੇ ਕੁੱਲ 123 ਸਵਈਏ 'ਸਵਈਏ ਮਹਲੇ ਪਹਿਲੇ ਕੇ ਤੋਂ ਸਵਈਏ ਮਹਲੇ ਪੰਜਵੇਂ ਕੇ' ਸਿਰਲੇਖ ਹੇਠ ਅੰਗ 1389 ਤੋਂ 1409 ਤੱਕ ਦਰਜ ਹਨ। ਭੱਟਾਂ ਦੇ ਸਵਈਆਂ ਤੋਂ ਪਹਿਲਾਂ 20 ਸਵਈਏ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਸਵਯੇ ਸ੍ਰੀ ਮੁਖਬਾਕ ਮਹਲਾ 5' ਦੇ ਸਿਰਲੇਖ ਹੇਠ ਅੰਗ 1385 ਤੋਂ 1389 ਤੱਕ ਸੁਸ਼ੋਭਿਤ ਹਨ। ਇਸ ਤਰਾਂ ਕੁੱਲ 143 ਸਵਈਏ ਬਣਦੇ ਹਨ।

ਭੱਟਾਂ ਦੇ ਸਵਈਆਂ ਅੰਦਰ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਧਿਆਤਮਕ ਗੁਣਾਂ ਅਤੇ ਰੂਹਾਨੀ ਸ਼ਖ਼ਸੀਅਤ ਨੂੰ ਬੜੇ ਅਦਬ ਨਾਲ ਤੇ ਭਾਵਪੂਰਵਕ ਬਿਆਨਿਆ ਗਿਆ ਹੈ। ਇਨਾਂ ਸਵਈਆਂ ਵਿਚ ਗੁਰੂ ਮਹਿਮਾ ਲਈ ਵਰਤੀ ਹੋਈ ਭਾਵਪੂਰਵਕ ਸ਼ਬਦਾਵਲੀ ਜਗਿਆਸੂਆਂ ਦੇ ਮਨਾਂ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਭੱਟ ਸਾਹਿਬਾਨ ਜਦੋਂ ਸੱਚੇ ਗੁਰੂ ਦੀ ਸ਼ਰਨ ਵਿਚ ਆਏ ਤਾਂ ਉਨਾਂ ਦੀ ਅਜ਼ੀਮ, ਰੂਹਾਨੀ ਸ਼ਖ਼ਸੀਅਤ ਅਤੇ ਅਧਿਆਤਮਕ ਗਿਆਨ ਤੋਂ ਪ੍ਰਭਾਵਿਤ ਹੋ ਕੇ ਇਨਾਂ ਨੇ ਸਵਈਆਂ ਦੁਆਰਾ ਗੁਰੂ ਸਾਹਿਬਾਨ ਦੀ ਉਸਤੱਤ ਕਰਕੇ ਸ਼ਰਧਾ-ਸਤਿਕਾਰ ਭੇਟ ਕੀਤਾ।

ਸਿੱਖ ਧਰਮ ਦੇ ਸਰਵਉੱਚ ਧਾਰਮਿਕ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ ਦਾ ਅਹਿਮ ਹਿੱਸਾ ਹੋਣ ਕਾਰਨ 'ਭੱਟਾਂ ਦੇ ਸਵਈਏ' ਬਾਣੀ ਨੂੰ ਪ੍ਰਸਿੱਧੀ ਹਾਸਲ ਹੋਈ। ਅੱਜ ਹਰ ਸਿੱਖ ਵਾਸਤੇ ਗੁਰੂ ਜਸ ਗਾਉਣ ਲਈ ਭੱਟਾਂ ਦੇ ਸਵਈਏ ਹੀ ਆਧਾਰ ਬਣਦੇ ਹਨ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਭੱਟਾਂ ਦੇ ਸਵਈਏ ਪੜਨ ਦੀ ਮਰਯਾਦਾ ਕਦੋਂ ਅਤੇ ਕਿਵੇਂ ਅਰੰਭ ਹੋਈ ਇਸ ਬਾਰੇ ਭਾਵੇਂ ਸਿੱਖ ਸ੍ਰੋਤਾਂ ਵਿੱਚ ਕੋਈ ਲਿਖਤੀ ਜ਼ਿਕਰ ਨਹੀਂ ਮਿਲਦਾ ਪਰ ਮੰਨਿਆ ਜਾਂਦਾ ਹੈ ਕਿ ਇਹ ਮਰਯਾਦਾ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਚੱਲੀ ਆ ਰਹੀ ਹੈ। ਅੰਮ੍ਰਿਤ ਵੇਲੇ ਰੋਜ਼ਾਨਾ ਗ੍ਰੰਥੀ ਸਿੰਘ ਹਰ ਕੋਈ ਆਪਣੇ-ਆਪ ਨੂੰ ਵਡਭਾਗਾ ਮਹਿਸੂਸ ਕਰਦਾ ਹੈ। ਅੰਮ੍ਰਿਤ ਵੇਲੇ ਦੇ ਇਹ ਦ੍ਰਿਸ਼ ਇਕ ਅਦਭੁੱਤ ਨਜ਼ਾਰਾ ਪੇਸ਼ ਕਰਦੇ ਹਨ। ਉੱਥੇ ਮੌਜੂਦ ਹਰ ਕੋਈ ਇਸਦਾ ਪ੍ਰਭਾਵ ਕਬੂਲ ਕੀਤੇ ਬਿਨਾਂ ਨਹੀਂ ਰਹਿ ਸਕਦਾ।

ਪਾਲਕੀ ਜਦ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦਰਵਾਜ਼ੇ ਤੇ ਪਹੁੰਚਦੀ ਹੈ ਤਾਂ ਅੰਦਰ ਆਸਾ ਦੀ ਵਾਰ ਦਾ ਚਲ ਰਿਹਾ



ਕੋਠਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸੀਸ ਤੇ ਅਦਬ-ਸਤਿਕਾਰ ਨਾਲ ਬਿਰਾਜਮਾਨ ਕਰਕੇ ਪਾਲਕੀ ਸਾਹਿਬ ਤੱਕ ਪਹੁੰਚਾਉਂਦੇ ਹਨ। ਸੰਗਤਾਂ ਗੁਲਾਬ ਦੇ ਫੁੱਲਾਂ ਦੀ ਬਰਖਾ ਕਰਕੇ ਗੁਰੂ ਪਾਤਸ਼ਾਹ ਦਾ ਸੁਆਗਤ ਕਰਦੀਆਂ ਹਨ। ਨਗਾਰੇ ਤੇ ਚੋਟਾਂ ਵੱਜਦੀਆਂ ਹਨ। ਨਰਸਿੰਘੇ ਦੀ ਮਨਮੋਹਕ ਧੁੰਨ ਪਰਕਰਮਾ ਵਿਚ ਗੂੰਜ ਕੇ ਇਲਾਹੀ ਨਾਦ ਪੈਦਾ ਕਰਦੀ ਹੈ। ਸੰਗਤਾਂ ਭਾਵਨਾ ਨਾਲ ਸ਼ਬਦ ਪੜਦੀਆਂ ਪਾਲਕੀ ਦੇ ਨਾਲ-ਨਾਲ ਚਲਦੀਆਂ ਹਨ। ਗੁਰੂ ਸਾਹਿਬ ਦੀ ਪਾਲਕੀ ਨੂੰ ਮੋਢਾ ਦੇ ਕੇ ਕੀਰਤਨ ਰੁੱਕ ਜਾਂਦਾ ਹੈ। ਅੰਦਰ ਬੈਠੀ ਸੰਗਤ ਸਤਿਕਾਰ ਵਿੱਚ ਹੱਥ ਜੋੜ ਕੇ ਖਲੋ ਜਾਂਦੀ ਹੈ ਅਤੇ 'ਸਤਿਨਾਮ ਸ੍ਰੀ ਵਾਹਿਗੁਰੂ ਸਾਹਿਬ ਜੀ' ਦੀ ਮਨਮੋਹਕ ਅਲੌਕਿਕ ਧੁੰਨ ਪੂਰੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਗੂੰਜ ਉੱਠਦੀ ਹੈ। ਗ੍ਰੰਥੀ ਸਿੰਘ ਗੁਰੂ ਸਾਹਿਬ ਜੀ ਦਾ ਪਾਵਨ ਸਰੂਪ ਸੀਸ ਤੇ ਬਿਰਾਜਮਾਨ ਕਰਕੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਲੈ ਆਉਂਦੇ ਹਨ। ਫਿਰ ਪ੍ਰਕਾਸ਼ ਕਰਨ ਦੀ ਸੇਵਾ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ 'ਭੱਟਾਂ ਦੇ ਸਵਈਏ' ਪੜਨ ਦੀ ਮਰਯਾਦਾ ਅਰੰਭ ਹੁੰਦੀ ਹੈ। ਲਗਭਗ 15 ਕੁ ਸਿੰਘਾਂ ਦਾ ਜਥਾ ਰੋਜ਼ਾਨਾ ਇਹ ਸੇਵਾ ਨਿਭਾਉਂਦਾ ਹੈ ਜਿਹਨਾਂ ਦੀ ਨਿਯੁਕਤੀ ਹੈੱਡ ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵੱਲੋਂ ਟੈਸਟ ਲੈ ਕੇ ਕੀਤੀ ਗਈ ਹੁੰਦੀ ਹੈ। ਸਮਾਜ ਵਿੱਚ ਉੱਚ ਪਦਵੀਆਂ ਤੇ ਕਿਰਤ ਕਰ ਰਹੇਇਹ ਸਾਰੇ ਸਿੰਘ ਨਿਸ਼ਕਾਮ ਸੇਵਾ ਕਰਦੇ ਹਨ ਜੋ ਰੋਜ਼ਾਨਾ ਇਹ ਵਡਮੁੱਲੀ ਸੇਵਾ ਕਰਕੇ ਆਪਣੇ-ਆਪ ਨੂੰ ਵਡਭਾਗਾ ਮਹਿਸੂਸ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਦਾ ਇਸ ਉੱਤਮ ਸੇਵਾ ਲਈ ਸ਼ੁਕਰਗੁਜ਼ਾਰ ਹੁੰਦੇ ਹਨ। ਅੱਜ ਕੱਲ ਇਨਾਂ ਸਿੰਘਾਂ ਦੇ ਜਥੇ ਦੀ ਅਗਵਾਈ ਭਾਈ ਹਰਇਕਬਾਲ ਸਿੰਘ ਜੀ ਕਰ ਰਹੇ ਹਨ, ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਵਿੱਚ ਪਹਿਲੇ ਦਰਜੇ ਦੇ ਅਫ਼ਸਰ ਹਨ। ਸਵਈਏ ਪੜਨ ਦੀ ਅਰੰਭਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਸਵਯੇ ਸ੍ਰੀ ਮੁਖਬਾਕ ਮਹਲਾ 5' ਤੋਂ ਕੀਤੀ ਜਾਂਦੀ ਹੈ। ਫਿਰ ਇਸੇ ਤਰਾਂ ਲੜੀਵਾਰ 'ਸਵਈਏ ਮਹਲੇ ਪਹਲੇ ਕੇ ਤੋਂ ਸਵਈਏ ਮਹਲੇ ਪੰਜਵੇ ਕੇ' ਤੱਕ ਪੜੇ ਜਾਂਦੇ ਹਨ। ਸਾਰੇ ਸਵਈਏ ਤਰਤੀਬਵਾਰ ਪੜੇ ਜਾਂਦੇ ਹਨ। ਲਗਭਗ 15-20 ਸਵਈਏ ਰੋਜ਼ਾਨਾ ਪੜ ਹੁੰਦੇ ਹਨ। ਫਿਰ ਅਗਲੇ ਦਿਨ ਉਨਾਂ ਤੋਂ ਅੱਗੇ ਲੜੀ ਨੂੰ ਜਾਰੀ ਰੱਖਿਆ ਜਾਂਦਾ ਹੈ। ਗੁਰੂ ਸਾਹਿਬਾਨ ਦੇ ਪ੍ਰਕਾਸ਼ ਦਿਹਾੜੇ, ਜੋਤੀ ਜੋਤਿ ਅਤੇ ਗੁਰਤਾਗੱਦੀ ਦਿਵਸ ਤੇ ਲੜੀ ਤੋਂ ਬਾਹਰ ਢੁੱਕਵੇਂ ਅਤੇ ਖੁੱਲੇ ਸਵਈਏ ਪੜੇ ਜਾਂਦੇ ਹਨ। ਉਸ ਦਿਨ ਆਪਣੀ ਮਰਜ਼ੀ ਅਨੁਸਾਰ ਕੋਈ ਵੀ ਢੁੱਕਵਾਂ ਸਵਈਆ ਪੜਿਆ ਜਾ ਸਕਦਾ ਹੈ। ਸਵਈਏ ਗੁਰੂ ਸਾਹਿਬ ਨੂੰ ਹਾਜ਼ਰ-ਨਜ਼ਰ ਜਾਣ ਕੇ ਬੜੇ ਅਦਬ, ਸਤਿਕਾਰ, ਠਹਿਰਾਅ ਅਤੇ ਭਾਵਨਾ ਨਾਲ ਪੜੇ ਜਾਂਦੇ ਹਨ। ਅੰਤ ਵਿਚ ਰੋਜ਼ਾਨਾ ਭੱਟ ਕੀਰਤ ਜੀ ਦੁਆਰਾ ਉਚਾਰਨ 'ਹਮ ਅਵਗੁਣ ਭਰੇ ਏਕੁ ਗੁਣ ਨਾਹੀ' ਸਵਈਆ ਪੜ ਕੇ ਸਮਾਪਤੀ ਕੀਤੀ ਜਾਂਦੀ ਹੈ ਅਤੇ ਫਿਰ ਸਵਈਆਂ ਦੀ ਸਮਾਪਤੀ ਤੋਂ ਬਾਅਦ ਗ੍ਰੰਥੀ ਸਿੰਘ ਵੱਲੋਂ ਸੰਗਤ ਨੂੰ ਹੁਕਮਨਾਮਾ ਸਰਵਣ ਕਰਵਾਇਆ ਜਾਂਦਾ ਹੈ। ਅੰਮ੍ਰਿਤ ਵੇਲੇ ਦੀ ਇਹ ਮਰਯਾਦਾ ਬਹੁਤ ਪ੍ਰਭਾਵਸ਼ਾਲੀ ਹੁੰਦੀ ਹੈ। ਇਸ ਸਮੇਂ ਹਾਜ਼ਰ ਸੰਗਤਾਂ ਆਪਣੇ-ਆਪ ਨੂੰ ਵਡਭਾਗਾ ਅਤੇ ਅਨੰਦਿਤ ਮਹਿਸੂਸ ਕਰਦੀਆਂ ਹਨ।

# 'ਹਮ ਮੂਰਖ ਤੁਮ ਚਤੁਰ ਸਿਆਣੇ, ਤੂ ਸਰਬ ਕਲਾ ਕਾ ਗਿਆਤਾ'

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ 10**

**ਸੰਪਾਦਕ: ਸਰਬਜੀਤ ਕੌਰ**

ਕਲਾ (ਹੁਨਰ) ਇੱਕ ਸ਼ਕਤੀ ਹੈ, ਇੱਕ ਸਾਹਸ ਅਤੇ ਕੋਮਲਤਾ ਦਾ ਖ਼ਜ਼ਾਨਾ ਹੈ। ਦੁਨੀਆਂ ਵਿਚ ਤਿੰਨ ਤਰਾਂ ਦੇ ਸ਼ਾਸਤਰ ਹਨ ਧਰਮ, ਕਲਾ ਤੇ ਸਾਇੰਸ। ਇਨਾਂ ਤਿੰਨਾਂ ਸ਼ਾਸਤਰਾਂ ਦੀ ਆਪਣੀ ਆਪਣੀ ਇੱਕ ਖ਼ਾਸ ਥਾਂ ਹੈ। ਧਰਮ ਦਾ ਵਾਸਾ ਆਤਮਾ ਵਿਚ ਹੈ, ਕਲਾ ਹਿਰਦੇ ਵਿਚ ਤੇ ਵਿਗਿਆਨ ਦਿਮਾਗ ਵਿਚ ਵਸਦਾ ਹੈ। ਸਰੀਰ ਦੀ ਖੋਜ ਵਿਚ ਵਿਗਿਆਨ ਸਹਾਈ ਹੈ, ਹਿਰਦੇ ਦੀ ਰੂਪ ਰੇਖਾ ਦਾ ਕਲਾ ਨਾਲ ਪਤਾ ਚਲਦਾ ਹੈ ਤੇ ਧਰਮ ਆਤਮਾ ਦਾ ਬੋਧ ਕਰਵਾਉਂਦਾ ਹੈ। ਵਿਗਿਆਨਿਕ ਪ੍ਰਕਿਰਤੀ ਦੇ ਤਨ ਦੀ ਚੀਰ ਫਾੜ ਕਰ ਕੇ ਪ੍ਰਕਿਰਤੀ ਦੇ ਗੁੱਝੇ ਰਾਜ਼ ਜਗਤ ਸਾਹਮਣੇ ਰੱਖਦਾ ਹੈ। ਵਿਗਿਆਨ ਕਿੰਨਾ ਵੀ ਗਹਿਰਾ ਕਿਉਂ ਨਾ ਜਾਵੇ ਤਨ ਪ੍ਰਕਿਰਤੀ ਤੋਂ ਅਗਾਂਹ ਨਹੀਂ ਜਾ ਸਕਦਾ, ਦਿਮਾਗ ਹਰ ਵਸਤੂ ਦਾ ਸਬੂਤ ਮੰਗਦਾ ਹੈ ਪਰ ਸੰਸਾਰ ਵਿਚ ਕੁਝ ਐਸਾ ਵੀ ਹੈ ਜਿਸ ਨਾਲ ਵਿਸ਼ਵਾਸ ਕਰਕੇ ਹੀ ਸਬੰਧ ਜੁੜਦਾ ਹੈ ਪਰ ਬਿਨਾਂ ਸਬੂਤ ਤੋਂ ਵਿਸ਼ਵਾਸ ਇਹ ਵਿਗਿਆਨ ਦਾ ਤਰਕ ਹੈ। ਦਿਲ ਦਿਮਾਗੀ ਤਲ ਤੇ ਠੀਕ ਹੈ ਇਸ ਵਾਸਤੇ ਅਤਿ ਤਾਰਕਿਕ ਮਨੁੱਖ ਪ੍ਰਕਿਰਤੀ ਦੀ ਖੋਜ ਵਿਚ ਰਸ ਰੱਖਦਾ ਹੈ ਤੇ ਉਸ ਦੀ ਪਹੁੰਚ ਪ੍ਰਕਿਰਤੀ ਤੋਂ ਅੱਗੇ ਨਹੀਂ ਹੈ। ਸਾਇੰਸ ਅਜੇ ਤੱਕ ਪ੍ਰਮਾਤਮਾ ਨੂੰ ਨਹੀਂ ਲੱਭ ਸਕੀ, ਯਾਨੀ ਅਜੇ ਵੀ ਆਤਮ ਤਲ ਨੂੰ ਨਹੀਂ ਛੂਹ ਸਕੀ। ਜਿੱਥੇ ਕੀ ਅਕਾਲ ਦਾ ਵਾਸ ਹੈ ਉੱਥੇ ਤੱਕ ਸਾਇੰਸ ਦੀ ਵੀ ਪਹੁੰਚ ਨਹੀਂ ਹੈ।

ਵਿਗਿਆਨ ਨੇ ਸਹੂਲਤਾਂ ਤਾਂ ਬਹੁਤ ਦਿੱਤੀਆਂ ਹਨ ਪਰ ਸੁੱਖ ਤੇ ਚੈਨ ਨਹੀਂ ਦੇ ਸਕਿਆ। ਸਾਡੀ ਅੱਖ ਦੂਰਬੀਨ ਨਾਲ ਦੂਰ ਤੱਕ ਵੇਖ ਸਕਦੀ ਹੈ ਪਰ ਸਾਡੇ ਪੈਰਾਂ ਨੂੰ ਵਿਗਿਆਨ ਨੇ ਇਤਨੀ ਗਤੀ ਦਿੱਤੀ ਹੈ ਕਿ ਹਜ਼ਾਰਾਂ ਮੀਲ ਦਾ ਪੈਂਡਾ ਕੁੱਝ ਘੰਟਿਆਂ ਵਿਚ ਤੈਅ ਹੋ ਜਾਂਦਾ ਹੈ। ਰੇਲ ਮੋਟਰ, ਹਵਾਈ ਜਹਾਜ਼ਾਂ ਨੇ ਸਾਡੇ ਪੈਰਾਂ ਦੀ ਚਾਲ ਵਧਾ ਦਿੱਤੀ ਹੈ। ਸਾਡੀ ਸੁਣਨ ਦੀ ਸ਼ਕਤੀ ਵੀ ਤੇਜ਼ ਹੋ ਗਈ ਸੀ। ਇਕ ਦੇਸ਼ ਤੋਂ ਦੂਜੇ ਦੇਸ਼ ਟੈਲੀਫੋਨ ਰਾਹੀਂ ਸਿੱਧੀ ਗੱਲਬਾਤ ਕਰ ਲੈਂਦੇ ਹਾਂ, ਆਪਣੀ ਆਵਾਜ਼ ਨੂੰ ਰੇਡੀਓ ਰਾਹੀਂ ਹਜ਼ਾਰਾਂ ਮਨੁੱਖਾਂ ਤੱਕ ਪਹੁੰਚਾ ਦਿੰਦੇ ਹਾਂ। ਸਵੈ ਚਾਲਿਤ ਮਸ਼ੀਨਾਂ ਨੇ ਸਾਡੇ ਹੱਥਾਂ ਦੀ ਤਾਕਤ ਵਧਾ ਦਿੱਤੀ ਹੈ। ਵਿਗਿਆਨ ਨੇ ਇੰਦਰੀਆਂ ਦੀ ਸ਼ਕਤੀ ਨੂੰ ਵਧਾਇਆ ਹੈ ਤੇ ਬਹੁਤ ਸਾਰੀਆਂ ਸਹੂਲਤਾਂ ਪੈਦਾ ਕੀਤੀਆਂ ਹਨ। ਵਿਗਿਆਨ ਨੇ ਦੁਨੀਆਂ ਬਹੁਤ ਨੇੜੇ ਕਰ ਦਿੱਤੀ ਹੈ ਪਰ ਅਫ਼ਸੋਸ ਮਨੁੱਖ ਹੀ ਮਨੁੱਖ ਤੋਂ ਬਹੁਤ ਦੂਰ ਚਲਾ ਗਿਆ ਹੈ। ਵਿਗਿਆਨ ਨੇ ਬਾਹਰ ਬਹੁਤ ਚਾਨਣਾ ਕੀਤਾ ਹੈ



ਪਰ ਮਨੁੱਖ ਦਾ ਦਿਲ ਅੰਧਿਆਰੀ ਰਾਤ ਕਰ ਦਿੱਤੀ ਹੈ। ਇਸ ਅੰਧਿਆਰੀ ਰਾਤ ਵਿਚ ਮਨੁੱਖ ਆਪਣੇ ਆਪ ਨੂੰ ਇਕੱਲਾ ਵੀ ਮਹਿਸੂਸ ਕਰਦਾ ਹੈ। ਜਦੋਂ ਅਜਿਹੀ ਸਥਿਤੀ ਮਨੁੱਖ ਦੇ ਅੰਦਰ ਪੈਦਾ ਹੁੰਦੀ ਹੈ ਤਾਂ ਉਹ ਆਪਣੀ ਇਕ ਕਾਲਪਨਿਕ ਦੁਨੀਆਂ ਤਿਆਰ ਕਰ ਲੈਂਦਾ ਹੈ। ਵਿਗਿਆਨ ਬੌਧਿਕ ਤਾਲ ਤੱਕ ਰਹਿੰਦਾ ਹੈ ਜੋ ਬੁੱਧੀ ਦਾ ਇਕ ਖਾਸ ਵਿਸ਼ਾ ਹੈ। ਆਰਟ ਕਲਾ ਇਹ ਹਿਰਦੇ ਨੂੰ ਛੋਂਹਦੀ ਹੈ, ਆਰਟ ਕਲਾ ਦਾ ਵਾਸਾ ਭਾਵੁਕ ਹਿਰਦਿਆਂ ਵਿੱਚ ਹੁੰਦਾ ਹੈ। ਵਿਗਿਆਨ ਠੋਸ ਹੈ ਪਰ ਠੋਸ ਪਦਾਰਥ ਦੀ ਖੋਜ ਵਿਚ ਹੈ। ਕਲਾ ਸੂਖ਼ਸ਼ਮ ਹੈ ਤੇ ਇਸ ਨੂੰ ਸਮਝਣ ਲਈ ਸੂਖ਼ਸ਼ਮਤਾ ਚਾਹੀਦੀ ਹੈ। ਸੱਚ ਤਾਂ ਇਹ ਹੈ ਕਿ ਆਰਟਿਸਟ ਕਲਾਕਾਰ ਆਤਮਾ ਦੇ ਨੇੜੇ ਹੈ, ਇਹ ਪ੍ਰਕਿਰਤੀ ਤੋਂ ਅਗਾਂਹ ਹੈ ਪਰ ਆਤਮਾ ਤੱਕ ਪੁੱਜਿਆ ਨਹੀਂ ਹੈ ਮੱਧ ਵਿਚ ਹੀ ਹੈ। ਹਿਰਦੇ ਦੇ ਤਾਲ 'ਤੇ ਜੀਵਨ ਵਾਲਿਆਂ ਨੇ ਸੰਗੀਤ ਕਵਿਤਾ ਨ੍ਰਿਤ, ਚਿੱਤਰਕਾਰੀ ਅਤੇ ਮੂਰਤੀਕਲਾ ਨੂੰ ਜਨਮ ਦਿੱਤਾ ਹੈ। ਫਲੌਰਾ ਅਜੰਤਾ ਦੀਆਂ ਗੁਫ਼ਾਵਾਂ ਕਲਾ ਦਾ ਇਕ ਮਹਾਨ ਰੂਪ ਪੇਸ਼ ਕਰ ਰਹੀਆਂ ਹਨ। ਸੁੰਨਸਾਨ ਪਹਾੜਾਂ ਵਿਚ ਜੀਵਨ ਭਰ ਖੁਦਾਈ ਕਰ ਕੇ ਸੁੰਦਰ ਮੂਰਤੀਆਂ ਨੂੰ ਜਨਮ ਦੇਣ ਵਾਲੇ ਅਤਿ ਭਾਵੁਕ ਮਨੁੱਖ ਹੋਣਗੇ। ਅਜਿਹਾ ਸਭ ਕੌਸ਼ਿਕ ਭਾਵ ਦੇ ਠਹਿਰਾਓ ਵਿੱਚ ਹੁੰਦਾ ਹੈ ਅਤੇ ਇਸੇ ਠਹਿਰਾਓ ਤੋਂ ਨਿਰਖ ਸੰਗੀਤ ਤੇ ਕਵਿਤਾ ਦਾ ਜਨਮ ਹੁੰਦਾ ਹੈ। ਆਵਾਜ਼ ਦੀ ਜਿੰਨੀ ਸੂਖ਼ਮ ਗਹਿਰਾਈ ਵਿੱਚ ਇੱਕ ਮਹਾਨ ਸੰਗੀਤਕਾਰ ਜਾ ਸਕਦਾ ਹੈ ਹੋਰ ਕੋਈ ਇੰਨੀ ਪਕੜ ਨਹੀਂ ਕਰ ਸਕਦਾ ਤੇ ਰੰਗਾਂ ਨੂੰ ਜਿੰਨੇ ਗਹਿਰਾਈ ਵਿਚ ਇਕ ਮਹਾਨ ਸੰਗੀਤਕਾਰ ਜਾਂ ਕਲਾਕਾਰ ਪੇਸ਼ ਕਰ ਸਕਦਾ ਹੈ, ਉਸ ਨੂੰ ਕੋਈ ਦੂਜਾ ਮਨੁੱਖ ਪੇਸ਼ ਨਹੀਂ ਕਰ ਸਕਦਾ, ਕਿਉਂਕਿ ਉਸ ਮਨੁੱਖ ਦੇ ਕੋਲ ਉਨੀ ਪਕੜ ਨਹੀਂ ਹੁੰਦੀ। ਰੰਗਾਂ ਨੂੰ ਜਿੰਨੀ ਗਹਿਰਾਈ, ਤਹਿ ਵਿਚ ਇਕ ਚਿੱਤਰਕਾਰ ਵੇਖ ਸਕਦਾ ਹੈ ਇਹ ਆਮ ਬੰਦੇ ਦੀ ਪਹੁੰਚ ਤੋਂ ਵੀ ਪਰੇ ਹੈ, ਜੋ ਪੱਥਰਾਂ ਵਿੱਚ ਛੁਪੀ ਮਹਾਨਤਾ ਮੂਰਤੀਕਾਰ ਨੂੰ ਹੀ ਦਿਸ ਸਕਦੀ ਹੈ ਹੋਰ ਕਿਸੇ ਦੀ ਅੱਖ ਉਸ ਨੂੰ ਨਹੀਂ ਵੇਖ ਸਕਦੀ। ਕਿਸੇ ਵਕਤ ਭਾਰਤ ਅਤਿ ਭਾਵੁਕ ਸੀ ਤਾਂ ਤਰਾਂ ਤਰਾਂ ਦੀ ਕਲਾ ਨੇ ਇੱਥੇ ਜਨਮ ਲਿਆ। ਅੱਜ ਸਾਰੀ ਦੁਨੀਆਂ ਠੋਸ ਤਲ 'ਤੇ ਜਾ ਰਹੀ ਹੈ। ਇਸ ਵਾਸਤੇ ਵਿਗਿਆਨ ਵਿੱਚ ਰੁਚੀ ਹੈ ਕਲਾ ਵਿੱਚ ਨਹੀਂ ਕਲਾ ਲੁਪਤ ਹੁੰਦੀ ਜਾ ਰਹੀ ਹੈ।

ਬੜੇ ਗ੍ਰੰਥਾਂ ਦੇ ਲਿਖਾਰੀ ਪੱਥਰਾਂ ਨੂੰ ਖੋਦ ਕੇ ਮੂਰਤੀ ਮਾਣ ਕਰਨ ਵਾਲੇ, ਰੰਗਾਂ ਨੂੰ ਬਿਖੇਰੇ ਹੋਇਆ ਵਿੱਚ ਜਾਨ ਪਾਉਣ ਵਾਲੇ, ਅਵਾਜ਼ ਵਿਚ ਰੂਹ ਦੇ ਦਰਸ਼ਨ ਕਰਾਉਣ ਵਾਲੇ, ਅੱਜ ਕਿੱਥੇ ਚਲੇ ਗਏ ਹਨ ਜਾਂ ਇਹ ਕਲਾਕਾਰ ਕਿਤੇ ਇਕਾਂਤਵਾਸ ਵਿਚ ਜਾ ਕੇ ਵਸ ਗਏ ਹਨ। ਜ਼ਿੰਦਗੀ ਨਾਲ ਉਨਾਂ ਦਾ ਤਾਲਮੇਲ ਨਹੀਂ ਬੈਠਦਾ, ਇਸੇ ਲਈ ਇਨਾਂ ਕਲਾਕਾਰਾਂ ਦੀਆਂ ਅੱਜ ਸਿਰਫ਼ ਕਹਾਣੀਆਂ ਰਹਿ ਗਈਆਂ ਹਨ ਜਾਂ ਕੁਝ ਨਿਸ਼ਾਨੀਆਂ ਰਹਿ ਗਈਆਂ ਹਨ। ਤੀਜਾ ਤਾਲ ਆਤਮਾ ਦਾ ਹੈ। ਆਤਮਾ ਕੋਈ ਕਲਾਕਾਰਾਂ ਨਾਲੋਂ ਵੀ ਡੂੰਘੇ ਦੀ ਖੋਜ ਕਰਦਾ ਹੈ, ਇਸ ਵਾਸਤੇ ਇਹ ਸਭ ਤੋਂ ਕਠਿਨ ਕਲਾ ਨੂੰ ਚੁਣਦਾ ਹੈ, ਅੰਦਰ ਦੀ ਪੀੜਾ ਨੂੰ ਤਾਂ ਸਿਰਫ਼ ਆਤਮ ਰਸ ਕੁਝ ਦੂਰ ਕਰ ਸਕਦੀ ਹੈ ਅਤੇ ਆਤਮਾ ਰਸ ਉਹ ਹੀ ਇਨਸਾਨ ਵਿਚ ਪੁੱਜਦਾ ਹੈ ਜੋ ਬੌਧਿਕ ਵੀ ਹੋਵੇ ਤੇ ਭਾਵੁਕ ਵੀ ਹੋਵੇ। ਇਸ ਵਾਸਤੇ ਵੇਖਣ ਵਿੱਚ ਆਇਆ ਹੈ ਕਿ ਆਤਮ ਖੋਜੀਆਂ ਨੇ ਪ੍ਰਕਿਰਤੀ ਦੀ ਬੜੀ ਜਾਣਕਾਰੀ ਦਿੱਤੀ ਹੈ, ਬੜੇ ਡੂੰਘੇ ਭੇਦ ਜਗਤ ਦੇ ਸਾਹਮਣੇ ਰੱਖੇ ਹਨ, ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ ਕਿ ਜ਼ਮੀਨ ਚੰਦ ਤਾਰੇ ਇਨਾਂ ਦਾ ਤੇਜ਼ ਤੇ ਆਕਾਰ ਘਟਦਾ ਜਾ ਰਿਹਾ ਹੈ।

ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖ੍ਹ੍ਯਤ੍ਰ ਗਗਨੰ ॥ ਘਟੰਤ ਬਸੁਧਾ ਗਿਰਿ ਤਰ ਸਿਖੰਡੰ ॥ ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥ ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ ॥ ਨਹ ਘਟੰਤ ਕੇਵਲ ਗੋਪਾਲ ਅਚੁਤ ॥ ਅਸਥਿਰੰ ਨਾਨਕ ਸਾਧ ਜਨ ॥

ਜੋ ਵਸਤੂ ਵਜੂਦ ਵਿਚ ਹੈ ਤੇ ਕੰਮ ਕਰ ਰਹੀ ਹੈ ਉਹ ਘਟੇਗੀ ਭਾਰਤ ਦੇ ਰਿਸ਼ੀਆਂ ਦਾ ਇਕ ਸਾਲ ਪਹਿਲੇ ਚੰਦਰ ਗ੍ਰਹਿਣ ਤੇ ਸੂਰਜ ਗ੍ਰਹਿਣ ਬਾਰੇ ਦੱਸਣਾ ਉਨਾਂ ਦੀ ਪ੍ਰਚੱਲਿਤ ਖੋਜ ਦਾ ਹੀ ਸਬੂਤ ਪੇਸ਼ ਕਰਦਾ ਹੈ। ਕਲਾਕਾਰ ਵਿਗਿਆਨਕ ਨਹੀਂ ਹੁੰਦਾ ਤੇ ਵਿਗਿਆਨਿਕ ਕਲਾਕਾਰ ਨਹੀਂ ਹੁੰਦਾ ਪਰ ਆਤਮ ਖੋਜੀ ਭਗਤ ਵਿਗਿਆਨਿਕ ਵੀ ਹੁੰਦਾ ਹੈ ਤੇ ਕਲਾਕਾਰ ਵੀ ਜਾਦੂ ਸਰਬ ਕਲਾ ਦੀ ਗਿਆਨ ਨਾਲ ਜੁੜਦਾ ਹੈ ਤਾਂ ਆਪ ਵੀ ਸਰਬ ਕਲਾ ਦਾ ਗਿਆਨੀ ਹੋ ਜਾਂਦਾ ਹੈ। ਵਿਗਿਆਨਿਕ ਦੀ ਖੋਜ ਕਈ ਦਫ਼ਾ ਵਿਗਿਆਨਕ ਵਾਸਤੇ ਦਿਮਾਗ ਦਾ ਬੋਝ ਬਣ ਜਾਂਦੀ ਹੈ ਤੇ ਕੋਰਾ ਆਰਟਿਸਟ ਹਨ, ਤਾਰਿਕ ਤੌਰ ਤੇ ਬੜਾ ਬੇਚੈਨ ਹੋ ਜਾਂਦਾ ਹੈ, ਤਦੇ ਤਾਂ ਅਸੀਂ ਵੇਖਦੇ ਹਾਂ ਵੱਡੇ ਵੱਡੇ ਸੰਗੀਤਕਾਰ ਤੇ ਕਾਵਿ ਚਿੱਤਰਕਾਰ ਆਤਮ ਪੀੜਾ ਤੋਂ ਬਚਣ ਵਾਸਤੇ ਸ਼ਰਾਬ ਦਾ ਸਹਾਰਾ ਲੈਂਦੇ ਹਨ। ਸ਼ਰਾਬ ਮਾਨੋ ਇਨਾਂ ਦੇ ਜੀਵਨ ਦਾ ਹੀ ਅੰਗ ਬਣ ਗਈ ਹੈ। ਪਰ ਆਤਮ ਖੋਜੀ ਕੋਲ ਇੱਕ ਐਸੀ ਮਖ਼ਮੂਰੀ ਹੁੰਦੀ ਹੈ ਜਿਸ ਵਿਚ ਪਰਮ ਹੋਸ਼ ਹੁੰਦਾ ਹੈ ਤੇ ਪਰਮ ਆਨੰਦ ਹੁੰਦਾ ਹੈ ਪ੍ਰਾਕਿਰਤੀ ਦੀ ਸੂਝ ਹੁੰਦੀ ਹੈ ਕਲਾ ਦਾ ਬੋਧ ਹੁੰਦਾ ਹੈ। ਇਸ ਵਾਸਤੇ ਜਿੱਤਣੀ ਸੁੰਦਰ ਕਾਵਿ ਰਚਨਾ ਭਗਤਾਂ ਤੇ ਸੰਤਾਂ ਨੇ ਕੀਤੀ ਹੈ ਇਹ ਕਿਸੇ ਹੋਰ ਦੇ ਹਿੱਸੇ ਨਹੀਂ ਆਈ, ਜੋ ਸੰਗੀਤ ਦੀਆਂ ਤਾਨਾਂ ਭਗਤਾਂ ਨੇ ਛੇੜੀਆਂ ਹਨ ਉਹ ਤਾਨ ਸੇਨ ਨਹੀਂ ਛੇੜ ਸਕਿਆ। ਜਿੰਨੀ ਸਹੀ ਤੇ ਸੱਤ ਖੋਜ ਵਿਗਿਆਨ ਦੀ ਭਗਤਾਂ ਨੇ ਦਿੱਤੀ ਹੈ ਉਹ ਵਿਗਿਆਨਕ ਦੀ ਪਹੁੰਚ ਤੋਂ ਪਰੇ ਹੈ। ਆਤਮ ਚਿੰਤਨ ਜਿੱਥੇ ਇੱਕ ਆਨੰਦ ਹੈ ਉੱਥੇ ਕਲਾ ਦੇ ਵਿਗਿਆਨ ਨੂੰ ਜਨਮ ਦੇਣ ਵਿੱਚ ਆਪਣਾ ਇੱਕ ਖ਼ਾਸ ਸਥਾਨ ਰੱਖਦਾ ਹੈ।

# ਅੰਗਰੇਜ਼ਾਂ ਦੇ ਦਰਬਾਰ ਸਾਹਿਬ ਦਾ ਪ੍ਰਬੰਧ ਸੰਭਾਲਣ ਤੋਂ ਬਾਅਦ ਦੇ ਹਾਲਾਤ !



ਪੰਜਾਬ ਦਰਪਨ ੧੯੯੫ ਚ ਇਸ ਵਿਸ਼ੇ ਤੇ ਲੰਮੀ ਟਿੱਪਣੀ ਦੁਆਰਾ ਸਭ ਕੁਝ ਸਪੱਸ਼ਟ ਕਰਦਾ ਹੈ " ਸੰਸਾਰ ਵਿਚ ਕੋਈ ਮੰਦਰ ਐਸਾ ਨਹੀ ਕੇ ਜਿਸ ਵਿਚ ਉਨ੍ਹਾਂ ਲੋਕਾਂ ਦੇ ਬਿਨ੍ਹਾਂ, ਜਿਨ੍ਹਾਂ ਦਾ ਕੇ ਉਹ ਮੰਦਰ ਹੈ,ਕੋਈ ਹੋਰ ਮਜ਼੍ਹਬ ਵਾਲਾ ਉਸ ਵਿਚ ਯਾ ਉਸ ਦੀ ਹੱਦ ਦੇ ਅੰਦਰ ਆਪਣੇ ਮਜ਼੍ਹਬ ਦੀ ਬਾਤ-ਚੀਤ ਕਰ ਨਹੀ ਪਉਂਦਾ, ਜੇਕਰ ਕਰਦਾ ਭੀ ਹੈ ਤਾਂ ਉਸ ਨੂੰ ਮੰਦਰ ਦੇ ਮਾਲਕ ਯਾ ਉਹ ਆਦਮੀ, ਜਿਨ੍ਹਾਂ ਦਾ ਉਹ ਮੰਦਰ ਹੈ,ਜ਼ੋਰ ਬਜ਼ੋਰੀ ਮਨ੍ਹਾਂ ਕਰਦੇ ਅਰ ਇਥੋਂ ਤੀਕ ਕੇ ਮਾਰਨੇ ਅਰ ਕੁਟਣੇ ਨੂੰ ਤਿਆਰ ਹੋ ਜਾਂਦੇ ਹੈਨ । ਜੈਸਾ ਕੇ ਕੋਈ ਮੁਸਲਮਾਨਾਂ ਦੀ ਮਸੀਤ ਵਿਚ ਹਿੰਦੂ ਮਤ ਦਾ ਵਯਾਖਯਾਨ ਤਾਂ ਕਿਧਰੇ ਰਿਹਾ ਬਾਤ ਚੀਤ ਵੀ ਕਰੇ ਤਾਂ ਉਕਤ ਜੈਸਾ ਹਾਲ ਕਰਨ ਨੂੰ ਤਿਆਰ ਹੋ ਜਾਂਦੇ ਹਨ। ਐਸਾ ਹੀ ਹਿੰਦੂਆਂ ਦੇ ਸ਼ਿਵਾਲੇ, ਦੇਵੀ ਦਵਾਰੇ ਯਾਂ ਠਾਕੁਰ ਦਵਾਰੇ ਆਦਿਕ ਅਸਥਾਨਾਂ ਵਿਚ ਕੋਈ ਮੁਸਲਮਾਨ ਅਥਵਾ ਕੋਈ ਹਿੰਦੂ ਭਾਈ ਉਲਟ ਹੋ ਕਰ ਉਨ੍ਹਾਂ ਦੇ ਮਤ ਦੇ ਵਿਰੁਧ ਵਯਾਖਯਾਨ ਯਾ ਕੋਈ ਬਾਤ ਚੀਤ ਕਰੇ ਤਾਂ ਉਸ ਨਾਲ ਭੀ ਉਕਤ ਜੈਸਾ ਵਰਤਾਉ ਕੀਤਾ ਜਾਂਦਾ ਹੈ। ਐਸੇ ਹੀ ਇਸਾਈ ਆਪਣੇ ਗਿਰਜਾ ਵਿਖੇ ਅਰ ਇਥੋਂ ਤਕ ਆਰਯਾ ਸਮਾਜ ਵਾਲੇ ਭੀ ਆਪਣੇ ਸਮਾਜ ਕੇ ਮੰਦਰ ਮੇਂ ਗ਼ੈਰ ਮਤ ਕੀ ਬਾਤ ਚੀਤ ਨਹੀ ਹੋਨੇ ਦੇਤੇ ।

ਪਰ ਸ੍ਰੀ ਦਰਬਾਰ ਸਾਹਿਬ ਜੀ ਜੈਸੇ ਅਰ ਗੁਰੂ ਕੇ ਬਾਗ ਜੈਸੇ ਅਸਥਾਨੋਂ ਵਿਚ ਜਦ ਕੋਈ ਗੁਲਾਬ ਦਾਸੀਆ ਵਗੈਰਾ ਤੋ ਕਿਆ, ਬਲਕਿ ਅਗਰ ਕੋਈ ਨਾਸਤਿਕ ਭੀ ਵਯਾਖਯਾਨ ਕਰਤਾ ਹੈ ਯਾ ਕੋਈ ਸਿੱਖੀ ਮਤ ਕੇ ਵਿਰੁਧ ਕਹਿਤਾ ਹੈ ਤਾਂ ਉਸ ਨੂੰ ਕੋਈ ਭੀ ਮਨ੍ਹਾਂ ਨਹੀ ਕਰਤਾ, ਇਥੋਂ ਤਕ ਕਿ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਪੁਲ ਦੇ ਉਪਰ ਦਰਸ਼ਨੀ ਦਰਵਾਜ਼ੇ ਦੇ ਅੰਦਰ ਅਰ ਹਰਿਮੰਦਰ ਦੇ ਨਜ਼ਦੀਕ ਗੁਲਾਬਦਾਸੀਏ ਅਰ ਅਹੰ ਬ੍ਰਹਮ ਅਰ ਜੈਨੀ ਅਰ ਨਾਸਤਿਕ ਇਤਯਾਦਿਕ ਵ਼ਗੈਰਾ ਵ਼ਗੈਰਾ ਮਤ ਕੇ ਲੋਗ ਆਕਰ ਆਪਣੇ ਮਤ ਕਾ ਪ੍ਰਚਾਰ ਕਰਤੇ ਹੈਂ। ਅਰ ਆਰੀਆ ਲੋਗ ਕਭੀ ਕੁਛ ਕਭੀ ਕੁਛ




ਆਕਰ ਚਰਚਾ ਕਰਤੇ ਹੈਂ ਅਰ ਜੁਦਾ ਜੁਦਾ। ਉਨ੍ਹਾਂ ਦੇ ਗਿਰਦ ਇਸ ਤਰ੍ਹਾਂ ਭੀੜ ਹੁੰਦੀ ਹੈ ਕੇ ਸ੍ਰੀ ਹਰਿਮੰਦਰ ਜੀ ਦੇ ਦਰਸ਼ਨ ਕਰਨ ਲਈ ਜੋ ਜਾਂਦੇ ਹਨ ਉਨ੍ਹਾਂ ਨੂੰ ਰਸਤਾ ਭੀ ਨਹੀ ਮਿਲਦਾ । ਇਸ ਮੰਦਰ ਵਿਚ ਸਿਵਾਏ ਗੁਰੂ ਜੀ ਕੇ ਸ਼ਬਦੋਂ ਅਰ ਸਿੱਖੀ ਮਤ ਕੀ ਬਾਤ ਚੀਤ ਕੇ ਔਰ ਦੂਸਰੀ ਬਾਤ ਚੀਤ ਕੋਈ ਨਹੀ ਹੋਨੀ ਚਾਹੀਏ ।

ਪਰ ਇਸ ਮੰਦਰ ਵਿਚ ਤਾ ਐਸੀ ਵਿਰੁਧ ਕਾਰਵਾਈ ਹੋ ਰਹੀ ਹੈ ਕੇ ਅਗਰ ਕੋਈ ਸਿੱਖ ਸਿੱਖੀ ਪੰਥ ਕੀ ਚਰਚਾ ਤੋ ਕਯਾ ਥੋੜੀ ਜੈਸੀ ਬਾਤ ਭੀ ਕਰੇ ਤਾਂ ਨਾਸਤਿਕ ਲੋਗ ਸ਼ੋਰ ਕਰਨੇ ਕੋ ਅਰ ਮਾਰਨੇ ਕੋ ਤਿਆਰ ਹੋ ਜਾਤੇ ਹੈਂ।ਏਕ ਦਿਨ ਕੀ ਬਾਤ ਹੈ ਏਕ ਮਾਨੁੱਖ ਨੇ ਪੁਲ ਪਰ ਬੈਠ ਕਰ ਕਹਾ ਕੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਹੀ ਮੰਨਦਾ,ਇਸ ਬਾਤ ਨੂੰ ਸੁਣ ਕਰ ਏਕ ਸਿੱਖ ਨੇ ਉਸ ਕੋ ਮਨ੍ਹਾਂ ਕੀਆ ਤਾਂ ਕੁਛ ਥੋੜੇ ਜੈਸੇ ਪੁਰਸ਼ੋਂ ਨੇ ਬੜਾ ਸ਼ੋਰ ਕੀਆ ਅਰ ਦਰਵਾਨ ਨੂੰ ਬਹਿਕਾ ਕਰ ਲੇ ਆਏ ,ਅਰ ਉਸਨੂੰ ਨਿਕਾਲਨੇ ਕੋ ਤਿਆਰ ਹੋ ਗਏ,ਪਰ ਗੁਰੂ ਮਹਾਰਾਜ ਜੀ ਕੀ ਕ੍ਰਿਪਾ ਹੂਈ ਕਿ ਉਸ ਸਿੱਖ ਕੇ ਜਾਨ ਪਹਿਚਾਨ ਭੀ ਆ ਗਏ। ਅਰ ਉਨ ਦੂਤੋਂ ਕੇ ਹਾਥੋਂ ਸੇ ਛੁਡਾ ਗਏ । ਉਸ ਵਕਤ ਦੇਖ ਕਰ ਦਿਲ ਨੂੰ ਬੜਾ ਸ਼ੋਕ ਹੂਆ ਅਰ ਇਹ ਵਿਚਾਰਾ ਕਿ ਯਾਂ ਤਾਂ ਉਹ ਜ਼ਮਾਨਾ ਸੀ ਕਿ ਇਸ ਮੰਦਰ ਵਿਚ ਸਿੱਖ ਨੂੰ ਕੋਈ ਕੁਛ ਕਹਿ ਨਹੀਂ ਸਕਦਾ ਸੀ ਅਰ ਕੀ ਹੁਣ ਹਾਲ ਹੈ ਕੇ ਜਿਸ ਜਗਾ ਸਿੰਘ ਧਰਮ ਦੀ ਚਰਚਾ ਹੁੰਦੀ ਸੀ ਉਥੇ ਹਾਫਿਜ਼ ਅਰ ਨਜ਼ੀਰ ਦੀਆਂ ਗਜ਼ਲਾਂ ਅਰ ਆਪਣੀਆਂ ਬਣਾਈਆਂ ਹੋਈਆਂ ਡੇਉਢਾਂ ਪੜ੍ਹੀਆਂ ਜਾਂਦੀਆਂ ਹਨ,ਅਰ ਪ੍ਰਸੰਨ ਹੋ ਕਰ ਲੋਕੀ ਸੁਣਦੇ ਹਨ ਅਰ ਕਿਧਰੇ ਐਸਾ ਨਹੀ ਦੇਖਿਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਯਾ ਸਿੱਖੀ ਮਤ ਦਾ ਭੀ ਚਰਚਾ ਹੁੰਦਾ ਹੋਵੇ।

ਅਸੀਂ ਉਮੈਦ ਕਰਦੇ ਹਾਂ ਕਿ ਸਰਦਾਰ ਸਾਹਿਬ ਸਰਦਾਰ ਮਾਨ ਸਿੰਘ ਜੀ ਸਰਬਰਾਹ ਸ੍ਰੀ ਦਰਬਾਰ ਸਾਹਿਬ ਜੀ ਸਾਡੀ ਇਸ ਪ੍ਰਾਰਥਨਾ ਨੂੰ ਮਨ ਲਗਾਕਰ ਸੁਨੇਂਗੇ ਅਥਵਾ ਪੜ੍ਹੇਂਗੇ ਅਰ ਇਸ ਬਾਤ ਕਾ ਬੰਦੋਬਸਤ ਕਰੇਂਗੇ। ਦਰਬਾਰ ਸਾਹਿਬ ਅਰ ਗੁਰੂ ਕਾ ਬਾਗ ਵਿਖੇ ਅਰ ਪੁਲ ਕੇ ਉਪਰ ਤਾਂ ਐਸਾ ਬੰਦੋਬਸਤ ਕਰਨਾ ਚਾਹੀਏ ਕਿ ਤਮਾਮ ਮਜ਼੍ਹਬ ਕੇ ਦਰਸ਼ਨੀ ਦਰਵਾਜ਼ੇ ਦੇ ਬਾਹਰ ਬਾਹਰ ਫਿਰੇਂ ਅਰ ਦਰਸ਼ਨੀ ਦਰਵਾਜ਼ੇ ਦੇ ਅੰਦਰ ਉਹੀ ਲੋਕ ਆਵਨ ਜਾਵਨ ਅਰ ਬੈਠਣ ਕਿ ਜਿਨ੍ਹਾਂ ਦਾ ਕੰਮ ਹਰਿਮੰਦਰ ਜੀ ਕਾ ਦਰਸ਼ਨ ਕਰਨਾ ਅਰ ਬੈਠਕੇ ਭਜਨ ਕਰਨਾ ਹੋ। ਅਰ ਐਸਾ ਹੀ ਆਪਣੀ ਹੱਦ ਦੇ ਅੰਦਰ ਬੰਦੋਬਸਤ ਕਰ ਦੇਵੇਂ ਕਿ ਸਿੰਘ ਮਤ ਦੇ ਵਿਰੁਧ ਕੋਈ ਕੁਛ ਨਾ ਕਹੈ।"

ਉਪਰੋਕਤ ਲੇਖ ਤੋਂ ਪਾਠਕ ਸਮਝ ਸਕਦੇ ਹਨ ਕਿ ਸਿੱਖ ਪੰਥ ਦੇ ਸੂਝਵਾਨ ਵਰਗ ਅੰਦਰ ਮਹੰਤਾਂ ਦੀਆਂ ਕਰਤੂਤਾਂ ਨੂੰ ਲੈ ਕੇ ਕਿੰਨਾ ਰੋਸ ਸੀ। ਇਹਨਾ ਮਹੰਤਾਂ ਨੂੰ ਅੰਗਰੇਜ਼ਾਂ ਦੀ ਪੂਰੀ ਪੁਸ਼ਤਪਨਾਹੀ ਸੀ।ਅੰਗਰੇਜ਼ ਕਦੇ ਵੀ ਨਹੀਂ ਚਾਹੁੰਦੇ ਸਨ ਕਿ ਤੱਤ ਗੁਰਮਤਿ ਦੇ ਅਨੁਯਾਈਆਂ ਹੱਥ ਗੁਰਦੁਆਰਾ ਪ੍ਰਬੰਧ ਆਵੇ।ਇਸ ਲਈ ਉਹਨਾਂ ਨੇ ਕਈ ਹੱਥ ਕੰਢੇ ਵਰਤੇ ।ਛੂਤ ਛਾਤ, ਜਾਤ ਪਾਤ , ਦਾ ਕੋਹੜ ਸਿੱਖਾਂ ਵਿੱਚ ਸਥਾਪਤ ਕਰਨ ਵਿੱਚ ਇਹਨਾਂ ਦਾ ਪੂਰਾ ਹੱਥ ਹੈ ।

**ਬਲਦੀਪ ਸਿੰਘ ਰਾਮੂੰਵਾਲੀਆ**

# ਸਿੱਖ ਤਵਾਰੀਖ ਦੀ ਲੀਡਰਸ਼ਿਪ





**ਗਜਿੰਦਰ ਸਿੰਘ, ਦਲ ਖਾਲਸਾ**

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸੈਸ਼ਨ ਦਾ ਸੱਦਾ ਪੱਤਰ ਜੋ ਹੁਣ ਇਤਿਹਾਸ ਬਣ ਗਿਆ ਹੈ, 9 ਅਤੇ 10 ਮਾਰਚ 1949 ਦੇ ਲਾਹੌਰ ਦੇ 'ਗੋਲ ਬਾਗ਼' ਵਿੱਚ ਹੋਏ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪਹਿਲੇ ਸਾਲਾਨਾ ਸੈਸ਼ਨ ਦੇ ਸੱਦਾ ਪੱਤਰ ਦੀ ਕਾਪੀ ਮੇਰੇ ਕੋਲ ਪੁੱਜੀ।

ਸੱਦਾ ਪੱਤਰ ਪੁਰਾਣਾ ਅਤੇ ਫਟਿਆ ਹੋਇਆ ਹੋਣ ਕਰਕੇ ਅਤੇ ਕੁੱਝ ਮੇਰੀ ਨਜ਼ਰ ਵੀ ਕਮਜ਼ੋਰ ਹੋਣ ਕਰਕੇ ਚੰਗੀ ਤਰਾਂ ਪੜਿਆ ਨਹੀਂ ਜਾ ਸਕਿਆ। ਪਰ ਫਿਰ ਵੀ ਮੋਟੇ ਤੌਰ ਉਤੇ ਸਮਝ ਜ਼ਰੂਰ ਲੱਗ ਗਿਆ ਹੈ ਅਤੇ ਇਸੇ ਕਰਕੇ ਮੈਂ ਇਸ ਨੂੰ ਆਪ ਸਭ ਗੁਰੂ ਪਿਆਰੀ ਸੰਗਤ ਨਾਲ ਵੀ ਸਾਂਝਾ ਕਰ ਰਿਹਾ ਹਾਂ।

ਇਸ ਸੈਸ਼ਨ ਨਾਲ ਉਸ ਵਕਤ ਦੀ ਸਾਰੀ ਵੱਡੀ ਸਿੱਖ ਲੀਡਰਸ਼ਿਪ ਜੁੜੀ ਹੋਈ ਲੱਗਦੀ ਹੈ ।

ਵਕਤ ਉਹ ਸੀ, ਜਦੋਂ ਇਸ ਖਿੱਤੇ ਵਿੱਚ ਵਸਦੀਆਂ ਹੋਈਆਂ ਕੌਮਾਂ ਦੀ ਕਿਸਮਤ ਦਾ ਫੈਸਲਾ ਹੋ ਰਿਹਾ ਸੀ ।

ਇਸ ਸੱਦਾ ਪੱਤਰ ਤੋਂ ਸਾਫ ਹੋ ਜਾਂਦਾ ਹੈ ਕਿ 'ਸਿੱਖ ਸਟੇਟ' ਦੀ ਸੋਚ ਉਸ ਵੇਲੇ ਸਾਰੀ ਕੌਮ ਵਿੱਚ ਮੌਜੂਦ ਸੀ ਅਤੇ ਇਹ ਲੀਡਰ ਘੱਟ ਵੱਧ ਸਾਰੇ ਉਸ ਸੋਚ ਨਾਲ ਸਹਿਮਤ ਸਨ । ਕੌਮ ਦਾ ਘਰ ਬਣਾਉਣ ਵਿੱਚ ਅਸਫਲ ਰਹਿ ਜਾਣ ਮਗਰੋਂ ਇਹ ਲੀਡਰਸ਼ਿਪ ਜਿਵੇਂ ਭਗੌੜੀ ਹੋ ਕੇ ਭਾਰਤੀ ਹਕੂਮਤ ਦੀ ਸ਼ਰਨ ਵਿੱਚ ਗਈ, ਇਹ ਕਹਾਣੀ ਅਸੀਂ ਪੜਦੇ ਸੁਣਦੇ ਬੁੱਢੇ ਹੋ ਗਏ ਹਾਂ। ਅੱਜ ਦੀ ਪੀੜੀ ਨੂੰ ਇਹੋ ਜਿਹੇ ਡਾਕੂਮੈਂਟ ਸਾਂਭ ਕੇ ਰੱਖਣੇ ਚਾਹੀਦੇ ਹਨ ਤਾਂ ਜੋ ਉਨਾਂ ਨੂੰ ਹਮੇਸ਼ਾ ਯਾਦ ਰਹੇ ਕਿ ਕਿਵੇਂ ਸਿੱਖ ਕੌਮ ਘਰ ਤੋਂ ਬੇਘਰ ਹੋਈ, ਕਿਵੇਂ ਅਸੀਂ ਸ਼ਹਿਨਸ਼ਾਹੋਂ ਕੰਗਾਲ ਹੋਏ ਅਤੇ ਦਿੱਲੀ ਦੇ ਦਰ ਦੇ ਭਿਖਾਰੀ ਹੋਏ।


THE ALL-INDIA SIKH STUDENTS' FEDERATION

1st Annual Session

Master Tara Singh

Maharaja Dalip Singh Nagar

LAHORE

S. Ujjal Singh

ਵਿਸ਼ੇਸ਼ ਨੋਟ- ਮੈਂ ਇਹ ਸੱਦਾ ਪੱਤਰ ਪੜਨ ਤੋਂ ਬਾਅਦ ਲਾਹੌਰ ਰਹਿੰਦੇ ਇੱਕ ਦੋਸਤ ਨੂੰ ਮੈਸੇਜ ਕੀਤਾ ਕਿ ਉਹ ਮੈਨੂੰ ਪੁਰਾਣੇ 'ਗੋਲ ਬਾਗ' ਦੀ ਕੋਈ ਤਸਵੀਰ ਖਿੱਚ ਕੇ ਭੇਜੇ। ਦੋਸਤ ਨੇ ਕਈ ਤਸਵੀਰਾਂ ਭੇਜ ਦਿੱਤੀਆਂ ਅਤੇ ਦਸਿਆ ਕਿ ਹੁਣ ਪੁਰਾਣੇ ਗੋਲ ਬਾਗ ਦਾ ਨਾਮ 'ਨਾਸਰ ਬਾਗ' ਹੈ ਅਤੇ ਹੁਣ ਇੱਥੇ ਇਕੱਠ ਕਰਨ ਦੀ ਇਜਾਜ਼ਤ ਨਹੀਂ ਹੈ । ਇਹ ਹੁਣ ਇੱਕ ਖ਼ੂਬਸੂਰਤ ਪਾਰਕ ਹੈ, ਸੈਰ-ਗਾਹ ਹੈ। ਇਹ ਪੁਰਾਣੇ ਪੰਜਾਬ ਯੂਨੀਵਰਸਿਟੀ ਕੈਂਪਸ ਦੇ ਕੋਲ ਹੈ । ਅੱਜ ਦੇ 'ਗੋਲ ਬਾਗ' ਦੀ ਇੱਕ ਤਸਵੀਰ ਵੀ ਮੈਂ ਇਸ ਪੋਸਟ ਨਾਲ ਅਟੈਚ ਕਰ ਰਿਹਾ ਹਾਂ।




# ਰਿਸ਼ਤਿਆਂ ਦਾ ਨਿੱਘ



ਰਿਸ਼ਤੇ ਸਾਡੀ ਧਰੋਹਰ ਹੁੰਦੇ ਹਨ। ਇਨਾਂ ਤੋਂ ਬਗ਼ੈਰ ਜੀਵਨ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੈ। ਇਨਾਂ ਰਾਹੀਂ ਸਾਡਾ ਜਨਮ ਹੁੰਦਾ ਹੈ, ਅਸੀਂ ਵਧਦੇ-ਫੁਲਦੇ ਹਾਂ, ਸਮਾਜ ਨਾਲ ਜੁੜਦੇ ਹਾਂ ਅਤੇ ਜੀਵਨ ਦੀਆਂ ਵੱਖ-ਵੱਖ ਲੋੜਾਂ ਦੀ ਪੂਰਤੀ ਹੁੰਦੀ ਹੈ। ਸੱਚ ਤਾਂ ਇਹ ਹੈ ਕਿ ਇਨਾਂ ਬਗ਼ੈਰ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਹਾਂ, ਇਹ ਜ਼ਰੂਰ ਹੈ ਕਿ ਜੇ ਸਾਡੇ ਰਿਸ਼ਤਿਆਂ ਵਿਚ ਅਪਣੱਤ ਦੀ ਭਾਵਨਾ, ਮੁਹੱਬਤ ਦੀ ਖ਼ੁਸ਼ਬੂ, ਮਿਲਣ ਦੀ ਤਾਂਘ ਅਤੇ ਅਹਿਸਾਸਾਂ ਦਾ ਨਿੱਘ ਹੋਵੇ ਤਾਂ ਇਹ ਜੀਵਨ ਨੂੰ ਹਮੇਸ਼ਾ ਚੜਦੀ ਕਲਾ ਅਤੇ ਖ਼ੁਸ਼ੀਆਂ-ਖੇੜਿਆਂ ਵਿਚ ਰੱਖਦੇ ਹਨ। ਇਸਦੇ ਉਲਟ, ਜੇ ਅਸੀਂ ਆਪਣੇ ਰਿਸ਼ਤਿਆਂ ਨੂੰ ਕੇਵਲ ਉਪਚਾਰਕ ਪੱਧਰ 'ਤੇ ਲੈ ਰਹੇ ਹਾਂ ਅਤੇ ਇਹ ਮੋਹ, ਮੁਹੱਬਤ ਅਤੇ ਨਿੱਘ ਤੋਂ ਕੋਰੇ ਹਨ ਤਾਂ ਸਾਡਾ ਜੀਵਨ ਖ਼ੁਸ਼ਕ ਅਤੇ ਨੀਰਸ ਹੀ ਹੋਵੇਗਾ।

ਪਰਿਵਾਰਕ ਅਤੇ ਸਮਾਜਿਕ ਰਿਸ਼ਤੇ

ਸਮੁੱਚੇ ਮਨੁੱਖੀ ਰਿਸ਼ਤਿਆਂ ਨੂੰ ਅਸੀਂ ਦੋ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ : ਪਰਿਵਾਰਕ ਰਿਸ਼ਤੇ ਅਤੇ ਸਮਾਜਿਕ ਰਿਸ਼ਤੇ। ਪਰਿਵਾਰਕ ਰਿਸ਼ਤਿਆਂ ਵਿਚ ਦਾਦਕਿਆਂ, ਨਾਨਕਿਆਂ ਅਤੇ ਸਹੁਰਿਆਂ ਦੇ ਰਿਸ਼ਤੇ ਸ਼ਾਮਲ ਹੁੰਦੇ ਹਨ। ਦਾਦਕਿਆਂ ਦੇ ਰਿਸ਼ਤੇ ਸਾਡੇ ਸਭ ਤੋਂ ਪਹਿਲੇ ਨੇੜੇ ਦੇ ਰਿਸ਼ਤੇ ਹੁੰਦੇ ਹਨ। ਇਨਾਂ ਰਿਸ਼ਤਿਆਂ ਵਿਚ ਸਾਡੇ ਮਾਂ-ਬਾਪ, ਦਾਦਾ-ਦਾਦੀ, ਚਾਚੇ-ਚਾਚੀਆਂ, ਤਾਏ-ਤਾਈਆਂ, ਭੂਆ-ਫੁੱਫੜ, ਉਨਾਂ ਦੇ ਬੱਚੇ-ਬੱਚੀਆਂ ਅਤੇ ਸਾਡੇ ਆਪਣੇ ਭੈਣ-ਭਰਾ ਸ਼ਾਮਲ ਹੁੰਦੇ ਹਨ। ਸੰਖੇਪ ਤੌਰ 'ਤੇ ਇਸ ਪਰਿਵਾਰ ਵਿਚ ਆਪਣੇ ਦਾਦੇ ਦਾ ਸਾਰਾ ਪਰਿਵਾਰ ਸ਼ਾਮਲ ਹੁੰਦਾ ਹੈ। ਦੂਜੇ ਨੰਬਰ 'ਤੇ ਆਉਂਦਾ ਹੈ, ਆਪਣੀ ਮਾਂ ਦੇ ਪੇਕਿਆਂ ਦਾ ਪਰਿਵਾਰ, ਜਿਸ ਨੂੰ ਅਸੀਂ ਨਾਨਕਾ ਪਰਿਵਾਰ ਕਹਿੰਦੇ ਹਾਂ। ਇਸ ਪਰਿਵਾਰ ਵਿਚ ਵਿਅਕਤੀ ਦੇ ਨਾਨਾ-ਨਾਨੀ, ਮਾਮੇ-ਮਾਮੀਆਂ, ਮਾਸੀਆਂ-ਮਾਸੜ ਅਤੇ ਅੱਗੋਂ ਉਨਾਂ ਦੇ ਬੱਚੇ ਸ਼ਾਮਲ ਹੁੰਦੇ ਹਨ। ਦਾਦਕੇ ਪਰਿਵਾਰ ਤੋਂ ਬਾਅਦ ਨਾਨਕਾ ਪਰਿਵਾਰ ਹੀ ਸਭ ਤੋਂ ਨੇੜੇ ਮੰਨਿਆ ਜਾਂਦਾ ਹੈ। ਸ਼ਾਦੀ ਹੋਣ ਤੋਂ ਬਾਅਦ ਲੜਕੇ-ਲੜਕੀ ਦਾ ਰਿਸ਼ਤਾ ਇਕ ਨਵੇਂ ਪਰਿਵਾਰ ਨਾਲ ਜੁੜ ਜਾਂਦਾ ਹੈ, ਜਿਸ ਨੂੰ ਸਹੁਰਾ ਪਰਿਵਾਰ ਕਿਹਾ ਜਾਂਦਾ ਹੈ। ਲੜਕੀ ਲਈ ਤਾਂ ਉਸਦਾ ਸਹੁਰਾ ਪਰਿਵਾਰ ਹੀ ਉਸਦਾ ਆਪਣਾ ਪਰਿਵਾਰ ਬਣ ਜਾਂਦਾ ਹੈ ਤੇ ਉਸਨੇ ਉੱਥੇ ਹੀ ਆਪਣੀ ਸਾਰੀ ਉਮਰ ਬਿਤਾਉਣੀ ਹੁੰਦੀ ਹੈ। ਉਸਦੇ ਸੱਸ-ਸਹੁਰਾ ਉਸ ਲਈ ਧਰਮ ਦੇ ਮਾਪੇ ਅਤੇ ਉਸਦੇ ਦਿਉਰ-ਜੇਠ ਅਤੇ ਨਣਦਾਂ ਉਸਦੇ ਧਰਮ ਦੇ ਭਰਾ ਅਤੇ ਭੈਣਾਂ ਬਣ ਜਾਂਦੇ ਹਨ। ਲੜਕੇ ਲਈ ਵੀ ਆਪਣਾ ਸਹੁਰਾ ਪਰਿਵਾਰ-ਆਪਣਾ ਸੱਸ-ਸਹੁਰਾ, ਸਾਲੇ-ਸਾਲੀਆਂ ਅਤੇ ਅੱਗੇ ਉਨਾਂ ਦੇ ਬੱਚੇ-ਵਿਸ਼ੇਸ਼ ਖਿੱਚ ਵਾਲਾ ਪਰਿਵਾਰ ਹੁੰਦਾ ਹੈ। ਇਸ ਤਰਾਂ ਬਣਦਾ ਹੈ ਪਰਿਵਾਰਿਕ ਰਿਸ਼ਤਿਆਂ ਦਾ ਇਹ ਲੰਮਾ-ਚੌੜਾ ਤਾਣਾ-ਬਾਣਾ। ਪਰਿਵਾਰਕ ਰਿਸ਼ਤਿਆਂ ਵਿੱਚੋਂ ਸਭ ਤੋਂ ਨੇੜੇ ਸਾਡਾ ਆਪਣਾ ਪਰਿਵਾਰ ਹੁੰਦਾ ਹੈ-ਉਹ ਪਰਿਵਾਰ ਜਿਸ ਵਿਚ ਦਾਦਾ-ਦਾਦੀ, ਮਾਤਾ-ਪਿਤਾ ਅਤੇ ਉਨਾਂ ਦੇ ਸਮੂਹ ਬੱਚੇ ਸ਼ਾਮਲ ਹੁੰਦੇ ਹਨ। ਨਿਰਸੰਦੇਹ, ਅਸੀਂ ਕਦੀ-ਕਦਾਈਂ ਬਾਕੀ ਰਿਸ਼ਤੇਦਾਰਾਂ ਨੂੰ ਵੀ ਮਿਲਦੇ-ਗਿਲਦੇ ਰਹਿੰਦੇ ਹਾਂ ਅਤੇ ਉਹ ਸਾਡੇ ਦੁੱਖ-ਸੁੱਖ ਵਿਚ ਸ਼ਾਮਲ ਵੀ ਹੁੰਦੇ ਰਹਿੰਦੇ ਹਨ ਪਰ ਸਾਡੀ ਅਸਲੀ ਸ਼ਕਤੀ ਅਤੇ ਸਮਰੱਥਾ ਸਾਡਾ ਆਪਣਾ ਪਰਿਵਾਰ ਹੀ ਹੁੰਦਾ ਹੈ। ਬੱਚੇ ਦੇ ਘਰ ਨੂੰ ਉਸ ਦਾ ਮੁਢਲਾ ਸਕੂਲ ਅਤੇ ਉਸਦੇ ਮਾਤਾ-ਪਿਤਾ ਨੂੰ ਉਸਦੇ ਪਹਿਲੇ ਅਧਿਆਪਕ ਸਮਝਿਆ ਜਾਂਦਾ ਹੈ। ਇਸ ਲਈ ਬੱਚਾ ਆਪਣੇ ਜੀਵਨ ਦੇ ਪਹਿਲੇ ਸਬਕ ਆਪਣੇ ਘਰ ਵਿਚ ਹੀ ਸਿੱਖਦਾ ਹੈ। ਜੇ ਘਰ ਦਾ ਵਾਤਾਵਰਨ ਸੁਖਾਵਾਂ ਹੋਵੇ ਅਤੇ ਪਰਿਵਾਰ ਦੇ ਸਾਰੇ ਮੈਂਬਰ ਇਕ-ਦੂਜੇ ਨੂੰ ਦਿਲੋਂ ਚਾਹੁੰਦੇ ਅਤੇ ਪਿਆਰ ਕਰਦੇ ਹੋਣ ਤਾਂ ਬੱਚਾ ਖ਼ੁਦ-ਬ-ਖ਼ੁਦ ਹੀ ਅੱਛੇ ਸੰਸਕਾਰ ਪ੍ਰਾਪਤ ਕਰ ਲੈਂਦਾ ਹੈ।

ਬਜ਼ੁਰਗਾਂ ਦਾ ਸਤਿਕਾਰ, ਨੌਜਵਾਨਾਂ ਦਾ ਅਧਿਕਾਰ ਤੇ ਪਿਆਰ ਦਾ ਰਿਸ਼ਤਾ

ਬਜ਼ੁਰਗਾਂ ਨੂੰ ਸਭ ਤੋਂ ਵੱਧ ਲੋੜ ਸਤਿਕਾਰ ਦੀ, ਨੌਜਵਾਨਾਂ ਨੂੰ ਅਧਿਕਾਰ ਦੀ ਅਤੇ ਬੱਚਿਆਂ ਨੂੰ ਪਿਆਰ ਦੀ ਹੁੰਦੀ ਹੈ। ਸੋ, ਇਹ ਜ਼ਰੂਰੀ ਹੈ ਕਿ ਪਰਿਵਾਰ ਵਿਚ ਪੂਰਨ ਮਾਣ-ਮਰਿਆਦਾ ਦਾ ਵਾਤਾਵਰਨ ਕਾਇਮ ਰੱਖਿਆ ਜਾਵੇ। ਵੱਡਿਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇ, ਉਨਾਂ ਦੇ ਹਿੱਸੇ ਦਾ ਪਿਆਰ ਦਿੱਤਾ ਜਾਵੇ ਅਤੇ ਨੌਜਵਾਨਾਂ ਨੂੰ ਅੱਗੇ ਵਧਣ ਅਤੇ ਵਿਕਾਸ ਕਰਨ ਦੇ ਯੋਗ ਮੌਕੇ ਦਿੱਤੇ ਜਾਣ। ਪਰਿਵਾਰਿਕ ਰਿਸ਼ਤਿਆਂ ਵਿਚ ਨਿੱਘ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਪਰਿਵਾਰ ਦੇ ਹਰ ਮੈਂਬਰ ਵਿਚ ਪੂਰਨ ਢਲਣਯੋਗਤਾ, ਸਹਿਯੋਗ ਅਤੇ ਤਿਆਗ ਦੀ ਭਾਵਨਾ ਹੋਵੇ। ਹਰ ਮੈਂਬਰ ਪੂਰੇ ਪਰਿਵਾਰ ਦੀ ਬਿਹਤਰੀ ਅਤੇ ਭਲਾਈ ਲਈ ਸੋਚੇ ਅਤੇ ਕਾਰਜਸ਼ੀਲ ਹੋਵੇ। ਜੇ ਪਰਿਵਾਰ ਦਾ ਇਕ ਵੀ ਮੈਂਬਰ ਸਵਾਰਥ ਜਾਂ ਮੇਰ-ਤੇਰ ਦੀ ਭਾਵਨਾ ਦਾ ਸ਼ਿਕਾਰ ਹੋ ਜਾਵੇ ਤਾਂ ਉਸ ਪਰਿਵਾਰ ਵਿਚ ਤਰੇੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਪਰਿਵਾਰ ਦਾ ਵਿਕਾਸ ਰੁਕ ਜਾਂਦਾ ਹੈ। ਪਰਿਵਾਰ ਦਾ ਵਾਤਾਵਰਨ ਸੁਖਾਵਾਂ ਅਤੇ ਮੋਹ-ਭਰਿਆ ਰੱਖਣ ਲਈ ਇਹ ਵੀ ਜ਼ਰੂਰੀ ਹੈ ਕਿ ਪਰਿਵਾਰ ਦੇ ਸਾਰੇ ਮੈਂਬਰ ਕੁਝ ਸਮੇਂ ਲਈ ਇਕੱਠੇ ਬੈਠ ਕੇ ਹੱਸਣ-ਖੇਡਣ, ਦਿਨ ਭਰ ਦੀ ਕਾਰਗੁਜ਼ਾਰੀ ਇਕ-ਦੂਜੇ ਨਾਲ ਸਾਂਝੀ ਕਰਨ ਅਤੇ ਹੋਰ ਨਵੀਆਂ-ਪੁਰਾਣੀਆਂ ਗੱਲਾਂ ਕਰਨ। ਇਕੱਠੇ ਬੈਠ ਕੇ ਖਾਣਾ ਖਾਣ, ਕੋਈ ਖੇਡ ਖੇਡਣ ਅਤੇ ਕਿਸੇ ਵਿਸ਼ੇ 'ਤੇ ਵਿਚਾਰ ਕਰਨ ਦਾ ਆਪਣਾ ਹੀ ਆਨੰਦ ਹੁੰਦਾ ਹੈ।

ਬਾਕੀ ਸਫ਼ਾ 23 'ਤੇ

# ਲੋਕ ਸੰਗੀਤ ਹੈ ਪੰਜਾਬੀਆਂ ਦੀ ਅਮੀਰ ਵਿਰਾਸਤ

ਵਿਰਸਾ

**ਅਜੈਪਾਲ ਸਿੰਘ**

ਲੋਕ ਗੀਤ ਆਪਣੇ ਆਪ ਬਣਦੇ ਜਾਂਦੇ ਹਨ। ਜੀਵਨ ਦੇ ਹਰ ਉਤਸਵ ਨਾਲ ਸਬੰਧਤ ਗੀਤਾਂ ਦੀ ਰਚਨਾ ਆਪ-ਮੁਹਾਰੇ ਹੁੰਦੀ ਰਹਿੰਦੀ ਹੈ। ਲੋਕ ਸੰਗੀਤ ਦੀ ਉਤਪਤੀ ਕਰੋੜਾਂ ਵਰੇ ਪੂਰਵ ਮਾਨਵ ਦੁਆਰਾ ਹੋਈ। ਗੀਤਾਂ ਦੇ ਨਿਰਮਾਣ ਤੋਂ ਬਾਅਦ ਕੁਝ ਖ਼ਾਸ ਵਿਅਕਤੀਆਂ ਵਲੋਂ ਉਨਾਂ ਦੀ ਸੁਰ ਰਚਨਾ ਤਿਆਰ ਕੀਤੀ ਗਈ। ਕੁਝ ਗੀਤਾਂ ਦੀਆਂ ਧੁਨਾਂ ਏਨੀਆਂ ਪ੍ਰਭਾਵਸ਼ਾਲੀ ਸਨ ਜਿਸ ਨੇ ਕਿਸੇ ਵਿਸ਼ਿਸ਼ਟ ਵਿਅਕਤੀ ਨੂੰ ਪ੍ਰਭਾਵਿਤ ਕੀਤਾ। ਜਿਸ ਨੇ ਉਸ ਨੂੰ ਸ਼ਾਸਤਰ ਦਾ ਰੂਪ ਪ੍ਰਦਾਨ ਕਰਕੇ ਉਸ 'ਤੇ ਆਧਾਰਿਤ ਸੰਗੀਤ ਦੇ ਵਿਕਸਿਤ ਰੂਪ ਨੂੰ ਸ਼ਾਸਤਰੀ ਸੰਗੀਤ ਦਾ ਨਾਂਅ ਦਿੱਤਾ। ਸ਼ਾਸਤਰੀ ਸੰਗੀਤ ਨੂੰ ਲੋਕ ਸੰਗੀਤ ਦਾ ਵਿਕਸਿਤ ਰੂਪ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਸਦੀਆਂ ਤੋਂ ਦੋਵੇਂ ਆਪਣੀ-ਆਪਣੀ ਨਿਵੇਕਲੀ ਪਹਿਚਾਣ ਬਣਾਈ ਰੱਖ ਕੇ ਚੱਲੇ ਆ ਰਹੇ ਹਨ। ਜਿਵੇਂ ਕਿਸੇ ਮਜ਼ਦੂਰ ਨੂੰ ਡਾਕਟਰ ਦੀ ਪੁਸ਼ਾਕ ਪਹਿਨਾ ਦਿੱਤੀ ਜਾਵੇ ਅਤੇ ਡਾਕਟਰ ਦੇ ਸਥਾਨ 'ਤੇ ਵੀ ਬਿਠਾ ਦਿੱਤਾ ਜਾਵੇ, ਵੇਖਣ ਨੂੰ ਤਾਂ ਉਹ ਡਾਕਟਰ ਲੱਗੇਗਾ ਪਰ ਗੱਲਬਾਤ ਵਿਚ ਉਸ ਦੇ ਗੁਣ ਪ੍ਰਗਟ ਹੋਣ ਤੋਂ ਨਹੀਂ ਰਹਿਣਗੇ। ਉਸ ਦੀ ਅਸਲੀਅਤ ਛੁਪੀ ਨਹੀਂ ਰਹਿ ਸਕਦੀ। ਜਿਵੇਂ ਸ਼ਹਿਰੀ ਅਤੇ ਪਿੰਡਾਂ ਦਾ ਸੱਭਿਆਚਾਰ ਵੱਖਰਾ ਹੈ, ਇਸ ਤਰਾਂ ਲੋਕ ਸੰਗੀਤ ਅਤੇ ਸ਼ਾਸਤਰੀ ਸੰਗੀਤ ਵਿਚ ਵੀ ਭੇਦ ਹੈ ਜੋ ਇਕ-ਦੂਸਰੇ ਤੋਂ ਵੱਖਰਾ ਕਰਦੇ ਹਨ।

ਲੋਕ ਸੰਗੀਤ ਦੀ ਸ਼ਾਸਤਰੀ ਸੰਗੀਤ ਨੂੰ ਦੇਣ : ਕਈ ਵਿਦਵਾਨਾਂ ਦਾ ਮਤ ਹੈ ਕਿ ਲੋਕ ਸੰਗੀਤ ਸ਼ਾਸਤਰੀ





ਸੰਗੀਤ ਦੀ ਜਣਨੀ ਹੈ। ਕਈ ਰਾਗ ਜਿਵੇਂ ਮੁਲਤਾਨੀ, ਭੁਪਾਲੀ, ਪਹਾੜੀ, ਕਾਫੀ, ਤਿਲੰਗ, ਖਮਾਜ਼, ਮਾਂਡ, ਆਸਾ, ਸ਼ਿਵਰੰਜਨੀ ਆਦਿ ਲੋਕ ਸੰਗੀਤ ਦੀ ਹੀ ਦੇਣ ਹਨ। ਪਰ ਇਹ ਦਲੀਲ ਸੌ ਫ਼ੀਸਦੀ ਸਹੀ ਨਹੀਂ ਹੈ ਕਿਉਂਕਿ ਹਰੇਕ ਲੋਕ ਗੀਤ ਦੀ ਤਰਜ਼ ਵਿਚ ਚਾਰ-ਪੰਜ ਸੁਰ ਜ਼ਰੂਰ ਲਗਦੇ ਹਨ। ਉਹ ਸੁਰ ਕਿਸੇ ਨਾ ਕਿਸੇ ਰਾਗ ਵਿਚ ਪ੍ਰਯੋਗ ਹੁੰਦੇ ਹਨ। ਲੋਕ ਗੀਤਾਂ ਵਿਚ ਗ੍ਰਾਮੀਣ ਜਨਤਾ ਦੀ ਨਿੱਤਪ੍ਰਤੀ ਦੀਆਂ ਕਿਰਿਆਵਾਂ ਦਾ ਵਰਣਨ ਹੁੰਦਾ ਹੈ ਜਿਵੇਂ ਖੂਹ ਤੋਂ ਪਾਣੀ ਭਰਨਾ, ਚਰਖਾ ਕੱਤਣਾ, ਫ਼ਸਲ ਕੱਟਣੀ ਜਾਂ ਬੀਜਣੀ, ਹਲ਼ ਵਾਹੁਣਾ, ਵਿਆਹ ਸ਼ਾਦੀ ਦੇ ਗੀਤ, ਬਰਾਦਰੀ ਮਿਲਣੀ, ਸਿੱਠਣੀਆਂ, ਸੁਹਾਗ, ਡੋਲੀ ਦੀ ਵਿਦਾਈ ਦੇ ਗੀਤ ਆਦਿ ਦਾ ਉਲੇਖ ਹੁੰਦਾ ਹੈ।

ਲੋਕ ਗੀਤ ਪੂਰਨ ਰੂਪ ਵਿਚ ਸੁਖ ਦੇਣ ਵਾਲੇ ਜਾਂ ਅਨੰਦ ਪ੍ਰਦਾਨ ਕਰਨ ਵਾਲੇ ਹੁੰਦੇ ਹਨ। ਇਨਾਂ ਵਿਚ ਕਿਸੇ ਬਾਹਰੀ ਅਡੰਬਰ ਦੀ ਜ਼ਰੂਰਤ ਨਹੀਂ ਹੁੰਦੀ, ਇਸ ਲਈ ਇਹ ਦਿਲ ਦੀਆਂ ਗਹਿਰਾਈਆਂ ਨੂੰ ਛੂਹ ਜਾਂਦੇ ਹਨ। ਲੋਕ ਗੀਤ ਕਿਸੇ ਸਾਜ਼ ਤੋਂ ਬਿਨਾਂ ਵੀ ਪ੍ਰਭਾਵਸ਼ਾਲੀ ਲਗਦੇ ਹਨ, ਜਿਵੇਂ ਆਟੇ ਦੀ ਚਕੀ ਦੀ ਘਰਘਰਾਹਟ ਪੇਂਡੂ ਇਸਤਰੀ ਦੇ ਕੋਇਲ ਜਿਹੇ ਕੰਠ ਨਾਲ ਮਿਲ ਕੇ ਸਾਜ਼ ਦਾ ਰੂਪ ਧਾਰਨ ਕਰ ਲੈਂਦੀ ਹੈ। ਬੈਲਗੱਡੀ ਚਲਾਉਣ ਵਾਲਾ ਬੈਲਾਂ ਦੀਆਂ ਘੰਟੀਆਂ ਅਤੇ ਖੁਰਾਂ ਦੀ ਆਵਾਜ਼ ਨਾਲ ਆਪਣਾ ਸੁਰ ਮਿਲਾ ਲੈਂਦਾ ਹੈ। ਧੋਬੀ ਕੱਪੜੇ ਦੀ ਫੱਟ-ਫੱਟ ਅਤੇ ਭਾਂਡੇ ਮਾਂਜਣ ਵਾਲੀ ਇਸਤਰੀ ਭਾਂਡਿਆਂ ਦੀ ਖਣਖਣਾਹਟ ਨੂੰ ਹੀ ਆਪਣੇ ਗੀਤਾਂ ਦਾ ਮਾਧਿਅਮ ਬਣਾ ਲੈਂਦੀ ਹੈ। ਪ੍ਰਕਿਰਤੀ ਦੀ ਸੁੰਦਰਤਾ ਨੂੰ ਦੇਖ ਕੇ, ਅਸਮਾਨ 'ਤੇ ਛਾਏ ਬੱਦਲਾਂ ਨੂੰ ਦੇਖ ਕੇ ਇਕ ਆਮ ਵਿਅਕਤੀ ਵੀ ਝੂਮਦਾ ਅਤੇ ਆਪਣੇ ਮਨ ਦੀ ਮੰਗ ਨੂੰ ਆਪਣੇ ਸਰਲ ਸ਼ਬਦਾਂ ਵਿਚ ਸਾਧਾਰਨ ਧੁਨ ਵਿਚ ਅਲਾਪਦਾ ਹੈ। ਧਰਤੀ 'ਤੇ ਉੱਗੇ ਸੋਨੇ (ਫ਼ਸਲ) ਨੂੰ ਵੇਖ ਕੇ ਕਿਸਾਨ ਮਸਤ ਹੋ ਜਾਂਦਾ ਹੈ ਅਤੇ ਆਪਣੀ ਮਸਤੀ ਵਿਚ ਗਾਉਣ ਲੱਗ ਪੈਂਦਾ ਹੈ। ਕਹਿਣ ਦਾ ਭਾਵ ਹੈ ਕਿ ਲੋਕ ਸੰਗੀਤ ਮਨ ਦੇ ਉਦਗਾਰਾਂ ਨੂੰ ਸੁਭਾਵਿਕ ਰੂਪ ਵਿਚ ਪ੍ਰਗਟ ਕਰਦਾ ਹੈ।

ਲੋਕ ਸੰਗੀਤ ਦੀਆਂ ਵਿਸ਼ੇਸ਼ਤਾਵਾਂ : 1. ਲੋਕ ਧੁਨਾਂ ਆਮ ਤੌਰ 'ਤੇ ਚਾਰ-ਪੰਜ ਸੁਰਾਂ ਤੇ ਆਧਾਰਿਤ ਹੁੰਦੀਆਂ ਹਨ।

2. ਇਸ ਦੀ ਭਾਸ਼ਾ ਜਨ-ਸਾਧਾਰਨ ਦੀ ਆਮ ਵਰਤੋਂ ਵਿਚੋਂ ਪ੍ਰਯੋਗ ਹੋਣ ਵਾਲੀ ਹੁੰਦੀ ਹੈ।

3. ਹਰੇਕ ਪ੍ਰਾਂਤ, ਖੇਤਰ, ਦੇਸ਼ ਦੇ ਲੋਕ ਗੀਤ ਉਥੋਂ ਦੀ ਪੇਂਡੂ ਬੋਲੀ ਵਿਚ ਹੁੰਦੇ ਹਨ।

4. ਲੋਕ ਸੰਗੀਤ ਲੈਅ ਪ੍ਰਧਾਨ ਹੁੰਦਾ ਹੈ।

5. ਲੋਕ ਸੰਗੀਤ ਵਿਚ ਸਾਜ਼ਾਂ ਦਾ ਪ੍ਰਯੋਗ ਵੀ ਉਸ ਪ੍ਰਾਂਤ ਦੇ ਲੋਕ ਸਾਜ਼ਾਂ ਦਾ ਹੀ ਕੀਤਾ ਜਾਂਦਾ ਹੈ।

ਬਾਕੀ ਸਫ਼ਾ 23 'ਤੇ

# ਦਸਤਾਰ ਸਜਾਉਣਾ ਸਿੱਖ ਧਰਮ ਦੀ ਮਰਿਆਦਾ

ਸਿੱਖ ਸਭਿਆਚਾਰ

**ਬਹਾਦਰ ਸਿੰਘ ਗੋਸਲ**

ਸਦੀਆਂ ਤੋਂ ਪੱਗ ਮਨੁੱਖ ਲਈ ਆਨ, ਸ਼ਾਨ, ਸਰਦਾਰੀ ਅਤੇ ਰੋਅਬ ਦੀ ਨਿਸ਼ਾਨੀ ਰਹੀ ਹੈ। ਪੁਰਾਣੇ ਸਮਿਆਂ ਵਿੱਚ ਸਿਆਣੇ ਲੋਕ ਪੱਗ ਬੰਨਣ ਵਿੱਚ ਆਪਣੀ ਠਾਠ ਸਮਝਦੇ ਸਨ। ਵੱਡੇ ਜਗੀਰਦਾਰ, ਜ਼ਿਮੀਂਦਾਰ ਜਾਂ ਚੌਧਰੀ ਪੱਗ ਨਾਲ ਆਪਣਾ ਰੁਤਬਾ ਵੱਡਾ ਹੋਇਆ ਮੰਨਦੇ ਸਨ। ਪੱਗਾਂ ਬੰਨਣ ਦੇ ਵੀ ਆਪਣੇ-ਆਪਣੇ ਅੰਦਾਜ਼ ਹੁੰਦੇ ਸਨ, ਕੋਈ ਕਿਸੇ ਤਰਾਂ ਦੀ ਪੱਗ ਬੰਨਦਾ ਸੀ ਅਤੇ ਕੋਈ ਕਿਸੇ ਹੋਰ ਤਰਾਂ ਦੀ। ਪੱਗ ਨਾਲ ਸਿਰ ਦੀ ਅਤੇ ਵਾਲਾਂ ਦੀ ਸੰਭਾਲ ਤਾਂ ਹੁੰਦੀ ਹੀ ਹੈ, ਪਰ ਪੱਗ ਬੰਨਣ ਵਾਲਾ ਵਿਅਕਤੀ ਆਪਣੇ ਆਪ ਨੂੰ ਰੋਅਬ ਵਾਲਾ ਵੀ ਮਹਿਸੂਸ ਕਰਦਾ ਹੈ। ਪਿਛਲੇ ਸਮਿਆਂ ਵਿੱਚ ਜਦੋਂ ਵੀ ਕਿਸੇ ਸਿਆਣੇ ਆਦਮੀ ਨੇ ਘਰ ਤੋਂ ਕਿਤੇ ਬਾਹਰ ਜਾਣਾ ਹੁੰਦਾ ਸੀ ਤਾਂ ਉਹ ਪੱਗ ਜ਼ਰੂਰ ਬੰਨ ਕੇ ਜਾਂਦਾ ਅਤੇ ਪਿੰਡਾਂ ਦੀਆਂ ਸੱਥਾਂ ਜਾਂ ਪੰਚਾਇਤਾਂ ਵਿੱਚ ਪੱਗ ਬੰਨ ਕੇ ਹੀ ਸਭ ਪਹੁੰਚਦੇ ਸਨ। ਇਨਾਂ ਵਿੱਚ ਨੰਗੇ ਸਿਰ ਜਾਣ ਨੂੰ ਬੁਰਾ ਮੰਨਿਆ ਜਾਂਦਾ। ਇਸ ਤਰਾਂ ਸਭ ਸਮਾਜਿਕ ਕਾਰਜਾਂ ਵਿੱਚ ਪੱਗ ਦੀ ਵਿਸ਼ੇਸ਼ ਮਹੱਤਤਾ ਹੁੰਦੀ ਸੀ ਅਤੇ ਮੌਜੂਦਾ ਸਮੇਂ ਵੀ ਹੈ। ਵਿਆਹਾਂ ਸਮੇਂ ਰੀਤੀ-ਰਿਵਾਜ ਵੀ ਨੰਗੇ ਸਿਰ ਵਾਲੇ ਨੂੰ ਕਰਨ ਦੀ ਮਨਾਹੀ ਹੁੰਦੀ ਸੀ।

ਵਿਆਹਾਂ ਵਿੱਚ ਤਾਂ ਪੱਗਾਂ ਨੂੰ ਖ਼ਾਸ ਰੰਗਾਂ ਵਿੱਚ ਰੰਗਾ ਕੇ ਮਾਵਾ ਆਦਿ ਦੇ ਕੇ ਠਾਠ ਨਾਲ ਬੰਨਿਆ ਜਾਂਦਾ ਸੀ। ਇਹੀ ਕਾਰਨ ਸੀ ਕਿ ਪੱਗਾਂ ਰੰਗਣ ਅਤੇ ਮਾਵਾ ਦੇਣ ਵਾਲਿਆਂ ਦਾ ਇੱਕ ਨਵਾਂ ਧੰਦਾ ਵਿਕਸਿਤ ਹੋ ਗਿਆ। ਬਹੁਤ ਸਾਰੇ ਲਲਾਰੀ ਇਸ ਧੰਦੇ ਰਾਹੀਂ ਰੁਜ਼ਗਾਰ ਪ੍ਰਾਪਤ ਕਰਕੇ ਆਪਣੇ ਪਰਿਵਾਰਾਂ ਦਾ ਨਿਰਵਾਹ ਕਰਨ ਲੱਗੇ। ਲਲਾਰੀ ਦੇ ਕਿੱਤੇ ਨੂੰ ਚੰਗਾ ਕਮਾਈ ਵਾਲਾ ਅਤੇ ਮਾਣ ਵਾਲਾ ਸਮਝਿਆ ਜਾਣ ਲੱਗਾ। ਇੱਥੋਂ ਤੱਕ ਕਿ ਇਹ ਲਲਾਰੀ ਵੀ ਪੰਜਾਬੀ ਸੱਭਿਆਚਾਰ ਦਾ ਇੱਕ ਅੰਗ ਬਣ ਗਏ ਅਤੇ ਬਹੁਤ ਸਾਰਾ ਸਾਹਿਤ ਲਲਾਰੀਆਂ ਬਾਰੇ ਰਚਿਆ ਗਿਆ। ਸਿੱਖ ਸੰਗਤਾਂ ਵਿੱਚ ਤਾਂ ਪੱਗ ਨੂੰ ਦਸਤਾਰ ਦਾ ਨਾਂ ਦੇ ਕੇ ਬਹੁਤ ਸਤਿਕਾਰਿਆ ਜਾਂਦਾ ਹੈ ਅਤੇ ਦਸਤਾਰ ਸਜਾਉਣਾ ਸਿੱਖ ਧਰਮ ਦੀ ਮਰਿਆਦਾ ਬਣੀ ਹੋਈ ਹੈ। ਪੱਗ ਨੂੰ ਬੰਨਣ ਦੇ ਵੀ ਆਪਣੇ-ਆਪਣੇ ਅੰਦਾਜ਼, ਢੰਗ, ਤਰੀਕੇ ਜਾਂ ਸਟਾਇਲ ਹਨ, ਜਿੱਥੇ ਸਾਧਾਰਨ ਲੋਕ ਮੜਾਸੇ ਦੇ ਰੂਪ ਵਿੱਚ ਪੱਗ ਨੂੰ ਵੈਸੇ ਹੀ ਲਪੇਟ ਲੈਂਦੇ ਹਨ, ਉੱਥੇ ਪੜੇ ਲਿਖੇ ਨੌਜਵਾਨ ਤਾਂ ਬੜੀਆਂ ਪੋਚਵੀਆਂ ਪੱਗਾਂ ਬੰਨ ਕੇ ਹਰ ਇੱਕ ਦਾ ਦਿਲ ਜਿੱਤਣ ਦਾ ਯਤਨ ਕਰਦੇ ਹਨ। ਇਨਾਂ ਵਿੱਚ ਪਟਿਆਲਾ ਸ਼ਾਹੀ ਪੱਗ ਦੀ ਖ਼ੂਬ ਚਰਚਾ ਰਹਿੰਦੀ ਹੈ ਜਿਸ ਨੇ ਲੋਕ ਗੀਤਾਂ ਜਾਂ ਅਜੋਕੇ ਪੰਜਾਬੀ ਗੀਤਾਂ ਵਿੱਚ ਆਪਣੀ ਥਾਂ ਬਣਾ ਲਈ ਹੈ:

ਆ ਗਏ ਪੱਗਾਂ ਪੋਚਵੀਆਂ ਵਾਲੇ
ਰਹੀਂ ਬਚ ਕੇ ਨੀਂ ਰੰਗਲੇ ਦੁਪੱਟੇ ਵਾਲੀਏ।

ਪੁਰਾਣੇ ਸਮਿਆਂ ਵਿੱਚ ਉੱਚਾ ਟੋਹਰਾ ਛੱਡ ਕੇ ਜਾਂ ਲੰਬੇ ਲੜ ਛੱਡ ਕੇ ਪੱਗ ਬੰਨਣ ਦਾ ਰੁਝਾਨ ਸੀ। ਨਾਮਧਾਰੀਆਂ ਦੀ ਦਸਤਾਰ ਜਾਂ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘਾਂ ਦੀਆਂ ਦਸਤਾਰਾਂ ਤਾਂ ਸੰਸਾਰ ਭਰ ਵਿੱਚ ਨਿਵੇਕਲੀਆਂ ਹੀ ਹਨ। ਭਾਪਾ ਸ਼ਾਹੀ ਚੀਰੇ ਵਾਲੀਆਂ ਪੱਗਾਂ ਦਾ ਰਿਵਾਜ ਵੀ ਬਹੁਤ ਪ੍ਰਚੱਲਿਤ ਰਿਹਾ। ਹਿੰਦੂ ਭਰਾਵਾਂ ਵਿੱਚ ਪਿੱਛੇ ਲੰਬਾ ਲੜ ਛੱਡ ਕੇ ਪੱਗ ਬੰਨਣ ਦਾ ਅੰਦਾਜ਼ ਤਾਂ ਅੱਜ ਵੀ ਚੱਲਦਾ ਹੈ। ਮੁਸਲਮਾਨ ਭਰਾਵਾਂ ਵਿੱਚ ਕੁੱਲੇ ਦੇ ਉੱਤੇ ਆਪਣੇ ਹੀ ਅੰਦਾਜ਼ ਵਿੱਚ ਪੱਗ ਬੰਨਣ ਦਾ ਰਿਵਾਜ ਪ੍ਰਚੱਲਿਤ ਹੈ। ਸਿੱਖ ਪਰਿਵਾਰਾਂ ਵਿੱਚ ਤਾਂ ਬੱਚੇ ਵੀ ਪੱਗਾਂ ਬੰਨਣ ਵਿੱਚ ਮਾਹਿਰ ਹੋ ਜਾਂਦੇ ਹਨ। ਵੱਖ-ਵੱਖ ਜਥੇਬੰਦੀਆਂ ਵੱਲੋਂ ਦਸਤਾਰ ਬੰਨਣ ਦੇ ਮੁਕਾਬਲੇ ਕਰਵਾ ਕੇ ਦਸਤਾਰ ਨੂੰ ਵਧੀਆ ਢੰਗ ਨਾਲ ਬੰਨਣ ਲਈ ਬੱਚਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਸੇ ਤਰਾਂ ਪੱਗਾਂ ਬੰਨਣ ਦੇ ਅੰਦਾਜ਼ ਦੇ ਨਾਲ-ਨਾਲ ਪੱਗਾਂ ਦੇ ਰੰਗ ਵੀ ਵੱਖ-ਵੱਖ ਦੇਖਣ ਨੂੰ ਮਿਲਦੇ ਹਨ। ਪੇਂਡੂ ਪੰਜਾਬੀ



ਸੱਭਿਆਚਾਰ ਵਿੱਚ ਤਾਂ ਪੱਗਾਂ ਦੇ ਰੰਗਾਂ ਨੇ ਆਪਣੀ ਖ਼ਾਸ ਪਛਾਣ ਬਣਾਈ ਹੋਈ ਹੈ। ਗੁਲਾਬੀ ਰੰਗ ਦੀ ਪੱਗ ਵਿਸ਼ੇਸ਼ ਸਥਾਨ ਰੱਖਦੀ ਹੋਈ ਸ਼ਗਨਾਂ ਦਾ ਰੰਗ ਮੰਨਿਆ ਜਾਂਦਾ ਹੈ। ਵਿਆਹਾਂ ਵਿੱਚ ਲਾੜਿਆਂ ਨੂੰ ਖ਼ਾਸ ਕਰਕੇ ਗੁਲਾਬੀ ਪੱਗ ਹੀ ਬੰਨਣ ਨੂੰ ਦਿੱਤੀ ਜਾਂਦੀ ਹੈ। ਅੱਜ ਵੀ ਹਿੰਦੂ ਪਰਿਵਾਰਾਂ ਵਿੱਚ ਕਿਸੇ ਮੁੰਡੇ ਦੀ ਬਰਾਤ ਸਮੇਂ ਲਾੜੇ ਦੇ ਖ਼ਾਸ ਰਿਸ਼ਤੇਦਾਰ ਗੁਲਾਬੀ ਰੰਗਾਂ ਦੀਆਂ ਪੱਗਾਂ ਬੰਨ ਕੇ ਵਿਲੱਖਣ ਨਜ਼ਰ ਆਉਂਦੇ ਹਨ ਅਤੇ ਬਰਾਤ ਦੀ ਖਿੱਚ ਦਾ ਕਾਰਨ ਬਣਦੇ ਹਨ। ਉਂਝ ਵੀ ਨੌਜਵਾਨਾਂ ਦੇ ਸਿਰ ਬੰਨੀਆਂ ਗੁਲਾਬੀ ਪੱਗਾਂ ਉਨਾਂ ਦੇ ਪਹਿਰਾਵੇ ਨੂੰ ਚਾਰ ਚੰਨ ਲਾ ਦਿੰਦੀਆਂ ਹਨ।

ਬਾਕੀ ਸਫ਼ਾ 32 'ਤੇ

## ਰਿਸ਼ਤਿਆਂ ਦਾ ਨਿੱਘ ...,.

ਚੇਤੇ ਰੱਖੋ ਆਪਣੇ ਮਾਤਾ-ਪਿਤਾ ਨੂੰ ਕਿਸੇ ਵੀ ਤਰਾਂ ਦੁੱਖ ਪਹੁੰਚਾਉਣ ਵਾਲੇ ਜਾਂ ਉਨਾਂ ਨੂੰ ਕਿਸੇ ਵੀ ਤਰਾਂ ਅਪਮਾਨਿਤ ਕਰਨ ਵਾਲੇ ਬੱਚੇ ਆਪਣੇ ਸੁਪਨੇ ਵਿਚ ਵੀ ਸੁਖੀ ਨਹੀਂ ਹੋ ਸਕਦੇ। ਜਦ ਲੜਕੀ ਦੀ ਸ਼ਾਦੀ ਹੁੰਦੀ ਹੈ ਤਾਂ ਉਸਦਾ ਸਹੁਰੇ ਘਰ ਜਾਣਾ ਇਕ ਤਰਾਂ ਨਾਲ ਉਸਦਾ ਨਵਾਂ ਜਨਮ ਹੁੰਦਾ ਹੈ। ਜੇ ਸੱਸ-ਸਹੁਰਾ ਆਪਣੀ ਨੂੰਹ ਨੂੰ ਆਪਣੀ ਧੀ ਸਮਾਨ ਅਤੇ ਨੂੰਹ ਆਪਣੇ ਸੱਸ-ਸਹੁਰੇ ਨੂੰ ਆਪਣੇ ਮਾਤਾ-ਪਿਤਾ ਸਮਾਨ ਨਹੀਂ ਸਮਝਦੀ ਤਾਂ ਉਸ ਘਰ ਵਿਚ ਖ਼ੁਸ਼ੀ ਪੈਰ ਪਾਉਣ ਤੋਂ ਵੀ ਝਿਜਕਦੀ ਹੈ।

ਵਿਕਾਸ, ਪਿਆਰ ਤੇ ਖ਼ੁਸ਼ੀਆਂ ਦਾ ਰਿਸ਼ਤਾ

ਭਾਗਾਂ ਵਾਲੇ ਹੁੰਦੇ ਹਨ ਉਹ ਲੋਕ ਜਿਨਾਂ ਨੂੰ ਆਪਣੇ ਘਰ-ਪਰਿਵਾਰ ਵੱਲੋਂ ਪਿਆਰ ਅਤੇ ਸਤਿਕਾਰ ਮਿਲਦਾ ਰਹਿੰਦਾ ਹੈ। ਅਜਿਹੇ ਲੋਕ ਜੀਵਨ ਵਿਚ ਨਿਰੰਤਰ ਵਿਕਾਸ ਵੀ ਕਰਦੇ ਰਹਿੰਦੇ ਹਨ, ਖ਼ੁਸ਼ੀਆਂ ਵੀ ਮਾਣਦੇ ਹਨ ਅਤੇ ਖ਼ੁਸ਼ੀਆਂ ਵੰਡਦੇ ਵੀ ਹਨ। ਸੱਚ ਤਾਂ ਇਹ ਹੈ ਕਿ ਜੋ ਘਰ ਵਿਚ ਖ਼ੁਸ਼ ਹੁੰਦੇ ਹਨ, ਉਹ ਬਾਹਰ ਵੀ ਖ਼ੁਸ਼ ਹੁੰਦੇ ਹਨ ਅਤੇ ਘਰ ਬਣਦਾ ਹੀ ਪਰਿਵਾਰ ਨਾਲ ਹੈ, ਨਹੀਂ ਤਾਂ ਇਹ ਮਕਾਨ ਹੀ ਰਹਿੰਦਾ ਹੈ- ਇੱਟ, ਪੱਥਰ, ਲੋਹੇ, ਲੱਕੜ, ਸੀਮਿੰਟ ਅਤੇ ਰੇਤ ਆਦਿ ਤੋਂ ਬਣਿਆ ਇਕ ਢਾਂਚਾ ਰੂਹ-ਹੀਣ ਅਤੇ ਸਾਹ-ਹੀਣ। ਘਰ ਤੋਂ ਭਾਵ ਉਹ ਥਾਂ ਹੈ ਜਿੱਥੇ ਮਨੁੱਖ ਦਾ ਪਿਆਰ ਤੇ ਸਧਰਾਂ ਪਲਦੀਆਂ ਹਨ, ਜਿੱਥੇ ਬਚਪਨ ਵਿਚ ਮਾਂ-ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ, ਜਿੱਥੇ ਜਵਾਨੀ ਵਿਚ ਸਾਰੇ ਜਹਾਨ ਨੂੰ ਗਾਹ ਕੇ, ਲਤਾੜ ਕੇ, ਖੱਟੀ ਕਮਾਈ ਕਰ ਕੇ ਮੁੜ ਆਉਣ ਨੂੰ ਜੀਅ ਕਰਦਾ ਹੈ ਅਤੇ ਜਿੱਥੇ ਬੁਢਾਪੇ ਵਿਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਅਰਾਮ ਨਾਲ ਕੱਟਣ ਵਿਚ ਇਉਂ ਸੁਆਦ ਆਉਂਦਾ ਹੈ, ਜਿਵੇਂ ਬਚਪਨ ਵਿਚ ਮਾਂ ਦੀ ਝੋਲ਼ੀ ਵਿਚ ਆਉਂਦਾ ਸੀ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਉਸਦੇ ਆਚਰਣ ਬਣਾਉਣ ਵਿਚ ਜਿੱਥੇ ਸਮਾਜਿਕ ਤੇ ਮੁਲਕੀ ਆਲੇ-ਦੁਆਲੇ ਦਾ ਅਸਰ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰ-ਦੀਵਾਰੀ ਅਤੇ ਇਸਦੇ ਅੰਦਰ ਦੀ ਹਾਲਤ ਦਾ ਅਸਰ ਵੀ ਘੱਟ ਕੰਮ ਨਹੀਂ ਕਰਦਾ। ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿਚ ਹੈ। ਇਹੋ ਉਸ ਦੀਆਂ ਰੁਚੀਆਂ ਅਤੇ ਸੁਭਾਅ ਦਾ ਸਾਂਚਾ ਹੈ। ਕਈ ਵਾਰ ਜਦ ਮੈਂ ਕਿਸੇ ਸੱਜਣ ਨੂੰ ਕੋਝੇ, ਸੜੀਅਲ ਜਾਂ ਖਿਝੂ ਸੁਭਾਅ ਵਾਲਾ ਦੇਖਦਾ ਹਾਂ ਤਾਂ ਮੈਂ ਦਿਲ ਵਿਚ ਕਹਿੰਦਾ ਹਾਂ, 'ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ।'

ਆਪਸੀ ਵਿਸ਼ਵਾਸ ਅਤੇ ਸਹਿਯੋਗ ਦਾ ਰਿਸ਼ਤਾ

ਰਿਸ਼ਤਿਆਂ ਦੀ ਲੜੀ ਵਿਚ ਪਤੀ-ਪਤਨੀ ਦਾ ਰਿਸ਼ਤਾ ਸਭ ਤੋਂ ਅਹਿਮ ਸਥਾਨ ਰੱਖਦਾ ਹੈ। ਨਿਰਸਵਾਰਥ ਆਪਸੀ ਪ੍ਰੇਮ, ਸਹਿਯੋਗ ਅਤੇ ਵਿਸ਼ਵਾਸ ਇਸ ਰਿਸ਼ਤੇ ਦੀ ਨੀਂਹ ਹੁੰਦੇ ਹਨ। ਜੇ ਇਸ ਰਿਸ਼ਤੇ ਵਿਚ ਤਰੇੜ ਪੈ ਜਾਵੇ ਤਾਂ ਕੇਵਲ ਸਬੰਧਤ ਧਿਰਾਂ ਦਾ ਹੀ ਨਹੀਂ ਸਗੋਂ ਉਨਾਂ ਦੇ ਪਰਿਵਾਰਾਂ ਦਾ ਜੀਵਨ ਵੀ ਅਸਤ-ਵਿਅਸਤ ਹੋ ਜਾਂਦਾ ਹੈ। ਪਤੀ-ਪਤਨੀ ਦਰਮਿਆਨ ਪੈਦਾ ਹੋਇਆ ਖਿੱਚੋਤਾਣ ਪੂਰੇ ਘਰ ਨੂੰ ਨਰਕ ਵਿਚ ਬਦਲ ਦਿੰਦਾ ਹੈ। ਇਸ ਕਾਰਨ ਹੀ ਕਿਹਾ ਜਾਂਦਾ ਹੈ : 'ਜਿੱਥੇ ਪਤੀ-ਪਤਨੀ ਦਾ ਜੋੜ ਨਹੀਂ, ਉੱਥੇ ਹੋਰ ਨਰਕ ਦੀ ਲੋੜ ਨਹੀਂ'। ਜੇ ਤੁਹਾਡਾ ਜੀਵਨ-ਸਾਥੀ ਖ਼ੁਸ਼ ਨਹੀਂ ਤਾਂ ਤੁਸੀਂ ਕਲਪਨਾ ਵਿਚ ਵੀ ਖ਼ੁਸ਼ ਨਹੀਂ ਹੋ ਸਕਦੇ। ਘਰ ਵਿਚ ਹਮੇਸ਼ਾ ਤਣਾਅ ਦਾ ਮਾਹੌਲ ਬਣਿਆ ਰਹਿੰਦਾ ਹੈ ਅਤੇ ਪਰਿਵਾਰਕ ਖ਼ੁਸ਼ੀ ਖੰਭ ਲਾ ਕੇ ਉੱਡ ਜਾਂਦੀ ਹੈ। ਬੱਚਿਆਂ ਦਾ ਜੀਵਨ ਅਲੱਗ ਨਰਕ ਬਣ ਜਾਂਦਾ ਹੈ। ਪਤੀ-ਪਤਨੀ ਦਰਮਿਆਨ ਤਣਾਅ ਦਾ ਕਾਰਨ ਆਮ ਤੌਰ 'ਤੇ ਬਦਜ਼ੁਬਾਨੀ, ਝੂਠੀ ਹਉਮੈਂ, ਹੈਂਕੜ, ਸ਼ੱਕ, ਲਾਲਚ ਜਾਂ ਨਜਾਇਜ਼ ਰਿਸ਼ਤਾ ਹੋ ਸਕਦਾ ਹੈ। ਇੱਥੇ ਇਹ ਸਮਝ ਲੈਣਾ ਵੀ ਜ਼ਰੂਰੀ ਹੈ ਕਿ ਨਜਾਇਜ਼ ਰਿਸ਼ਤਿਆਂ ਦਾ ਅੰਤ ਹਮੇਸ਼ਾ ਹੀ ਬੁਰਾ ਹੁੰਦਾ ਹੈ। ਸੁਖੀ ਜੀਵਨ ਲਈ ਜ਼ਰੂਰੀ ਹੈ ਕਿ ਪਤੀ-ਪਤਨੀ ਦਾ ਰਿਸ਼ਤਾ ਬਿਲਕੁਲ ਨਿਰਮਲ, ਸੁਖਾਵਾਂ ਅਤੇ ਕਿਸੇ ਵੀ ਸ਼ੱਕ ਦੀ ਗੁੰਜਾਇਸ਼ ਤੋਂ ਮੁਕਤ ਹੋਵੇ।

ਸਮਾਜਿਕ ਰਿਸ਼ਤੇ:

ਘਰ ਤੋਂ ਬਾਹਰ ਆਉਂਦਿਆਂ ਹੀ ਸਮਾਜਿਕ ਰਿਸ਼ਤੇ ਸ਼ੁਰੂ ਹੋ ਜਾਂਦੇ ਹਨ। ਇਨਾਂ ਰਿਸ਼ਤਿਆਂ ਵਿਚ ਮਨੁੱਖ ਦੇ ਆਪਣੇ ਆਂਢੀਆਂ-ਗੁਆਂਢੀਆਂ, ਸਹਿ-ਕਰਮੀਆਂ ਅਤੇ ਆਪਣੇ ਦੋਸਤਾਂ-ਮਿੱਤਰਾਂ ਤੋਂ ਇਲਾਵਾ ਉਨਾਂ ਸਾਰੇ ਵਿਅਕਤੀਆਂ ਨਾਲ ਬਣਨ ਵਾਲੇ ਰਿਸ਼ਤੇ ਸ਼ਾਮਲ ਹੁੰਦੇ ਹਨ, ਜਿਨਾਂ ਨਾਲ ਉਸ ਦਾ ਕਿਸੇ ਨਾ ਕਿਸੇ ਪ੍ਰਸੰਗ ਵਿਚ ਵਾਹ ਪੈਂਦਾ ਹੈ। ਕਈ ਵਾਰ ਕਾਰੋਬਾਰੀਆਂ ਅਤੇ ਗਾਹਕਾਂ ਦਰਮਿਆਨ, ਮਰੀਜ਼ਾਂ ਅਤੇ ਡਾਕਟਰਾਂ ਦਰਮਿਆਨ ਅਤੇ ਕਿਸੇ ਇਕ ਹੀ ਮਤ ਜਾਂ ਵਿਚਾਰਧਾਰਾ ਨੂੰ ਮੰਨਣ ਵਾਲਿਆਂ ਦਰਮਿਆਨ ਬਹੁਤ ਨੇੜਲਾ ਅਤੇ ਨਿੱਘਾ ਰਿਸ਼ਤਾ ਬਣ ਜਾਂਦਾ ਹੈ। ਅਜਿਹੇ ਰਿਸ਼ਤਿਆਂ ਦਾ ਆਧਾਰ ਆਮ ਤੌਰ 'ਤੇ ਪਰਸਪਰ ਲੋੜ, ਵਿਚਾਰਕ ਸਾਂਝ ਜਾਂ ਵਾਰ-ਵਾਰ ਮਿਲਣਾ-ਜੁਲਣਾ ਹੁੰਦਾ ਹੈ। ਬੋਲ-ਚਾਲ ਵਿਚ ਮਿਠਾਸ ਅਤੇ ਵਰਤਾਉ ਵਿਚ ਹਲੀਮੀ ਅਜਿਹੇ ਰਿਸ਼ਤਿਆਂ ਨੂੰ ਨਿੱਘ ਨਾਲ ਭਰ ਸਕਦੀ ਹੈ ਅਤੇ ਮਨੁੱਖ ਇਨਾਂ ਤੋਂ ਦਿਲੀ ਸਕੂਨ ਪ੍ਰਾਪਤ ਕਰ ਸਕਦਾ ਹੈ। ਇਕ ਹੋਰ ਬਹੁਤ ਹੀ ਪਵਿੱਤਰ ਅਤੇ ਸਦਾ ਕਾਇਮ ਰਹਿਣ ਵਾਲਾ ਰਿਸ਼ਤਾ ਵਿਦਿਆਰਥੀਆਂ ਅਤੇ ਅਧਿਆਪਕਾਂ ਦਰਮਿਆਨ ਬਣਨ ਵਾਲਾ ਰਿਸ਼ਤਾ ਹੁੰਦਾ ਹੈ। ਇਸ ਰਿਸ਼ਤੇ ਦਾ ਆਪਣਾ ਹੀ ਨਿੱਘ ਅਤੇ ਆਪਣੀ ਹੀ ਵਿਲੱਖਣਤਾ ਹੁੰਦੀ ਹੈ।

ਦੋਸਤਾਂ ਮਿੱਤਰਾਂ ਦਾ ਰਿਸ਼ਤਾ:

ਪਰਿਵਾਰੋਂ ਬਾਹਰ ਪਰ ਪਰਿਵਾਰਕ ਰਿਸ਼ਤਿਆਂ ਵਰਗਾ ਹੀ ਇਕ ਅਤਿ ਪਿਆਰਾ, ਪਾਇਦਾਰ ਅਤੇ ਵਿਸ਼ਵਾਸਯੋਗ ਸਮਾਜਿਕ ਰਿਸ਼ਤਾ ਹੁੰਦਾ ਹੈ, ਦੋਸਤਾਂ-ਮਿੱਤਰਾਂ ਦਾ ਰਿਸ਼ਤਾ। ਇਹ ਇਕ ਅਜਿਹਾ ਰਿਸ਼ਤਾ ਹੁੰਦਾ ਹੈ, ਜੋ ਮਨੁੱਖ ਨੂੰ ਇਕ ਨਿਵੇਕਲਾ ਨਿੱਘ, ਸਕੂਨ ਅਤੇ ਆਨੰਦ ਦਿੰਦਾ ਹੈ। ਦੋਸਤਾਂ ਦਰਮਿਆਨ ਨਾ ਤਾਂ ਦਿਖਾਵੇ ਅਤੇ ਉਪਚਾਰਕਤਾਵਾਂ ਲਈ ਕੋਈ ਸਥਾਨ ਹੁੰਦਾ ਹੈ ਅਤੇ ਨਾ ਹੀ ਉਨਾਂ ਦਾ ਇਕ-ਦੂਜੇ ਤੋਂ ਕੁਝ ਛੁਪਿਆ ਹੁੰਦਾ ਹੈ। ਭਾਵੇਂ ਦੋਸਤਾਂ ਨੂੰ ਜਿਵੇਂ ਉਹ ਹੁੰਦੇ ਹਨ, ਉਸ ਰੂਪ ਵਿਚ ਹੀ ਸਵੀਕਾਰ ਕਰਨਾ ਹੁੰਦਾ ਹੈ ਪਰ ਫਿਰ ਵੀ ਸਥਾਈ ਦੋਸਤੀ ਲਈ ਵਿਚਾਰਾਂ, ਸੁਭਾਵਾਂ, ਆਦਤਾਂ ਅਤੇ ਆਰਥਿਕ ਸਥਿਤੀਆਂ ਆਦਿ ਵਿਚ ਕੁਝ ਨਾ ਕੁਝ ਸਮਾਨਤਾ ਹੋਣੀ ਜ਼ਰੂਰੀ ਮੰਨੀ ਜਾਂਦੀ ਹੈ। ਸੱਚੇ ਦੋਸਤ ਆਪਣੇ ਦੋਸਤਾਂ ਦੀ ਕਦੀ ਵੀ ਪਿੱਠ ਪਿੱਛੇ ਬਦਖੋਈ ਨਹੀਂ ਕਰਦੇ। ਉਨਾਂ ਦਾ ਹਰ ਦੁੱਖ-ਸੁੱਖ ਵਿਚ ਸਾਥ ਦਿੰਦੇ ਹਨ, ਉਨਾਂ ਨੂੰ ਕਦੀ ਵੀ ਧੋਖ਼ਾ ਨਹੀਂ ਦਿੰਦੇ ਅਤੇ ਜੇ ਉਨਾਂ ਵਿਚ ਕੋਈ ਕਮੀ ਜਾਂ ਕਮਜ਼ੋਰੀ ਨਜ਼ਰ ਆਵੇ ਤਾਂ ਉਨਾਂ ਦਾ ਉਸ ਵੱਲ ਧਿਆਨ ਜ਼ਰੂਰ ਦਿਵਾਉਂਦੇ ਹਨ। ਦੋਸਤਾਂ ਵਿਚ ਕੋਈ ਵੀ ਵੱਡਾ-ਛੋਟਾ ਜਾਂ ਅਮੀਰ-ਗ਼ਰੀਬ ਨਹੀਂ ਹੁੰਦਾ-ਜਦ ਦੋਸਤੀ ਹੋ ਜਾਂਦੀ ਹੈ ਤਾਂ ਸਭ ਭੇਦ-ਭਾਵ ਮਿਟ ਜਾਂਦੇ ਹਨ। ਕਿਸੇ ਸਵਾਰਥ ਨੂੰ ਸਿੱਧ ਕਰਨ ਲਈ ਮਿੱਤਰਤਾ ਦਾ ਮੁਖ਼ੌਟਾ ਪਹਿਨਣ ਵਾਲੇ ਵਿਅਕਤੀ ਕਦੀ ਵੀ ਸੱਚੇ ਮਿੱਤਰ ਨਹੀਂ ਹੋ ਸਕਦੇ। ਆਪਣਾ ਸਵਾਰਥ ਪੂਰਾ ਹੁੰਦੇ ਹੀ ਉਹ ਅੱਖਾਂ ਫੇਰ ਜਾਂਦੇ ਹਨ। ਸੱਚੇ ਦੋਸਤ ਤੁਹਾਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਵਾਂਗ ਹੀ ਲਗਦੇ ਹਨ ਅਤੇ ਉਹ ਤੁਹਾਡੇ ਪਰਿਵਾਰ ਦੇ ਮੈਂਬਰਾਂ ਵਾਂਗ ਹੀ ਵਿਚਰਦੇ ਹਨ। ਭਾਗਾਂ ਵਾਲੇ ਹੁੰਦੇ ਹਨ ਉਹ ਲੋਕ ਜਿਨਾਂ ਦੇ ਭਰਾ ਦੋਸਤਾਂ ਵਰਗੇ ਅਤੇ ਦੋਸਤ ਭਰਾਵਾਂ ਵਰਗੇ ਹੋਣ।

ਅਸਲ ਵਿਚ ਵਧੀਆ ਦੋਸਤ ਤੁਹਾਡਾ ਇਕ ਅਨਮੋਲ ਖ਼ਜ਼ਾਨਾ ਹੁੰਦੇ ਹਨ, ਜੋ ਖ਼ੁਸ਼ੀ ਦੇ ਸਮੇਂ ਵਿਚ ਤੁਹਾਡੀ ਖ਼ੁਸ਼ੀ ਨੂੰ ਚਾਰ ਚੰਨ ਲਾਉਂਦੇ ਹਨ ਅਤੇ ਮੁਸ਼ਕਿਲ ਦੇ ਸਮੇਂ ਵਿਚ ਤੁਹਾਡਾ ਸਹਾਰਾ ਬਣਦੇ ਹਨ। ਬਾਕੀ ਇਹ ਤਾਂ ਅਸੀਂ ਸਭ ਜਾਣਦੇ ਹੀ ਹਾਂ ਕਿ ਬਹਾਰਾਂ ਯਾਰਾਂ ਨਾਲ ਤੇ ਮੇਲੇ ਮਿੱਤਰਾਂ ਨਾਲ ਹੀ ਹੁੰਦੇ ਹਨ। 'ਯਾਰਾਂ ਨਾਲ ਬਹਾਰਾਂ, ਮੇਲੇ ਮਿੱਤਰਾਂ ਦੇ।' ਕਿਸੇ ਸਮੇਂ ਪੱਗਾਂ ਵਟਾ ਕੇ ਪੱਗ-ਵਟ ਜਾਂ ਧਰਮ ਭਰਾ ਅਤੇ ਚੁੰਨੀਆਂ ਵਟਾ ਕੇ ਚੁੰਨੀ-ਵਟ ਜਾਂ ਧਰਮ ਭੈਣਾਂ ਬਣਨ ਦੀ ਪ੍ਰੰਪਰਾ ਵੀ ਰਹੀ ਹੈ, ਜੋ ਅੱਜ ਕੱਲ ਲਗਭਗ ਖ਼ਤਮ ਹੀ ਹੋ ਚੁੱਕੀ ਹੈ। ਉਂਝ ਸੱਚੇ ਦੋਸਤ ਪਹਿਲਾਂ ਵੀ ਮਿਲਦੇ ਸਨ ਅਤੇ ਹੁਣ ਵੀ ਮਿਲਦੇ ਹਨ। ਲੋੜ ਕੇਵਲ ਖ਼ੁਦ ਨੂੰ ਸੱਚਾ ਮਿੱਤਰ ਬਣਾਉਣ ਦੀ ਹੁੰਦੀ ਹੈ।

ਰਿਸ਼ਤਿਆਂ ਵਿਚ ਨਿੱਘ ਕਾਇਮ ਰੱਖਣ ਤੇ ਇਸ ਨੂੰ ਮਾਣਨ ਲਈ ਜਿੱਥੇ ਸਾਡੀ ਬੋਲ-ਬਾਣੀ ਵਿਚ ਮਿਠਾਸ ਅਤੇ ਵਰਤਾਉ ਵਿਚ ਨਿਮਰਤਾ ਦੀ ਲੋੜ ਹੈ, ਉੱਥੇ ਹੀ ਸਾਨੂੰ ਸੰਜਮ, ਸੁਹਿਰਦਤਾ, ਸ਼ਿਸ਼ਟਤਾ ਅਤੇ ਸਮਰਪਿਤ ਭਾਵਨਾ ਨੂੰ ਵੀ ਆਪਣੇ ਸੁਭਾਅ ਦਾ ਇਕ ਅਨਿੱਖੜਵਾਂ ਅੰਗ ਬਣਾਉਣਾ ਪੈਂਦਾ ਹੈ। ਇਸ ਦੇ ਨਾਲ ਹੀ ਇਹ ਜ਼ਰੂਰੀ ਹੁੰਦਾ ਹੈ ਕਿ ਹਰ ਥਾਂ ਆਪਣਾ ਹੀ ਰਾਗ ਅਲਾਪਣ ਦੀ ਥਾਂ ਅਸੀਂ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਅਤੇ ਉਨਾਂ ਦੀ ਕਦਰ ਕਰਨੀ ਸਿੱਖੀਏ। ਜੇ ਅਸੀਂ ਆਪਣਾ ਸਤਿਕਾਰ ਚਾਹੁੰਦੇ ਹਾਂ ਤਾਂ ਪਹਿਲਾਂ ਅਸੀਂ ਦੂਜਿਆਂ ਦਾ ਸਤਿਕਾਰ ਕਰਨਾ ਸਿੱਖੀਏ। ਬਹੁਤ ਸਾਰੇ ਰਿਸ਼ਤੇ ਕੁਝ ਨਾ ਕੁਝ ਤਿਆਗ ਅਤੇ ਕਿਸੇ ਨਾ ਕਿਸੇ ਕੁਰਬਾਨੀ ਦੀ ਵੀ ਮੰਗ ਕਰਦੇ ਹਨ, ਅਸੀਂ ਉਸ ਲਈ ਤਿਆਰ ਰਹੀਏ। ਹਉਮੈਂ, ਹੈਂਕੜ, ਅਭਿਮਾਨ, ਅੜੀ, ਸਵਾਰਥ, ਲੋਭ ਅਤੇ ਉਦਾਸੀਨਤਾ ਆਦਿ ਰਿਸ਼ਤਿਆਂ ਦੀਆਂ ਜੜਾਂ ਵਿਚ ਤੇਲ ਪਾਉਣ ਦਾ ਕੰਮ ਕਰਦੇ ਹਨ।

## ਲੋਕ ਸੰਗੀਤ ਹੈ...

6. ਲੋਕ ਸੰਗੀਤ ਦੀਆਂ ਧੁਨਾਂ ਬੜੀਆਂ ਸਰਲ ਅਤੇ ਦਿਲ-ਖਿੱਚਵੀਆਂ ਹੁੰਦੀਆਂ ਹਨ।

7. ਲੋਕ ਸੰਗੀਤ ਵਿਚ ਰਾਗ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੁੰਦਾ।

ਲੋਕ ਸੰਗੀਤ ਦੀ ਪ੍ਰਕਿਰਤੀ : ਲੋਕ ਸੰਗੀਤ ਦੀ ਪ੍ਰਕਿਰਤੀ ਸਰਲ ਤੇ ਸੁਭਾਵਿਕ ਹੁੰਦੀ ਹੈ। ਇਹ ਛੇਤੀ ਹੀ ਗ੍ਰਹਿਣ ਹੋ ਜਾਂਦਾ ਹੈ। ਇਸ ਨੂੰ ਸਿੱਖਣ ਲਈ ਕਿਸੇ ਵਿਸ਼ੇਸ਼ ਯਤਨਾਂ ਦੀ ਜ਼ਰੂਰਤ ਨਹੀਂ ਹੁੰਦੀ ਸਗੋਂ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਸੁਭਾਵਿਕ ਰੂਪ ਵਿਚ ਪਹੁੰਚਦਾ ਰਹਿੰਦਾ ਹੈ। ਲੋਕ ਸੰਗੀਤ ਵਿਚ ਸਖ਼ਤ ਨਿਯਮ ਨਹੀਂ ਹੁੰਦੇ ਹਾਲਾਂਕਿ ਇਨਾਂ ਗੀਤਾਂ ਅਤੇ ਗਾਇਨ ਸ਼ੈਲੀਆਂ ਦੇ ਵੀ ਨਿਯਮ ਅਤੇ ਸਿਧਾਂਤ ਹਨ, ਜਿਨਾਂ ਦੀ ਵਰਤੋਂ ਜ਼ਰੂਰੀ ਮੰਨੀ ਜਾਂਦੀ ਹੈ, ਜਿਵੇਂ ਹੀਰ ਦੀ ਧੁਨ ਵਿਚ ਮਿਰਜ਼ਾ ਨਹੀਂ ਗਾਇਆ ਜਾ ਸਕਦਾ। ਇਹ ਗੱਲ ਵੱਖਰੀ ਹੈ ਕਿ ਇਹ ਸ਼ੈਲੀਆਂ ਬੜੀਆਂ ਸਰਲ ਅਤੇ ਸੌਖੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਇਨਾਂ ਦੇ ਨਿਯਮਾਂ ਦੀ ਪਾਲਣਾ ਸੁਭਾਵਿਕ ਹੀ ਹੋ ਜਾਂਦੀ ਹੈ।

ਲੋਕ ਸੰਗੀਤ ਦੀਆਂ ਕਿਸਮਾਂ : ਸ਼ਾਸਤਰੀ ਸੰਗੀਤ ਵਾਂਗ ਲੋਕ ਸੰਗੀਤ ਵਿਚ ਵੀ ਲੋਕ ਗੀਤ, ਲੋਕ ਧੁਨਾਂ ਅਤੇ ਲੋਕ ਨਾਚ ਤਿੰਨ ਪ੍ਰਕਾਰ ਮਿਲਦੇ ਹਨ। ਇਸ ਤਰਾਂ ਅਸੀਂ ਕਹਿ ਸਕਦੇ ਹਾਂ ਕਿ ਲੋਕ ਸੰਗੀਤ ਲੋਕ ਗੀਤਾਂ, ਲੋਕ ਧੁਨਾਂ ਅਤੇ ਲੋਕ ਨਾਚਾਂ ਦਾ ਸਮੂਹ ਹੈ। ਇਸ ਵਿਚ ਵੀ ਲੋਕ ਗੀਤਾਂ ਦੀ ਪ੍ਰਧਾਨਤਾ ਵਧੇਰੇ ਰਹਿੰਦੀ ਹੈ।

ਲੋਕ ਗੀਤ : ਲੋਕ ਗੀਤਾਂ ਦੀ ਭਾਸ਼ਾ ਬੜੀ ਸਰਲ ਹੁੰਦੀ ਹੈ ਜਿਸ ਨੂੰ ਹਰ ਵਿਅਕਤੀ ਭਾਵੇਂ ਉਹ ਪੜਿਆ-ਲਿਖਿਆ ਹੈ, ਭਾਵੇਂ ਅਨਪੜ ਆਸਾਨੀ ਨਾਲ ਸਮਝ ਸਕਦਾ ਅਤੇ ਗਾ ਸਕਦਾ ਹੈ। ਇਨਾਂ ਦੇ ਵਿਸ਼ੇ ਰੋਜ਼ਾਨਾ ਜੀਵਨ ਦੇ ਕੰਮ-ਧੰਦੇ ਹੁੰਦੇ ਹਨ, ਜਿਵੇਂ ਖੇਤਾਂ ਵਿਚ ਹਲ ਚਲਾਉਣਾ, ਖ਼ੂਹ ਤੋਂ ਪਾਣੀ ਭਰਨਾ, ਖੇਤੀਬਾੜੀ, ਫ਼ਸਲਾਂ ਦਾ ਪੱਕਣਾ-ਬੀਜਣਾ ਤੇ ਕੱਟਣਾ, ਸੂਰਬੀਰਾਂ, ਧਾਰਮਿਕ ਵਿਅਕਤੀਆਂ, ਦਾਨੀਆਂ, ਡਾਕੂਆਂ ਅਤੇ ਅਨੇਕ ਰੁੱਤਾਂ ਸੰਬੰਧੀ ਗੀਤ। ਇਹ ਗੀਤ ਤਾਲ ਨਾਲ ਜਾਂ ਬਿਨਾਂ ਤਾਲ ਦੇ ਵੀ ਗਾਏ ਜਾਂਦੇ ਹਨ। ਇਨਾਂ ਨੂੰ ਇਕੱਲਾ ਵਿਅਕਤੀ, ਦੋ ਵਿਅਕਤੀ ਜਾਂ ਸਮੂਹਿਕ ਰੂਪ ਵਿਚ ਵੀ ਗਾਇਆ ਜਾਂਦਾ ਹੈ। ਇਹ ਗੀਤ ਖ਼ੁਸ਼ੀ ਅਤੇ ਸੋਗ ਦੋਨੋਂ ਅਵਸਰਾਂ ਨਾਲ ਸਬੰਧਤ ਹੁੰਦੇ ਹਨ।

ਲੋਕ ਵਾਦਨ : ਲੋਕ ਗੀਤਾਂ ਵਿਚ ਵੱਖ-ਵੱਖ ਧੁਨਾਂ ਦਾ ਵਾਦਨ ਵੀ ਵਿਅਕਤੀਗਤ ਜਾਂ ਸਮੂਹਿਕ ਰੂਪ ਵਿਚ ਹੁੰਦਾ ਹੈ। ਇਹ ਧੁਨਾਂ ਵੱਖ-ਵੱਖ ਲੋਕ-ਸਾਜ਼ਾਂ ਨਾਲ ਵਜਾਈਆਂ ਜਾਂਦੀਆਂ ਹਨ। ਪੰਜਾਬ ਦੇ ਲੋਕ ਸਾਜ਼ਾਂ ਵਿਚ ਢੋਲ, ਢੋਲਕ, ਡੱਫ, ਨਗਾਰਾ, ਢੱਡ, ਖੰਜਰੀ, ਚਿਮਟਾ, ਮਜੀਰੇ, ਘੁੰਗਰੂ, ਸਾਰੰਗੀ, ਘੜਾ ਆਦਿ ਸ਼ਾਮਿਲ ਹਨ ਜਿਨਾਂ ਦਾ ਪ੍ਰਯੋਗ ਢੁਕਵੇਂ ਮੌਕਿਆਂ ਅਨੁਸਾਰ ਕੀਤਾ ਜਾਂਦਾ ਹੈ।

ਲੋਕ ਨਾਚ : ਲੋਕ ਨਾਚ ਆਮ ਤੌਰ 'ਤੇ ਖ਼ੁਸ਼ੀ ਦੇ ਮੌਕਿਆਂ 'ਤੇ ਹੁੰਦੇ ਹਨ। ਆਪਣੇ ਕੰਮ ਵਿਚ ਸਫਲਤਾ, ਹਰੀ ਭਰੀ ਫ਼ਸਲ, ਫ਼ਸਲ ਦੀ ਕਟਾਈ, ਘਰ ਵਿਚ ਬੱਚੇ ਦਾ ਜਨਮ ਆਦਿ ਅਵਸਰਾਂ 'ਤੇ ਇਨਸਾਨ ਆਪਣੇ ਆਪ ਨੂੰ ਭੁੱਲ ਜਾਂਦਾ ਹੈ, ਉਹ ਉੱਛਲਦਾ, ਟੱਪਦਾ ਗਾਉਂਦਾ ਅਤੇ ਨੱਚਦਾ ਹੈ। ਖ਼ੁਸ਼ੀ ਦੇ ਅਜਿਹੇ ਸੁਭਾਵਿਕ ਪ੍ਰਗਟਾਅ ਲੋਕ ਨਾਚ ਕਹਾਉਂਦੇ ਹਨ। ਲੋਕ ਨਾਚ ਲਈ ਕਿਸੇ ਵੀ ਤਰਾਂ ਦੇ ਵਿਸ਼ੇਸ਼ ਵਸਤਰ, ਗਹਿਣੇ, ਚਮਕ-ਦਮਕ ਜਾਂ ਹਾਰ-ਸ਼ਿੰਗਾਰ ਦੀ ਜ਼ਰੂਰਤ ਨਹੀਂ ਹੁੰਦੀ। ਇਹ ਤਾਂ ਮਨੁੱਖ ਦੀ ਖ਼ੁਸ਼ੀ ਦਾ ਆਪ-ਮੁਹਾਰਾ ਪ੍ਰਗਟਾਵਾ ਹੁੰਦੇ ਹਨ।

ਗੁਜਰਾਤ ਦਾ 'ਗਰਬਾ', ਮਹਾਰਾਸ਼ਟਰ ਦਾ 'ਲਵਣੀ' ਅਤੇ ਪੰਜਾਬ ਦਾ ਭੰਗੜਾ, ਗਿੱਧਾ, ਕਿੱਕਲੀ, ਲੁੱਡੀ ਆਦਿ ਲੋਕ ਨਾਚਾਂ ਦੇ ਨਮੂਨੇ ਹਨ। ਇਹ ਲੋਕ ਨਾਚ ਵਿਅਕਤੀਗਤ ਅਤੇ ਸਮੂਹਿਕ ਵੀ ਹੁੰਦੇ ਹਨ। ਇਨਾਂ ਦੀ ਵਰਤੋਂ ਗੀਤਾਂ ਦੇ ਨਾਲ ਜਾਂ ਗੀਤਾਂ ਤੋਂ ਬਿਨਾਂ ਵੀ ਕੀਤੀ ਜਾਂਦੀ ਹੈ। ਲੋਕ ਸਾਜ਼ਾਂ ਦੀ ਸੰਗਤ ਵਿਚ ਇਹ ਲੋਕ ਨਾਚ ਖ਼ੁਸ਼ੀ ਨੂੰ ਦੂਣਾ ਕਰ ਦਿੰਦੇ ਹਨ। ਅਸਲ ਵਿਚ ਲੋਕ ਗਾਇਨ, ਵਾਦਨ ਅਤੇ ਨਾਚ ਮਨੁੱਖੀ ਭਾਵਨਾਵਾਂ ਦਾ ਸਹਿਜ ਅਤੇ ਸਰਲ ਪ੍ਰਗਟਾਵਾ ਹਨ।

ਪੰਜਾਬੀ ਲੋਕ ਸੰਗੀਤ : ਪੰਜਾਬੀ ਪੇਂਡੂ ਜੀਵਨ ਦਾ ਹਰ ਰਾਹ ਅਤੇ ਹਰ ਕਾਰਜ ਲੋਕ ਗੀਤਾਂ ਵਿਚੋਂ ਹੀ ਹੋ ਕੇ ਲੰਘਦਾ ਹੈ। ਮੁੰਡਾ ਜੰਮਣ ਦੇ ਗੀਤ, ਬੱਚੇ ਨੂੰ ਸੁਆਉਣ ਦੇ ਗੀਤ, ਖੇਡਣ ਦੇ ਗੀਤ, ਪੀਂਘਾਂ ਝੂਟਣ ਦੇ ਗੀਤ, ਪਾਣੀ ਭਰਨ ਦੇ ਗੀਤ, ਬੀਜਣ ਦੇ ਗੀਤ, ਫ਼ਸਲ ਕੱਟਣ ਦੇ ਗੀਤ, ਮੰਗਣੇ ਦੇ ਗੀਤ, ਵਿਆਹ ਦੇ ਗੀਤ, ਨੂੰਹ, ਸੱਸ, ਨਣਦ, ਭਰਜਾਈ ਦੇ ਗੀਤ, ਰੁੱਤਾਂ ਦੇ ਗੀਤ, ਹੀਰ ਰਾਂਝਾ, ਸੱਸੀ ਪੁੰਨੂ ਮਿਰਜ਼ਾ ਸਾਹਿਬਾਂ ਅਤੇ ਸੋਹਣੀ ਮਹੀਵਾਲ ਦੀਆਂ ਪ੍ਰੀਤਾਂ ਦੇ ਗੀਤ, ਪੰਜਾਬੀ ਲੋਕ ਗੀਤਾਂ ਦੀ ਅਥਾਹ ਸਮੱਗਰੀ ਦੇ ਸੋਮੇ ਹਨ। ਇਹੀ ਨਹੀਂ ਹਰ ਰੁੱਤ ਆਪਣੇ ਨਾਲ ਮੌਸਮੀ ਮੇਲੇ ਅਤੇ ਤਿਉਹਾਰ ਲਿਆਉਂਦੀ ਹੈ। ਪੰਜਾਬ ਵਿਚ ਹਰ ਮੇਲਾ ਅਤੇ ਤਿਉਹਾਰ ਨੱਚਦਾ ਉਤੇ ਗਾਉਂਦਾ ਹੋਇਆ ਆਉਂਦਾ ਹੈ ਅਤੇ ਇਥੋਂ ਦੇ ਵਸਨੀਕਾਂ ਨੂੰ ਖ਼ੁਸ਼ੀਆਂ ਦੇ ਭੰਡਾਰ ਵੰਡਦਾ ਤੁਰ ਜਾਂਦਾ ਹੈ। ਹਰੇਕ ਮੇਲੇ, ਤਿਉਹਾਰ ਅਤੇ ਸ਼ੁੱਭ ਅਵਸਰ ਤੇ ਨੱਚਣਾ ਗਾਉਣਾ ਜ਼ਰੂਰ ਹੁੰਦਾ ਹੈ। ਪੰਜਾਬੀਆਂ ਦੇ ਜੀਵਨ ਦਾ ਹਰ ਮਹੀਨਾ, ਹਰ ਰੁੱਤ, ਹਰ ਦਿਨ, ਹਰ ਘੜੀ, ਹਰ ਫ਼ਸਲ, ਪੇੜ ਪੌਦੇ, ਪੰਛੀ ਅਤੇ ਜਾਨਵਰ ਉਨਾਂ ਨੂੰ ਖ਼ੁਸ਼ੀ ਦਿੰਦੇ ਹਨ ਅਤੇ ਖ਼ੁਸ਼ੀ ਦਾ ਪ੍ਰਗਟਾਵਾ ਇਥੋਂ ਦਾ ਹਰ ਬੱਚਾ, ਬੁੱਢਾ, ਗੱਭਰੂ, ਜਾਂ ਮੁਟਿਆਰ ਬੋਲੀਆਂ, ਟੱਪੇ, ਮਾਹੀਆ, ਘੋੜੀਆਂ, ਸੁਹਾਗ, ਛੰਦ, ਸਿੱਠਣੀਆਂ ਰਾਹੀਂ ਕਰਦਾ ਹੈ। ਇਥੋਂ ਤੱਕ ਕਿ ਹਰਖ ਅਤੇ ਸੋਗ ਦਾ ਪ੍ਰਗਟਾਵਾ ਵੀ ਉਹ ਅਲਾਹੁਣੀਆਂ ਕੀਰਨੇ ਅਤੇ ਵੈਣਾਂ ਰਾਹੀਂ ਕਰਦਾ ਹੈ। ਇਸੇ ਕਾਰਨ ਪੰਜਾਬ ਨੂੰ ਸਦਾ ਨੱਚਦਾ ਤੇ ਗਾਉਂਦਾ ਪੰਜਾਬ ਕਿਹਾ ਜਾਂਦਾ ਹੈ।

Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਨਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# ਲੋੜ ਤੋਂ ਜ਼ਿਆਦਾ ਸੋਚਣ ਦੀ ਸਮੱਸਿਆ ਤੇ ਇਸਦਾ ਹੱਲ

**ਰਾਜਿੰਦਰ ਸਿਵੀਆ**



ਸੋਚਣਾ ਕੋਈ ਸਮੱਸਿਆ ਨਹੀਂ ਬਲਕਿ ਮਨੁੱਖ ਪਸ਼ੂਆਂ ਨਾਲੋਂ ਵੱਖ ਹੀ ਇਸ ਕਰਕੇ ਹੈ ਕਿ ਉਹ ਸੋਚਦਾ ਹੈ, ਪਰ ਲੋੜ ਤੋਂ ਜ਼ਿਆਦਾ ਸੋਚਣਾ ਇੱਕ ਗੰਭੀਰ ਬਿਮਾਰੀ ਹੈ ਤੇ ਜ਼ਿੰਦਗੀ ਵਿਚ ਖੁਸ਼ ਰਹਿਣ ਲਈ ਇਸਦਾ ਜਲਦੀ ਇਲਾਜ ਕਰ ਲੈਣਾ ਚਾਹੀਦਾ। ਮੈਂ ਖੁਦ ਇਸ ਬਿਮਾਰੀ ਦਾ ਮਰੀਜ਼ ਰਿਹਾ ਹਾਂ, ਹੁਣ ਬਹੁਤ ਹੱਦ ਤੱਕ ਠੀਕ ਹਾਲਤ ਵਿਚ ਹਾਂ। ਲੋੜ ਤੋਂ ਜ਼ਿਆਦਾ ਸੋਚਣ ਵਾਲਾ ਮਨੁੱਖ ਵਰਤਮਾਨ ਵਿਚ ਨਹੀਂ ਜਿਉਂਦਾ ਤੇ ਹਮੇਸ਼ਾ ਆਪਣੇ ਬੀਤੇ ਹੋਏ ਤੇ ਆਉਣ ਵਾਲੇ ਕੱਲ ਬਾਰੇ ਹੀ ਸੋਚਦਾ ਰਹਿੰਦਾ। ਦੋਸਤੋ ਮਨੁੱਖ ਦੇ 100 'ਚੋਂ 90 ਡਰ ਬਿਲਕੁਲ ਨਿਰ-ਅਧਾਰ ਹੁੰਦੇ ਹਨ ਜੋ ਜ਼ਿੰਦਗੀ ਵਿਚ ਕਦੇ ਵੀ ਸਾਡੇ ਨਾਲ ਨਹੀਂ ਵਾਪਰਦੇ ਪਰ ਉਨਾਂ ਨੂੰ ਸੋਚ ਸੋਚ ਕੇ ਅਸੀਂ ਆਪਣੇ 10 ਡਰਾਂ ਦਾ ਸਾਹਮਣਾ ਵੀ ਨਹੀਂ ਕਰ ਪਾਉਂਦੇ ਤੇ ਸਿੱਟਾ ਇਹ ਹੁੰਦਾ ਕਿ ਮਨੁੱਖ ਖੁਸ਼ੀ ਜਾਂ ਉਤਸ਼ਾਹ ਤੋਂ ਬਹੁਤ ਦੂਰ ਚਲੇ ਜਾਂਦੇ ਹਨ ਤੇ ਜ਼ਿੰਦਗੀ ਜਿਉਣੀ ਛੱਡ ਕੇ ਲੰਘਾਉਣ ਲੱਗ ਜਾਂਦੇ ਹਨ।

ਦੋਸਤੋ, ਮੈਨੂੰ ਪਤਾ ਹੈ ਕਿ ਕਿਸੇ ਮਾਨਸਿਕ ਸਮੱਸਿਆ ਵਿਚ ਉਲਝੇ ਹੋਏ ਇਨਸਾਨ ਨੂੰ ਇਹ ਕਹਿਣਾ ਕਿ 'ਜ਼ਿੰਦਗੀ ਇਕ ਵਾਰ ਮਿਲਦੀ ਆ, ਜ਼ਿਆਦਾ ਸੋਚਿਆ ਨਾ ਕਰ ਤੇ ਜ਼ਿੰਦਗੀ ਵਧੀਆ ਤਰੀਕੇ ਨਾਲ ਜਿਊ'। ਬਿਲਕੁਲ ਵੀ ਕਿਸੇ ਕੰਮ ਆਉਣ ਵਾਲੀ ਸਲਾਹ ਨਹੀਂ ਹੈ ਕਿਉਂਕਿ ਇਹ ਗੱਲ ਹਰੇਕ ਨੂੰ ਪਤਾ ਹੁੰਦੀ ਹੈ ਪਰ ਜ਼ਿੰਦਗੀ ਵਿਚ ਲਾਗੂ ਨਹੀਂ ਕਰ ਪਾਉਂਦੇ, ਅਸਲ ਸਮੱਸਿਆ ਇਹ ਹੈ। ਇਸ ਸਬੰਧ ਵਿਚ ਮੇਰੇ ਵੱਲੋਂ ਪਹਿਲੀ ਸਲਾਹ ਤਾਂ ਇਹ ਕਿ ਆਪਣੀ ਰੁਚੀ ਮੁਤਾਬਕ ਆਪਣਾ ਪੇਸ਼ਾ ਚੁਣੋ ਜਾਂ ਆਪਣੇ ਪੇਸ਼ੇ ਨੂੰ ਆਪਣੀ ਰੁਚੀ ਬਣਾ ਲਓ। ਕੋਈ ਕੀ ਸੋਚਦਾ ਇਸ ਬਾਰੇ ਕੁਝ ਵੀ ਨਾ ਸੋਚੋ, ਜੇ ਕੁਝ ਆਰਥਿਕ ਨੁਕਸਾਨ ਵੀ ਹੁੰਦਾ ਤਾਂ ਝੱਲ ਲਵੋ, ਵਰਤਮਾਨ ਵਿਚ ਰਹਿਣ ਦੀ ਪ੍ਰੈਕਟਿਸ ਕਰੋ ਜਦੋਂ ਤੱਕ ਇਹ ਆਦਤ ਨਾ ਬਣ ਜਾਵੇ। ਦੋਸਤੋ, ਡਾਕਟਰੀ ਵਿਗਿਆਨ ਸਾਨੂੰ ਦੱਸਦਾ ਹੈ ਕਿ ਸਾਡਾ ਦਿਮਾਗ ਸਮੱਸਿਆਵਾਂ ਨੂੰ ਹੱਲ ਕਰਨ ਦੀ ਮਸ਼ੀਨ ਹੈ ਤੇ ਜਿੰਨਾਂ ਚਿਰ ਦਿਮਾਗ ਕਿਸੇ ਸਮੱਸਿਆ ਦਾ ਹੱਲ ਨਾ ਕਰੇ ਉਨਾ ਚਿਰ ਇਹ ਆਪਣੇ ਕੰਮ 'ਤੇ ਲੱਗਿਆ ਰਹਿੰਦਾ। ਸਾਨੂੰ ਲਗਦਾ ਅਸੀਂ ਆਹ ਭੁਲਾ ਦਿੱਤਾ, ਅਸੀਂ ਉਹ ਭੁਲਾ ਦਿੱਤਾ ਪਰ ਸਾਡਾ ਦਿਮਾਗ ਉਨਾ ਚਿਰ ਕਿਸੇ ਗੱਲ ਨੂੰ ਨਹੀਂ ਭੁਲਾਉਂਦਾ ਜਿੰਨਾ ਚਿਰ ਉਸਨੂੰ ਕੋਈ ਠੋਸ ਕਾਰਨ ਨਾ ਮਿਲੇ। ਕਿਸੇ ਗੱਲ ਨੂੰ ਭੁਲਾਉਣ ਲਈ, ਇਸੇ ਲਈ ਮੇਰੀ ਦੂਸਰੀ ਤੇ ਮਹੱਤਵਪੂਰਨ ਸਲਾਹ ਕਿ ਬੀਤੇ ਵਿਚ ਆਪਣੇ ਵੱਲੋਂ ਹੋਈਆਂ ਗ਼ਲਤੀਆਂ ਲਈ ਖ਼ੁਦ ਨੂੰ ਮਾਫ ਕਰ ਦਿਓ ਤੇ ਕਿਸੇ ਹੋਰ ਦੀ ਗਲਤੀ ਕਾਰਨ ਤੁਹਾਨੂੰ ਮਿਲੀਆਂ ਤਕਲੀਫ਼ਾਂ ਕਾਰਨ ਉਸ ਪ੍ਰਤੀ ਨਕਾਰਾਤਮਕ ਸੋਚ ਛੱਡ ਕੇ ਉਸਨੂੰ ਵੀ ਮਾਫ਼ ਕਰ ਦਿਓ ਫੇਰ ਮਹਿਸੂਸ ਹੁੰਦਾ ਇੱਕ ਆਨੰਦ। ਕਸਰਤ ਤੇ ਯੋਗਾ ਕਰਨ ਨਾਲ ਵੀ ਕਾਫ਼ੀ ਮਾਨਸਿਕ ਸਮੱਸਿਆਵਾਂ ਠੀਕ ਹੁੰਦੀਆਂ। ਪਰ ਇਹ ਗੱਲਾਂ ਇੱਕ ਵਾਰ ਪੜ ਕੇ ਹੀ ਲਾਗੂ ਨਹੀਂ ਹੋ ਜਾਂਦੀਆਂ ਇਸ ਲਈ ਸਾਨੂੰ ਲਗਾਤਾਰ ਪ੍ਰੈਕਟਿਸ ਕਰਨੀ ਚਾਹੀਦੀ ਹੈ।




# ਨੇੜਿਓਂ ਤੱਕੀ ਮੌਤ






ਕਈ ਸਾਲ ਪਹਿਲਾਂ ਦੀ ਗੱਲ ਹੈ, ਮੈਨੂੰ ਕਈ ਦਿਨ ਬੁਖਾਰ ਚੜਦਾ ਰਿਹਾ, ਸਾਰੇ ਟੈਸਟ ਕਰਵਾਏ, ਡਾਕਟਰ ਤੋਂ ਦਵਾਈ ਵੀ ਲਈ, ਪਰ ਮਾਸਾ ਵੀ ਫਰਕ ਨਾ ਪਿਆ। ਇਕ ਦਿਨ ਮੇਰੀ ਬਹੁਤ ਬੁਰੀ ਹਾਲਤ ਸੀ, ਫਿਰ ਵੀ ਡਿੱਗਦੀ ਢਹਿੰਦੀ ਨੇ ਬੱਚਿਆਂ ਨੂੰ ਸਕੂਲ ਤੋਰਿਆ, ਪਤੀ ਵੀ ਕੰਮ 'ਤੇ ਚਲੇ ਗਏ। ਮੇਰੀ ਹਾਲਤ ਬਹੁਤ ਖਰਾਬ ਹੋ ਗਈ, ਘਰ ਮੇਰੇ ਤੋਂ ਬਿਨਾਂ ਹੋਰ ਕੋਈ ਨਹੀਂ ਸੀ। ਮੈਂ ਬੈਡ 'ਤੇ ਲੇਟ ਗਈ। ਮੈਨੂੰ ਇੰਜ ਲੱਗਾ ਮੇਰੀ ਜਾਨ ਨਿਕਲ ਚੱਲੀ ਹੈ, ਮੈਂ ਮਨ ਵਿਚ ਕਿਹਾ ਸਿਆਣੇ ਕਹਿੰਦੇ ਹੁੰਦੇ ਇਨਸਾਨ ਦੀ ਜਾਨ ਲੱਤਾਂ ਰਾਹੀਂ ਨਿਕਲਦੀ ਹੈ, ਹੁਣ ਮੈਂ ਖਤਮ ਹੋ ਚਲੀ ਹਾਂ। ਮੈਂ ਅੰਦਰਲੇ ਦਰਵਾਜ਼ੇ ਵੱਲ ਦੇਖਿਆ ਤੇ ਕਿਹਾ, 'ਦਰਵਾਜ਼ਾ ਖੁੱਲਾ ਹੈ, ਆਪੇ ਜਦੋਂ ਕੋਈ ਘਰ ਆਊ, ਗੇਟ ਟੱਪ ਕੇ ਅੰਦਰ ਆ ਕੇ ਦੇਖ ਲੈਣਗੇ।'

ਇੰਨੇ ਨੂੰ ਕੀ ਹੋਇਆ, ਮੈਂ ਨਾ ਤਾਂ ਜਾਗਦੀ ਸੀ, ਨਾ ਸੁੱਤੀ ਸੀ, ਮੈਨੂੰ ਇੰਜ ਦਿਸਿਆ, ਤਿੰਨ ਅਜੀਬ ਕਿਸਮ ਦੇ ਬੁੱਤ ਸਨ, ਵੱਖਰੇ ਰੰਗ ਹਰਾ, ਕਾਲਾ ਅਤੇ ਲਾਲ, ਮੋਟੇ ਤੇ ਮਧਰੇ ਕੱਦ ਦੇ। ਇਕ ਨੇ ਮੇਰਾ ਗਲਾ ਦੱਬਿਆ, ਦੂਸਰਾ ਮੇਰੇ ਉਪਰ ਬੈਠਾ ਸੀ ਤੇ ਤੀਸਰਾ ਮੇਰੀਆਂ ਲੱਤਾਂ ਖਿੱਚ ਰਿਹਾ ਸੀ। ਫਿਰ ਮੈਨੂੰ ਇੰਜ ਦਿਸਿਆ ਮੈਂ ਗੁਰਦੁਆਰੇ ਹਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਕੋਲ਼ੋਂ ਅਵਾਜ਼ ਆਈ, ਬਾਹਰ ਨਿਕਲੋ, ਉਹ ਤਿੰਨੇ ਬੁੱਤ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਖੜੇ ਹੋ ਗਏ। ਇਕ ਜ਼ਬਰਦਸਤ ਫਾਇਰ ਦੀ ਅਵਾਜ਼ ਆਈ, ਉਹ ਪਤਾ ਨਹੀਂ ਕਿਧਰ ਉੱਡ ਗਏ। ਮੈਂ ਇੱਕਦਮ ਹੋਸ਼ ਵਿਚ ਆਈ। ਮੈਂ ਆਪਣੇ ਆਪ ਨੂੰ ਬਿਲਕੁਲ ਤੰਦਰੁਸਤ ਮਹਿਸੂਸ ਕੀਤਾ। ਮੈਂ ਬਹੁਤ ਜ਼ਿਆਦਾ ਹੈਰਾਨ ਸੀ ਇਹ ਮੇਰੇ ਨਾਲ ਕੀ ਹੋਇਆ। ਮੈਂ ਉੱਠੀ ਰਸੋਈ ਵਿਚ ਗਈ, ਸਾਰਾ ਖਲਾਰਾ ਸਾਂਭਿਆ, ਭਾਂਡੇ ਸਾਫ਼ ਕੀਤੇ। ਮੇਰੇ ਖਿਆਲ ਵਿਚ ਵਾਰ ਵਾਰ ਆ ਰਿਹਾ ਸੀ, ਇਹ ਕੋਈ ਚਮਤਕਾਰ ਹੋਇਆ ਹੈ। ਮੈਂ ਘਰ ਨੂੰ ਜਿੰਦਰਾ ਲਾਇਆ, ਚਾਬੀ ਗੁਆਂਢੀਆਂ ਨੂੰ ਫੜਾਈ ਤੇ ਦਰਬਾਰ ਸਾਹਿਬ ਚਲੀ ਗਈ। ਇਸਨਾਨ ਕਰਕੇ ਮੱਥਾ ਟੇਕਿਆ, ਕੀਰਤਨ ਸੁਣਿਆ ਤੇ ਫਿਰ ਲੰਗਰ ਵੱਲ ਚਲੀ ਗਈ, ਲੰਗਰ ਛਕਣ ਤੋਂ ਬਾਅਦ ਭਾਂਡਿਆਂ ਦੀ ਸੇਵਾ ਵਿਚ ਮਗਨ ਹੋ ਗਈ। ਸ਼ਾਮੀਂ ਪੰਜ ਕੁ ਵਜੇ ਵਾਪਸ ਆਈ। ਮੇਰੇ ਭਤੀਜੇ ਨੇ, ਜੋ ਮੇਰੇ ਕੋਲ ਰਹਿੰਦਾ ਸੀ, ਦੱਸਿਆ, ਭੂਆ ਜੀ ਅੱਜ ਸਵੇਰੇ ਆਪਣੇ ਗੁਆਂਢੀਆਂ ਦਾ ਡੈਡੀ ਮਰ ਗਿਆ, ਉਹ ਉਸ ਦਾ ਸੰਸਕਾਰ ਵੀ ਕਰ ਆਏ।

ਮੈਂ ਉਸੇ ਵੇਲੇ ਉਨਾਂ ਦੇ ਘਰ ਅਫਸੋਸ ਕਰਨ ਚਲੀ ਗਈ। ਸਾਰੇ ਕਹਿ ਰਹੇ ਸੀ, ਚੰਗਾ ਭਲਾ ਸੀ, ਮਿੰਟਾਂ ਵਿਚ ਮੌਤ ਹੋ ਗਈ। ਮੈਂ ਬੈਠੀ ਇਹੋ ਸੋਚ ਰਹੀ ਸੀ, ਕਿਤੇ ਇਹਦੇ ਨਾਲ ਉਹੋ ਤਾਂ ਨੀ ਹੋਇਆ। ਜੋ ਮੇਰੇ ਨਾਲ ਹੋਣ ਲੱਗਾ ਸੀ।

ਉਹ ਦਿਨ ਮੈਨੂੰ ਕਦੀ ਨਹੀਂ ਭੁੱਲਦਾ, ਹਮੇਸ਼ਾ ਮੇਰੇ ਦਿਮਾਗ ਵਿਚ ਰਹਿੰਦਾ, ਇਹ ਕੀ ਸੀ ? ਮੈਂ ਆਪਣੀ ਮੌਤ ਨੂੰ ਬਿਲਕੁਲ ਨੇੜਿਓਂ ਤੱਕਿਆ ਹੈ। ਹੁਣ ਮੈਨੂੰ ਮੌਤ ਤੋਂ ਡਰ ਨਹੀਂ ਲੱਗਦਾ। ਪਤਾ ਲੱਗ ਗਿਆ ਜਦੋਂ ਵੀ ਮੌਤ ਆਉਣੀ ਰੱਬ ਨੇ ਹੋਰਨਾਂ ਗੱਲਾਂ ਬਾਤਾਂ ਵਿਚ ਪਾ ਕੇ ਲੈ ਜਾਣਾ। ਕੋਈ ਤਕਲੀਫ਼ ਨਹੀਂ ਹੋਣੀ। ਇਹ ਮੇਰੀ ਹੱਡਬੀਤੀ ਦਾਸਤਾਨ ਹੈ। ਹੋਰ ਵੀ ਕਈਆਂ ਨਾਲ ਅਜਿਹਾ ਕੁਝ ਬੀਤਿਆ ਹੋਵੇਗਾ। ਪਤਾ ਨਹੀਂ ਜੋ ਅਜਿਹੇ ਵਰਤਾਰੇ ਵਰਤਦੇ ਹਨ ਇਹ ਕੀ ਹਨ, ਕੋਈ ਚਮਤਕਾਰ ਹਨ ਜਾਂ ਕੁਝ ਹੋਰ ? ਕਈ ਸਾਲ ਹੋ ਗਏ ਮੈਂ ਅਜੇ ਤੱਕ ਸਮਝ ਨਹੀਂ ਪਾਈ।

**ਬਲਵਿੰਦਰ ਕੌਰ, ਅੰਮ੍ਰਿਤਸਰ**

# ਸਮਾਜ ਦਾ ਵੱਡਾ ਦੁਖਾਂਤ ਮਹਿੰਗੇ ਵਿਆਹ



**ਬਲਰਾਜ ਸਿੰਘ ਸਿੱਧੂ**

ਕੁਝ ਸਾਲ ਪਹਿਲਾਂ ਮੇਰੇ ਇਕ ਦੋਸਤ ਦੇ ਭਰਾ ਦਾ ਵਿਆਹ ਸੀ। ਰਾਸ਼ਟਰੀ ਪੱਧਰ ਦਾ ਖਿਡਾਰੀ ਹੋਣ ਕਾਰਨ ਉਸ ਦਾ ਬੰਗਲੌਰ (ਕਰਨਾਟਕ) ਦੇ ਇਕ ਨਜ਼ਦੀਕੀ ਪਿੰਡ ਦੀ ਖਿਡਾਰਨ ਨਾਲ ਪ੍ਰੇਮ ਵਿਆਹ ਹੋ ਰਿਹਾ ਸੀ। ਬਰਾਤ ਬੰਗਲੌਰ ਦੇ ਹੋਟਲ ਵਿਚ ਠਹਿਰੀ ਹੋਈ ਸੀ ਅਤੇ ਨਿਸ਼ਚਿਤ ਦਿਨ ਲਾਵਾਂ ਲੈਣ ਲਈ ਲਾੜੀ ਦੇ ਪਿੰਡ ਪਹੁੰਚ ਗਈ।

ਸਾਰੇ ਬਰਾਤੀ ਗੱਡੀਆਂ ਤੋਂ ਉਤਰ ਕੇ ਬੈਂਡ-ਵਾਜੇ ਦੀਆਂ ਧੁਨਾਂ 'ਤੇ ਭੰਗੜਾ ਪਾਉਂਦੇ ਹੋਏ ਲਾੜੀ ਦੇ ਘਰ ਵੱਲ ਚੱਲ ਪਏ। ਆਪਣੀ ਆਦਤ ਮੁਤਾਬਕ ਪੰਜਾਬੀ ਲਾੜੇ ਉੱਪਰੋਂ ਨੋਟ ਵਾਰ-ਵਾਰ ਕੇ ਸੁੱਟ ਰਹੇ ਸਨ। ਉਨਾਂ ਨੂੰ ਹੈਰਾਨੀ ਉਦੋਂ ਹੋਈ ਜਦੋਂ ਨਾ ਤਾਂ ਬੈਂਡ ਵਾਲਿਆਂ ਨੇ ਨੋਟ ਚੁੱਕੇ ਤੇ ਨਾ ਹੀ ਪਿੰਡ ਦੇ ਗ਼ਰੀਬ ਨਿਆਣਿਆਂ ਨੇ ਪੈਸੇ ਪਿੱਛੇ ਖੋਹ-ਮਚਾਈ ਕੀਤੀ। ਇਸ ਦੇ ਉਲਟ ਪਿੰਡ ਦੇ ਕੁਝ ਸਿਆਣੇ ਬੰਦੇ ਬਰਾਤ ਦੇ ਪਿੱਛੇ-ਪਿੱਛੇ ਨੋਟ ਇਕੱਠੇ ਕਰਦੇ ਹੋਏ ਤੁਰਨ ਲੱਗੇ। ਜਦੋਂ ਜੰਝ ਦੇ ਸਵਾਗਤ ਸਤਿਕਾਰ ਤੋਂ ਬਾਅਦ ਬਰਾਤੀ ਚਾਹ-ਪਾਣੀ ਪੀਣ ਲੱਗੇ ਤਾਂ ਉਨਾਂ ਬੰਦਿਆਂ ਨੇ ਲੜਕੀ ਦੇ ਪਿਤਾ ਨੂੰ ਇਕ ਪਾਸੇ ਲਿਜਾ ਕੇ ਨਾਲੇ ਤਾਂ ਗੁੱਸੇ ਨਾਲ ਕੁਝ ਕਿਹਾ ਤੇ ਨਾਲੇ ਸਾਰੇ ਨੋਟ ਵਾਪਸ ਕਰ ਦਿੱਤੇ।

ਬਰਾਤੀਆਂ ਨੂੰ ਕੰਨੜ ਭਾਸ਼ਾ ਸਮਝ ਨਹੀਂ ਸੀ ਆਉਂਦੀ, ਉਨਾਂ ਨੇ ਲੜਕੀ ਦੇ ਪਿਤਾ ਤੋਂ ਦਰਿਆਫਤ ਕੀਤੀ ਤਾਂ ਪਤਾ ਲੱਗਾ ਕਿ ਪਿੰਡ ਵਾਲੇ ਇਸ ਤਰਾਂ ਪੈਸੇ ਪੈਰਾਂ ਵਿਚ ਸੁੱਟਣ ਦਾ ਬੁਰਾ ਮਨਾ ਰਹੇ ਸਨ। ਲੜਕੀ ਦੇ ਪਿਤਾ ਨੇ ਬਰਾਤੀਆਂ ਨੂੰ ਸਮਝਾਇਆ ਕਿ ਸਾਡੇ ਪਾਸੇ ਇਸ ਤਰਾਂ ਪੈਸੇ ਨਹੀਂ ਸੁੱਟੇ ਜਾਂਦੇ, ਕਿਉਂਕਿ ਅਸੀਂ ਪੈਸੇ ਨੂੰ ਲਕਸ਼ਮੀ ਦੇਵੀ ਸਮਝਦੇ ਹਾਂ ਅਤੇ ਇਸ ਦਾ ਸਤਿਕਾਰ ਕਰਦੇ ਹਾਂ। ਇਸ ਤਰਾਂ ਦੇ ਬਿਨਾਂ ਮਤਲਬ ਵਧਾਏ ਗਏ ਖ਼ਰਚਿਆਂ ਨੇ ਸਾਧਾਰਨ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਅਜਿਹੀਆਂ ਅਨੇਕਾਂ ਫ਼ਜ਼ੂਲ ਰਸਮਾਂ ਹਨ ਜਿਨਾਂ ਤੋਂ ਬਗੈਰ ਵੀ ਵਿਆਹ ਵਧੀਆ ਤਰੀਕੇ ਨਾਲ ਹੋ ਸਕਦਾ ਹੈ। ਪਰ ਅਮੀਰਾਂ ਵੱਲ ਵੇਖ ਕੇ ਗ਼ਰੀਬ ਵੀ ਅੱਡੀਆਂ ਚੁੱਕ ਕੇ ਫਾਹਾ ਲੈ ਰਹੇ ਹਨ। ਪੰਜਾਬ ਦੇ ਇਕ ਖ਼ਾਸ ਵਰਗ ਦੇ ਵਿਆਹਾਂ ਵਿਚ ਸਿੱਧੀ ਸੌਦੇਬਾਜ਼ੀ ਹੁੰਦੀ ਹੈ। ਬੜੀ ਸ਼ਾਨ ਨਾਲ ਦੱਸਿਆ ਜਾਂਦਾ ਹੈ ਕਿ ਸਾਡੇ ਲੜਕੇ ਦਾ ਸੌਦਾ ਐਨੇ ਲੱਖ ਵਿਚ ਹੋਇਆ ਹੈ।

ਵੇਖਾ-ਵੇਖੀ ਬਾਕੀ ਕੌਮਾਂ ਵੀ ਇਸੇ ਤਰਾਂ ਕਰਨ ਲੱਗ ਪਈਆਂ ਹਨ। ਕਈ ਵਾਰ ਤਾਂ ਦੁਖੀ ਹੋਏ ਲੜਕੀ ਵਾਲੇ ਲੜਕੇ ਵਾਲਿਆਂ ਨੂੰ ਕਹਿ ਦਿੰਦੇ ਹਨ ਕਿ ਐਨੇ ਲੱਖ ਹੋਰ ਲੈ ਲਓ ਤੇ ਮੈਰਿਜ ਪੈਲੇਸ ਅਤੇ ਖਾਣਾ ਵੀ ਆਪਣੀ ਮਰਜ਼ੀ ਦਾ ਕਰ ਲਓ, ਅਸੀਂ ਤਾਂ 'ਕੱਲੀ ਕੁੜੀ ਲੈ ਕੇ ਆਵਾਂਗੇ। ਪਹਿਲਾਂ ਸ਼ਗਨ ਤੇ ਵਿਆਹ, ਦੋ ਹੀ ਰਸਮਾਂ ਹੁੰਦੀਆਂ ਸਨ ਪਰ ਹੁਣ ਵੱਡਿਆਂ ਦੀ ਰੀਸੇ ਪਹਿਲਾਂ ਸ਼ਗਨ, ਫਿਰ ਲੇਡੀਜ਼ ਸੰਗੀਤ, ਫਿਰ ਵਿਆਹ ਤੇ ਫਿਰ ਰਿਸੈਪਸ਼ਨ ਹੁੰਦੀ ਹੈ। ਸੌ-ਡੇਢ ਸੌ ਬੰਦਾ ਲੜਕੀ ਨੂੰ ਸ਼ਗਨ ਪਾਉਣ ਜਾਂਦਾ ਹੈ ਅਤੇ ਇੰਨੇ ਹੀ ਬੰਦੇ ਲੜਕੇ ਨੂੰ।

ਹਰੇਕ ਫੰਕਸ਼ਨ 'ਤੇ ਵਿਆਹ ਜਿੰਨਾ ਖ਼ਰਚਾ ਆ ਜਾਂਦਾ ਹੈ। ਵਿਆਹ ਵਾਲਾ ਲੜਕਾ ਤੇ ਲੜਕੀ ਵੀ ਰੱਜ ਕੇ ਫ਼ਜ਼ੂਲ ਦੀ ਖ਼ਰੀਦਦਾਰੀ ਕਰਦੇ ਹਨ। ਅਜਿਹੇ ਕੱਪੜਿਆਂ 'ਤੇ ਹਜ਼ਾਰਾਂ ਰੁਪਏ ਫੂਕ ਦਿੱਤੇ ਜਾਂਦੇ ਹਨ ਜਿਹੜੇ ਵਿਆਹ ਤੋਂ ਬਗੈਰ ਕਿਤੇ ਪਾਏ ਹੀ ਨਹੀਂ ਜਾ ਸਕਦੇ। ਕਦੇ ਕਿਸੇ ਨੇ ਆਪਣੇ ਵਿਆਹ ਤੋਂ ਬਾਅਦ ਗੋਟੇ ਕਿਨਾਰੀ ਵਾਲੀ ਸ਼ੇਰਵਾਨੀ, ਅਚਕਨ ਜਾਂ ਭਾਰੀ ਲਹਿੰਗਾ ਪਹਿਨਿਆ ਹੈ ? ਅਜਿਹੇ ਕੱਪੜੇ ਬਾਜ਼ਾਰ ਵਿਚ ਕਿਰਾਏ 'ਤੇ ਆਰਾਮ ਨਾਲ ਮਿਲ ਜਾਂਦੇ ਹਨ, 10% ਵੀ ਖ਼ਰਚਾ ਨਹੀਂ ਆਉਂਦਾ।



ਡੋਲੀ ਸਾਧਾਰਨ ਕਾਰ ਵਿਚ ਵੀ ਆ ਸਕਦੀ ਹੈ, ਲੜਕੀ ਕਿਤੇ ਬੈਠਣ ਤੋਂ ਇਨਕਾਰ ਤਾਂ ਨਹੀਂ ਕਰਨ ਲੱਗੀ ਪਰ ਲਾੜਾ ਸਾਹਿਬ ਪਿਉ ਦੇ ਗਲ਼ 'ਗੂਠਾ ਦੇ ਕੇ ਲਿਮੋਜ਼ਿਨ ਵਿਚ ਜਾਂਦੇ ਹਨ। ਕਈ ਸੂਰਮੇ ਤਾਂ ਹੈਲੀਕਾਪਟਰ 'ਤੇ ਡੋਲੀ ਲੈ ਕੇ ਆਉਂਦੇ ਹਨ। ਮੈਰਿਜ ਪੈਲੇਸ, ਖਾਣਾ, ਕੈਟਰਿੰਗ, ਸ਼ਰਾਬ, ਡੀਜੇ, ਸਿੰਗਰ, ਡੈਕੋਰੇਸ਼ਨ ਅਤੇ ਫੋਟੋਗ੍ਰਾਫਰ ਆਦਿ 15 ਤੋਂ 20 ਲੱਖ ਵਿਚ ਪੈਂਦੇ ਹਨ। ਅੱਜ-ਕੱਲ ਮਾਲਵੇ ਵੱਲ ਇਕ ਨਵਾਂ ਰਿਵਾਜ਼ ਚੱਲਿਆ ਹੈ। ਲੋਕ ਲੜਕੀ ਨੂੰ ਪਹਿਲੀ ਲੋਹੜੀ ਪਾਉਣ ਲਈ ਪੈਲੇਸ ਬੁੱਕ ਕਰ ਕੇ ਫੰਕਸ਼ਨ ਕਰਨ ਲੱਗ ਪਏ ਹਨ। ਆਪਾਂ ਹਰ ਗੱਲ 'ਤੇ ਸਰਕਾਰਾਂ ਨੂੰ ਕੋਸਦੇ ਹਾਂ, ਹੁਣ ਕੀ ਇਹ 2-4 ਲੱਖ ਫੂਕਣ ਲਈ ਸਰਕਾਰ ਨੇ ਕਿਹਾ ਹੈ ? ਸਭ ਤੋਂ ਜ਼ਿਆਦਾ ਫ਼ਜ਼ੂਲਖ਼ਰਚੀ ਖਾਣੇ 'ਤੇ ਕੀਤੀ ਜਾ ਰਹੀ ਹੈ। ਆਪਾਂ ਸੈਂਕੜੇ ਵਿਆਹ ਵੇਖੇ ਹੋਣਗੇ, ਕਿਸੇ ਨੂੰ ਯਾਦ ਹੈ ਕਿਸ ਵਿਆਹ ਵਿਚ ਕੀ ਖਾਧਾ ਸੀ ? ਵਿਆਹਾਂ ਵਿਚ ਅੱਠ-ਦਸ ਡਿਸ਼ਾਂ ਨਾਲ ਵੀ ਸਰ ਸਕਦਾ ਹੈ ਪਰ ਫੋਕੀ ਸ਼ਾਨ ਵਿਖਾਉਣ ਲਈ ਪੰਜਾਹ-ਪੰਜਾਹ ਡਿਸ਼ਾਂ ਤਿਆਰ ਕੀਤੀਆਂ ਜਾਂਦੀਆਂ ਹਨ।

ਦੱਖਣੀ, ਗੁਜਰਾਤੀ, ਚਾਈਨੀਜ਼, ਕਾਂਟੀਨੈਂਟਲ ਅਤੇ ਇਟਾਲੀਅਨ ਖਾਣਿਆਂ ਦੇ ਸਟਾਲ ਬੇਵਜਾ ਲਾਏ ਜਾਂਦੇ ਹਨ। ਆਮ ਲੋਕਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਇਹ ਖਾਣੇ ਕਿਸ ਤਰਾਂ ਹਨ। ਸਾਗ-ਰੋਟੀ ਵਾਲੇ ਸਟਾਲ ਵਾਲੇ ਪਾਸੇ ਕੋਈ ਮੂੰਹ ਨਹੀਂ ਕਰਦਾ। ਅਗਲਾ ਸੋਚਦਾ ਹੈ ਕਿ ਇੱਥੇ ਸਾਗ ਖਾਣ ਥੋੜਾ ਆਏ ਹਾਂ ? ਜਨਤਾ ਫਿਸ਼, ਮਟਨ ਤੇ ਚਿਕਨ ਨੂੰ ਹੀ ਗੇੜਾ ਦਿੰਦੀ ਹੈ।

ਬਾਕੀ ਸਾਰੇ ਸਟਾਲਾਂ ਦਾ ਸਾਮਾਨ ਆਖ਼ਰ ਸੁੱਟਣਾ ਪੈਂਦਾ ਹੈ। ਖਾਣੇ ਦੀ ਰੱਜ ਕੇ ਬਰਬਾਦੀ ਕੀਤੀ ਜਾਂਦੀ ਹੈ। ਜਿਹੜਾ ਸੌ ਗ੍ਰਾਮ ਨਹੀਂ ਖਾ ਸਕਦਾ, ਉਹ ਕਿੱਲੋ ਪਾ ਲੈਂਦਾ ਹੈ। ਪਲੇਟਾਂ ਵਿਚ ਚਾਵਲਾਂ ਉੱਪਰ ਦਹੀਂ, ਫਿਰ ਦਾਲ, ਸਬਜ਼ੀ, ਮੀਟ, ਮੁਰਗਾ, ਸ਼ਾਹੀ ਪਨੀਰ, ਮਟਰ-ਪਨੀਰ, ਰੋਟੀਆਂ, ਨਾਨ ਆਦਿ ਇਕੱਠੇ ਹੀ ਢੇਰੀ ਵਾਂਗ ਰੱਖ ਲਏ ਜਾਂਦੇ ਹਨ ਤੇ ਪਲੇਟ ਛੋਟੀ ਪਹਾੜੀ ਵਾਂਗ ਦਿਖਾਈ ਦਿੰਦੀ ਹੈ। ਲੋਕ ਸੌ ਰੁਪਈਆ ਸ਼ਗਨ ਪਾ ਕੇ ਹਜ਼ਾਰ ਰੁਪਏ ਦਾ ਖਾਣਾ ਠੂਸਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਅੰਦਰ ਨਹੀਂ ਲੰਘਦਾ ਤਾਂ ਅੱਖ ਬਚਾ ਕੇ ਪਲੇਟ ਸਮੇਤ ਡਸਟ ਬਿਨ ਵਿਚ ਸੁੱਟ ਦਿੰਦੇ ਹਨ। ਆਪਣੇ ਘਰ ਹੱਡੀਆਂ ਵਿੱਚੋਂ ਵੀ ਮਸਾਲਾ ਚੂਸ ਲੈਣ ਵਾਲੇ ਵਿਆਹ ਵਿਚ ਲੈੱਗਪੀਸ ਨੂੰ ਥੋੜੀ ਜਿਹੀ ਦੰਦੀ ਵੱਢ ਕੇ ਬਾਕੀ ਭਵਾਂ ਕੇ ਪਰਾਂ ਮਾਰਦੇ ਹਨ।

ਵਿਆਹ ਵਿਚ ਪੈਸੇ ਖ਼ਰਚ ਕੇ ਆਪਣੀ ਬੇਇੱਜ਼ਤੀ ਕਰਾਉਣ ਅਤੇ ਜਲੂਸ ਕਢਾਉਣ ਦਾ ਸਭ ਤੋਂ ਆਸਾਨ ਤਰੀਕਾ ਹੁੰਦਾ ਹੈ ਕਿਸੇ ਸਿੰਗਰ ਜਾਂ ਡਾਂਸ ਗਰੁੱਪ ਨੂੰ ਬੁਲਾਉਣਾ। ਉਹ ਸਪੀਕਰਾਂ ਦੀ ਸਾਊਂਡ ਇੰਨੀ ਜ਼ਿਆਦਾ ਛੱਡਦੇ ਹਨ ਕਿ ਕੋਈ ਆਪਸ ਵਿੱ ਗੱਲ ਹੀ ਨਹੀਂ ਕਰ ਸਕਦਾ। ਲੋਕਾਂ ਦਾ ਚੀਕ-ਚੀਕ ਕੇ ਸੰਘ ਬੈਠ ਜਾਂਦਾ ਹੈ।

ਬਾਕੀ ਸਫ਼ਾ 32 'ਤੇ

# ਤਰਾਈ ਦੇ ਕਿਸਾਨ ਸਰਦਾਰਾਂ ਦਾ ਧੰਨ ਜਿਗਰਾ

## ਸ਼ੇਰਾਂ ਨਾਲ ਟੱਕਰ ਲੈ ਕੇ ਜ਼ਮੀਨਾਂ ਅਬਾਦ ਕੀਤੀਆਂ

**ਗੁਰਪ੍ਰੀਤ ਸਿੰਘ ਮੰਡਿਆਣੀ**
੯੮੭੨੬੬੪੦੦੦

ਯੂ.ਪੀ ਵਿਚ ਤਰਾਈ ਦੇ ਖ਼ੇਤਰ ਨੂੰ ਜਦੋਂ ਖੇਤੀ ਲਈ ਸਿੱਖਾਂ ਵੱਲੋਂ ਅਬਾਦ ਕੀਤਾ ਜਾ ਰਿਹਾ ਸੀ ਉਦੋਂ ਇਹ ਜੰਗਲ਼ੀ ਇਲਾਕਾ ਸੀ। ਸੰਨ 1955 ਅੰਗਰੇਜ਼ਾਂ ਵੱਲੋਂ ਜੰਗਲ਼ੀ ਜਾਨਵਰਾਂ ਦੀ ਰੱਖ ਖਾਤਰ ਮਖ਼ਸੂਸ ਰੱਖੇ ਗਏ ਤਰਾਈ ਦੇ ਜੰਗਲ਼ਾਂ ਨੂੰ ਖੇਤੀ ਲਾਇਕ ਬਨਾਉਣ ਦੀ ਵਿਉਂਤ ਤੇ ਅੰਗਰੇਜ਼ਾਂ ਦੇ ਇੱਥੋਂ ਰੁਖ਼ਸਤ ਹੋਣ ਤੋਂ ਫ਼ੌਰਨ ਬਾਅਦ ਅਮਲ ਸ਼ੁਰੂ ਹੋ ਗਿਆ ਸੀ। ਇੱਥੇ 99 ਸਾਲਾ ਪਟਾਨਮੇ ਵਾਲੀ ਅਲਾਟਮੈਂਟ ਸਭ ਵਾਸਤੇ ਖੋਲੀ ਗਈ ਪਰ ਪੰਜਾਬੀਆਂ ਤੋਂ ਇਲਾਵਾ ਹੋਰ ਕਿਸੇ ਨੇ ਇਹ ਸਕੀਮ ਵਿਚ ਕੋਈ ਦਿਲਚਸਪੀ ਨਾ ਦਿਖਾਈ, ਅਸਲ ਮਾਇਨਿਆਂ ਵਿਚ ਹੌਸਲਾ ਨਾ ਕੀਤਾ। ਸੋ ਮੁਢਲੇ 10 ਸਾਲਾਂ ਦੌਰਾਨ ਖੇਤੀ ਖ਼ਾਤਰ ਪੈਲ਼ੀ ਦੀ ਅਲਾਟਮੈਂਟ ਲੈਣ ਵਾਲੇ ਸੌ ਫੀਸਦ ਪੰਜਾਬੀ ਸੀ ਤੇ ਉਹ ਵੀ ਸੌ ਫੀਸਦ ਸਿੱਖ। ਇਨਾਂ ਵਿਚੋਂ ਬਹੁਤੇ ਜੱਟ ਸੀ, ਕੁਝ ਰਾਏ ਸਿੱਖ ਤੇ ਕੰਬੋ ਸਿੱਖ ਵੀ ਸਨ।ਭਾਵੇਂ ਜੰਗਲ਼ ਵਿਚ ਜਾ ਵਸਣ ਦਾ ਫੈਸਲਾ ਲੈਣਾ ਹੀ ਦਲੇਰੀ ਵਾਲਾ ਕਦਮ ਸੀ ਪਰ ਇਨਾਂ ਵਿਚੋਂ ਵੱਡੀ ਗਿਣਤੀ ਵਿਚ ਲੋਕ ਇੱਥੇ ਦਰਪੇਸ਼ ਔਕੜਾਂ ਤੋਂ ਤੰਗ ਆ ਕੇ ਅਲਾਟਮੈਂਟ ਛੱਡ ਪੰਜਾਬ ਵਾਪਸ ਪਰਤ ਗਏ। ਬਹੁਤ ਸਾਰੇ ਇੱਥੇ ਕੁਝ ਦਿਨ ਹੀ ਰਹੇ ।ਅਲਾਟਮੈਂਟ ਕਰਾਕੇ ਪੰਜਾਬ ਗਏ ਕਈ ਬੰਦਿਆਂ ਦੇ ਪਰਿਵਾਰਾਂ ਨੇ ਜੰਗਲ਼ ਦੇ ਖ਼ੌਫ਼ਨਾਕ ਹਾਲਾਤ ਸੁਣ ਕੇ ਪਰਿਵਾਰ ਮੁਖੀਆਂ ਨੂੰ ਯੂ.ਪੀ. ਵਾਪਸ ਮੁੜਨ ਹੀ ਨਹੀਂ ਦਿੱਤਾ। ਅਪ੍ਰੈਲ 1993 ਦੇ ਪੰਜਾਬੀ ਟ੍ਰਿਬਿਊਨ ਅਖਬਾਰ ਵਿਚ ਤਰਾਈ ਵਿਚ ਵਸੇ ਇੱਕ ਪੰਜਾਬੀ ਤਿਰਲੋਕ ਮਨਸੂਰ ਵੱਲੋਂ ਲਿਖੇ ਇੱਕ ਲੇਖ ਲੜੀ ਵਿਚ ਉਨਾਂ ਦੱਸਿਆ ਕਿ ਸਾਡੇ ਪਿੰਡ ਦੇ ਚਾਰ ਪਰਿਵਾਰ ਨੈਨੀਤਾਲ ਜ਼ਿਲੇ ਦੀ ਕਿੱਛਾ ਤਹਿਸੀਲ ਵਿਚ ਅਲਾਟਮੈਂਟ ਹੋਈ ਪੈਲ਼ੀ ਤੇ ਪਹੁੰਚਣ ਖ਼ਾਤਰ ਰਾਹ ਵਿਚ ਪੈਂਦੀ ਇੱਕ ਨਦੀ ਪਾਰ ਕਰਨ ਲੱਗੇ ਤਾਂ ਸਾਡੇ ਪਰਿਵਾਰ ਤੋਂ ਇਲਾਵਾ ਬਾਕੀ ਤਿੰਨ ਪਰਿਵਾਰ ਗਲ਼-ਗਲ਼ ਡੂੰਘੇ ਪਾਣੀ ਵਾਲ਼ੀ ਨਦੀ ਦੇ ਅੱਧ ਵਿਚਕਾਰੋਂ ਹੀ ਪਿੱਛੇ ਮੁੜ ਗਏ। ਤਿਰਲੋਕ ਮਨਸੂਰ ਲਿਖਦੇ ਹਨ ਕਿ ਮੇਰੇ ਬਾਪੂ ਨੇ ਉਨਾਂ ਨੂੰ ਨਦੀ ਪਾਰ ਕਰਨ ਖ਼ਾਤਰ ਇਹ ਕਹਿੰਦਿਆਂ ਬਥੇਰਾ ਜ਼ੋਰ ਲਾਇਆ ਕਿ ਤੁਸੀਂ ਇੱਕ ਵਰ ਪੈਲ਼ੀ ਤਾਂ ਦੇਖ ਆਓ ।ਪਰ ਉਹ ਪਰਿਵਾਰ ਕਹਿੰਦੇ ਕਿ ਅਜੇ ਤਾਂ ਇੱਕ ਨਦੀ ਹੀ ਦੇਖੀ ਹੈ ਰਾਹ ਵਿਚ ਇਹੋ ਜਿਹੀਆਂ ਨਦੀਆਂ ਹੋਰ ਪਤਾ ਨਹੀਂ ਕਿੰਨੀਆਂ ਹੋਣਗੀਆਂ, 'ਖਸਮਾ ਨੂੰ ਖਾਵੇ ਪੈਲ਼ੀ ਅਸੀਂ ਆਪ ਡੁੱਬ ਮਰਨ ਨਾਲ਼ੋਂ ਪੈਲ਼ੀ ਡੁੱਬੀ ਹੀ ਚੰਗੀ ਹੈ' ਆਖ ਕੇ ਉਨੀਂ ਪੈਰੀਂ ਹੀ ਪੈਲ਼ੀ ਛੱਡ ਮੁੜ ਪੰਜਾਬ ਦੇ ਰਾਹ ਪੈ ਗਏ।ਅਲਾਟਮੈਂਟ ਹੋਈ ਪੈਲ਼ੀ ਛੱਡ ਕੇ ਪੰਜਾਬ ਪਰਤਣ ਵਾਲੇ ਇਹਦੇ ਨਾਲ ਮਿਲਦੇ ਜੁਲ਼ਦੇ ਹੋਰ ਵਾਕਿਆਤ ਉਸ ਲੇਖ ਲੜੀ ਵਿਚ ਵੀ ਮਿਲਦੇ ਹਨ ਤੇ ਮੈਂ ਆਪਣੇ ਨਾਨੇ ਤੋਂ ਵੀ ਸੁਣੇ ਹੋਏ ਹਨ।ਮੋਟੇ ਅੰਦਾਜ਼ੇ ਮੁਤਾਬਿਕ ਲਗਭਗ ਅੱਧੇ ਲੋਕ ਔਖਿਆਈਆਂ ਨਾ ਸਹਿ ਸਕਣ ਕਾਰਨ ਹੀ ਪੰਜਾਬ ਵਾਪਸ ਆ ਗਏ ਸੀ ਪਹਿਲੇ ਸਾਲ ਵਿਚ ਹੀ।

ਚਲੋ ਹੁਣ ਗੱਲ ਕਰੀਏ ਉਨਾਂ ਸਿਰੜੀਆਂ ਦੀ ਜਿਹੜੇ ਰੱਬ ਤੇ ਭਰੋਸਾ ਕਰਕੇ 'ਜੋ ਹੋਊ ਦੇਖੀ ਜਾਊ' ਕਹਿ ਕੇ ਜੰਗਲ਼ ਵਿਚ ਬੈਠੇ ਰਹੇ। ਬਿਨਾਂ ਕਿਸੇ ਟਰੈਕਟਰ, ਬਿਨਾ ਕਿਸੇ ਅਸਲੇ ਤੇ ਬਿਨਾ ਛੱਤ ਤੋਂ ਸ਼ੇਰਾਂ ਵਾਲ਼ੇ ਜੰਗਲ਼ਾਂ ਵਿਚ ਜਾ ਬੈਠਣਾ ਪਹਾੜ ਜਿੱਡੇ ਜਿਗਰੇ ਤੋਂ ਬਿਨਾ ਮੁਮਕਿਨ ਨਹੀਂ ਸੀ।ਜ਼ਮੀਨਾਂ ਦੇ ਕਬਜ਼ੇ ਲੈਣ ਮਗਰੋਂ ਖੇਤੀ ਵਾਸਤੇ ਟਰੈਕਟਰ ਤੇ ਸ਼ੇਰਾਂ ਤੇ ਹੋਰ ਜਨਵਰਾਂ ਤੋਂ ਬਚਾਅ ਵਾਸਤੇ ਅਸਲਾ ਮੁਢਲੀ ਲੋੜ ਸੀ, ਜਿਸ ਵਾਸਤੇ ਪੈਸਾ ਚਾਹੀਦਾ ਸੀ, ਇਹਦੇ ਖ਼ਾਤਰ ਕਿਸੇ ਨੇ ਪੰਜਾਬ ਵਿਚਲੀ ਪੈਲ਼ੀ ਗਹਿਣੇ ਧਰੀ, ਕਿਸੇ ਨੇ ਘਰੇਲੂ ਟੂਮ-ਛੱਲਾ ਵੇਚਿਆ, ਮਾਲ-ਡੰਗਰ ਵੇਚੇ। ਸੋ ਲੋਕਾਂ ਕਿਵੇਂ ਨਾ ਕਿਵੇਂ ਇਹਦਾ ਇੰਤਜਾਮ ਵੀ ਕੀਤਾ, ਜਿਹੜਾ ਖ਼ੁਦ ਨਹੀਂ ਕਰ ਸਕਿਆ ਉਹਨੇ ਕਿਸੇ ਨਾਲ ਹਿੱਸੇਦਾਰੀ ਕੀਤੀ। ਇੱਕ ਦੋ ਸਾਲਾਂ ਵਿੱਚ ਜਦੋਂ ਇਨਾਂ ਲੋਕਾਂ ਨੇ ਕੱਚੀਆਂ ਕੰਧਾਂ ਵਾਲੇ ਬਾਂਸ-ਫੂਸ ਦੀਆਂ ਛੱਤਾਂ ਵਾਲ਼ੇ ਆਸਰੇ ਖੜੇ ਕਰ ਲਏ ਤਾਂ ਹੀ ਜਾ ਕੇ ਪੰਜਾਬ ਤੋਂ ਆਪਦੇ ਟੱਬਰ ਟੀਹਰ ਤਰਾਈ ਵਿਚ ਲੈ ਕੇ ਗਏ। ਮੇਰੇ ਨਾਨਾ ਜੀ 1948 ਵਿਚ ਆਪ ਗਏ ਤੇ ਟੱਬਰ ਨੂੰ 1950 ਵਿਚ ਲੈ ਕੇ ਗਏ ।ਤਰਾਈ ਪਹਾੜ ਦੀਆਂ ਜੜਾਂ ਵਿਚ ਪੈਂਦੇ ਨਦੀਆਂ ਨਾਲਿਆਂ ਵਾਲੇ ਮੈਦਾਨੀ ਜੰਗਲ਼ ਨੂੰ ਕਿਹਾ ਜਾਂਦਾ ਹੈ। ਉਸ ਵੇਲੇ ਤਰਾਈ ਦੀ ਲੰਬਾਈ ਲਗਭਗ 300 ਅਤੇ ਔਸਤ ਚੌੜਾਈ ਲਗਭਗ 60 ਕਿੱਲੋਮੀਟਰ ਸੀ। ਮੁਸ਼ਕਲਾਂ ਬਿਆਨੋ ਬਾਹਰੀਆਂ ਸੀ। ਸ਼ੇਰਾਂ, ਚੀਤਿਆਂ ਸਮੇਤ ਕੋਈ ਅਜਿਹਾ ਜੰਗਲੀ ਜਾਨਵਰ ਨਹੀਂ ਸੀ ਜੋ ਉੱਥੇ ਨਾ ਹੋਵੇ। ਮਨੁੱਖਾਂ ਨੂੰ ਮਾਰਨ ਵਾਲ਼ੇ ਵੀ ਤੇ ਫਸਲਾਂ ਉਜਾੜਨ ਵਾਲੇ ਜਾਨਵਰ ਵੀ।ਸੱਪਾਂ-ਸਰਾਲ਼ਾਂ, ਮੱਛਰਾਂ ਤੇ ਲਹੂ ਪੀਣੀਆਂ ਜੋਕਾਂ ਦਾ ਕੋਈ ਅੰਤ ਨਹੀਂ ਸੀ। ਜੂਨ-ਜੁਲਾਈ-ਅਗਸਤ ਤਿੰਨ ਮਹੀਨੇ ਲਗਾਤਾਰ ਮੀਂਹ ਪੈਣ ਕਾਰਨ ਨਦੀਆਂ ਦਾ ਪਾਣੀ ਚੜਿਆ ਰਹਿੰਦਾ ਸੀ, ਜਿਸ ਕਰਕੇ ਸ਼ਹਿਰ ਨਹੀਂ ਸੀ ਜਾਇਆ ਜਾ ਸਕਦਾ। ਨਾ ਬੱਚਿਆਂ ਦੀ ਪੜਾਈ ਦਾ ਕੋਈ ਇੰਤਜਾਮ ਸੀ ਤੇ ਨਾ ਹੀ ਇਲਾਜ ਦਾ। ਇੱਥੋਂ ਤੱਕ ਕਿ ਮਲੇਰੀਏ ਦਾ ਇਲਾਜ ਵੀ ਦੂਰ ਸੀ। ਦਸ ਪੰਦਰਾਂ ਸਾਲਾਂ ਦੀ ਜੱਦੋ ਜਹਿਦ ਤੋਂ ਬਾਅਦ ਜਦੋਂ ਜ਼ਿੰਦਗੀ ਦੀ ਗੱਡੀ ਪਟੜੀ 'ਤੇ ਚੜਨ ਲੱਗੀ, ਜੰਗਲ਼ਾਂ ਦੇ ਮੰਗਲ਼ ਬਣ ਗਏ ਵੱਡੇ-ਵੱਡੇ ਟਰੈਕਟਰ ਆ ਗਏ, ਛੱਪਰਾਂ ਦੀ ਥਾਂ ਪੱਕੇ ਮਕਾਨ ਉਸਰ ਗਏ ਤਾਂ ਬੱਸ ਉਦੋਂ ਤੋਂ ਹੀ ਇਨਾਂ ਦੇ ਸਿਰ 'ਤੇ ਉਜਾੜੇ ਦੀ ਆਹਟ ਦਸਤਕ ਦੇਣ ਲੱਗੀ। ਕੋਈ ਨਾ ਕੋਈ ਕਾਨੂੰਨੀ



ਢੁੱਚਰਾਂ ਖੜੀਆਂ ਕਰਕੇ ਇਨਾਂ ਦੇ ਜ਼ਮੀਨੀ ਕਬਜ਼ਿਆਂ ਨੂੰ ਗ਼ੈਰ ਕਨੂੰਨੀ ਕਰਾਰ ਦਿੱਤਾ ਜਾਣਾ ਸ਼ੁਰੂ ਹੋ ਗਿਆ ।

ਉਜਾੜੇ ਦੀ ਪਹਿਲੀ ਦਸਤਕ ਨੈਨੀਤਾਲ (ਹੁਣ ਊਧਮ ਸਿੰਘ ਨਗਰ) ਜ਼ਿਲੇ ਦੀ ਤਹਿਸੀਲ ਬਾਜਪੁਰ, ਬੇਰੀਆਂ ਦੌਲਤ ਤੇ ਬਰੈਹਣੀ ਦੇ ਵਿਚਕਾਰ ਪੈਂਦੇ ਰਾਏ ਸਿੱਖਾਂ ਦੇ ਫ਼ਾਰਮ ਥਾਪਾ ਨਗਲ਼ਾ ਵਿੱਚ ਦੇਖਣ ਨੂੰ ਮਿਲ਼ੀ। ਪੱਕਾ ਸੰਨ ਤਾਂ ਪਤਾ ਨਹੀਂ ਅੰਦਾਜ਼ੇ ਮੁਤਾਬਕ 1963 ਦੀ ਗੱਲ ਹੈ, ਖੇਤੀ ਕਰ ਰਹੇ ਰਾਏ ਸਿੱਖ ਕਿਸਾਨਾਂ ਦੇ ਫ਼ਾਰਮ ਥਾਪਾ ਨਗਲ਼ਾ ਨੂੰ ਕਾ.ਗਜ਼ਾਂ ਵਿਚ ਬੰਜਰ ਲਿਖ ਕੇ ਇਹਦੀ ਅਲਾਟਮੈਂਟ ਪਹਾੜੀਆਂ ਦੇ ਨਾਂ ਚਾੜ ਦਿੱਤੀ। ਇਸੇ ਬਹਾਨੇ ਸਰਕਾਰੀ ਅਫਸਰ ਰਾਏ ਸਿੱਖ ਕਿਸਾਨਾਂ ਤੋਂ ਕਬਜ਼ਾ ਪਹਾੜੀਆਂ ਨੂੰ ਦਿਵਾਉਣ ਖ਼ਾਤਰ ਪੁੱਜੇ, ਪਰ ਕਿਸਾਨ ਇਹ ਆਖ ਕੇ ਕਬਜ਼ਾ ਛੱਡਣ ਤੋਂ ਇਨਕਾਰੀ ਸਨ ਕਿ ਖੇਤੀ ਪੈਦਾਵਾਰ ਦੇ ਰਹੀ ਜ਼ਮੀਨ ਨੂੰ ਰਿਕਾਰਡ ਵਿਚ ਬੰਜਰ ਲਿਖਣਾ ਕਾਨੂੰਨੀ ਹੇਰਾ ਫੇਰੀ ਹੈ ।ਜਦੋਂ ਥੋੜੀ ਪੁਲਿਸ ਫੋਰਸ ਦੀ ਪੇਸ਼ ਨਾ ਗਈ ਤਾਂ ਪੀ ਏ ਸੀ ਪੁਲਿਸ ਨੇ ਆ ਕੇ ਕਿਸਾਨਾਂ ਤੇ ਗੋਲ਼ੀ ਚਲਾਈ, ਜਿਸ ਨਾਲ ਇੱਕ ਰਾਏ ਸਿੱਖ ਸਰਦਾਰ ਸੁੰਦਰ ਸਿੰਘ ਮਾਰਿਆ ਗਿਆ ਤੇ ਕਈ ਫੱਟੜ ਹੋਏ। ਇਹਦੇ ਰੋਸ ਵਜੋਂ ਬਾਜਪੁਰ ਨੇੜੇ ਕਾਲ਼ਾਢੂੰਗੀ ਰੋਡ ਪੈਂਦੇ ਰਣਜੀਤ ਨਗਰ ਫ਼ਾਰਮ ਤੇ ਤਰਾਈ ਦੇ ਸਿੱਖਾਂ ਦਾ ਇੱਕ ਵੱਡਾ ਇਕੱਠ ਹੋਇਆ ਸੀ । ਇਹ ਫ਼ਾਰਮ ਫਰੀਦਕੋਟ ਜ਼ਿਲੇ ਦੇ ਸਰਦਾਰ ਹਰਚੰਦ ਸਿੰਘ ਬਰਾੜ ਦਾ ਸੀ ਜੋ ਕਿ ਲੰਮਾ ਸਮਾਂ ਪੰਜਾਬ ਤੋਂ ਬਾਹਰਲੇ ਸਿੱਖਾਂ ਵਾਲੇ ਕੋਟੇ 'ਚੋਂ ਸ਼੍ਰੋਮਣੀ ਕਮੇਟੀ ਦੇ ਕੋਆਪਟਡ ਮੈਂਬਰ ਵੀ ਰਹੇ।ਸਿੱਖਾਂ ਦੇ ਇਸ ਇਕੱਠ ਵਿਚ ਪੰਜਾਬ ਦੀ ਅਕਾਲੀ ਲੀਡਰਸ਼ਿਪ ਵੀ ਪਹੁੰਚੀ ਸੀ। ਇਕੱਠ ਹੋਣ ਅਤੇ ਇੱਕ ਸ਼ਹੀਦੀ ਤੇ ਅਕਾਲੀ ਲੀਡਰਸ਼ਿਪ ਵੱਲੋਂ ਸਿੱਖਾਂ ਦੀ ਪਿੱਠ ਤੇ ਆ ਖਲੋਣ ਦੇ ਸਿੱਟੇ ਵਜੋਂ ਥਾਪਾ ਨਗਲ਼ਾ ਦੇ ਕਿਸਾਨਾਂ ਤੋਂ ਕਬਜ਼ਾ ਖੋਹਣ ਦੇ ਅਮਲ ਨੂੰ ਠੱਲ ਪੈ ਗਈ ਸੀ ਜੋ ਅੱਜ ਤੱਕ ਜਾਰੀ ਹੈ।

ਜਿਉਂ ਜਿਉਂ ਤਰਾਈ ਦੇ ਜੰਗਲ਼ਾਂ ਦੀ ਥਾਂ 'ਤੇ ਸੋਹਣੀਆਂ ਫਸਲਾਂ ਵਾਲੇ ਫ਼ਾਰਮ ਬਣਦੇ ਗਏ ਤਿਉਂ ਤਿਉਂ ਹੀ ਇਸ ਖ਼ੁਸ਼ਹਾਲੀ ਨੂੰ ਦੇਖ ਕੇ ਪਹਾੜੀ ਲੋਕਾਂ ਦੀ ਅੱਖ ਮੈਲ਼ੀ ਹੁੰਦੀ ਗਈ, 'ਤਰਾਈ ਤੋ ਹਮਾਰੀ ਹੈ, ਯੇਹ ਤੋ ਹਮਾਰਾ (ਪਹਾੜ ਦਾ) ਆਂਗਨ ਹੈ' ਵਰਗੀਆਂ ਗੱਲਾਂ ਪਹਾੜੀਆਂ ਦੇ ਮੂੰਹੋਂ ਸੁਣੀਆਂ ਜਾਣ ਲੱਗੀਆਂ।ਐਚ ਐਨ ਬਹੁਗੁਣਾ, ਨਰਾਇਣ ਦੱਤ ਤਿਵਾੜੀ ਵਰਗੇ ਜਦੋਂ ਜਦੋਂ ਵੀ ਯੂਪੀ. ਦੇ ਮੁੱਖ ਮੰਤਰੀ ਬਣੇ ਉਦੋਂ ਉਦੋਂ ਹੀ ਤਰਾਈ ਦੇ ਕਿਸਾਨਾਂ ਤੇ ਨਵੇਂ ਕਾਨੂੰਨ, ਰੂਲਾਂ ਦੀ ਆੜ ਲੈ ਕੇ ਸ਼ਿਕੰਜਾ ਵੱਧ ਕਸਿਆ ਜਾਂਦਾ ਰਿਹਾ। ਇਕੱਲੇ ਇਕੱਲੇ ਕਿਸਾਨ ਨਿੱਜੀ ਤੌਰ ਤੇ ਕੋਰਟ ਕਚਹਿਰੀਆਂ ਦਾ ਸਹਾਰਾ ਲੈ ਕੇ ਵਕਤ ਟਪਾਈ ਕਰਦੇ ਰਹੇ। ਤਰਾਈ ਦਾ ਇੱਕ ਵੀ ਕਿਸਾਨ ਅਜਿਹਾ ਨਹੀਂ ਹੋਣਾ ਜੀਹਨੂੰ ਆਪਦੀ ਜ਼ਮੀਨ ਬਚਾਉਣ ਖ਼ਾਤਰ ਘੱਟੋ ਘੱਟ ਹਾਈਕੋਰਟ ਤੱਕ ਨਾ ਜਾਣਾ ਪਿਆ ਹੋਵੇ। ਵਕੀਲ ਆਪਣੀ ਫ਼ੀਸ ਤੋਂ ਇਲਾਵਾ ਹੁਕਮ ਸੁਨਉਣ ਵਾਲੇ ਅਫਸਰਾਂ ਨੂੰ ਦੇਣ ਖ਼ਾਤਰ ਵੀ ਪੈਸੇ ਲੈਂਦੇ ਰਹਿੰਦੇ ਸੀ, ਪਟਵਾਰੀਆਂ, ਤਹਿਸੀਲਦਾਰਾਂ ਦੀਆਂ ਰਿਸ਼ਵਤਾਂ ਇਹਤੋਂ ਇਲਾਵਾ ਹੁੰਦੀਆਂ ਸੀ। 1996 'ਚ ਫ਼ੌਤ ਹੋਏ ਮੇਰੇ ਨਾਨਾ ਜੀ ਮੈਨੂੰ ਦਸਦੇ ਹੁੰਦੇ ਸਨ ਜਿੰਨੇ ਭਾਅ ਦੀਆਂ ਸਾਡੀਆਂ ਜ਼ਮੀਨਾਂ ਨੇ ਉਨਾ ਹੀ ਖ਼ਰਚਾ ਇਨਾਂ ਨੂੰ ਬਚਾਉਣ 'ਤੇ ਹੋ ਗਿਆ ਹੈ ਸਾਡਾ। ਮੁਕੱਦਮੇਬਾਜੀਆਂ ਅਤੇ ਰਿਸ਼ਵਤਾਂ ਦੇ ਰਾਹ। ਨੈਨੀਤਾਲ ਜ਼ਿਲਾ ਕਚਹਿਰੀਆਂ ਮੈਂ ਖ਼ੁਦ ਦੇਖੀਆਂ ਨੇ ਜਿੱਥੇ 80 ਫੀਸਦੀ ਪੱਗਾਂ ਵਾਲੇ ਹੁੰਦੇ ਸੀ ਜਿਨਾਂ 'ਚ ਕੋਈ ਫ਼ੌਜਦਾਰੀ ਮੁਕੱਦਮੇ ਵਾਲਾ ਨਾ ਹੋ ਕੇ ਜ਼ਮੀਨੀ ਝਗੜਿਆਂ ਦੀਆਂ ਤਰੀਕਾਂ ਤੇ ਆਏ ਹੁੰਦੇ ਸੀ । ਡੀ ਸੀ ਤੇ ਕਮਿਸ਼ਨਰ ਦੀ ਮਾਲ ਅਦਾਲਤ ਵੀ ਇੱਥੇ ਹੀ ਹੁੰਦੀ ਸੀ। ਨੈਨੀਤਾਲ ਤਰੀਕ ਭੁਗਤਣ ਵਾਸਤੇ ਇੱਕ ਦਿਨ ਪਹਿਲਾਂ ਘਰੋਂ ਤੁਰਨਾ ਪੈਂਦਾ ਸੀ ਤੇ ਇੱਕ ਦਿਨ ਬਾਅਦ ਹੀ ਮੁੜਿਆ ਜਾ ਸਕਦਾ ਸੀ। ਰੇਲ ਗੱਡੀ ਰਾਹੀਂ ਪਹਿਲਾਂ ਕਾਠਗੋਦਾਮ ਤੱਕ ਤੇ ਇੱਥੋਂ ਨੈਨੀਤਾਲ ਦਾ 35 ਕਿੱਲੋਮੀਟਰ ਪਹਾੜੀ ਸਫਰ ਬੱਸ ਜਾਂ ਟੈਕਸੀ ਰਾਹੀਂ ਕਰਨਾ ਪੈਂਦਾ ਸੀ, ਬੱਸ ਸਰਵਿਸ ਤਾਂ ਅੱਜ ਵੀ ਬਹੁਤ ਘੱਟ ਹੈ। ਦੋ ਰਾਤਾਂ ਹੋਟਲ ਵਿਚ ਕੱਟਣੀਆਂ ਪੈਂਦੀਆਂ ਸੀ

ਬਾਕੀ ਸਫ਼ਾ 32 'ਤੇ

# ਜਾਤ-ਪਾਤ ਦੇ ਖ਼ਾਤਮੇ ਲਈ ਸ਼੍ਰੋਮਣੀ ਕਮੇਟੀ ਦੀ ਇਤਿਹਾਸਕ ਭੂਮਿਕਾ



**ਤਲਵਿੰਦਰ ਸਿੰਘ ਬੁਟਰ**

ਵੀਹਵੀਂ ਸਦੀ ਦੀ ਸ਼ੁਰੂਆਤ ਦੌਰਾਨ ਸਿੰਘ ਸਭਾ ਲਹਿਰ, ਅਕਾਲੀ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ। ਇਸੇ ਦੌਰਾਨ 10 ਤੋਂ 12 ਅਕਤੂਬਰ 1920 ਨੂੰ 'ਖ਼ਾਲਸਾ ਬਿਰਾਦਰੀ' ਜਥੇਬੰਦੀ ਵਲੋਂ ਅੰਮ੍ਰਿਤਸਰ ਵਿਖੇ ਜਲਿਆਂਵਾਲਾ ਬਾਗ਼ ਵਿਚ ਕਥਿਤ ਪਛੜੀਆਂ ਜਾਤਾਂ ਦੇ ਸਿੱਖਾਂ ਦਾ ਇਕ ਵੱਡਾ ਇਕੱਠ ਬੁਲਾਇਆ ਗਿਆ। 'ਖ਼ਾਲਸਾ ਬਿਰਾਦਰੀ' ਜਥੇਬੰਦੀ ਦੇ ਮੁਖੀ ਭਾਈ ਮਹਿਤਾਬ ਸਿੰਘ ਬੀਰ ਸਨ, ਜਿਨਾਂ ਦੇ ਪਿਤਾ ਭਾਈ ਲਖਬੀਰ ਸਿੰਘ ਗੁਰਮਤਿ ਤੋਂ ਪ੍ਰਭਾਵਿਤ ਹੋ ਕੇ ਮੌਲਵੀ ਕਰੀਮ ਬਖ਼ਸ਼ ਤੋਂ ਸਿੰਘ ਸਜੇ ਸਨ। ਭਾਈ ਮਹਿਤਾਬ ਸਿੰਘ ਦਾ ਪਹਿਲਾ ਨਾਂ ਵੀ ਰੁਕਨਦੀਨ ਸੀ। ਉਨਾਂ ਵਲੋਂ ਕਥਿਤ ਪਛੜੀਆਂ ਜਾਤਾਂ ਦੇ ਬੁਲਾਏ ਇਕੱਠ ਦੇ ਪਹਿਲੇ ਦਿਨ ਕੋਈ ਵੀ ਸਿੱਖ ਆਗੂ ਸ਼ਾਮਿਲ ਨਾ ਹੋਇਆ। ਸਗੋਂ ਉਨਾਂ ਨੂੰ ਲੰਗਰ ਵਾਸਤੇ ਭਾਂਡੇ ਵੀ ਨਾ ਦਿੱਤੇ ਗਏ। ਦੂਜੇ ਦਿਨ ਸੁੰਦਰ ਸਿੰਘ ਮਜੀਠੀਆ, ਜਥੇਦਾਰ ਕਰਤਾਰ ਸਿੰਘ ਝੱਬਰ, ਜਥੇਦਾਰ ਤੇਜਾ ਸਿੰਘ ਭੁੱਚਰ, ਮੰਗਲ ਸਿੰਘ ਮਾਨ ਅਤੇ ਬਹਾਦਰ ਸਿੰਘ ਹਕੀਮ ਆਦਿ ਦੀਵਾਨ ਵਿਚ ਹਾਜ਼ਰ ਹੋਏ।

ਉਨੀਂ ਦਿਨੀਂ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀ ਕਥਿਤ ਪਛੜੀਆਂ ਜਾਤਾਂ ਦੇ ਸਿੱਖਾਂ ਦਾ ਕੜਾਹ ਪ੍ਰਸ਼ਾਦਿ ਕਬੂਲ ਨਹੀਂ ਸੀ ਕਰਦੇ। 11 ਅਕਤੂਬਰ ਨੂੰ ਰਾਤ ਵੇਲੇ ਮਤਾ ਪਾਸ ਹੋਇਆ ਕਿ ਅਗਲੀ ਸਵੇਰ ਨੂੰ ਕਥਿਤ ਪਛੜੀਆਂ ਜਾਤਾਂ ਦੇ ਸਿੱਖ ਸ੍ਰੀ ਦਰਬਾਰ ਸਾਹਿਬ ਪ੍ਰਸ਼ਾਦਿ ਲੈ ਕੇ ਜਾਣਗੇ। ਉਨਾਂ ਦੇ ਨਾਲ ਕਈ ਸਿੱਖ ਆਗੂ ਜਾਣ ਵਾਸਤੇ ਤਿਆਰ ਹੋ ਗਏ। ਅਗਲੇ ਦਿਨ ਬਹੁਤ ਸਾਰੇ ਪਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੇ ਅੰਮ੍ਰਿਤ ਛਕਿਆ ਅਤੇ ਬਾਅਦ ਵਿਚ ਸਾਰੇ ਸਿੰਘ ਇਕੱਠੇ ਹੋ ਕੇ ਸ੍ਰੀ ਦਰਬਾਰ ਸਾਹਿਬ ਗਏ। ਉਨਾਂ ਦਾ ਪ੍ਰਸ਼ਾਦਿ ਪੁਜਾਰੀਆਂ ਨੇ ਕਬੂਲ ਨਾ ਕੀਤਾ। ਪ੍ਰੋ. ਹਰਕਿਸ਼ਨ ਸਿੰਘ ਬਾਵਾ ਨੇ ਗਲ਼ ਵਿਚ ਪੱਲਾ ਪਾ ਕੇ ਤਿੰਨ ਵਾਰੀ ਪੁਜਾਰੀਆਂ ਨੂੰ ਅਰਜ ਕੀਤੀ ਪਰ ਉਨਾਂ ਨੇ ਫਿਰ ਵੀ ਪ੍ਰਸ਼ਾਦਿ ਕਬੂਲ ਨਾ ਕੀਤਾ। ਇਸ ਦੌਰਾਨ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ ਵਿਚ ਸੰਗਤਾਂ ਨੇ ਇਸ ਕੁਰੀਤੀ ਦੇ ਖ਼ਿਲਾਫ਼ ਮੋਰਚਾ ਲਾ ਲਿਆ। ਪੁਜਾਰੀ ਆਪਣੀ ਗੱਲ 'ਤੇ ਅੜੇ ਰਹੇ। ਅਖ਼ੀਰ ਸੰਗਤ ਵਲੋਂ ਫ਼ੈਸਲਾ ਕੀਤਾ ਗਿਆ ਕਿ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਲਿਆ ਜਾਵੇ। ਹੁਕਮ ਆਇਆ:

ਸੋਰਠਿ ਮ: ੩ ਦੁਤੁਕੀ
ਨਿਗੁਣਿਆ ਨੋ ਆਪੇ ਬਖਸਿ ਲਏ ਭਾਈ,
ਸਤਿਗੁਰ ਕੀ ਸੇਵਾ ਲਾਇ
ਸਤਿਗੁਰ ਕੀ ਸੇਵਾ ਊਤਮ ਹੈ ਭਾਈ,
ਰਾਮ ਨਾਮਿ ਚਿਤੁ ਲਾਇ... (ਅੰਗ: ੬੩੮)

ਸੰਗਤਾਂ ਇਹ ਇਲਾਹੀ ਹੁਕਮ ਸੁਣ ਕੇ ਵਿਸਮਾਦ 'ਚ ਆ ਗਈਆਂ। ਅਖ਼ੀਰ ਪੁਜਾਰੀਆਂ ਨੂੰ ਕਥਿਤ ਪਛੜੀਆਂ ਜਾਤਾਂ ਦੇ ਸਿੱਖਾਂ ਦਾ ਪ੍ਰਸ਼ਾਦਿ ਕਬੂਲ ਕਰਨਾ ਪਿਆ ਅਤੇ ਅਰਦਾਸ ਕਰਕੇ ਪ੍ਰਸ਼ਾਦਿ ਸਾਰੀ ਸੰਗਤ ਵਿਚ ਵਰਤਾਇਆ ਗਿਆ। ਇਸ ਤੋਂ ਬਾਅਦ ਸੰਗਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚਲੀਆਂ ਗਈਆਂ। ਸੰਗਤਾਂ ਨੂੰ ਆਉਂਦਿਆਂ ਵੇਖ ਕੇ ਪੁਜਾਰੀ ਤਖ਼ਤ ਸਾਹਿਬ ਨੂੰ ਸੁੰਞਾ ਛੱਡ ਕੇ ਚਲੇ ਗਏ। ਉਨਾਂ ਦੇ ਜਾਣ ਮਗਰੋਂ ਸਿੱਖ ਸੰਗਤ ਨੇ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ।

13 ਅਕਤੂਬਰ ਦੇ ਦਿਨ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਸਿੱਖ ਆਗੂਆਂ, ਸਰਬਰਾਹ ਅਤੇ ਪੁਜਾਰੀਆਂ ਦੀ ਇਕ ਬੈਠਕ ਬੁਲਾਈ। ਬੈਠਕ ਵਿਚ ਸਿਰਫ਼ ਸਿੱਖ ਆਗੂ ਹੀ ਪਹੁੰਚੇ।



ਇਸ 'ਤੇ ਡਿਪਟੀ ਕਮਿਸ਼ਨਰ ਨੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਵਾਸਤੇ ਵੀ ਇਕ 9 ਮੈਂਬਰੀ ਆਰਜ਼ੀ ਕਮੇਟੀ ਬਣਾ ਦਿੱਤੀ। ਇਸ ਤਰਾਂ ਗੁਰਦੁਆਰਾ ਸੁਧਾਰ ਲਹਿਰ ਵਿਚੋਂ ਇਕ ਨਵੀਂ ਤੇ ਪਵਿੱਤਰ ਭਾਵਨਾ ਪੈਦਾ ਹੋਈ, ਜਿਸ ਨੇ 'ਗੁਰਦੁਆਰਿਆਂ ਅਤੇ ਸਿੱਖ ਸਮਾਜ ਅੰਦਰੋਂ ਜਾਤ-ਪਾਤ ਦੇ ਪੈਦਾ ਹੋਏ ਵਿਤਕਰੇ ਨੂੰ ਦੂਰ ਕਰਨ ਦਾ ਮੁੱਢ ਬੰਨਿਆ।' ਅਖ਼ੀਰ ਮਹੰਤਾਂ ਨੂੰ ਗੁਰਦੁਆਰੇ ਛੱਡਣੇ ਪਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ।

ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਨਾਲ ਹੀ ਸਿੱਖ ਪੰਥ ਨੇ ਜਾਤ-ਪਾਤ ਦੀ ਕੁਰੀਤੀ ਖ਼ਤਮ ਕਰਨ ਲਈ ਕਥਿਤ ਨੀਵੀਆਂ ਜਾਤਾਂ ਸਮਝੇ ਜਾਣ ਵਾਲੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਵਿਚ ਸ਼ਾਮਿਲ ਕਰਨ ਦੀ ਜ਼ੋਰਦਾਰ ਮੁਹਿੰਮ ਆਰੰਭੀ। ਇਨਾਂ ਨਵੇਂ ਸਜੇ ਸਿੰਘਾਂ ਨਾਲ ਵੀ ਕੁਝ ਕੁ ਥਾਵਾਂ 'ਤੇ ਵਿਤਕਰਾ ਕਰਨ ਦੀਆਂ ਪੰਥ ਨੂੰ ਖ਼ਬਰਾਂ ਮਿਲੀਆਂ ਤਾਂ ਸ਼੍ਰੋਮਣੀ ਕਮੇਟੀ ਨੇ 14 ਮਾਰਚ 1927 ਨੂੰ ਸਰਬਸੰਮਤੀ ਨਾਲ ਗੁਰਮਤਾ ਪਾਸ ਕੀਤਾ ਕਿ, 'ਸਿੱਖਾਂ ਵਿਚ ਜਾਤ-ਪਾਤ ਦੇ ਖ਼ਿਆਲ ਨਾਲ ਕਿਸੇ ਵਿਅਕਤੀ ਨੂੰ ਉੱਚਾ ਜਾਂ ਨੀਵਾਂ ਨਹੀਂ ਮੰਨਿਆ ਜਾਂਦਾ। ਇਸ ਲਈ ਹਰ ਇਕ ਜਾਤ ਵਿਚੋਂ ਸਜ ਕੇ ਆਏ ਸਿੱਖ ਨਾਲ ਸੰਗਤ ਪੰਗਤ ਦੁਆਰਾ ਅਭੇਦ ਵਰਤਿਆ ਜਾਵੇ।' ਇਸੇ ਤਰਾਂ ਜਾਤ-ਪਾਤ ਦੇ ਫ਼ਰਕ ਨੂੰ ਮਿਟਾਉਣ ਲਈ ਇਕ ਹੋਰ ਮਤਾ 15 ਮਾਰਚ 1927 ਨੂੰ ਪਾਸ ਕੀਤਾ ਗਿਆ।

ਸਿੱਖ ਸੰਸਥਾਵਾਂ, ਸੰਪਰਦਾਵਾਂ ਅਤੇ ਜਥੇਬੰਦੀਆਂ 'ਤੇ ਉੱਨੀਵੀਂ ਸਦੀ 'ਚ ਕਾਬਜ਼ ਰਹੇ 'ਮਹੰਤਾਂ' ਵਲੋਂ ਚਲਾਈਆਂ ਗਈਆਂ ਗੁਰਮਤਿ ਵਿਰੋਧੀ ਕੁਰੀਤੀਆਂ ਅੱਜ ਵੀ, ਕੁਝ ਸਿੱਖ ਜਥੇਬੰਦੀਆਂ ਅਤੇ ਸੰਪਰਦਾਵਾਂ ਵਿਚ 'ਪਰੰਪਰਾ' ਬਣ ਕੇ ਬੇਰੋਕ ਜਾਰੀ ਹਨ ਅਤੇ ਇਨਾਂ ਵਿਚੋਂ ਹੀ ਇਕ ਵੱਡੀ ਕੁਰੀਤੀ ਜਾਤ-ਪਾਤ ਦਾ ਵਰਤਾਰਾ ਹੈ। ਇਸ ਤਹਿਤ ਕਥਿਤ ਦਲਿਤ ਆਖੇ ਜਾਣ ਵਾਲੇ ਲੋਕਾਂ ਨੂੰ ਅੰਮ੍ਰਿਤ ਛਕਾਉਣ ਵੇਲੇ ਵੱਖਰੇ ਬਾਟੇ ਦੀ ਵਰਤੋਂ ਕੀਤੀ ਜਾਂਦੀ ਹੈ। ਉਨਾਂ ਲਈ ਲੰਗਰ ਦੀ ਵੱਖਰੀ ਪੰਗਤ ਲਗਾਈ ਜਾਂਦੀ ਹੈ। ਉਪਰਲੇ ਪੱਧਰ ਦੀ ਧਾਰਮਿਕ ਅਤੇ ਸਿਆਸੀ ਸਿੱਖ ਲੀਡਰਸ਼ਿਪ ਵਿਚ ਇਸ ਤਰਾਂ ਦੀ ਸਿਧਾਂਤਕ ਗਿਰਾਵਟ ਆਉਣ ਸਦਕਾ ਪਿੰਡਾਂ ਵਿਚ ਤੇਜ਼ੀ ਨਾਲ ਜਾਤਾਂ 'ਤੇ ਆਧਾਰਤ ਗੁਰਦੁਆਰੇ ਬਣ ਰਹੇ ਹਨ। ਰੰਘਰੇਟੇ ਸਿੱਖ, ਰਵਿਦਾਸੀਏ ਸਿੱਖ, ਕਬੀਰ ਪੰਥੀ ਸਿੱਖ, ਸ਼ਿਕਲੀਗਰ ਅਤੇ ਵਣਜਾਰੇ ਆਦਿ ਸਿੱਖਾਂ ਨੂੰ ਸਿੱਖ ਪੰਥ ਦਾ ਅਟੁੱਟ ਅੰਗ ਸਮਝ ਕੇ ਬਰਾਬਰ ਸਥਾਨ ਅਤੇ ਸਤਿਕਾਰ ਦਿੱਤਾ ਜਾਵੇ।

# ਸਿੱਖ ਨੌਜਵਾਨ ਪੀੜੀ ਵਿੱਚ ਕੇਸ ਕਤਲ ਕਰਨ ਦਾ ਵੱਧਦਾ ਰੁਝਾਨ -

**ਸੁਖਬੀਰ ਸਿੰਘ 'ਮੁਰਾਦਪੁਰਾ'**

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਸਨ। ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਇਸ ਦੇ ਪ੍ਰਚਾਰ ਲਈ ਆਪਣਾ ਪੂਰਾ ਜੀਵਨ ਲਗਾ ਦਿੱਤਾ ਸੀ। ਉਨ੍ਹਾਂ ਦੀ ਜੋਤ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਤੇ ਹੋਰ ਗੁਰੂ ਸਾਹਿਬਾਨ ਦੀ ਸਿੱਖ ਧਰਮ ਨੂੰ ਬਹੁਤ ਵੱਡੀ ਦੇਣ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਸਿੱਖ ਧਰਮ ਲਈ ਭਾਰੀ ਕੁਰਬਾਨੀਆਂ ਦੇਣੀਆਂ ਪਈਆਂ ਸਨ। ਸਿੱਖ ਧਰਮ ਵਿਚ ਗੁਰੂ ਸਾਹਿਬ ਵੱਲੋਂ ਬਖਸ਼ਿਸ਼ ਕੀਤੀ ਹੋਈ ਦਾਤ ਕੇਸ ਬਹੁਤ ਉੱਚਾ ਸਥਾਨ ਰੱਖਦੇ ਹਨ। ਜਿਸ ਦਾ ਅੰਦਾਜ਼ਾ ਲਗਾਉਣਾ ਵੀ ਸ਼ਾਇਦ ਮੁਸ਼ਕਿਲ ਹੈ। ਬਾਜਾਂ ਵਾਲੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਣ ਸਮੇਂ ਕੇਸਾਂ ਨੂੰ ਪੰਜ ਕਕਾਰਾਂ ਵਿਚ ਸ਼ਾਮਿਲ ਕਰਕੇ ਇਨ੍ਹਾਂ ਦੀ ਮਹਾਨਤਾ ਨੂੰ ਹੋਰ ਵੀ ਮਾਣ ਬਖਸ਼ਿਆ ਸੀ। ਉਨ੍ਹਾਂ ਵੱਲੋਂ ਕੇਸਾਂ ਨੂੰ ਸਿੱਖ ਦਾ ਇਕ ਜ਼ਰੂਰੀ ਅੰਗ ਹੋਣ ਦਾ ਰੁਤਬਾ ਦਿੱਤਾ ਸੀ ਜਿਨ੍ਹਾਂ ਨੂੰ ਸਿੱਖ ਕਦੀ ਵੀ ਆਪਣੇ ਤੋਂ ਜੁਦਾ ਨਹੀਂ ਕਰ ਸਕਦਾ। ਸਿਰ ਉੱਪਰ ਸੁਹਣੀ ਪਗੜੀ ਸਜਾਉਣ ਦੀ ਰੀਤ ਵੀ ਉਨ੍ਹਾਂ ਨੇ ਖੁਦ ਹੀ ਚਲਾਈ ਸੀ। ਸਿੱਖ ਦੀ ਸਖਸ਼ੀਅਤ ਵਿਚ ਪਗੜੀ ਸਜਾਉਣ ਨਾਲ ਇਕ ਖਾਸ ਕਿਸਮ ਦਾ ਨਿਖਾਰ ਆਉਂਦਾ ਹੈ। ਕੇਸਾਂ ਦੇ ਨਾਲ ਨਾਲ ਦਾੜ੍ਹੀ ਮੁੱਛਾਂ ਆਦਿ ਵੀ ਮਨੁੱਖ ਨੂੰ ਰੱਬ ਦੀ ਬਖਸ਼ੀ ਹੋਈ ਦਾਤ ਹਨ ਜਿਸ ਨੂੰ ਖਾਸ ਕਰ ਇਕ ਸਿੱਖ ਵੱਲੋਂ ਕਟਵਾ ਕੇ ਆਪਣੀ ਸ਼ਕਲ ਸੂਰਤ ਨੂੰ ਵਿਗਾੜਨਾ ਉਸ ਅਕਾਲ ਪੁਰਖ ਦੀ ਹੁਕਮ ਅਦੂਲੀ ਹੈ।

ਸਿੱਖ ਧਰਮ ਦੁਨੀਆਂ ਦੇ ਸਭ ਧਰਮਾਂ ਵਿਚੋਂ ਵਿਲੱਖਣ ਧਰਮ ਹੈ ਅਤੇ ਇਸ ਦਾ ਇਤਿਹਾਸ ਬਹੁਤ ਹੀ ਕੁਰਬਾਨੀਆਂ ਭਰਿਆ ਹੈ। ਸਿੱਖ ਧਰਮ ਵਿਚ ਕਿਸੇ ਵੀ ਜਾਤ ਪਾਤ ਜਾਂ ਨਸਲ ਦਾ ਵਿਕਤਰਾ ਨਹੀਂ ਹੈ ਸਗੋਂ ਗੁਰੂ ਸਾਹਿਬਾਨ ਦੇ ਹੁਕਮ ਅਤੇ ਪਾਏ ਹੋਏ ਪੂਰਨਿਆਂ ਅਨੁਸਾਰ ਸਾਰੀਆਂ ਹੀ ਜਾਤਾਂ ਨੂੰ ਇਕ ਸਮਾਨ ਸਮਝਿਆਂ ਜਾਂਦਾ ਹੈ ਪਰ ਸਾਡੀ ਜੀਵਨ-ਜਾਂਚ ਵਿੱਚ ਬਹੁਤ ਸਾਰੀਆਂ ਤਰੁੱਟੀਆਂ ਆਉਣ ਕਾਰਨ ਸਾਡੇ ਸਿੱਖ ਨੌਜਵਾਨਾਂ ਵਿਚ ਦਾੜ੍ਹੀ, ਮੁੱਛਾਂ ਅਤੇ ਸਿਰ ਦੇ ਵਾਲ ਕਟਵਾਉਣ ਦਾ ਰੁਝਾਨ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ। ਨੌਜਵਾਨ ਬੀਬੀਆਂ ਵਿਚ ਵੀ ਫੈਸ਼ਨ ਦੀ ਦੌੜ ਵਿਚ ਆਪਣੇ ਸੁਹਣੇ, ਸੁੰਦਰ ਅਤੇ ਰੇਸ਼ਮ ਵਰਗੇ ਵਾਲਾਂ ਅਤੇ ਰੋਮਾਂ ਨੂੰ ਕਟਵਾਉਣ ਦੀ ਰੁੱਚੀ ਵਿਚ ਬੜੀ ਤੇਜੀ ਨਾਲ ਵਾਧਾ ਹੋ ਰਿਹਾ ਹੈ।

ਸ਼ਾਇਦ ਸਾਡੀ ਨੌਜਵਾਨ ਪੀੜੀ ਸਾਡੇ ਮਾਣਮੱਤੇ ਅਤੇ ਜੱਗੋਂ ਨਿਆਰੀ ਸਿੱਖ ਕੌਮ ਦੇ ਡੂੰਘੇ, ਪ੍ਰਭਾਵਸ਼ਾਲੀ ਅਤੇ ਗੌਰਵਮਈ ਇਤਿਹਾਸ ਨੂੰ ਵਿਸਾਰਦੀ ਜਾ ਰਹੀ ਹੈ। ਸਾਡੇ ਇਸ ਧਰਮ ਦੀ ਖਾਤਿਰ ਹੀ ਸਿੱਖ ਗੁਰੂਆਂ ਅਤੇ ਹੋਰ ਬਹੁਤ ਸਾਰੇ ਸਿੱਖਾਂ ਨੂੰ ਭਾਰੀ ਕੁਰਬਾਨੀਆਂ ਦੇਣੀਆਂ ਪਈਆਂ ਸਨ ਪਰ ਆਪਣੇ ਧਰਮ ਨੂੰ ਬਿਲਕੁਲ ਹੀ ਆਂਚ ਨਹੀਂ ਸੀ ਆਉਣ ਦਿੱਤੀ।

ਸਿੱਖ ਨੌਜਵਾਨ ਪੀੜੀ ਨੂੰ ਇਹ ਕਦੀ ਵੀ ਨਹੀਂ ਭੁੱਲਣਾ ਚਾਹੀਦਾ ਕਿ ਦੁਨੀਆਂ ਦੇ ਅਜੋਕੇ ਅਤੇ ਨਿਆਰੇ ਸਿੱਖ ਧਰਮ ਨੂੰ ਚੜਦੀ ਕਲਾ ਵਿਚ ਰੱਖਣ ਲਈ ਸ਼ਹੀਦਾਂ ਦੇ ਸਿਰਤਾਜ ਜਾਣੇ ਜਾਂਦੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਧਰਮ ਦੀ ਖਾਤਰ ਤੱਤੀਆਂ ਤਵੀਆਂ ਉਪਰ ਬੈਠੇ, ਪਾਣੀ ਦੀ ਭਰੀ ਉਬਲਦੀ ਦੇਗ ਵਿਚ ਬੈਠੇ ਤੇ ਹੋਰ ਵੀ ਅਸਹਿ ਤਸੀਹੇ ਝੱਲੇ ਸਨ ਅਤੇ ਸ਼ਹੀਦੀ ਪ੍ਰਾਪਤ ਕੀਤੀ ਸੀ। ਧਰਮ ਦੀ ਹੋਂਦ ਨੂੰ ਕਾਇਮ ਰੱਖਣ ਲਈ ਹੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਸੀਸ ਅਰਪਣ ਕਰ ਦਿੱਤਾ ਸੀ ਅਤੇ ਬਾਅਦ ਵਿਚ ਪੂਰੇ ਵਿਸ਼ਵ ਵਿਚ 'ਹਿੰਦ ਦੀ ਚਾਦਰ' ਦੇ ਨਾਮ ਪ੍ਰਸਿੱਧ ਹੋਏ। ਕਲਗੀਧਰ, ਬਾਜਾਂ ਵਾਲੇ ਸਾਹਿਬੇ ਆਜ਼ਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ, ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਹੀ ਧਰਮ ਖਾਤਿਰ ਵਾਰਨ ਦੀ ਕੁਰਬਾਨੀ ਕਿਵੇਂ ਭੁਲਾਈ ਜਾ ਸਕਦੀ ਹੈ? ਜਿੰਨ੍ਹਾਂ ਦੇ ਦੋ ਵੱਡੇ ਸਾਹਿਬਜ਼ਾਦਿਆਂ ਨੇ ਚਮਕੌਰ ਦੀ ਜੰਗ ਵਿਚ ਹਸਦੇ ਹਸਦੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ। ਦੋ ਛੋਟੇ ਸਾਹਿਬਜ਼ਾਦਿਆਂ ਨੇ ਮੁਗਲ ਹਾਕਮਾਂ ਵਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਦੀ ਪਰਵਾਹ ਨਾ ਕੀਤੀ ਅਤੇ ਜਿਉਂਦੇ ਹੀ ਛੋਟੀਆਂ ਜਿਹੀਆਂ ਕੋਮਲ ਜਿੰਦਾਂ ਨੂੰ ਨੀਂਹਾਂ ਵਿਚ ਚਿਣ ਦਿੱਤਾ ਗਿਆ ਸੀ।

ਸਾਡੀ ਇਹ ਮਾਡਰਨ ਨੌਜਵਾਨ ਪੀੜੀ ਸਿੱਖ ਇਤਿਹਾਸ ਦੀ ਵੱਖ ਵੱਖ ਜਾਤਾਂ ਦੇ ਪੰਜ ਸਿੱਖਾਂ ਦੀ ਮਿਸਾਲ ਨੂੰ ਕਿਵੇਂ ਭੁਲ ਗਈ? ਜਿੰਨਾਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਆਪਣੇ ਆਪ ਨੂੰ ਉਨ੍ਹਾਂ ਨੂੰ ਅਰਪਣ ਕਰ ਦਿੱਤਾ ਸੀ ਅਤੇ ਬਾਅਦ ਵਿਚ ਗੁਰੂ ਜੀ ਵੱਲੋਂ ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਸਿੰਘ ਸਾਜ ਕੇ ਪੰਜ ਪਿਆਰਿਆਂ ਦੀ ਪਦਵੀ ਨਾਲ ਨਿਵਾਜਿਆ ਸੀ ਤੇ ਖਾਲਸਾ ਪੰਥ ਦਾ ਨਾਂ ਦਿੱਤਾ ਸੀ। ਇਹ ਪੀੜੀ ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ ਜਿਹੇ ਸਿੱਖਾਂ ਅਤੇ ਉਨ੍ਹਾਂ ਬੀਬੀਆਂ ਦੀਆਂ ਕੁਰਬਾਨੀਆਂ ਨੂੰ ਜਿੰਨਾਂ ਨੇ ਆਪਣੇ ਕਲੇਜੇ ਦੇ ਲਾਲਾਂ ਨੂੰ ਜਿਉਂਦੇ ਜੀ ਕਟਵਾ ਕੇ ਆਪਣੇ ਗਲੇ ਵਿਚ ਪੁਆਇਆ ਸੀ ਪਰ ਧਰਮ ਦੀ ਖਾਤਰ ਹੀ ਸਭ ਕੁਝ ਝੱਲਿਆ ਸੀ, ਕਿਵੇਂ ਭੁਲ ਗਈ ਹੈ?

ਅਮੀਰਕਾ ਵਰਗੇ ਮੁਲਕਾਂ ਵਿਚ ਰਹਿ ਰਹੇ ਗੋਰੇ ਸਾਡੇ ਇਸ ਸਿੱਖ ਧਰਮ ਤੋਂ ਏਨੇ ਪ੍ਰਭਾਵਿਤ ਹਨ ਕਿ ਲੱਖਾਂ ਦੀ ਗਿਣਤੀ ਵਿਚ ਉਨ੍ਹਾਂ ਨੇ ਸਿੱਖ ਧਰਮ ਨੂੰ ਅਪਣਾ ਲਿਆ ਹੈ। ਉਹ ਹਰ ਧਾਰਮਿਕ ਸਮਾਗਮਾਂ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਹਨ, ਨਿਤਨੇਮ ਕਰਦੇ, ਕੀਰਤਨ ਕਰਦੇ, ਗੁਰਦੁਆਰੇ ਜਾ



ਕੇ ਮੱਥਾ ਟੇਕ ਕੇ ਅਕਾਲ ਪੁਰਖ ਦਾ ਸ਼ੁਕਰਾਨਾਂ ਕਰਦੇ ਹਨ। ਹਾਲਾਕਿ ਇਹ ਲੋਕ ਇਕ ਅਜਿਹੀ ਸੰਸਕ੍ਰਿਤੀ ਨਾਲ ਜੁੜੇ ਹੋਏ ਹਨ ਕਿ ਉਹ ਸੋਖਾਲੇ ਹੀ ਐਵੇਂ ਕਿਸੇ ਵੀ ਵਸਤੂ, ਹਕੀਕਤ ਆਦਿ ਉਪਰ ਵਿਸ਼ਵਾਸ਼ ਨਹੀਂ ਕਰਦੇ। ਸਗੋਂ ਉਹ ਪੂਰੀ ਤਰਾਂ ਪਰੈਕਟੀਕਲ ਹਨ ਅਤੇ ਪੂਰੇ ਅਧਿਐਨ ਮਗਰੋਂ ਹੀ ਆਪਣਾ ਵਿਸ਼ਵਾਸ ਕਰਦੇ ਹਨ। ਉਨ੍ਹਾਂ ਨੂੰ ਸਿੱਖ ਧਰਮ ਵਿਚ ਸ਼ਾਇਦ ਕੁਝ ਐਸਾ ਲੱਭਿਆ ਹੀ ਹੋਵੇਗਾ ਜਿਸ ਨੂੰ ਉਨ੍ਹਾਂ ਨੇ ਅਪਨਾਇਆ ਹੈ।

ਸਿੱਖ ਧਰਮ ਵਿਚ ਕੇਸਾਂ ਅਤੇ ਪਗੜੀ ਆਦਿ ਦੀ ਆਪਣੀ ਹੀ ਇਕ ਮਹੱਤਤਾ ਹੈ। ਪਗੜੀਧਾਰੀ ਸੱਜੇ ਹੋਏ ਸਿੱਖ ਨੂੰ ਹਰ ਕੋਈ ਸਰਦਾਰ ਜੀ ਜਾਂ ਸਰਦਾਰ ਸਾਹਿਬ ਕਹਿ ਕੇ ਬੁਲਾਉਂਦਾ ਹੈ ਜੋ ਕਿ ਮੋਨੇ ਸਿਰ ਵਾਲੇ ਸਿੱਖ ਨੂੰ ਉਨਾਂ ਇੱਜ਼ਤ ਮਾਣ ਅਤੇ ਸਤਿਕਾਰ ਨਹੀਂ ਦਿੱਤਾ ਜਾਂਦਾ। ਸਿੱਖ ਕੌਮ ਦੀ ਆਪਣੀ ਹੀ ਇਕ ਹੋਂਦ ਹੈ ਜਿਸ ਨੂੰ ਕਦੀ ਵੀ ਅੱਖੋ ਪਰੋਖੇ ਨਹੀਂ ਕੀਤਾ ਜਾ ਸਕਦਾ। ਸਿੱਖੀ ਸਾਨੂੰ ਸਾਡੇ ਗੁਰੂਆਂ ਵੱਲੋਂ ਅਨੇਕਾਂ ਹੀ ਕੁਰਬਾਨੀਆਂ ਕਰਨ ਉਪਰੰਤ ਬਖਸ਼ੀ ਹੋਈ ਇਕ ਅਜਿਹੀ ਅਮੋਲਕ ਦਾਤ ਹੈ ਜਿਸ ਦਾ ਮੁੱਲ ਅਸੀਂ ਜਿਉਂਦੇ ਜੀ ਕਦੀ ਵੀ ਨਹੀਂ ਤਾਰ ਸਕਦੇ।

ਅਜੋਕੇ ਯੁੱਗ ਦੀ ਨੌਜਵਾਨ ਪੀੜੀ ਨੂੰ ਸਾਡੇ ਕੁਰਬਾਨੀਆਂ ਭਰਪੂਰ ਇਤਿਹਾਸ ਕਦੀ ਵੀ ਵਿਸਾਰਨਾ ਨਹੀਂ ਚਾਹੀਦਾ ਕਿਉਂਕਿ ਕੇਸ ਭਾਵ ਵਾਲ ਸਾਨੂੰ ਅਕਾਲ ਪੁਰਖ ਵੱਲੋਂ ਦਿੱਤੀ ਗਈ ਇਕ ਬਖਸ਼ਿਸ਼ ਹੈ ਜਿਸ ਲਈ ਜਦੋਂ ਅਸੀਂ ਇਹਨਾਂ ਨੂੰ ਕਟਵਾਉਂਦੇ ਹਾਂ ਤਾਂ ਇਹਨਾਂ ਦਾ ਨਿਰਾਦਰ ਹੁੰਦਾ ਹੈ ਜਿਸ ਲਈ ਅਸੀਂ ਉਸ ਪ੍ਰਮਾਤਮਾ ਦੇ ਗੁਨਾਹਗਾਰ ਬਣ ਜਾਂਦੇ ਹਾਂ। ਸਾਨੂੰ ਕੋਈ ਵੀ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜੋ ਸਾਡੇ ਗੁਰੂ ਨੂੰ ਚੰਗੀ ਨਾ ਲੱਗੇ। ਇਕ ਸਿੱਖ ਹੋ ਕੇ ਦਸਮ ਪਾਸ਼ਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੀਤੀਆਂ ਕੁਰਬਾਨੀਆਂ ਦਾ ਸ਼ੁਕਰਾਨਾਂ ਅਸੀਂ ਆਪਣੇ ਕੇਸਾਂ ਨੂੰ ਨਾਈਆਂ ਦੀਆਂ ਦੁਕਾਨਾਂ ਤੇ ਜਾ ਕੇ ਪੈਰਾਂ ਹੇਠ ਰੋਲ ਕੇ ਕਰ ਰਹੇ ਹਾਂ? ਸਾਡੇ ਧਰਮ ਦੀ ਖਾਤਿਰ ਹੀ ਉਨ੍ਹਾਂ ਨੇ ਹਸਦੇ ਵਸਦੇ ਆਪਣੇ ਸਥਾਨ ਆਨੰਦਪੁਰ ਸਾਹਿਬ ਜਿੱਥੇ ਉਨ੍ਹਾਂ ਦੇ ਬਚਪਨ ਤੋਂ ਸ਼ਾਦੀ ਤੱਕ ਦੇ ਲੱਗ ਭੱਗ ਸਾਰੇ ਕਾਰਜ ਸਿਰੇ ਚੜੇ ਸਨ, ਨੂੰ ਛੱਡ ਕੇ ਤੁਰ ਗਏ ਸਨ ਤੇ ਹਨੇਰੀ ਕਾਲੀ ਬੋਲੀ ਰਾਤ ਨੂੰ ਸਰਸਾ ਨਦੀ ਦੇ ਕੰਡੇ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਹੀ ਵਿਛੜ ਗਿਆ ਸੀ। ਉਨ੍ਹਾਂ ਨੂੰ ਸਾਡੀ ਸਿੱਖ ਕੌਮ ਖਾਤਿਰ ਹੀ ਮਾਛੀਵਾੜੇ ਦੇ ਜੰਗਲਾਂ ਵਿਚ ਤੁਰਨਾਂ ਪਿਆ ਸੀ। ਉਸ ਅਕਾਲ ਪੁਰਖ ਦੇ ਲੇਖੇ ਆਪਣੇ ਜਿਗਰ ਦੇ ਲਾਲ ਖੁਸ਼ੀ ਖੁਸ਼ੀ ਧਰਮ ਦੇ ਲੇਖੇ ਲਾ ਦਿੱਤੇ ਸਨ। ਇਹ ਕਮਾਲ ਤਾਂ ਉਹੀ ਕਰ ਸਕਦੇ ਹਨ। ਇਸ ਦੁਨੀਆਂ ਵਿਚ ਰਾਜੇ ਮਹਾਂਰਾਜੇ ਤਾਂ ਬਹੁਤ ਹੋਏ ਹਨ ਪਰ ਕਿਸੇ ਨੇ ਵੀ ਧਰਮ ਦੀ ਖਾਤਿਰ ਆਪਣੇ ਜਿਗਰ ਦੇ ਟੁਕੜੇ ਕੁਰਬਾਨ ਕਰਨ ਦੀ ਹਿੰਮਤ ਨਹੀਂ ਕੀਤੀ।

ਸਾਡੇ ਨੌਜਵਾਨ ਸਾਥੀਆਂ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਗੁਰੂ ਘਰ ਵੱਲੋਂ ਬਖਸ਼ਿਸ਼ ਦਾਤ ਕੇਸਾਂ ਭਾਵ ਵਾਲਾਂ ਨੂੰ ਐਵੇਂ ਹੀ ਨਹੀਂ ਅਜਾਂਈ ਜਾਣ ਦੇਣਗੇ ਸਗੋਂ ਇਹਨਾਂ ਦੀ ਮਹੱਤਤਾ ਨੂੰ ਧਿਆਨ ਵਿਚ ਰੱਖ ਕੇ ਇਹਨਾਂ ਪ੍ਰਤੀ ਆਪਣੀ ਸ਼ਰਧਾ ਨੂੰ ਬਹਾਲ ਰੱਖਣਗੇ ਅਤੇ ਇਹਨਾਂ ਨੂੰ ਕਟਵਾਉਣਾ ਬੰਦ ਕਰਕੇ ਅਤੇ ਸਿਰਾਂ ਤੇ ਟੋਪੀਆਂ ਪਾਉਣੀਆਂ ਛੱਡ ਕੇ ਗੁਰੂ ਘਰ ਦੀਆਂ ਖੁਸ਼ੀਆਂ ਦੇ ਹੱਕਦਾਰ ਬਣਨਗੇ। ਸਿੱਖ ਬੀਬੀਆਂ ਵੀ ਆਪਣੇ ਕੇਸਾਂ ਦੇ ਸਤਿਕਾਰ ਨੂੰ ਧਿਆਨ ਵਿਚ ਰੱਖ ਕੇ ਸਿਰ ਉੱਪਰ ਦੁਪੱਟਾ ਸਜਾਉਣ ਵਿੱਚ ਤਵੱਜੋ ਦੇਣਗੀਆਂ।

# ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਵਾਲੇ ਸਿੱਖ ਜਰਨੈਲ "ਬਾਬਾ ਬੰਦਾ ਸਿੰਘ ਬਹਾਦਰ ਜੀ"

ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਬਚਪਨ ਦਾ ਨਾਂ ਲਛਮਣ ਦੇਵ ਸੀ। ਉਨ੍ਹਾਂ ਜੀ ਦੇ ਪਿਤਾ ਦਾ ਨਾਂ ਰਾਮਦੇਵ ਭਾਰਦਵਾਜ ਸੀ। ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਜੀ ਅਨੁਸਾਰ ਉਨ੍ਹਾਂ ਦੇ ਪਿਤਾ ਰਾਜਪੂਤ ਸਨ ਅਤੇ ਖੇਤੀਬਾੜੀ ਦਾ ਕੰਮ ਕਰਦੇ ਸਨ। ਉਨ੍ਹਾਂ ਦਾ ਜਨਮ ਕਤਕ ਸੁਦੀ ੧੩ ਸੰਮਤ ੧੭੨੭ ਨੂੰ ਜੰਮੂ ਕਸ਼ਮੀਰ ਦੇ ਇਲਾਕੇ ਪੁੰਛ ਰਾਜੌਰੀ ਵਿਖੇ ਹੋਇਆ।

ਇਕ ਵਾਰੀ ਉਨ੍ਹਾਂ ਨੇ ਹਿਰਨੀ ਦਾ ਸ਼ਿਕਾਰ ਕੀਤਾ ਤੇ ਹਿਰਨੀ ਜ਼ਖ਼ਮੀ ਹੋ ਕੇ ਜ਼ਮੀਨ 'ਤੇ ਡਿੱਗ ਪਈ। ਥੋੜੇ ਚਿਰ ਬਾਅਦ ਹਿਰਨੀ ਦੇ ਪੇਟ 'ਚੋਂ ਦੋ ਬੱਚੇ ਨਿਕਲੇ ਅਤੇ ਲਛਮਣ ਦੇਵ ਦੀਆਂ ਅੱਖਾਂ ਦੇ ਸਾਹਮਣੇ ਤੜਫ-ਤੜਫ ਕੇ ਮਰ ਗਏ। ਇਸ ਘਟਨਾ ਨੇ ਲਛਮਣ ਦੇਵ ਦੇ ਮਨ 'ਤੇ ਇੰਨਾ ਡੂੰਘਾ ਅਸਰ ਹੋਇਆ ਕਿ ਉਨ੍ਹਾਂ ਨੇ ਦੁਨੀਆਂ ਨੂੰ ਤਿਆਗ ਦੇਣ ਦਾ ਮਨ ਬਣਾ ਲਿਆ। ਉਨ੍ਹਾਂ ਦੀ ਮੁਲਾਕਾਤ ਇਕ ਵੈਰਾਗੀ ਸਾਧੂ ਜਾਨਕੀ ਪ੍ਰਸਾਦ ਨਾਲ ਹੋਈ। ਜਾਨਕੀ ਪ੍ਰਸਾਦ ਨੇ ਲਛਮਣ ਦੇਵ ਨੂੰ ਧੀਰਜ ਦਿੱਤਾ ਅਤੇ ਆਪਣਾ ਚੇਲਾ ਬਣਾ ਲਿਆ। ਉਨ੍ਹਾਂ ਬਾਬਾ ਜੀ ਦਾ ਨਾਂ ਮਾਧੋਦਾਸ ਵੈਰਾਗੀ ਰੱਖ ਦਿੱਤਾ। ਹੁਣ ਮਾਧੋਦਾਸ ਵੈਰਾਗੀ ਹੋਰਨਾਂ ਸਾਧੂ ਸੰਤਾਂ ਦੇ ਨਾਲ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੇ ਤੀਰਥਾਂ ਦੀ ਯਾਤਰਾ ਕਰਨ ਲੱਗ ਪਿਆ। ਇਕ ਵਾਰ ਸਾਧੂਆਂ ਦੀ ਇਹ ਮੰਡਲੀ ਕਸੂਰ ਵਿਖੇ ਜਾ ਪਹੁੰਚੀ। ਉਥੇ ਮਾਧੋ ਦਾਸ ਦਾ ਮੇਲ ਰਾਮਦਾਸ ਵੈਰਾਗੀ ਦੇ ਨਾਲ ਹੋਇਆ ਅਤੇ ਇਹ ਰਾਮਦਾਸ ਵੈਰਾਗੀ ਦੇ ਨਾਲ ਰਲ ਗਏ। ਮਹਾਰਾਸ਼ਟਰ ਵਿਚ ਮਾਧੋਦਾਸ ਵੈਰਾਗੀ ਦੀ ਮੁਲਾਕਾਤ ਇਕ ਔਘੜ ਨਾਥ ਜੋਗੀ ਨਾਲ ਹੋਈ।

ਮਾਧੋਦਾਸ ਇਸ ਜੋਗੀ ਦਾ ਚੇਲਾ ਬਣ ਕੇ ਉਸਦੀ ਸੇਵਾ ਕਰਨ ਲੱਗ ਪਿਆ। ਸੰਮਤ ੧੭੪੯ ਨੂੰ ਜਦੋਂ ਔਘੜ ਨਾਥ ਨੇ ਆਪਣਾ ਸਰੀਰ ਤਿਆਗਿਆ ਤਾਂ ਉਸਨੇ ਮਾਧੋਦਾਸ ਵੈਰਾਗੀ ਨੂੰ ਆਪਣਾ ਵਾਰਿਸ ਥਾਪ ਦਿੱਤਾ। ਮਾਧੋਦਾਸ



ਵੈਰਾਗੀ ਨੇ ਪੰਚਵਟੀ ਤੋਂ ਨਾਂਦੇੜ ਵਿਖੇ ਗੋਦਾਵਰੀ ਦੇ ਕਿਨਾਰੇ ਆ ਕੇ ਆਪਣੇ ਪੱਕੇ ਡੇਰੇ ਲਗਾ ਲਏ, ਇਥੇ ਮਾਧੋਦਾਸ ਦੀ ਚਾਰੇ ਪਾਸੇ ਪ੍ਰਸਿੱਧੀ ਹੋ ਗਈ। ਹੌਲੀ-ਹੌਲੀ ਇਹ ਰਿੱਧੀਆਂ ਸਿੱਧੀਆਂ ਦੇ ਮਾਲਕ ਬਣ ਗਏ ਅਤੇ ਇਨ੍ਹਾਂ ਚ ਹੰਕਾਰ ਵੀ ਆ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਦੋਂ ਨਾਂਦੇੜ ਦੀ ਧਰਤੀ 'ਤੇ ਪਹੁੰਚੇ ਤਾਂ ਇਹ ਸਿੱਧੇ ਹੀ ਮਾਧੋਦਾਸ ਵੈਰਾਗੀ ਦੇ ਡੇਰੇ 'ਤੇ ਚਲੇ ਗਏ। ਗੁਰੂ ਜੀ ਉਸਦੇ ਪਲੰਘ 'ਤੇ ਬਿਰਾਜਮਾਨ ਹੋ ਗਏ। ਉਸ ਵੇਲੇ ਮਾਧੋਦਾਸ ਵੈਰਾਗੀ ਕੁਟੀਆ ਵਿਚ ਨਹੀਂ ਸੀ। ਡਾ. ਗੰਡਾ ਸਿੰਘ ਆਪਣੀ ਪੁਸਤਕ ਬੰਦਾ ਸਿੰਘ ਬਹਾਦਰ ਵਿਚ ਇਥੋਂ ਤੱਕ ਵੀ ਲਿਖਦੇ ਹਨ ਕਿ ਗੁਰੂ ਜੀ ਦੇ ਸਾਥੀ ਸਿੰਘਾਂ ਨੇ ਆਪਣੇ ਲੰਗਰ ਲਈ ਮਾਸ ਦੀਆਂ ਦੇਗਾਂ ਚੁੱਲ੍ਹਿਆਂ 'ਤੇ ਚੜ੍ਹਾ ਦਿੱਤੀਆਂ। ਮਾਧੋਦਾਸ ਵੈਰਾਗੀ ਕਿਉਂਕਿ ਵੈਸ਼ਨੂੰ ਸੀ, ਇਸ ਲਈ ਉਸਦੇ ਚੇਲਿਆਂ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ। ਉਹ ਗੁਰੂ ਜੀ ਦੀ ਸ਼ਿਕਾਇਤ ਕਰਨ ਲਈ ਦੌੜ ਕੇ ਮਾਧੋਦਾਸ ਵੈਰਾਗੀ ਕੋਲ ਪਹੁੰਚੇ। ਚੇਲਿਆਂ ਦੀ ਗੱਲ ਸੁਣ ਕੇ ਮਾਧੋਦਾਸ ਵੈਰਾਗੀ ਨੂੰ ਬਹੁਤ ਗੁੱਸਾ ਆਇਆ ਤੇ ਉਹ ਤੁਰੰਤ ਆਪਣੇ ਡੇਰੇ ਵੱਲ ਭੱਜਾ ਆਇਆ।

ਮਾਧੋਦਾਸ ਦੀਆਂ ਰਿਧੀਆਂ-ਸਿਧੀਆਂ ਤੇ ਤੰਤਰ ਮੰਤਰ ਦਾ ਗੁਰੂ ਜੀ 'ਤੇ ਕੋਈ ਅਸਰ ਨਾ ਹੋਇਆ। ਗੁਰੂ ਜੀ ਅਡੋਲ ਬੈਠੇ ਰਹੇ। ਗੁਰੂ ਜੀ ਦੇ ਦਰਸ਼ਨ ਕਰਦੇ ਹੀ ਉਸਦੀ ਹਉਮੈ ਮਾਰੀ ਗਈ। ਵੈਰਾਗੀ ਨੂੰ ਆਪਣੀ ਸਾਰੀ ਸੁੱਧ ਬੁੱਧ ਭੁੱਲ ਗਈ। ਗੁਰੂ ਜੀ ਨੇ ਜਦੋਂ ਉਸਨੂੰ ਪੁੱਛਿਆ ਕਿ ਭਾਈ ਤੂੰ ਕੌਣ ਹੈਂ ਤਾਂ ਮਾਧੋਦਾਸ ਦੇ ਮੂੰਹੋਂ ਨਿਕਲਿਆ, "ਮੈਂ ਤਾਂ ਤੇਰਾ ਬੰਦਾ ਹਾਂ"। ਫੇਰ ਗੁਰੂ ਜੀ ਨੇ ਉਸਨੂੰ ਕਿਹਾ ਕਿ ਜੇਕਰ "ਤੂੰ ਮੇਰਾ ਬੰਦਾ ਹੈਂ ਤਾਂ ਬੰਦਿਆਂ ਵਰਗੇ ਕੰਮ ਕਰ"। ਇਹ ਸੁਣ ਕੇ ਮਾਧੋਦਾਸ ਗੁਰੂ ਜੀ ਦੇ ਚਰਨੀ ਪੈ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਅੰਮ੍ਰਿਤ ਛਕਾਕੇ ਤਿਆਰ ਬਰ ਤਿਆਰ ਸਿੰਘ ਸਜਾ ਦਿੱਤਾ। ਅੰਮ੍ਰਿਤ ਛਕਾਉਣ ਤੋਂ ਬਾਅਦ ਇਨ੍ਹਾਂ ਦਾ ਨਾਂ ਗੁਰਬਖਸ਼ ਸਿੰਘ ਰੱਖਿਆ ਗਿਆ ਪਰ ਪੰਥ ਵਿਚ ਇਨ੍ਹਾਂ ਜੀ ਦਾ ਨਾਂ ਬਾਬਾ ਬੰਦਾ ਸਿੰਘ ਬਹਾਦਰ ਪ੍ਰਸਿੱਧ ਹੋਇਆ। ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣਾ ਬੰਦਾ ਬਣਾ ਕੇ ਪੰਜ ਸਿੰਘ ਬਾਬਾ ਵਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ ਸਿੰਘ, ਬਾਬਾ ਦਇਆ ਸਿੰਘ ਤੇ ਬਾਬਾ ਰਣ ਸਿੰਘ ਉਸਦੀ ਸਹਾਇਤਾ ਲਈ ਨਾਲ ਤੋਰੇ ਅਤੇ ਪੰਜ ਤੀਰ ਆਪਣੇ ਭੱਥੇ ਵਿਚੋਂ ਕੱਢ ਕੇ ਉਸਨੂੰ ਬਖਸ਼ੇ।

ਇਸ ਤੋਂ ਇਲਾਵਾ ੨੦ ਹੋਰ ਸੂਰਵੀਰ ਗੁਰੂ ਜੀ ਨੇ ਬਾਬਾ ਜੀ ਦੀ ਸਹਾਇਤਾ ਲਈ ਪੰਜਾਬ ਵੱਲ ਨਾਲ ਘੱਲੇ। ਦਿੱਲੀ ਦੇ ਨੇੜੇ ਪਿੰਡਾਂ ਸਿਹਰੀ ਤੇ ਖੰਡਾ ਵਿਖੇ ਆ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੀ ਸ਼ਕਤੀ ਇਕੱਤਰ ਕੀਤੀ ਤੇ ਸਭ ਤੋਂ ਪਹਿਲਾਂ ਸੋਨੀਪਤ 'ਤੇ ਹਮਲਾ ਕਰਕੇ ਜਿੱਤ ਹਾਸਲ ਕਰ ਲਈ। ਫੇਰ ਕੈਥਲ, ਸਮਾਣਾ, ਸਢੌਰਾ, ਬਨੂੜ ਆਦਿ 'ਤੇ ਹਮਲੇ ਕੀਤੇ ਅਤੇ ਜਿੱਤਾਂ ਹਾਸਲ ਕਰਕੇ ਆਪਣੀ ਤਾਕਤ ਵਿਚ ਕਈ ਗੁਣਾ ਵਾਧਾ ਕਰ ਲਿਆ। ਬਨੂੜ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਹਮਲੇ ਲਈ ਲਲਕਾਰਿਆ ਤੇ ਉਸ ਨੇ ਵੀ ਕਹਿ ਦਿੱਤਾ ਕਿ ਚੱਪੜਚਿੜੀ ਦੇ ਮੈਦਾਨ ਵਿਚ ਟੱਕਰਾਂਗੇ। ਚੱਪੜਚਿੜੀ ਵਿਚ ਜ਼ਿਆਦਾ ਆਬਾਦੀ ਮੁਸਲਮਾਨ ਫਿਰਕੇ ਦੀ ਸੀ। ਜਿਨ੍ਹਾਂ ਵਿਚੋਂ ਬਹੁਤੇ ਮੁਗਲ ਸੈਨਿਕਾਂ ਦੇ ਸਮਰਥਕ ਸਨ। ਬਹੁਤ ਗਹਿ ਗੱਚ ਲੜਾਈ ਹੋਈ ਤੇ ਜਿੱਤ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਹੋਈ।

ਬਾਬਾ ਬੰਦਾ ਸਿੰਘ ਬਹਾਦਰ ਸਢੌਰੇ ਦੇ ਨੇੜੇ ਮੁਖਲਸਗੜ੍ਹ ਦੇ ਕਿਲੇ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਦਾ ਨਾਂਅ ਲੋਹਗੜ੍ਹ ਰੱਖਿਆ। ਫਿਰ ਬਾਬਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ 'ਤੇ ਉਸ ਸਮੇਂ ਦੇ ਰਿਵਾਜ ਅਨੁਸਾਰ ਖਾਲਸਾ ਰਾਜ ਦੀ ਵੱਖਰੀ ਹੋਂਦ ਦਰਸਾਉਣ ਲਈ ਇਕ ਸਿੱਕਾ ਜਾਰੀ ਕੀਤਾ।

ਬਾਕੀ ਸਫ਼ਾ 32 'ਤੇ

# ਅੱਸੂ ਆਸਾਂ ਦਾ ਮਹੀਨਾ



**ਹਰਮਨਪ੍ਰੀਤ ਸਿੰਘ,**
**ਸੰਪਰਕ : 98550-10005**

ਅੱਸੂ ਦਾ ਮਹੀਨਾ ਗਰਮ ਤੇ ਸਰਦ ਦੋ ਰੁੱਤਾਂ ਦੇ ਮੇਲ ਦਾ ਸੁਹਾਵਣਾ ਮਹੀਨਾ ਮੰਨਿਆ ਜਾਂਦਾ ਹੈ। ਹਰ ਰੁੱਤ ਦੀ ਸਾਡੇ ਤੇ ਸਾਡੇ ਵਿਰਸੇ-ਵਿਰਾਸਤ ਨਾਲ ਬੜੀ ਡੂੰਘੀ ਸਾਂਝ ਹੈ। ਸਾਲ ਦਾ ਹਰ ਮਹੀਨਾ ਆਪਣੇ ਨਾਲ ਨਵੀਂ ਰੁੱਤ ਲੈ ਕੇ ਆਉਂਦਾ ਹੈ। ਹਰ ਮਹੀਨੇ, ਹਰ ਰੁੱਤ, ਆਪਣੇ ਆਪ ਵਿਚ ਖਾਸ ਹੈ। ਅੱਸੂ ਦਾ ਮਹੀਨਾ ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਅੱਧ ਸਤੰਬਰ ਤੋਂ ਸ਼ੁਰੂ ਹੋ ਅੱਧ ਅਕਤੂਬਰ ਤਕ ਦਾ ਹੁੰਦਾ ਹੈ। ਅੱਸੂ ਦੇ ਮਹੀਨੇ 'ਚ ਜਿੱਥੇ ਰਾਤਾਂ ਮਿੰਨੀਆਂ-ਮਿੰਨੀਆਂ ਠੰਢੀਆਂ ਹੋਈਆਂ ਜਾਪਦੀਆਂ ਹਨ, ਉੱਥੇ ਹੀ ਦਿਨੇ ਧੁੱਪ ਹੁੰਦੀ ਹੈ। ਪ੍ਰੰਤੂ ਅੱਸੂ ਦੇ ਮਹੀਨੇ ਨਾ ਤਾਂ ਬਹੁਤੀ ਗਰਮੀ ਮਹਿਸੂਸ ਹੁੰਦੀ ਹੈ, ਤੇ ਨਾ ਹੀ ਬਹੁਤੀ ਸਰਦੀ ਤਾਂ ਹੀ ਤਾਂ ਸਾਡੀਆਂ ਲੋਕ ਬੋਲੀਆਂ 'ਚ ਅੱਸੂ ਦੇ ਮਹੀਨੇ ਦਾ ਜਿਕਰ ਕਰਦੇ ਕਿਹਾ ਜਾਂਦਾ ਹੈ ਕਿ 'ਅੱਸੂ ਮਾਹ ਨਿਰਾਲਾ, ਦਿਹੁੰ ਧੁੱਪ ਤੇ ਰਾਤੀਂ ਪਾਲਾ' ਇਸ ਮਹੀਨੇ ਮਿੰਨੀਆਂ-ਮਿੰਨੀਆਂ ਠੰਢੀਆਂ ਰਾਤਾਂ ਸਿਆਲੂ ਰੁੱਤ ਦੇ ਆਗਾਜ਼ ਦੀ ਦਸਤਕ ਦਿੰਦੀਆਂ ਜਾਪਦੀਆਂ ਹਨ। ਇਸ ਮਹੀਨੇ ਹੋਏ ਸੁਹਾਵਣੇ ਮੌਸਮ ਵਿਚ ਕੁਦਰਤ ਚਹੁ ਪਾਸੀਂ ਹਰਿਆਵਲ ਬਿਖੇਰਦੀ ਨਜ਼ਰ ਆਉਂਦੀ ਹੈ। ਅੱਸੂ ਦਾ ਮਹੀਨਾ ਚੜਦੇ-ਚੜਦੇ ਤਕਰੀਬਨ ਬਰਸਾਤੀ ਮੌਸਮ ਖ਼ਤਮ ਹੋ ਚੁੱਕਾ ਹੁੰਦਾ ਹੈ। ਪ੍ਰੰਤੂ ਜੇ ਕਿਧਰੋਂ ਅਸਮਾਨ 'ਚ ਬੱਦਲੀ ਆ ਜਾਵੇ ਕਿਸਾਨਾਂ ਦੇ ਸਾਹ-ਸੂਤੇ ਜਾਂਦੇ ਹਨ, ਕਿਉਂਕਿ ਅੱਸੂ ਦੇ ਮਹੀਨੇ 'ਚ ਫਸਲਾ ਭਰ-ਜੋਬਨ ਤੇ ਹੁੰਦੀਆਂ ਹਨ ਤੇ ਹਰੀ ਤੋਂ ਸੁਨਹਿਰੀ ਹੁੰਦੇ ਜੀਰੀ ਦੇ ਸਿੱਟੇ ਵਾਤਾਵਰਣ ਵਿਚ ਆਪਣਾ ਅਲੱਗ ਹੀ ਸੁਨਹਿਰੀ ਦ੍ਰਿਸ਼ ਪੇਸ਼ ਕਰਦੇ ਨਜ਼ਰੀਂ ਪੈਂਦੇ ਹਨ, ਨਾਲ ਹੀ ਸ਼ੁਰੂ ਹੋ ਜਾਂਦੇ ਨੇ ਅੱਸੂ ਦੇ ਮਹੀਨੇ ਵਿਚ ਤਿਉਹਾਰ ਉਂਜ ਤਾਂ ਸਾਡੇ ਪੰਜਾਬੀ ਸੱਭਿਆਚਾਰ 'ਚ ਸਾਰਾ ਸਾਲ ਹੀ ਕੋਈ ਨਾ ਕੋਈ ਤਿੱਥ, ਤਿਉਹਾਰਾਂ ਅਤੇ ਮੇਲੇ ਆਉਂਦੇ ਰਹਿੰਦੇ ਹਨ ਪ੍ਰੰਤੂ ਅੱਸੂ ਦਾ ਮਹੀਨਾ ਚੜਦੇ ਹੀ ਸਾਡੇ ਸਿਆਲੂ ਰੁੱਤ ਦੇ ਤਿੱਥ-ਤਿਉਹਾਰਾਂ ਦਾ ਆਗਾਜ਼ ਹੋ ਜਾਂਦਾ ਹੈ। ਕਈ ਵਾਰ ਸਾਡੀ ਅਰਥਹੀਣ ਹੋਈ ਜਿੰਦਗੀ ਨੂੰ ਇਨਾਂ ਮਹੀਨਿਆਂ ਵਿਚ ਆਏ ਇਹ ਮੌਸਮ, ਇਹ ਤਿੱਥ-ਤਿਉਹਾਰਾਂ ਅਤੇ ਮੇਲੇ ਸਾਡੀ ਜਿੰਦਗੀ ਨੂੰ ਇਕ ਇਹੋ ਜਿਹਾ ਸੰਦੇਸ਼, ਇਕ ਇਹੋ ਜਿਹਾ ਹੁਲਾਰਾ ਦੇ ਜਾਂਦੇ ਹਨ ਕਿ ਸਾਡੀ ਅਰਥਹੀਣ ਹੋਈ ਜਿੰਦਗੀ ਅਰਥ ਭਰਭੂਰ ਹੋ ਨਿਬੜਦੀ ਹੈ। ਜੇ ਅੱਸੂ ਦੇ ਮਹੀਨੇ ਵਿਚ ਆਏ ਮੇਲਿਆਂ ਦੀ ਗੱਲ ਕਰੀਏ ਤਾਂ 12ਵੀਂ ਸਦੀ ਦੇ ਸੂਫੀ ਸੰਤ ਬਾਬਾ ਫ਼ਰੀਦ ਜੀ ਦੀ ਯਾਦ ਵਿਚ ਫ਼ਰੀਦਕੋਟ (ਪੰਜਾਬ) ਦੀ ਧਰਤੀ ਤੇ ਬੜਾ ਭਾਰੀ ਮੇਲਾ ਲੱਗਦਾ ਹੈ। ਇੱਥੇ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਜੀ ਹੈ ਜਿੱਥੇ ਸੰਗਤਾਂ ਨਤਮਸਤਕ ਹੁੰਦੀਆਂ ਹਨ। ਇਸੇ ਤਰਾਂ ਅੱਸੂ ਦੇ ਮਹੀਨੇ 'ਚ ਸ੍ਰੀ ਸਿੱਧ ਬਾਬਾ ਸੋਢਲ ਜੀ ਦੇ ਸਥਾਨ ਤੇ ਕਾਫ਼ੀ ਭਾਰੀ ਮੇਲਾ ਭਰਦਾ ਹੈ। ਇਹ ਸਥਾਨ ਪੰਜਾਬ ਦੇ ਸ਼ਹਿਰ ਜਲੰਧਰ ਵਿਚ ਸਥਿਤ ਹੈ। ਇਸ ਮੇਲੇ ਵਿਚ ਪਹੁੰਚੇ ਸ਼ਰਧਾਲੂ ਸ੍ਰੀ ਸਿੱਧ ਬਾਬਾ ਸੋਢਲ ਜੀ ਦੇ ਸਥਾਨ 'ਤੇ ਬਣੇ ਮੰਦਿਰ 'ਚ ਹਾਜ਼ਰੀ ਲਵਾਉਂਦੇ ਹਨ। ਅੱਸੂ ਦੇ ਮਹੀਨੇ ਨਾਮਧਾਰੀ ਸਿੱਖ ਸੰਗਤ ਵਲੋਂ ਸ੍ਰੀ ਭੈਣੀ ਸਾਹਿਬ, ਲੁਧਿਆਣਾ (ਪੰਜਾਬ) ਦੀ ਧਰਤੀ ਤੇ ਇਕ ਮੇਲੇ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ ਵਿਚ ਸੰਗਤਾਂ ਕੱਠੀਆਂ ਹੋ ਨਾਮ ਸਿਮਰਨ ਕਰਦੀਆਂ ਹਨ। ਸ੍ਰੀ ਭੈਣੀ ਸਾਹਿਬ ਲੱਗਣ ਵਾਲੇ ਇਸ ਮੇਲੇ ਨੂੰ 'ਅੱਸੂ ਦਾ ਮੇਲਾ' ਕਿਹਾ ਜਾਂਦਾ ਹੈ। ਇਸੇ ਤਰਾਂ ਮੇਲਾ ਛਪਾਰ ਜੋ ਕਿ ਭਾਰਤ ਦੇ ਅਲੱਗ-ਅਲੱਗ ਸੂਬਿਆਂ ਵਿਚ ਲੱਗਦਾ ਹੈ, ਭਾਦੋਂ ਦੇ ਮਹੀਨੇ ਸ਼ੁਰੂ ਹੋ ਅੱਸੂ ਦੇ ਮਹੀਨੇ ਵਿਚ ਸਮਾਪਤ ਹੁੰਦਾ ਹੈ। ਇਹ ਮੇਲਾ ਗੁੱਗਾ ਪੀਰ ਜੀ ਦੀ ਯਾਦ ਵਿਚ ਲੱਗਦਾ ਹੈ, ਜਿਸ ਨੂੰ ਗੋਗਾ ਜੀ ਵੀ ਕਿਹਾ ਜਾਂਦਾ ਹੈ ਅਤੇ ਨਾਗ ਦੇਵਤਾ ਵਜੋਂ ਪੂਜਿਆ ਜਾਂਦਾ ਹੈ। ਇਨਾਂ ਮੇਲਿਆਂ ਤੋਂ ਇਲਾਵਾ ਵੀ ਅੱਸੂ ਦੇ ਮਹੀਨੇ ਕਈ ਧਾਰਮਿਕ ਇਕੱਠ ਹੁੰਦੇ ਹਨ ਜਿਵੇਂ ਸ੍ਰੀ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਤਾਗੱਦੀ ਦਿਵਸ ਮਨਾਇਆ ਜਾਂਦਾ ਹੈ, ਭਾਈ ਘਨੱਈਆ ਜੀ ਦੀ ਬਰਸੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਮਨਾਈ ਜਾਂਦੀ ਹੈ, ਸ੍ਰੀ ਗੋਇੰਦਵਾਲ ਸਾਹਿਬ ਦਾ ਜੋੜ ਮੇਲਾ, ਸ੍ਰੀ ਦੁਰਗਾ ਅਸ਼ਟਮੀ ਜੀ ਦੀ ਪੂਜਾ, ਮੇਲਾ ਜਵਾਲਾ ਮੁਖੀ ਜੀ ਤੇ ਤਾਰਾ ਦੇਵੀ ਜੀ ਹਿਮਾਚਲ ਪ੍ਰਦੇਸ਼ 'ਚ ਮਨਾਇਆ ਜਾਂਦਾ ਹੈ ਅਤੇ ਇਸੇ ਅੱਸੂ ਦੇ ਮਹੀਨੇ ਸ਼ਰਾਧ ਸ਼ੁਰੂ ਹੋ ਕੇ ਖਤਮ ਹੁੰਦੇ ਹਨ, ਨੌਂ ਨਰਾਤਿਆਂ ਦਾ ਆਗਮਨ ਵੀ ਅੱਸੂ ਦੇ ਮਹੀਨੇ ਵਿੱਚ ਹੀ ਹੁੰਦਾ ਹੈ ਤੇ ਦੀਵਾਲੀ ਤੋਂ ਵੀਹ ਦਿਨ ਪਹਿਲਾਂ ਬਦੀ ਤੇ ਨੇਕੀ ਦੀ ਜਿੱਤ ਦੇ ਪ੍ਰਤੀਕ ਦੁਸਹਿਰੇ ਦਾ ਤਿਉਹਾਰ ਵੀ ਇਸੇ ਅੱਸੂ ਦੇ ਮਹੀਨੇ ਵਿੱਚ ਹੀ ਆਉਂਦਾ ਹੈ।ਅੱਸੂ ਦੇ ਮਹੀਨੇ ਵਿੱਚ ਬਹੁਤ ਸਾਰੇ ਤਿਉਹਾਰਾਂ ਦੀ ਆਮਦ ਹੋਣ ਕਰਕੇ ਅੱਸੂ ਦੇ ਮਹੀਨੇ ਨੂੰ ਭਾਗਾਂ ਵਾਲਾ ਦੇਸੀ ਮਹੀਨਾ ਮੰਨਿਆ ਜਾਂਦਾ ਹੈ।

ਅੱਸੂ ਆਸਾਂ ਦਾ ਮਹੀਨਾ ਇੰਜ ਛੜੀਦਾ ਹੋ ਚੀਨਾ,
ਅਸੀਂ ਬਕਲੀਆਂ ਧਰੀਆਂ ਪੱਟ ਚੁਪੀਆਂ ਵੀ ਚਰੀਆਂ,
ਸਾਡੇ ਖੇਤੀਂ ਸਿੱਟੇ ਪੱਕੇ ਤੇ ਕਪਾਹ ਪਈ ਹੱਸੇ,
ਮੱਕੀਆਂ ਨੇ ਕੱਢੇ ਬਾਬੂ ਹੋਇਆ ਜੋਬਨ ਬੇ-ਕਾਬੂ,
ਹਰ ਟਾਹਣੀ ਮੂੰਹ ਚੁੱਕ ਜਿਵੇਂ ਹਰੀ ਭਰੀ ਕੁੱਖ,
ਵਾਂਗ ਫਨੀਅਰ ਮੇਲੇ ਪਏ ਘੂਕਣ ਗਲੇਲੇ। (ਗਿਆਨੀ ਗੁਰਦਿੱਤ ਸਿੰਘ)

**ਅੱਸੂ ਦੇ ਮਹੀਨੇ 'ਤੇ ਵਿਸ਼ੇਸ਼**

ਅੱਸੂ ਦੇ ਮਹੀਨੇ ਨੂੰ ਆਸਾਂ ਦਾ ਮਹੀਨਾ ਵੀ ਕਿਹਾ ਜਾਂਦਾ ਹੈ, ਕਿਉਂਕਿ ਇਸ ਮਹੀਨੇ ਕਈ ਫਸਲਾਂ ਪੱਕ ਚੁੱਕੀਆਂ ਹੁੰਦੀਆਂ ਹਨ ਤੇ ਕਈ ਪੱਕਣ ਦੀ ਤਿਆਰੀ 'ਚ ਹੁੰਦੀਆਂ ਹਨ। ਜਿਵੇਂ ਤਿਉਹਾਰਾਂ ਦੀ ਆਮਦ ਇਸ ਮਹੀਨੇ ਹੁੰਦੀ ਹੈ, ਉਵੇਂ ਹੀ ਫ਼ਸਲ ਦੀ ਆਮਦ ਵੀ ਇਸੇ ਮਹੀਨੇ ਤੋਂ ਹੋਣੀ ਸ਼ੁਰੂ ਹੋ ਜਾਂਦੀ ਹੈ। ਅੱਸੂ ਦੇ ਮਹੀਨੇ ਵਿਚ ਆਈ ਫ਼ਸਲ ਦੇਖ ਕਿਸਾਨਾਂ, ਮਜਦੂਰਾਂ ਦੀਆਂ ਆਸਾਂ ਨੂੰ ਵੀ ਬੂਰ ਪੈਣਾ ਸ਼ੁਰੂ ਹੋ ਜਾਂਦਾ ਹੈ ਤੇ ਮਨ ਹੀ ਮਨ ਆਉਂਦੇ ਸਿਆਲ ਤੋਂ ਪਹਿਲਾਂ-ਪਹਿਲਾਂ ਘਰੇਲੂ ਕਾਰ-ਵਿਹਾਰ ਨੇਪਰੇ ਚਾੜਨ ਦੇ ਨਾਲ-ਨਾਲ ਅਗਲੀ ਫ਼ਸਲ ਦੀ ਬਿਜਾਈ ਦੀਆਂ ਵੀ ਵਿਉਂਤਾਂ ਬਣਾਉਣ ਲੱਗ ਪੈਂਦੇ ਹਨ। ਪੰਜਾਬ ਖੇਤੀ ਪ੍ਰਧਾਨ ਪ੍ਰਦੇਸ਼ ਹੋਣ ਕਾਰਨ ਇੱਥੇ ਵੱਸਦੇ ਕਿਸਾਨ, ਮਜਦੂਰ, ਆੜਤੀ ਅਤੇ ਕਾਰੋਬਾਰੀ ਵਪਾਰੀ ਸਭ ਖੇਤੀ ਆਮਦਨ ਤੇ ਨਿਰਭਰ ਹਨ ਜੋ ਕਿਸਾਨ ਦੇ ਖੇਤ 'ਚੋਂ ਹੁੰਦੀ ਹੋਈ ਪੂਰੇ ਬਜ਼ਾਰ ਵਿਚ ਘੁੰਮਦੀ ਹੈ। ਫ਼ਸਲੀ ਪੈਸਾ ਹੱਥ ਆਉਣ ਨਾਲ ਜਿੱਥੇ ਅੱਸੂ ਦੇ ਮਹੀਨੇ ਆਏ ਤਿਉਹਾਰ ਮਨਾਏ ਜਾਂਦੇ ਹਨ ਉੱਥੇ ਹੀ ਠੰਡੀ-ਮਿੱਠੀ ਰੁੱਤ ਹੋਣ ਕਾਰਨ ਵਿਆਹ, ਮੁਕਲਾਵਿਆਂ ਦੀਆਂ ਤਿਆਰੀਆਂ ਵੀ ਜ਼ੋਰ ਫੜਨ ਲੱਗਦੀਆਂ ਹਨ। ਇਕ ਲੋਕ ਗੀਤ ਵਿਚ ਮੁਟਿਆਰ ਆਪਣੇ ਬਾਬਲ ਨੂੰ ਇਉਂ ਕਹਿੰਦੀ ਹੈ :

ਮੈਂ ਤੈਨੂੰ ਆਖਦੀ ਬਾਬਲਾ, ਮੇਰਾ ਅੱਸੂ ਦਾ ਕਾਜ ਰਚਾ ਵੇ ਹਾਂ।
ਤੇਰਾ ਅੰਨ ਨਾ ਤਰੱਕੇ ਕੋਠੜੀ, ਤੇਰਾ ਦਹੀਂ ਨਾ ਅਮਲਾ ਜਾਵੇ।
ਬਾਬਲ ਮੈਂ ਬੇਟੀ ਮੁਟਿਆਰ, ਵੇ ਬਾਬਲ ਧਰਮੀ, ਮੈਂ ਬੇਟੀ ਮੁਟਿਆਰ।

ਪੁਰਾਤਨ ਸਮਿਆਂ 'ਚ ਅੱਸੂ ਦੇ ਮਹੀਨੇ ਨੂੰ ਵਿਆਹ-ਸ਼ਾਦੀਆਂ ਲਈ ਚੰਗਾ ਸਮਝਿਆ ਜਾਂਦਾ ਸੀ, ਕਿਉਂਕਿ ਵਿਆਹ-ਸ਼ਾਦੀਆਂ ਲਈ ਬਣੀਆਂ ਮਠਿਆਈਆਂ, ਸਬਜ਼ੀਆਂ- ਭਾਜੀਆਂ ਤੇ ਦੁੱਧ, ਦਹੀ ਖ਼ਰਾਬ ਹੋਣ ਦਾ ਖ਼ਤਰਾ ਘੱਟ ਹੁੰਦਾ ਸੀ। ਉਨਾਂ ਸਮਿਆਂ 'ਚ ਖਾਣ-ਪੀਣ ਦਾ ਇੰਨਾ ਸਮਾਨ ਸਾਂਭ-ਸੰਭਾਲ ਲਈ ਢੁਕਵੇਂ ਸਾਧਨ ਨਹੀਂ ਸਨ ਹੁੰਦੇ। ਇਸ ਲਈ ਬਹੁਤੇ ਕਾਰ-ਵਿਹਾਰ ਮੌਸਮਾਂ ਨੂੰ ਦੇਖਕੇ ਹੀ ਕਰਨੇ ਪੈਂਦੇ ਸਨ। ਅੱਸੂ ਦੇ ਮਹੀਨੇ ਰਾਤਾਂ ਨੂੰ ਪੈਂਦੀ ਤਰੇਲ ਮੌਸਮ ਨੂੰ ਠੰਡਾ ਕਰ ਦਿੰਦੀ। ਅੱਸੂ ਮਨੁੱਖੀ ਮਨ 'ਚ ਪ੍ਰੇਮ ਪੈਦਾ ਕਰਨ ਵਾਲਾ ਮਹੀਨਾ ਮੰਨਿਆ ਜਾਂਦਾ ਹੈ। ਮਨੁੱਖੀ ਮਨ ਤੇ ਮੌਸਮਾਂ ਦਾ ਅਸਰ ਬਹੁਤ ਜਲਦੀ ਪੈਂਦਾ ਹੈ, ਅੱਸੂ ਦੇ ਮਹੀਨੇ ਠੰਡੀ-ਮਿੱਠੀ ਰੁੱਤ ਹੋਣ ਕਾਰਨ ਮਨੁੱਖੀ ਮਨ ਵਿਚ ਮਿਲਾਪ ਦੀ ਤਾਂਘ ਪੈਦਾ ਹੁੰਦੀ ਹੈ, ਉਹ ਮਿਲਾਪ ਦੀ ਤਾਂਘ ਦੁਨਿਆਵੀ ਰਿਸ਼ਤਿਆਂ ਤੋਂ ਇਲਾਵਾ, ਉਸ ਪ੍ਰਮੇਸ਼ਵਰ, ਉਸ ਪ੍ਰਭੂ ਪਿਆਰੇ ਦੇ ਮਿਲਾਪ ਦੀ ਤਾਂਘ ਵੀ ਹੋ ਸਕਦੀ ਹੈ। ਜਿਨਾਂ ਆਪਣੇ ਪੁਰਖਿਆਂ ਦੀ ਸੰਗਤ 'ਚ ਬੀਤੇ ਵੇਲਿਆਂ ਦੌਰਾਨ ਇਨਾਂ ਦੇਸੀ ਮਹੀਨਿਆਂ ਦਾ ਅਨੰਦ ਮਾਣਿਆ ਹੋਵੇਗਾ, ਉਹ ਅੱਜ ਆਪਣੀ ਉਮਰ ਦੇ ਇਸ ਪੜਾਅ ਤੇ ਪਹੁੰਚ ਜਰੂਰ ਮਹਿਸੂਸ ਕਰਦੇ ਹੋਣਗੇ ਕਿ ਅਸੀਂ ਬਹੁਤ ਕੁਝ ਪਿੱਛੇ ਛੱਡ ਆਏ ਹਾਂ ਪ੍ਰੰਤੂ ਉਹ ਖੱਟੀਆਂ -ਮਿੱਠੀਆਂ ਕੀਮਤੀ ਯਾਦਾਂ ਅੱਜ ਵੀ ਨਾਲ ਹਨ।

# ਜਦੋਂ ਮੈਂ ਮਰ ਜਾਵਾਂ, ਤਿੰਨ ਦਿਨ ਰੋਜ਼ ਮੇਰੀ ਕਬਰ 'ਤੇ ਆਉਣਾ

**ਰੂਸੀ ਪਰੀ ਕਹਾਣੀ**

ਇਕ ਵਾਰੀ ਦੀ ਗਲ ਏ, ਇਕ ਬੁੱਢਾ ਆਦਮੀ ਹੁੰਦਾ ਸੀ, ਜਿਹਦੇ ਤਿੰਨ ਪੁੱਤਰ ਸਨ। ਦੋਵੇਂ ਵੱਡੇ ਪੁੱਤਰ ਚੰਗੇ ਨਿਵਾਜੇ ਹੋਏ ਨੌਜਵਾਨ ਸਨ, ਉਨਾਂ ਨੂੰ ਸੋਹਣੇ ਕੱਪੜੇ ਪਾਉਣ ਦਾ ਸ਼ੌਕ ਸੀ ਤੇ ਵਾਹੀ ਦਾ ਕੰਮ ਸੰਜਮ ਨਾਲ ਕਰ ਸਕਣ ਦੀ ਜਾਚ ਸੀ, ਪਰ ਸਭ ਤੋਂ ਛੋਟੇ ਪੁੱਤਰ, ਮੂਰਖ ਈਵਾਨ, ਵਿਚ ਇਹੋ ਜਿਹੀ ਕੋਈ ਗੱਲ ਨਹੀਂ ਸੀ। ਉਹ ਬਹੁਤਾ ਵਕਤ ਘਰ ਹੀ ਚੁਲੇ ਦੇ ਉਤੇ ਬੈਠ ਬਿਤਾਉਂਦਾ ਤੇ ਜੇ ਬਾਹਰ ਨਿਕਲਦਾ ਤਾਂ ਜੰਗਲ ਵਿਚੋਂ ਖੁੰਬਾਂ ਇਕੱਠੀਆਂ ਕਰਦਾ ਰਹਿੰਦਾ।

ਜਦੋਂ ਬੁਢੇ ਆਦਮੀ ਦੇ ਪੂਰੇ ਹੋਣ ਦਾ ਵੇਲਾ ਆਇਆ, ਉਹਨੇ ਆਪਣੇ ਪੁੱਤਰਾਂ ਨੂੰ ਕੋਲ ਸਦਿਆ ਤੇ ਕਿਹਾ : 'ਜਦੋਂ ਮੈਂ ਮਰ ਜਾਵਾਂ, ਤਿੰਨ ਦਿਨ ਰੋਜ਼ ਰਾਤੀਂ ਮੇਰੀ ਕਬਰ 'ਤੇ ਆਣਾ ਤੇ ਮੇਰੇ ਖਾਣ ਲਈ ਕੁਝ ਰੋਟੀ ਲਿਆਣਾ।'

ਬੁੱਢਾ ਪੂਰਾ ਹੋ ਗਿਆ ਤੇ ਉਹਨੂੰ ਦਬ ਦਿੱਤਾ ਗਿਆ ਅਤੇ ਉਸ ਰਾਤ ਸਭ ਤੋਂ ਵੱਡੇ ਭਰਾ ਦੀ ਉਹਦੀ ਕਬਰ 'ਤੇ ਜਾਣ ਦੀ ਵਾਰੀ ਆ ਗਈ। ਪਰ ਉਹਨੂੰ ਬਹੁਤ ਹੀ ਸੁਸਤੀ ਚੜੀ ਹੋਈ ਸੀ ਜਾਂ ਸ਼ਾਇਦ ਉਹਨੂੰ ਇੰਨਾ ਡਰ ਲਗਦਾ ਸੀ ਕਿ ਉਹਦੇ ਤੋਂ ਜਾਇਆ ਹੀ ਨਹੀਂ ਸੀ ਜਾ ਸਕਦਾ ਅਤੇ ਉਹ ਮੂਰਖ ਈਵਾਨ ਨੂੰ ਕਹਿਣ ਲੱਗਾ : 'ਈਵਾਨ, ਜੋ ਅੱਜ ਰਾਤ ਬਾਪੂ ਦੀ ਕਬਰ 'ਤੇ ਮੇਰੀ ਥਾਂ ਤੂੰ ਚਲਾ ਜਾਏਂ, ਤਾਂ ਮੈਂ ਤੈਨੂੰ ਸ਼ਹਿਦ ਵਾਲਾ ਕੇਕ ਲੈ ਦਿਆਂਗਾ।

ਈਵਾਨ ਫਟਾਫਟ ਮੰਨ ਗਿਆ, ਉਹਨੇ ਕੁਝ ਰੋਟੀ ਫੜੀ ਤੇ ਆਪਣੇ ਬਾਪੂ ਦੀ ਕਬਰ 'ਤੇ ਜਾ ਪਹੁੰਚਿਆ। ਉਹ ਕਬਰ ਕੋਲ ਬਹਿ ਗਿਆ ਤੇ ਇਹ ਵੇਖਣ ਲਈ ਉਡੀਕਣ ਲੱਗਾ ਕਿ ਕੀ ਹੁੰਦਾ ਏ। ਜਦੋਂ ਅੱਧੀ ਰਾਤ ਹੋਈ, ਮਿਟੀ ਦੋਫਾੜ ਹੋ ਗਈ ਤੇ ਬੁੱਢਾ ਬਾਪੂ ਕਬਰ ਵਿਚੋਂ ਉਠ ਖਲੋਤਾ ਤੇ ਕਹਿਣ ਲੱਗਾ : ਕੌਣ ਏਂ ? ਤੂੰ ਏਂ, ਮੇਰੇ ਪਲੇਠੀ ਦਿਆ ਪੁਤਰਾ ? ਦਸ ਰੂਸ ਦਾ ਕੀ ਹਾਲ ਏ, ਕੁੱਤੇ ਭੌਂਕ ਰਹੇ ਨੇ, ਬਘਿਆੜ ਚਾਂਗਰ ਰਹੇ ਨੇ ਜਾਂ ਮੇਰਾ ਬੱਚਾ ਰੋ ਰਿਹੈ ? ਤੇ ਈਵਾਨ ਨੇ ਜਵਾਬ ਦਿੱਤਾ : 'ਮੈਂ ਵਾਂ, ਤੁਹਾਡਾ ਪੁੱਤਰ, ਬਾਪੂ ਜੀ। ਰੂਸ ਵਿਚ ਅਮਨ-ਅਮਾਨ ਏ।'

ਤਾਂ ਬਾਪੂ ਨੇ ਈਵਾਨ ਦੀ ਲਿਆਂਦੀ ਰੋਟੀ ਢਿੱਡ ਭਰ ਕੇ ਖਾਧੀ ਤੇ ਫੇਰ ਆਪਣੀ ਕਬਰ ਵਿਚ ਲੇਟ ਗਿਆ ਅਤੇ ਈਵਾਨ ਰਾਹ ਵਿਚ ਖੁੰਬਾਂ ਇੱਕਠੀਆਂ ਕਰਨ ਲਈ ਅਟਕਦਾ-ਅਟਕਾਉਂਦਾ ਘਰ ਨੂੰ ਤੁਰ ਪਿਆ।

ਜਦੋਂ ਉਹ ਘਰ ਪਹੁੰਚਿਆ, ਉਹਦੇ ਸਭ ਤੋਂ ਵੱਡੇ ਭਰਾ ਨੇ ਪੁਛਿਆ : 'ਬਾਪੂ ਮਿਲਿਆ ਸਾਈ ? 'ਆਹੋ, ਮਿਲੇ ਸਨ,' ਈਵਾਨ ਨੇ ਜਵਾਬ ਦਿਤਾ। 'ਜਿਹੜੀ ਰੋਟੀ ਲੈ ਗਿਆ ਸੈਂ, ਖਾਧੀ ਸੀ ਉਹਨੇ ? "ਆਹੋ, ਢਿਡ ਭਰ ਕੇ ਖਾਧੀ।'

ਇਕ ਦਿਨ ਹੋਰ ਲੰਘ ਗਿਆ ਅਤੇ ਹੁਣ ਦੂਜੇ ਭਰਾ ਦੀ ਕਬਰ 'ਤੇ ਜਾਣ ਦੀ ਵਾਰੀ ਸੀ। ਪਰ ਉਹਨੂੰ ਬਹੁਤ ਹੀ ਸੁਸਤੀ ਚੜੀ ਹੋਈ ਸੀ ਜਾਂ ਸ਼ਾਇਦ ਉਹਨੂੰ ਏਨਾ ਡਰ ਲਗਦਾ ਸੀ ਕਿ ਉਹਦੇ ਤੋਂ ਜਾਇਆ ਹੀ ਨਹੀਂ ਸੀ ਜਾ ਸਕਦਾ ਤੇ ਉਹ ਈਵਾਨ ਨੂੰ ਕਹਿਣ ਲੱਗਾ : 'ਈਵਾਨ, ਜੇ ਤੂੰ ਕਦੀ ਮੇਰੀ ਥਾਂ ਚਲਾ ਜਾਏ, ਤਾਂ ਮੈਂ ਤੈਨੂੰ ਦਰਖ਼ਤ ਦੀ ਛਿਲ ਦੇ ਬੂਟ ਬਣਾ ਦਿਆਂਗਾ।' 'ਠੀਕ ਏ, ਈਵਾਨ ਨੇ ਕਿਹਾ, 'ਮੈਂ ਚਲਾ ਜਾਵਾਂਗਾ।'

ਉਹਨੇ ਕੁਝ ਰੋਟੀ ਫੜੀ, ਬਾਪੂ ਦੀ ਕਬਰ 'ਤੇ ਜਾ ਪਹੁੰਚਿਆ ਤੇ ਬਹਿ ਕੇ ਉਡੀਕਣ ਲਗਾ। ਜਦੋਂ ਅੱਧੀ ਰਾਤ ਹੋਈ, ਮਿੱਟੀ ਦੋਫਾੜ ਹੋ ਗਈ, ਬੁਢਾ ਬਾਪੂ ਕਬਰ ਵਿਚੋਂ ਉਠ ਖਲੋਤਾ ਤੇ ਬੋਲਿਆ : 'ਕੌਣ ਏਂ ? ਤੂੰ ਏਂ, ਮੇਰੇ ਦੂਜੇ ਪੁਤਰਾ ? ਦਸ ਰੂਸ ਦਾ ਕੀ ਹਾਲ ਏ: ਕੁੱਤੇ ਭੌਂਕ ਰਹੇ ਨੇ, ਬਘਿਆੜ ਚਾਂਗਰ ਰਹੇ ਨੇ ਜਾਂ ਮੇਰਾ ਬੱਚਾ ਰੋ ਰਿਹੈ ?' ਤੇ ਈਵਾਨ ਨੇ ਜਵਾਬ ਦਿੱਤਾ : 'ਮੈਂ ਵਾਂ, ਤੁਹਾਡਾ ਪੁੱਤਰ, ਬਾਪੂ ਜੀ। ਰੂਸ ਵਿਚ ਅਮਨ-ਅਮਾਨ ਏ।' ਤਾਂ ਬਾਪੂ ਨੇ ਈਵਾਨ ਦੀ ਲਿਆਂਦੀ ਰੋਟੀ ਢਿਡ ਭਰ ਕੇ ਖਾਧੀ ਤੇ ਫੇਰ ਆਪਣੀ ਕਬਰ ਵਿਚ ਲੇਟ ਗਿਆ। ਤੇ ਈਵਾਨ ਰਾਹ ਵਿਚ ਖੁੰਬਾਂ ਇਕੱਠੀਆਂ ਕਰਨ ਲਈ ਅਟਕਦਾ-ਅਟਕਾਉਂਦਾ, ਘਰ ਨੂੰ ਤੁਰ ਪਿਆ। ਉਹ ਘਰ ਪਹੁੰਚਿਆ ਤੇ ਉਹਦਾ ਦੂਜਾ ਭਰਾ ਉਹਨੂੰ ਪੁੱਛਣ ਲੱਗਾ : 'ਜਿਹੜੀ ਰੋਟੀ ਲੈ ਗਿਆ ਸੈਂ, ਬਾਪੂ ਨੇ ਖਾਧੀ ਸੀ ਉਹ ?' 'ਆਹੋ' ਈਵਾਨ ਨੇ ਜਵਾਬ ਦਿੱਤਾ। 'ਢਿੱਡ ਭਰ ਕੇ ਖਾਧੀ।' ਤੀਜੀ ਰਾਤ ਨੂੰ ਕਬਰ 'ਤੇ ਜਾਣ ਦੀ ਈਵਾਨ ਦੀ ਵਾਰੀ ਸੀ ਤੇ ਉਹਨੇ ਆਪਣੇ ਭਰਾਵਾਂ ਨੂੰ ਆਖਿਆ : 'ਦੋ ਰਾਤਾਂ ਬਾਪੂ ਦੀ ਕਬਰ 'ਤੇ ਮੈਂ ਜਾਂਦਾ ਰਿਹਾਂ। ਹੁਣ ਜਾਣ ਦੀ ਵਾਰੀ ਤੁਹਾਡੀ ਏ ਤੇ ਮੈਂ ਘਰ ਰਹਾਂਗਾ ਤੇ ਆਰਾਮ ਕਰਾਂਗਾ।' 'ਨਹੀਂ, ਨਹੀਂ,' ਭਰਾਵਾਂ ਨੇ ਜਵਾਬ ਦਿਤਾ। 'ਤੈਨੂੰ ਈ ਜਾਣਾ ਚਾਹੀਦੈ, ਈਵਾਨ, ਏਸ ਲਈ ਕਿ ਤੈਨੂੰ ਜਾਚ ਆ ਗਈ ਏ।' 'ਬਹੁਤ ਹੱਛਾ,' ਈਵਾਨ ਮੰਨ ਗਿਆ, 'ਮੈਂ ਚਲਾ ਜਵਾਂਗਾ।' ਉਹਨੇ ਕੁਝ ਰੋਟੀ ਫੜੀ ਤੇ ਕਬਰ 'ਤੇ ਜਾ ਪਹੁੰਚਿਆ ਤੇ ਜਦੋਂ ਅੱਧੀ ਰਾਤ ਹੋਈ, ਮਿੱਟੀ ਦੋਫਾੜ ਹੋ ਗਈ ਤੇ ਬੁੱਢਾ ਬਾਪੂ ਕਬਰ ਵਿਚੋਂ ਉਠ ਖਲੋਤਾ। 'ਕੌਣ ਏ ?' ਉਹਨੇ ਆਖਿਆ। 'ਤੂੰ ਏ, ਈਵਾਨ, ਮੇਰੇ ਤੀਜੇ ਪੁਤਰਾ ? ਦਸ ਰੂਸ ਦਾ ਕੀ ਹਾਲ ਏ: ਕੁੱਤੇ ਭੌਂਕ ਰਹੇ ਨੇ, ਬਘਿਆੜ ਚਾਂਗਰ ਰਹੇ ਨੇ ਜਾਂ ਮੇਰਾ ਬੱਚਾ ਰੋ ਰਿਹੈ ?' ਤੇ ਈਵਾਨ ਨੇ ਜਵਾਬ ਦਿੱਤਾ : 'ਮੈਂ ਵਾਂ, ਬਾਪੂ ਜੀ, ਤੁਹਾਡਾ ਪੁੱਤਰ ਈਵਾਨ। ਰੂਸ ਵਿਚ ਅਮਨ-ਅਮਾਨ ਏ।'

'ਈਵਾਨ, ਤੂੰ ਈ ਏਂ, ਜਿਨੇ ਮੇਰਾ ਹੁਕਮ ਮੰਨਿਐ। ਤੂੰ ਨਹੀਂ ਡਰਿਆ, ਤਿੰਨ ਰਾਤਾਂ ਮੇਰੀ ਕਬਰ 'ਤੇ ਆਉਣ ਤੋਂ। ਹੁਣ ਤੂੰ ਖੁੱਲੇ ਮੈਦਾਨ ਵਿਚ ਜਾ ਖਲੋ ਤੇ ਉਚੀ ਸਾਰੀ ਬੋਲ : 'ਸੁਰੰਗ-ਸਲੇਟੀ, ਸੁਣ, ਕਰ ਛੇਤੀ। ਤੈਨੂੰ ਸੱਦਾਂ ਇਤ, ਮੰਨ ਜਾਂ ਮਿਟ।' ਜਦੋਂ ਘੋੜਾ ਤੇਰੇ ਸਾਹਮਣੇ ਆਵੇ, ਚੜ ਕੇ ਉਹਦੇ ਸੱਜੇ ਕੰਨ 'ਚ ਵੜ ਜਾਈਂ ਤੇ ਖੱਬੇ ਵਿਚੋਂ ਨਿਕਲ ਆਈਂ ਤੇ ਤੂੰ ਏਨਾ ਸੋਹਣਾ ਗਭਰੂ ਬਣ ਕੇ ਨਿਕਲੇਂਗਾ, ਜਿੰਨਾ ਸੋਹਣਾ ਕਦੀ ਕਿਸੇ ਨੇ ਵੇਖਿਆ ਨੀਂ ਹੋਣਾ।ਫੇਰ ਘੋੜੇ ਤੇ ਬਹਿ ਜਾਈਂ ਤੇ ਜਿਥੇ ਦਿਲ ਕਰਦਾ, ਚਲਾ ਜਾਈਂ।'

ਈਵਾਨ ਨੇ ਬਾਪੂ ਦੀ ਦਿੱਤੀ ਲਗਾਮ ਫੜ ਲਈ, ਉਹਦਾ ਸ਼ੁਕਰੀਆ ਅਦਾ ਕੀਤਾ ਤੇ ਰਾਹ ਵਿਚ ਖੁੰਬਾਂ ਇਕੱਠੀਆਂ ਕਰਨ ਲਈ ਅਟਕਦਾ-ਅਟਕਾਉਂਦਾ ਘਰ ਵਲ ਨੂੰ ਹੋ ਤੁਰਿਆ। ਉਹ ਘਰ ਪਹੁੰਚਿਆ ਤੇ ਉਹਦੇ ਭਰਾਵਾਂ ਨੇ ਉਹਨੂੰ ਪੁਛਿਆ : 'ਬਾਪੂ ਮਿਲਿਆ ਸਾਈ ?' 'ਆਹੋ, ਮਿਲੇ ਸਨ,' ਈਵਾਨ ਨੇ ਜਵਾਬ ਦਿਤਾ। 'ਜਿਹੜੀ ਰੋਟੀ ਲੈ ਗਿਆ ਸੈਂ, ਖਾਧੀ ਸੀ ਉਹਨੇ ?' 'ਆਹੋ, ਢਿਡ ਭਰ ਕੇ ਖਾਧੀ ਤੇ ਮੈਨੂੰ ਆਖਿਆ, ਹੁਣ ਫੇਰ ਉਹਨਾਂ ਦੀ ਕਬਰ 'ਤੇ ਨਾ ਆਵਾਂ।'

ਤੇ, ਐਨ ਉਨੀਂ ਹੀ ਦਿਨੀਂ ਜ਼ਾਰ ਨੇ ਢੰਡੋਰਾ ਫਿਰਵਾਇਆ ਕਿ ਸਾਰੇ ਭਲੇ, ਅਣ-ਵਿਆਹੇ ਨੌਜਵਾਨ ਉਹਦੇ ਦਰਬਾਰ ਵਿਚ ਇਕੱਠੇ ਹੋਣ। ਜ਼ਾਰ ਦੀ ਧੀ, ਜ਼ਾਰਜ਼ਾਦੀ ਸੁੰਦਰੀ ਨੇ ਆਪਣੇ ਲਈ ਬਾਰਾਂ ਥੰਮਿਆਂ ਤੇ ਸ਼ਾਹਬਲੂਤ ਦੀਆਂ ਬਾਰਾਂ ਗੇਲੀਆਂ ਵਾਲਾ ਇਕ ਮਹਿਲ ਬਣਵਾਇਆ ਸੀ ਤੇ ਉਹਦੇ ਵਿਚ ਉਹਨੇ ਸਭ ਤੋਂ ਉਪਰ ਵਾਲੇ ਕਮਰੇ ਦੀ ਬਾਰੀ ਵਿਚ ਬਹਿਣਾ ਸੀ ਤੇ ਉਸ ਜਣੇ ਨੂੰ ਉਡੀਕਣਾ ਸੀ ਜਿਹੜਾ ਘੋੜੇ ਦੀ ਅਸਵਾਰੀ ਕਰਦਾ ਉਹਦੀ ਬਾਰੀ ਜਿੰਨੀ ਉਚੀ ਛਾਲ ਮਾਰ ਲਵੇ ਤੇ ਉਹਦੇ ਬੁਲਾਂ ਨੂੰ ਚੁੰਮ ਲਵੇ। ਉਹਨੂੰ, ਜਿਹੜਾ ਇਹ ਕੁਝ ਕਰਨ ਵਿਚ ਕਾਮਯਾਬ ਹੋ ਜਾਂਦਾ, ਭਾਵੇਂ ਉਹ ਉਚੇ ਘਰਾਣੇ ਦਾ ਜੰਮਪਲ ਹੁੰਦਾ ਜਾਂ ਨੀਵੇਂ ਘਰਾਣੇ ਦਾ, ਜ਼ਾਰ ਨੇ ਆਪਣੀ ਧੀ, ਜ਼ਾਰਜ਼ਾਦੀ ਸੁੰਦਰੀ ਦਾ ਡੋਲਾ ਦੇ ਦੇਣਾ ਸੀ ਤੇ ਨਾਲੇ ਆਪਣਾ ਅੱਧਾ ਰਾਜ। ਇਹਦੀ ਖਬਰ ਈਵਾਨ ਦੇ ਭਰਾਵਾਂ ਦੇ ਕੰਨੀਂ ਵੀ ਪਈ ਅਤੇ ਉਹਨਾਂ ਆਪੋ ਵਿਚ ਕਿਸਮਤ ਅਜ਼ਮਾਉਣ ਦਾ ਮਤਾ ਪਕਾ ਲਿਆ। ਉਨਾਂ ਆਪਣੇ ਸੋਹਣੇ ਘੋੜਿਆਂ ਨੂੰ ਜਵੀ ਚਰਾਈ ਤੇ ਉਨਾਂ ਨੂੰ ਤਬੇਲਿਆਂ ਤੋਂ ਕੱਢ ਲਿਆ ਅਤੇ ਉਨਾਂ ਆਪ ਆਪਣੇ ਸਭ ਤੋਂ ਸੋਹਣੇ ਕਪੜੇ ਪਾ ਲਏ ਤੇ ਆਪਣੇ ਕੁੰਡਲਾਂ ਵਾਲੇ ਛਤਿਆਂ ਨੂੰ ਕੰਘੀ ਕਰ ਲਈ ਤੇ ਈਵਾਨ ਨੇ, ਜਿਹੜਾ ਚਿਮਨੀ ਦੇ ਪਿਛੇ ਵੱਲ ਚੁਲੇ ਦੇ ਉਤੇ ਬੈਠਾ ਸੀ, ਉਨਾਂ ਨੂੰ ਆਖਿਆ:

'ਭਰਾਵੋ, ਭਰਾਵੋ, ਮੈਨੂੰ ਵੀ ਨਾਲ ਲੈ ਜਾਵੋ, ਤੇ ਮੈਨੂੰ ਵੀ ਕਿਸਮਤ ਅਜ਼ਮਾ ਕੇ ਵੇਖ ਲੈਣ ਦਿਓ।'

'ਵਾਹ ਓਏ ਚੁਲੇ ਦੇ ਲੜ-ਲਗਿਆ ਮੂਰਖਾ' ਉਹਦੇ ਭਰਾ ਹੱਸੇ। 'ਜੇ ਸਾਡੇ ਨਾਲ ਗਿਆ ਤਾਂ ਲੋਕ ਖਿੱਲੀ ਹੀ ਉਡਾਉਣਗੇ ਨਾ। ਜਾ, ਜਾ ਕੇ ਜੰਗਲ 'ਚੋਂ ਖੁੰਬਾਂ ਲਭ।'

ਭਰਾ ਆਪਣੇ ਘੋੜਿਆਂ ਉਤੇ ਬਹਿ ਗਏ, ਉਨਾਂ ਆਪਣੇ ਟੋਪ ਫਬਾ ਲਏ, ਸੀਟੀ ਮਾਰੀ ਤੇ ਜੈਕਾਰਾ ਲਾਇਆ ਤੇ ਧੂੜ ਦਾ ਬੱਦਲ ਉਡਾਉਂਦਿਆਂ ਘੋੜਿਆਂ ਨੂੰ ਸੜਕ ਵਲ ਦੁੜਕੀਏ ਪਾ ਦਿਤਾ। ਈਵਾਨ ਨੇ ਬਾਪੂ ਦੀ ਦਿੱਤੀ ਲਗਾਮ ਫੜੀ, ਬਾਹਰ ਖੁਲੇ ਮੈਦਾਨ ਵਿਚ ਨਿਕਲ ਆਇਆ ਤੇ ਜਿਵੇਂ ਉਹਦੇ ਬਾਪੂ ਨੇ ਉਹਨੂੰ ਸਿਖਾਇਆ ਸੀ, ਉੱਚੀ ਸਾਰੀ ਬੋਲਿਆ : 'ਰੰਗ-ਸਲੇਟੀ, ਸੁਣ, ਕਰ ਛੇਤੀ ! ਤੈਨੂੰ ਸੱਦਾਂ ਇਤ, ਮੰਨ ਜਾਂ ਮਿਟ।' ਤੇ ਉਹ ਕੀ ਵੇਖਦਾ ਏ, ਇਕ ਘੋੜੇ ਕੀਤੀ ਧਾਈ, ਧਰਤ ਕੰਬਾਈ। ਉਹਦੀਆਂ ਨਾਸਾਂ ਵਿਚੋਂ ਲਾਟਾਂ ਨਿਕਲ ਰਹੀਆਂ ਸਨ ਤੇ ਉਹਦੇ ਕੰਨਾਂ ਵਿਚੋਂ ਧੂੰਏ ਦੇ ਬੱਦਲ ਵਗ ਰਹੇ ਸਨ। ਘੋੜਾ ਦੌੜਦਾ-ਦੌੜਦਾ ਈਵਾਨ ਕੋਲ ਪਹੁੰਚਿਆ, ਅਸਲੋਂ ਅਹਿਲ ਹੋ ਕੇ ਖਲੋ ਗਿਆ ਤੇ ਬੋਲਿਆ : 'ਈਵਾਨ, ਤੁਹਾਡੀ ਕੀ ਇੱਛਾ ਏ ?'

ਈਵਾਨ ਨੇ ਘੋੜੇ ਦੀ ਧੌਣ ਉਤੇ ਥਾਪੜਾ ਦਿਤਾ, ਉਹਨੂੰ ਲਗਾਮ ਪਾਈ, ਉਹ ਉਹਦੇ ਸੱਜੇ ਕੰਨ ਵਿਚ ਚੜ ਗਿਆ ਤੇ ਉਹਦੇ ਖੱਬੇ ਕੰਨ ਵਿਚੋਂ ਨਿਕਲ ਆਇਆ। ਤਾਂ ਵੇਖੋ ਕੀ ਹੋਇਆ, ਉਹ ਏਨਾ ਸੁਹਣਾ ਗਭਰੂ ਬਣ ਨਿਕਲਿਆ, ਜਿੰਨਾ ਜਾਵੇ ਨਾ ਬੁਝਿਆ, ਜਾਵੇ ਨਾ ਮੰਨਿਆ, ਜਾਵੇ ਨਾ ਲਿਖਿਆ। ਉਹ ਰੰਗ-ਸਲੇਟੀ ਉਤੇ ਬਹਿ ਗਿਆ ਤੇ ਜ਼ਾਰ ਦੇ ਮਹਿਲ ਵਲ ਹੋ ਪਿਆ। ਸੁਰੰਗ-ਸਲੇਟੀ ਪੂਛ ਝਲਾਰ, ਹੋਇਆ ਪਹਾੜ, ਵਾਦੀਆਂ ਤੋਂ ਪਾਰ, ਉਸ ਘਰ, ਰੁਖ ਟੱਪੇ ਵਾਂਗ ਹਵਾ, ਹਫ਼ਤਾ ਜਾਂ ਦਿਨ ਭਜਦਾ ਗਿਆ।

ਜਦੋਂ ਅਖ਼ੀਰ ਈਵਾਨ ਦਰਬਾਰ ਵਿਚ ਪਹੁੰਚਿਆ, ਮਹਿਲ ਦਾ ਮੈਦਾਨ ਲੋਕਾਂ ਨਾਲ ਤੂੜਿਆ ਪਿਆ ਸੀ। ਬਾਰਾਂ ਥੰਮਿਆਂ ਤੇ ਗੇਲੀਆਂ ਦੀਆਂ ਬਾਰਾਂ ਪਾਲਾਂ ਵਾਲਾ ਮਹਿਲ ਖੜਾ ਸੀ,

ਬਾਕੀ ਸਫ਼ਾ 32 'ਤੇ

# ਮੰਜੇ ਦੀ ਬਾਹੀ

**ਅਜਮੇਰ ਸਿੰਘ ਔਲਖ**

ਗੱਲ ਕੇਰਾਂ ਮੂੰਹੋਂ ਨਿਕਲੇ ਸਹੀ, ਫਿਰ ਆਖੂ ਤੂੰ ਕੌਣ ਤੇ ਮੈਂ ਕੌਣ? ਤੇ ਗੱਲ ਕੋਈ ਝੂਠੀ ਵੀ ਨਹੀਂ ਸੀ- ਪੰਜਾਹਾਂ ਨੂੰ ਪੁੱਜਿਆ ਗੱਜੂ ਕਾਣਾ ਮੁੱਲ ਦੀ ਤੀਮੀਂ ਲਿਆਉਣ ਲੱਗਾ ਸੀ।

ਗੱਜੂ ਦੀ ਭਰਜਾਈ ਸੰਤੋ ਨੇ ਸੁਣਿਆ, ਓਦ੍ਹੇ ਤਾਂ ਜਿਵੇਂ ਸਾਹ ਹੀ ਸੂਤੇ ਗਏ ਹੋਣ। "ਮਰ ਵੇ ਗੱਜੂ ਬੰਦਿਆ, ਤੇਰਾ ਬਹਿ ਜੇ ਬੇੜਾ!"

ਬੇੜਾ ਬੈਠੇ ਚਾਹੇ ਤਰੇ, ਗੱਜੂ ਨੇ ਆਪਣੇ ਛੋਟੇ ਭਾਈ ਸੱਜਣ ਨੂੰ ਸੌ ਦੀ ਇਕ ਸੁਣਾ ਦਿੱਤੀ, "ਮੇਰੇ ਹਿੱਸੇ ਦੀ ਜਮੀਨ ਵੰਡ ਦੇਹ, ਨਹੀਂ ਤਾਂ ਪੰਚਾਇਤ ਕੱਠੀ ਕਰਨੀ ਪਊ!"

ਸੱਜਣ ਦੂਰ ਦੀ ਸੋਚਣ ਵਾਲਾ ਬੰਦਾ ਸੀ, ਉਂਜ ਵੀ ਸੁਭਾਅ ਦਾ ਕੂਲਾ ਸੀ, ਸੁਣ ਕੇ ਚੁੱਪ ਰਿਹਾ। ਇਕ ਦੋ ਬੰਦੇ ਉਸ ਨੇ ਵਿਚ-ਦੀ ਸੁੱਟੇ, ਪਰ ਗੱਜੂ ਤਾਂ ਪੈਰਾਂ ਤੇ ਪਾਣੀ ਹੀ ਨਹੀਂ ਸੀ ਪੈਣ ਦਿੰਦਾ; ਅਖੇ, ਮੇਰਾ ਨੀ ਜੀਅ ਕਰਦਾ ਜੱਗ ਤੇ ਬੂਟਾ ਲਾਉਣ ਨੂੰ?

ਅਸਲ ਵਿਚ ਗੱਲ ਗਾਹਾਂ ਖਾਸੀ ਤੁਰਗੀ ਸੀ। ਗੱਜੂ ਨੇ ਨੰਦ ਬੰਗਾਲੀ ਰਾਹੀਂ ਧਨੌਲੇ ਕੰਨੀਂ ਇਕ ਤੀਮੀਂ ਦਾ ਸੌਦਾ ਲਗਭਗ ਪੱਕਾ ਹੀ ਕਰ ਛੱਡਿਆ ਸੀ, ਸਿਰਫ ਰਕਮ ਤਾਰਨੀ ਬਾਕੀ ਸੀ। ਚਾਹੁੰਦਾ ਉਹ ਇਹ ਸੀ, ਬਈ ਤੀਮੀਂ ਲਿਆਉਣ ਤੋਂ ਪਹਿਲਾਂ ਮਾੜਾ-ਮੋਟਾ ਘਰ-ਘਾਟ ਦਾ ਬੰਨ੍ਹ-ਸੁੱਬ ਕਰ ਲਵੇ। ਚਾਰ ਕਿੱਲੇ ਭੋਇੰ ਉਸ ਨੂੰ ਆਉਣੀ ਸੀ। ਇਕ ਕਿੱਲਾ ਗਹਿਣੇ ਪਾਉਣਾ ਉਸ ਜੇਠੂ ਬਾਣੀਏ ਨਾਲ ਪੱਕਾ ਕਰ ਛੱਡਿਆ ਸੀ, ਤਿੰਨ ਹਜ਼ਾਰ ਵਿਚ। ਸੌਲਾਂ ਸੌ ਦੀ ਤੀਮੀਂ, ਬਾਕੀ ਘਰ ਦਾ ਲਕਾ ਤੁਕਾ! ਕੇਰਾਂ ਜਮੀਨ ਵੰਡੀ ਜਾਵੇ, ਘਰ ਤਾਂ ਵੰਡਿਆ ਈ ਪਿਐ, ਉਛਲ ਸੱਜਣ ਦੀ- ਚਾਹੇ ਅੰਦਰਲਾ ਲੈ ਲਵੇ, ਚਾਹੇ ਬਾਹਰਲਾ।

ਜਦੋਂ ਕੋਈ ਵਾਹ ਨਾ ਗਈ, ਸੱਜਣ ਬਾਹਰਲੇ ਘਰ ਜਾ ਕੇ ਗੱਜੂ ਦੇ ਪੈਰੀਂ ਪੈ ਗਿਆ, "ਆਹ ਦੇਖ ਬਾਈ, ਤੇਰੇ ਪੈਰੀਂ ਪੱਗ ਧਰਨਾ। ਆਪਣੇ ਘਰ ਦੀ ਇੱਜਤ ਰੱਖ! ਜੇ ਤੂੰ ਅੱਡ ਹੋਣਾ ਸੀ ਤਾਂ ਮੇਰਾ ਬਿਆਹ ਕਾਹਨੂੰ ਕਰਨਾ ਸੀ। ਰੱਬ ਦੀ ਕਿਰਪਾ ਨਾਲ ਆਪਣੀ ਜੜ੍ਹ ਲੱਗੀ ਹੋਈ ਐ। ਮੇਰੇ ਜਵਾਕ ਹੋਏ ਕਿ ਤੇਰੇ ਹੋਏ, ਇਕੋ ਗੱਲ ਐ। ਸੰਤੀ ਵੀ ਕਦੇ ਤੈਨੂੰ ਓਏ ਕਰ ਕੇ ਨੀ ਬੋਲੀ। ਨਾਲੇ ਮੁੱਲ ਦੀ ਤੀਮੀਂ ਦਾ ਕੀ ਪਤਾ ਹੁੰਦੈ, ਅੱਜ ਏਥੇ, ਕੱਲ੍ਹ ਓਥੇ।"

ਬਾਕੀ ਸਫ਼ਾ 35 'ਤੇ

## ਗੁਰ ਨਾਨਕ ਆਇਆ

ਟੇਕ-ਸਹੀਓ ਨੀ ! ਗੁਰੂ ਨਾਨਕ ਆਇਆ ।
ਗੁਰੂ ਨਾਨਕ ਗੁਰੂ ਨਾਨਕ ਆਇਆ ।
ਨਾਦ ਉਠਯੋ: 'ਗੁਰੂ ਨਾਨਕ ਆਯਾ' ।
ਸ਼ਬਦ ਹੁਯੋ: 'ਗੁਰੂ ਨਾਨਕ ਆਯਾ' ।੧।

ਮੁਸ਼ਕ ਉਠੇ ਮੇਰੇ ਬਨ ਤੇ ਬੇਲੇ,
ਖਿੜ ਪਏ ਬਾਗੀਂ ਫੁੱਲ ਰੰਗੀਲੇ ।
ਸਭ ਨੇ ਅਨਹਤ ਰਾਗ ਅਲਾਯਾ :
'ਗੁਰੂ ਨਾਨਕ ਗੁਰੂ ਨਾਨਕ ਆਯਾ' ।੨।

ਜਾਗ ਪਏ ਪੰਛੀ ਅਖ ਖੋਲ੍ਹਣ
ਗਾਵਣ ਗੀਤ ਰੰਗੀਲੇ ਬੋਲਣ :-
'ਦੇਖੋ ਅਹੁ ਗੁਰੂ ਨਾਨਕ ਆਯਾ',
'ਗੁਰੂ ਨਾਨਕ ਗੁਰੂ ਨਾਨਕ ਆਯਾ' ।੩।

ਤਪੀਆਂ ਜੁਗਾਂ ਦਿਆਂ ਅਖ ਖੋਲ੍ਹੀ
ਤਯਾਗੀ ਮੋਨ, ਬੋਲ ਪਏ ਬੋਲੀ:-
'ਅਹੁ ਤੱਕੋ ਗੁਰੂ ਨਾਨਕ ਆਯਾ',
'ਗੁਰੂ ਨਾਨਕ ਗੁਰੂ ਨਾਨਕ ਆਯਾ' ।੪।

ਦੁਖੀਆਂ ਕੰਨੀਂ ਪਈ ਬਲੇਲ:-
ਦੁਖਾਂ ਨੂੰ ਜੋ ਕਰੇ ਦਬੇਲ ।
'ਅਹੁ ਗੁਰੂ ਨਾਨਕ ਨਾਨਕ ਆਯਾ',
ਸੁਖ ਸਬੀਲੀ ਨਾਲ ਲਿਆਯਾ' ।੫।

ਕੂਕ ਉਠੀ ਦੁਨੀਆਂ ਪਈ ਗਾਵੇ,
ਮਸਤ ਅਲਸਤੀ ਤਾਨਾਂ ਲਾਵੇ:-
'ਧੁੰਦ ਹਨੇਰੇ ਹੋਏ ਦੂਰ
ਫੈਲ ਗਿਆ ਹੈ ਨੂਰੋ ਨੂਰ
'ਸਹੀਓ ਨੀ ਗੁਰੂ ਨਾਨਕ ਆਯਾ',
'ਗੁਰੂ ਨਾਨਕ ਗੁਰੂ ਨਾਨਕ ਆਯਾ' ।੬।

ਮੇਰਾ ਮੇਰਾ ਮੇਰਾ ਅਪਨਾ,
ਕਿਸੇ ਨਾ ਓਪ੍ਰਾ ਸਭ ਦਾ ਅਪਨਾ,
ਉਹ ਗੁਰੂ ਨਾਨਕ ਨਾਨਕ ਆਯਾ
'ਸਹੀਓ ਨੀ ਗੁਰੂ ਨਾਨਕ ਆਯਾ' ।੭।

ਅਗਿਆਤ

## 2,, ਬਾਬਾ ਨਾਨਕ ! ਏ ਤੇਰਾ ਕਮਾਲ

ਬਾਬਾ ਨਾਨਕ ! ਏ ਤੇਰਾ ਕਮਾਲ, ਰੂਹਾਂ ਟੁੰਬ ਜਗਾਈਆਂ ।
ਫਾਥੀਆਂ ਮਾਇਆ ਦੇ ਆਲ ਜੰਜਾਲ, ਰੋਂਦੀਆਂ ਤੂੰਹੇਂ ਹਸਾਈਆਂ ।

ਦੇਸ਼ ਬਦੇਸ਼ੀਂ ਤੂੰ ਫੇਰੇ ਚਾ ਪਾਏ,
ਨਾਦ ਇਲਾਹੀ ਤੂੰ ਦਰ ਦਰ ਵਜਾਏ,
ਸੁੱਤੇ ਦਿੱਤੇ ਤੂੰ ਟੁੰਬ ਉਠਾਲ,
ਨਵੀਆਂ ਜਿੰਦੀਆਂ ਪਾਈਆਂ ।
ਬਾਬਾ ਨਾਨਕ ! ਏ ਤੇਰਾ ਕਮਾਲ, ਰੂਹਾਂ ਟੁੰਬ ਜਗਾਈਆਂ ।
ਫਾਥੀਆਂ ਮਾਇਆ ਦੇ ਆਲ ਜੰਜਾਲ, ਰੋਂਦੀਆਂ ਤੂੰਹੇਂ ਹਸਾਈਆਂ ।

ਭਰਮਾਂ ਦੇ ਝੌੜ ਦਿਲਾਂ ਚੋਂ ਚਾ ਕੱਟੇ,
ਉੱਤੋਂ ਪਾਏ ਖੁੱਲ੍ਹੇ ਨਾਮ ਦੇ ਛੱਟੇ,
ਵਿਛੜੇ ਮੇਲੇ ਤੂੰ ਸਾਈਂ ਦੇ ਨਾਲ,
ਲਿਵ ਦੀਆਂ ਡੋਰਾਂ ਲਗਾਈਆਂ ।
ਬਾਬਾ ਨਾਨਕ ! ਏ ਤੇਰਾ ਕਮਾਲ, ਰੂਹਾਂ ਟੁੰਬ ਜਗਾਈਆਂ ।
ਫਾਥੀਆਂ ਮਾਇਆ ਦੇ ਆਲ ਜੰਜਾਲ, ਰੋਂਦੀਆਂ ਤੂੰਹੇਂ ਹਸਾਈਆਂ ।

ਸੰਗਤ ਸਾਰੀ ਦੀ ਹੈ ਏ ਦੁਹਾਈ,
ਸਾਨੂੰ ਵੀ ਖ਼ੈਰ ਓ ਨਾਮ ਦੀ ਪਾਈਂ,
ਲਾ ਲਈਂ ਆਪਣੇ ਚਰਨਾਂ ਦੇ ਨਾਲ,
ਬਖ਼ਸ਼ੀਂ ਸਾਡੀਆਂ ਉਕਾਈਆਂ ।
ਬਾਬਾ ਨਾਨਕ ! ਏ ਤੇਰਾ ਕਮਾਲ, ਰੂਹਾਂ ਟੁੰਬ ਜਗਾਈਆਂ ।
ਫਾਥੀਆਂ ਮਾਇਆ ਦੇ ਆਲ ਜੰਜਾਲ, ਰੋਂਦੀਆਂ ਤੂੰਹੇਂ ਹਸਾਈਆਂ ।

ਸੁਰਿੰਦਰ ਕੌਰ

# ਤਪਸ਼

**ਭੁਪਿੰਦਰ ਸਿੰਘ ਮਾਨ**
ਸੰਪਰਕ : ੯੪੧੭੦-੯੧੪੧੯

ਮੈਨੂੰ ਹਾੜ ਦੀ ਗਰਮੀ ਦਾ ਤਪਸ਼ ਭਰਿਆ ਦਿਨ ਹਮੇਸ਼ਾ ਯਾਦ ਰਹੇਗਾ। ਗਰਮੀ ਦੀਆਂ ਛੁੱਟੀਆਂ ਵਿੱਚ ਰਾਜੇ ਦੀ ਜ਼ਿੱਦ ਮੂਹਰੇ ਮਜਬੂਰ ਹੋ ਕੇ ਅਸੀਂ ਪਿੰਡ ਜਾ ਪਹੁੰਚੇ। ਮਾਂ ਨੂੰ ਜਦੋਂ ਜਾ ਮੱਥਾ ਟੇਕਿਆ ਤਾਂ ਬੇਬੇ ਨੂੰ ਚਾਅ ਚੜ ਗਿਆ। ਉਸ ਨੇ ਧਰਤੀ ਨਮਸਕਾਰੀ, ਸੁੱਖ ਸਾਂਦ ਪੁੱਛਣ ਤੋਂ ਬਾਅਦ ਬੇਬੇ ਨੇ ਦੱਸਿਆ, 'ਤੇਰਾ ਬਾਪੂ ਪਿੰਡ ਵਿੱਚ ਗਿਆ ਹੋਇਆ ਕਿਸੇ ਕੋਲ, ਚਲ ਉਹ ਆਜੂ ਤੁਸੀਂ ਰੋਟੀ ਟੁੱਕ ਖਾਓ।'

ਬੇਬੇ ਤੇ ਘਰਵਾਲੀ ਰੋਟੀ ਪਾਣੀ ਦੇ ਆਹਰ ਵਿੱਚ ਰੁੱਝ ਗਈਆਂ। ਰਾਜਾ ਟੀ.ਵੀ. ਮੂਹਰੇ ਜਾ ਬੈਠਾ। ਭਾਵੇਂ ਹਾੜ ਦੀ ਗਰਮੀ ਸੀ। ਫੇਰ ਵੀ ਪਿੰਡ ਦੀ ਸ਼ਾਮ ਮੈਨੂੰ ਬੜੀ ਵਧੀਆ ਲੱਗੀ। ਮੈਂ ਪਿਛਲੀਆਂ ਸੋਚਾਂ ਵਿੱਚ ਜਾ ਉਤਰਿਆ। ਬਚਪਨ ਤੋਂ ਜਵਾਨੀ ਤੱਕ ਦਾ ਸਫ਼ਰ ਫਿਲਮ ਵਾਂਗੂੰ ਅੱਖਾਂ ਅੱਗੇ ਦੀ ਲੰਘ ਗਿਆ। ਦੋਸਤਾਂ ਨਾਲ ਸ਼ਰਾਰਤਾਂ, ਪਿਆਰ ਕਿੰਨੀਆਂ ਹੀ ਯਾਦਾਂ ਇਸ ਘਰ ਅਤੇ ਪਿੰਡ ਨਾਲ ਜੁੜੀਆਂ ਹੋਈਆਂ ਸਨ। ਘੰਟੇ ਕੁ ਬਾਅਦ ਘਰਵਾਲੀ ਨੇ ਰੋਟੀ ਲਿਆ ਫੜਾਈ। ਮੇਰੇ ਰੋਟੀ ਖਾਂਦੇ ਸਮੇਂ ਅਚਾਨਕ ਬਾਹਰਲਾ ਦਰਵਾਜ਼ਾ ਜ਼ੋਰ ਨਾਲ ਖੁੱਲ ਕੇ ਕੰਧ ਨਾਲ ਵੱਜਿਆ ਤੇ ਮੈਂ ਤ੍ਰਭਕ ਕੇ ਸਿਰ ਉੱਪਰ ਚੁੱਕਿਆ। ਮੈਨੂੰ ਸਾਹਮਣੇ ਬਾਪੂ ਤੁਰਿਆ ਆਉਂਦਾ ਦਿਸਿਆ। ਬਾਪੂ ਦੀ ਤੋਰ ਹੀ ਦੱਸਦੀ ਸੀ ਕਿ ਬਾਪੂ ਅੱਜ ਫੇਰ ਤਰਾਰੇ ਵਿੱਚ ਹੈ। ਉਹ ਆ ਕੇ ਮੇਰੇ ਸਾਹਮਣੇ ਮੰਜੇ 'ਤੇ ਬੈਠ ਗਿਆ। ਪੱਗ ਲਾਹ ਕੇ ਸਿਰਹਾਣੇ ਰੱਖੀ ਤੇ ਢਿੱਲੇ ਵਾਲਾਂ ਨੂੰ ਖਿੱਚ ਕੇ ਜੂੜਾ ਕਰਦਿਆਂ ਕਿਹਾ, 'ਲੈ ਮਾਸਟਰ ਸਾਹਿਬ ਆਏ ਬੈਠੇ ਨੇ।'

ਉਸ ਦੀ ਆਵਾਜ਼ ਵਿੱਚ ਨਿੱਘ ਦੀ ਬਜਾਏ ਮੈਨੂੰ ਵਿਅੰਗ ਜ਼ਿਆਦਾ ਲੱਗਿਆ। ਮੈਂ ਸਤਿ ਸ੍ਰੀ ਅਕਾਲ ਆਖੀ ਤਾਂ ਉਹਨੇ ਖ਼ਿਆਲ ਨਾ ਕੀਤਾ। ਘਰਵਾਲੀ ਨੇ ਪੈਰੀਂ ਹੱਥ ਲਾਏ। ਬੇਬੇ ਪਾਣੀ ਦਾ ਗਿਲਾਸ ਫੜਾ ਗਈ। 'ਓਏ ਮੇਰਾ ਰਾਜਾ ਪੁੱਤ ਕਿੱਥੇ ਐ?' ਬਾਪੂ ਨੇ ਮੇਰੀ ਘਰਵਾਲੀ ਨੂੰ ਪੁੱਛਿਆ।

ਮੇਰੇ ਤੇ ਬਾਪੂ ਦੇ ਚੱਕਰ ਤਾਂ ਘੱਟ ਹੀ ਮਿਲਦੇ, ਪਰ ਉਸ ਦਾ ਮੋਹ ਮੇਰੇ ਮੁੰਡੇ ਰਾਜੇ ਨਾਲ ਜ਼ਿਆਦਾ ਹੈ। ਮੇਰੀ ਘਰਵਾਲੀ ਦੇ ਬੋਲਣ ਤੋਂ ਪਹਿਲਾਂ ਹੀ ਬਾਪੂ ਨੇ ਫੇਰ ਹੋਕਰਾ ਮਾਰਿਆ, 'ਕਿੱਥੇ ਐ ਬਈ ਮੇਰਾ ਰਾਜਾ ਪੁੱਤ'। ਬੇਬੇ ਨੇ ਹੌਲੀ ਜਿਹੀ ਕਿਹਾ, 'ਟੈਲੀਵੀਜਨ ਮੂਹਰੇ ਬੈਠਾ, ਤੁਸੀਂ ਪਹਿਲਾਂ ਰੋਟੀ ਪਾਣੀ ਖਾ ਲਓ ਫੇਰ ਸੱਦ ਲਿਓ ਜਵਾਕ ਨੂੰ।'

ਪਰ ਰਾਜਾ ਬਾਪੂ ਦੀ ਆਵਾਜ਼ ਸੁਣ ਕੇ ਬਾਹਰ ਆਇਆ ਤੇ ਬਾਪੂ ਨਾਲ ਚਿੰਬੜ ਗਿਆ। ਬਾਪੂ ਨੇ ਵੀ ਹਿੱਕ ਨਾਲ ਘੁੱਟਦਿਆਂ ਕਿਹਾ, 'ਆ ਮੇਰੀ ਡੱਡੀ, ਠੰਢ ਪੈ ਗਈ ਕਾਲਜੇ।'

ਰਾਜੇ ਨੇ ਸ਼ਰਾਬ ਦੀ ਗੰਧ ਤੋਂ ਮੂੰਹ ਪਰਾਂ ਘੁੰਮਾ ਲਿਆ। 'ਓਏ ਮੂੰਹ ਪਰਾਂ ਕਿਉਂ ਕਰਦੈਂ, ਮੈਂ ਤਾਂ ਤੈਨੂੰ ਸੱਚੀਉਂ ਦਾ ਰਾਜਾ ਬਣਾ ਦੇਊਂ ਪੁੱਤ,' ਬਾਪੂ ਦੇ ਮੁਖ ਵਿੱਚੋਂ ਨਿਕਲਿਆ।

ਉਹਦੀ ਗੱਲ ਸੁਣ ਕੇ ਮੇਰੇ ਕੰਨ ਖੜੇ ਹੋ ਗਏ। ਬਾਪੂ ਨੇ ਫੇਰ ਕੋਈ ਗ਼ਰੀਬ ਜੱਟ ਫਾਹ ਲਿਆ ਹੋਊ ਤੇ ਉਹਦੀ ਜ਼ਮੀਨ ਬੈਅ ਕਰਵਾਉਣ ਨੂੰ ਫਿਰਦਾ ਹੋਊ। ਬਾਪੂ ਨੂੰ ਸਾਰਾ ਪਿੰਡ ਗਰਦੌਰ ਕਹਿੰਦਾ। ਅੜੇ-ਥੁੜੇ ਜੱਟ ਦੀ ਜ਼ਮੀਨ ਦੀ ਗਰਦੌਰੀ ਆਪਣੇ ਨਾਮ ਕਰਵਾਉਣਾ ਬਾਪੂ ਦਾ ਚੁਟਕੀ ਮਾਰਨ ਜਿੰਨੇ ਸਮੇਂ ਦਾ ਕੰਮ ਸੀ। ਕਾਲਜ ਸਮੇਂ ਤੋਂ ਹੀ



ਅਗਾਂਹਵਧੂ ਸਾਹਿਤ ਪੜਨ ਕਰਕੇ ਮੇਰਾ ਝੁਕਾਅ ਇਸ ਜਗੀਰਦਾਰੀ ਸਿਸਟਮ ਦੇ ਉਲਟ ਸੀ। ਇਸ ਕਰਕੇ ਬਾਪੂ ਤੇ ਮੇਰੇ ਸਿੰਙ ਅਕਸਰ ਫਸ ਜਾਂਦੇ ਸੀ। ਜਦੋਂ ਬਾਪੂ ਤੇ ਉਹਦੇ ਯਾਰ ਸੁੱਖੇ ਨੰਬਰਦਾਰ ਨੇ ਪਿੰਡ ਸ਼ਾਮਲਾਟ 'ਤੇ ਕਬਜ਼ਾ ਕਰ ਲਿਆ ਤਾਂ ਪਿੰਡ ਵਿੱਚ ਹੋਈ ਤੋਏ-ਤੋਏ ਨੇ ਮੇਰਾ ਮਰਨ ਕਰ ਦਿੱਤਾ ਸੀ। ਘਰ ਵਿੱਚ ਕਈ ਦਿਨ ਯੁੱਧ ਚਲਦਾ ਰਿਹਾ। ਮੈਂ ਘਰ ਰਹਿਣ ਤੋਂ ਇਨਕਾਰੀ ਹੋ ਗਿਆ ਸੀ। ਮੈਂ ਸ਼ਹਿਰ ਵਿੱਚ ਜਾ ਘਰ ਲਿਆ, ਪਰ ਪਿੰਡ ਦੇ ਮੋਹ ਕਰਕੇ ਕਦੇ ਕਦੇ ਤਾਂ ਗੇੜਾ ਮਾਰਨਾ ਪੈਂਦਾ ਸੀ। ਗਰਮੀ ਦੀਆਂ ਛੁੱਟੀਆਂ ਵਿੱਚ ਕਈ ਕਈ ਦਿਨ ਰਹਿ ਜਾਂਦਾ ਸੀ। ਬੇਬੇ ਦੇ ਬੰਨੇ ਹੱਥ ਮੈਨੂੰ ਬੇਵੱਸ ਕਰ ਦਿੰਦੇ ਤੇ ਮੈਂ ਮਨ ਮਾਰ ਕੇ ਝੁਕ ਜਾਂਦਾ।

ਬਾਪੂ ਦੀ ਗੱਲ ਸੁਣ ਕੇ ਮੇਰੇ ਤੋਂ ਰਿਹਾ ਨਾ ਗਿਆ। ਮੈਂ ਕਿਹਾ, 'ਹੁਣ ਕੀਹਦੀ ਜ਼ਮੀਨ 'ਤੇ ਅੱਖ ਰੱਖ ਲਈ?'

ਮੇਰੀ ਗੱਲ ਸੁਣ ਕੇ ਬਾਪੂ ਇਉਂ ਤੜਫ਼ਿਆ ਜਿਵੇਂ ਪੈਰ 'ਤੇ ਨੂੰਹਾਂ ਲੜ ਗਿਆ ਹੋਵੇ, 'ਓਏ ਬਾਹਲਿਆ ਪੜਾਕੂਆ, ਤੇਰੀਆਂ ਤਾਂ ਸੌਲਾਂ ਪੜੀਆਂ ਵੀ ਖੂਹ ਵਿੱਚ ਪੈ ਗਈਆਂ,' ਲੰਬਾ ਸਾਹ ਭਰਦਿਆਂ ਫੇਰ ਕੜਕਿਆ, 'ਸਰਦਾਰ ਜੀ, ਮੈਨੂੰ ਕੀ ਲੋੜ ਐ ਕਿਸੇ ਦੀ ਜ਼ਮੀਨ 'ਤੇ ਅੱਖ ਰੱਖਣ ਦੀ? ਆਪੇ ਹਾੜੇ ਕੱਢਦੇ ਫਿਰਦੇ ਨੇ ਬਿਗਾਨੇ ਪੁੱਤ।'

ਪਿਛਲੇ ਤਜਰਬੇ ਤੋਂ ਮੈਂ ਸਮਝ ਗਿਆ ਸੀ ਕਿ ਬਾਪੂ ਨੂੰ ਤਰਕ ਨਾਲ ਨਹੀਂ ਜਿੱਤਿਆ ਜਾ ਸਕਦਾ, ਉਹ ਆਪਣੀ ਮਰਜ਼ੀ ਕਰੂ। ਜੇ ਘਰ ਵਾਲੇ ਜ਼ਿਆਦਾ ਬੋਲਦੇ ਤਾਂ ਉਹ ਭੱਜ ਕੇ ਪੰਜ ਪੋਰੀਆਂ ਦੀ ਡਾਂਗ ਚੁੱਕ ਲੈਂਦਾ ਤੇ ਫੇਰ ਘਰ ਜੰਗ ਦਾ ਮੈਦਾਨ ਬਣ ਜਾਂਦਾ। ਰਾਜਾ ਡਰ ਕੇ ਦੁਬਾਰਾ ਟੀ.ਵੀ. ਮੂਹਰੇ ਜਾ ਬੈਠਿਆ। ਬੇਬੇ ਨੇ ਬਾਪੂ ਨੂੰ ਰੋਟੀ ਲਿਆ ਫੜਾਈ।

ਬਾਕੀ ਸਫ਼ਾ 34 'ਤੇ




## ਪਾਠਕਾਂ ਦਾ ਨਜ਼ਰੀਆ

### ਚਿੱਠੀ

ਵੱਲੋਂ : ਇਕਬਾਲ ਸਿੰਘ

ਤੀਰਥ ਸਿੰਘ ਢਿੱਲੋਂ, ਪੰਜਾਬੀ ਵਿੱਚ ਖ਼ਬਰਾਂ ਸ਼ੁਰੂ ਕਰਨ ਵੇਲੇ ਰਵਾਇਤ ਮੁਤਾਬਕ ਆਖਿਆ ਕਰਦੇ ਸਨ, 'ਹੁਣ ਤੁਸੀਂ ਤੀਰਥ ਸਿੰਘ ਢਿੱਲੋਂ ਤੋਂ ਪੰਜਾਬੀ ਵਿੱਚ ਖ਼ਬਰਾਂ ਸੁਣੋ।' ਉਨਾਂ ਦੀ ਪੰਜਾਬੀ ਇੰਨੀ ਖ਼ੂਬਸੂਰਤ ਸੀ ਕਿ ਕਿਸੇ ਨੇ ਉਨਾਂ ਨੂੰ ਆਖਿਆ ਕਿ ਤੁਸੀਂ ਇਸ ਤਰਾਂ ਆਖਿਆ ਕਰੋ, 'ਹੁਣ ਤੁਸੀਂ ਤੀਰਥ ਸਿੰਘ ਢਿੱਲੋਂ ਤੋਂ ਖ਼ਬਰਾਂ ਵਿੱਚ ਪੰਜਾਬੀ ਸੁਣੋ।'

ਇਸ ਹਫ਼ਤੇ ਦੇ ਅੰਕ ਦੇ ਸਫ਼ਾ 27 'ਤੇ ਮਨਦੀਪ ਸਿੰਘ ਸਿੱਧੂ ਦੇ ਕੇ. ਦੀਪ ਬਾਰੇ ਲੇਖ ਨੂੰ ਪੜ ਕੇ ਵੀ ਇਸੇ ਤਰਾਂ ਮਹਿਸੂਸ ਹੋਇਆ, ਜਿਵੇਂ ਹਿੰਦਕੀ ਦੇ ਸ਼ਬਦਾਂ ਦੀ ਵਗ ਰਹੀ ਹਨੇਰੀ ਦੌਰਾਨ ਮਨਦੀਪ ਪੰਜਾਬੀ ਦਾ ਦੀਵਾ ਪੇਸ਼ ਕਰ ਰਿਹਾ ਹੋਵੇ। ਲੇਖ ਕੇ. ਦੀਪ ਬਾਰੇ ਤਾਂ ਪਤਾ ਨਹੀਂ ਦੱਸਣ ਵਿੱਚ ਕਿੰਨਾ ਕਾਮਯਾਬ ਰਿਹਾ ਪਰ ਪੰਜਾਬੀ ਦਾ ਖ਼ੂਬਸੂਰਤ ਨਮੂਨਾ ਪੇਸ਼ ਕਰਨ ਵਿੱਚ ਪੂਰੀ ਤਰਾਂ ਸਫਲ ਰਿਹਾ ਹੈ। ਇੰਝ ਲੱਗਦਾ ਹੈ ਜਿਵੇਂ ਕਹਿ ਰਿਹਾ ਹੋਵੇ ਕਿ ਆਓ ਕੇ. ਦੀਪ ਰਾਹੀਂ ਪੰਜਾਬੀ ਬਾਰੇ ਦੱਸਾਂ। ਹਦਾਇਤਕਾਰ, ਫ਼ਿਲਮਸਾਜ਼ ਅਦਾਰੇ, ਨਗਮਾਸਰਾਈ, ਤਾਮੀਰ ਵਰਗੇ ਸ਼ਬਦ ਵੱਖਰਾ ਹੀ ਰਸ ਘੋਲ ਗਏ ਵਧਾਈ ਮਨਦੀਪ ਸਿੰਘ ਨੂੰ।

# ਆਦਤਾਂ ਤੋਂ ਨਸਲਾਂ ਦਾ ਪਤਾ ਚਲਦਾ ਹੈ

ਇਕ ਬਾਦਸ਼ਾਹ ਦੇ ਦਰਬਾਰ ਵਿਚ ਇਕ ਕੋਈ ਓਪਰਾ ਬੰਦਾ ਨੌਕਰੀ ਦੀ ਭਾਲ ਵਿਚ ਅੱਪੜਿਆ। ਉਸ ਤੋਂ ਉਹਦੀ ਯੋਗਤਾ ਪੁੱਛੀ ਗਈ। ਉਸ ਆਖਿਆ 'ਸਿਆਸੀ ਹਾਂ'

(ਅਰਬੀ ਵਿਚ ਸਿਆਸੀ ਉਸਨੂੰ ਆਖਦੇ ਜੋ ਆਪਣੀ ਅਕਲ ਤੇ ਗਿਆਨ ਸਦਕਾ ਕਿਸੇ ਮਸਲੇ ਨੂੰ ਹੱਲ ਕਰਨ ਦੀ ਯੋਗਤਾ ਰੱਖਦਾ ਹੋਵੇ) ਬਾਦਸ਼ਾਹ ਦੇ ਕੋਲ ਸਿਆਸਤਦਾਨਾਂ ਦੀ ਕੋਈ ਕਮੀ ਨਹੀਂ ਸੀ ਤਾਂ ਉਸਨੂੰ ਘੋੜਿਆਂ ਦੇ ਤਬੇਲੇ ਦਾ ਮੁਖੀ ਬਣਾ ਘੱਤਿਆ।

ਥੋੜੇ ਦਿਨਾਂ ਮਗਰੋਂ ਬਾਦਸ਼ਾਹ ਉਸਨੂੰ ਆਪਣੇ ਸਾਰ ਤੋਂ ਮਹਿੰਗੇ ਤੇ ਪਿਆਰੇ ਘੋੜੇ ਬਾਰੇ ਪੁੱਛਿਆ, ਉਸ ਆਖਿਆ, 'ਇਹ ਘੋੜਾ ਨਸਲੀ ਨਹੀਂ ਏ।'

ਬਾਦਸ਼ਾਹ ਬੜਾ ਹੈਰਾਨ ਹੋਇਆ, ਉਸ ਘੋੜਿਆਂ ਦੇ ਰਾਖੇ ਨੂੰ ਸੱਦ ਕੇ ਆਪਣੇ ਘੋੜੇ ਬਾਰੇ ਪੁੱਛਿਆ। ਉਸ ਦੱਸਿਆ, 'ਬਾਦਸ਼ਾਹ, ਘੋੜਾ ਤਾਂ ਨਸਲੀ ਜੇ, ਪਰ ਜਦ ਇਹ ਜੰਮਿਆ ਸੀ ਤਦ ਇਹਦੀ ਮਾਂ ਮਰ ਗਈ ਸੀ ਤੇ ਇਹ ਇੱਕ ਗਾਂ ਦਾ ਦੁੱਧ ਚੁੰਘ ਕੇ ਉਸ ਨਾਲ ਪਲਿਆ ਹੈ।'

ਬਾਦਸ਼ਾਹ ਉਸਨੂੰ ਸੱਦਿਆ ਤੇ ਪੁੱਛਿਆ 'ਤੈਨੂੰ ਕਿਸ ਤਰਾਂ ਪਤਾ ਲੱਗਾ ਪਈ ਇਹ ਘੋੜਾ ਨਸਲੀ ਨਹੀਂ ਏ?'

ਉਸ ਆਖਿਆ, 'ਜਦੋਂ ਇਹ ਘੋੜਾ ਘਾਹ ਖਾਂਦਾ ਹੈ ਤਦੋਂ ਇਹ ਗਾਈਆਂ ਵਾਂਙੂੰ ਮੂੰਹ ਹੇਠਾਂ ਕਰਕੇ ਖਾਂਦਾ, ਜਦਕਿ ਨਸਲੀ ਘੋੜਾ ਬੁਰਕ ਭਰਕੇ ਮੂੰਹ ਉਤਾਂਹ ਚੁੱਕ ਕੇ ਘਾਹ ਖਾਂਦਾ।'

ਬਾਦਸ਼ਾਹ ਉਸਦੀ ਸੂਝ ਤੋਂ ਏਨਾ ਖ਼ੁਸ਼ ਹੋਇਆ ਕਿ ਉਹਦੇ ਘਰੇ ਦਾਣੇ, ਘਿਓ, ਭੁੱਜੇ ਹੋਏ ਦੁੰਬੇ ਤੇ ਪੰਖੀਆਂ ਦਾ ਉੱਚ ਦਰਜੇ ਦਾ ਮਾਸ ਇਨਾਮ ਵਜੋਂ ਘੱਲਿਆ ਤੇ ਉਸਨੂੰ ਮਲਿਕਾ ਦੇ ਰਣਵਾਸ 'ਤੇ ਤੈਨਾਤ ਕਰ ਘੱਤਿਆ।

ਫੇਰ ਕੁਝ ਦਿਨਾਂ ਮਗਰੋਂ ਬਾਦਸ਼ਾਹ ਉਸਤੋਂ ਆਪਣੀ ਬੇਗਮ ਬਾਰੇ ਪੁੱਛਿਆ, ਉਸ ਆਖਿਆ,'ਰਹਿਣ-ਸਹਿਣ ਤਾਂ ਮਲਿਕਾ ਵਰਗਾ ਏ ਪਰ ਇਹ ਕੋਈ ਸ਼ਹਿਜ਼ਾਦੀ ਨਹੀਂ ਏ।'

ਬਾਦਸ਼ਾਹ ਬੜਾ ਅਵਾਜ਼ਾਰ ਹੋਇਆ ਤੇ ਉਹ ਨੂੰ ਖਲੋਣ ਨੂੰ ਧਰਤੀ ਵਿਹਲ ਨਾ ਦੇਵੇ। ਉਸ ਓਸੇ ਵੇਲੇ ਆਪਣੀ ਸੱਸ ਨੂੰ ਸੱਦਿਆ ਤੇ ਸਾਰਾ ਮਾਮਲਾ ਉਸਨੂੰ ਦੱਸਿਆ। ਸੱਸ ਆਂਹਦੀ, 'ਸੱਚਾਈ ਇਹ ਵੇ ਕਿ ਤੁਹਾਡੇ ਮਾਪਿਆਂ ਮੇਰੇ ਖ਼ਸਮ ਨਾਲ ਹਾੜੀ ਕੁੜੀ ਦਾ ਜੰਮਦਿਆਂ ਹੀ ਰਿਸ਼ਤਾ ਮੰਗ ਲਿਆ ਸਉ, ਪਰ ਹਾੜੀ ਕੁੜੀ ਛੇ ਮਹੀਨਿਆਂ ਦੀ ਉਮਰੇ ਹੀ ਚਲ ਵਸੀ, ਇਸ ਤਰਾਂ ਫਿਰ ਅਸਾਂ ਤੁਹਾਡੀ ਬਾਦਸ਼ਾਹਤ ਨਾਲ ਨਾਤਾ ਗੰਢਣ ਲਈ ਕਿਸੇ ਹੋਰ ਦੀ ਕੁੜੀ ਨੂੰ ਆਪਣੀ ਕੁੜੀ ਬਣਾ ਲਿਆ।'

ਤਦ ਬਾਦਸ਼ਾਹ ਉਸਨੂੰ ਪੁੱਛਿਆ,'ਤੈਨੂੰ ਕੇਸਰਾਂ ਪਤਾ ਲੱਗਾ ਭਲਾ?'

ਉਸ ਆਖਿਆ, 'ਬਾਦਸ਼ਾਹ ਤੁਹਾਡੀ ਬੇਗਮ ਦਾ ਨੌਕਰਾਂ ਨਾਲ ਵਤੀਰਾ ਅਨਪੜਾਂ ਤੋਂ ਵੀ ਭੈੜਾ ਏ। ਇਕ ਖਾਨਦਾਨੀ ਬੰਦੇ ਦਾ ਦੂਜਿਆਂ ਨਾਲ ਵਿਹਾਰ ਕਰਨ ਦਾ ਇਕ ਸਲੀਕਾ ਹੁੰਦਾ ਏ, ਜੋ ਉਨਾਂ ਵਿਚ ਭੋਰਾ ਵੀ ਨਹੀਂ ਏ।'

ਬਾਦਸ਼ਾਹ ਫਿਰ ਬੜਾ ਖ਼ੁਸ਼ ਹੋਇਆ ਤੇ ਉਸਨੂੰ ਵਾਹਵਾ ਸਾਰਾ ਅਨਾਜ ਤੇ ਭੇਡਾਂ-ਬੱਕਰੀਆਂ ਇਨਾਮ ਵਜੋਂ ਦਿੱਤੀਆਂ ਤੇ ਉਸਨੂੰ ਆਪਣਾ ਦਰਬਾਰੀ ਬਣਾ ਲਿਆ।

ਕੁਝ ਦਿਨ ਲੰਘੇ, ਬਾਦਸ਼ਾਹ ਵੱਲੋਂ ਉਸਨੂੰ ਸੱਦਿਆ ਗਿਆ ਤੇ ਉਸਨੂੰ ਆਖਿਆ ਗਿਆ ਕਿ ਕੁਝ ਮੇਰੇ ਬਾਰੇ ਦੱਸ। ਉਸ ਆਖਿਆ, 'ਜਾਨ ਬਖ਼ਸ਼ ਰੱਖਿਆ ਜੇ।'

ਬਾਦਸ਼ਾਹ ਵਾਅਦਾ ਕੀਤਾ ਕਿ ਕੱਖ ਨਈਂ ਆਂਹਦਾ। ਉਸ ਆਖਿਆ, 'ਨਾ ਤਾਂ ਤੁਸਾਂ ਸ਼ਹਿਜ਼ਾਦੇ ਜੋ ਤੇ ਨਾ ਹੀ ਤੁਹਾਡਾ ਵਿਹਾਰ ਬਾਦਸ਼ਾਹਾਂ ਵਰਗਾ ਏ।'

ਬਾਦਸ਼ਾਹ ਬੌਂਬੜਿੱਕਾ ਹੋਇਆ ਗੁੱਸੇ ਵਿਚ ਆ ਗਿਆ ਪਰ ਜਾਨ ਬਖ਼ਸ਼ਣ ਦਾ ਵਾਅਦਾ ਕੀਤਾ ਹੋਣ ਕਰਕੇ ਚੁੱਪ-ਚਾਪ ਆਪਣੀ ਮਾਂ ਦੇ ਮਹੱਲ ਜਾ ਅੱਪੜਿਆ। ਉਸਦੀ ਮਾਂ ਆਖਿਆ, 'ਪੁੱਤਰਾ ਇਹ ਸੱਚ ਵੇ ਕਿ ਤੂੰ ਇਕ ਆਜੜੀ ਦਾ ਮੁੰਡਾ ਏਂ, ਹਾਡੇ ਕੋਈ ਧੀ-ਪੁੱਤ ਨਹੀਂ ਸੀ ਤਦ ਅਸਾਂ ਤੈਨੂੰ ਗੋਦ ਲੈ ਕੇ ਪਾਲਿਆ।'

ਬਾਦਸ਼ਾਹ ਆਪਣੇ ਸਿਆਸੀ ਨੂੰ ਸੱਦਕੇ ਪੁੱਛਿਆ, 'ਦੱਸ, ਤੈਨੂੰ ਕਿੰਵ ਪਤਾ ਲੱਗਾ?'

ਉਸ ਆਖਿਆ, 'ਬਾਦਸ਼ਾਹ ਜਦ ਕਿਸੇ ਨੂੰ ਕੋਈ ਇਨਾਮ ਦੇਂਦੇ ਨੇ ਤਾਂ ਉਹ ਹੀਰੇ, ਮੋਤੀ ਜਵਾਹਰ ਦੇਂਦੇ ਨੇ, ਪਰ ਤੁਸਾਂ ਤਾਂ ਭੇਡਾਂ, ਬੱਕਰੀਆਂ ਤੇ ਖਾਣ-ਪੀਣ ਦੀਆਂ ਸ਼ੈਆਂ ਦਿੱਤੀਆਂ ਸਉ। ਇਸਤੋਂ ਪਤਾ ਲਗਦਾ ਕਿ ਤੁਸਾਂ ਕੋਈ ਸ਼ਹਿਜ਼ਾਦੇ ਨਹੀਂ, ਕਿਸੇ ਆਜੜੀ ਦੇ ਮੁੰਡੇ ਜੇ।'

ਕਿਸੇ ਮਨੁੱਖ ਕੋਲ ਕਿੰਨੀ ਵੀ ਧਨ-ਦੌਲਤ, ਸੁਖ-ਅਰਾਮ, ਰੁਤਬਾ, ਗਿਆਨ, ਤਾਕਤ ਹੋਵੇ, ਇਹ ਸਭ ਬਾਹਰੀ ਸ਼ੈਆਂ ਨੇ। ਬੰਦੇ ਦੀ ਅਸਲੀਅਤ ਉਸਦੇ ਲਹੂ, ਉਸਦੇ ਵਿਹਾਰ ਤੋਂ ਪਤਾ ਲਗਦੀ ਹੈ।

## ਲੋਕ ਕਹਾਣੀਆਂ

### ਪੂਰਨ ਭਗਤ

ਗੱਲ ਮੱਧਕਾਲੀਨ ਸਮੇਂ ਦੀ ਹੈ। ਉਦੋਂ ਨਾਥ ਜੋਗੀਆਂ ਦਾ ਜਨ ਸਾਧਾਰਨ ਦੇ ਜੀਵਨ 'ਤੇ ਬਹੁਤ ਵੱਡਾ ਪ੍ਰਭਾਵ ਸੀ। ਪੱਛਮੀ ਪੰਜਾਬ ਦੇ ਸਿਆਲਕੋਟ ਦੇ ਇਲਾਕੇ ਤੇ ਰਾਜਾ ਸਲਵਾਨ ਰਾਜ ਕਰਦਾ ਸੀ-ਸਿਆਲਕੋਟ ਉਸ ਦੀ ਰਾਜਧਾਨੀ ਸੀ। ਸਲਵਾਨ ਇਕ ਆਸ਼ਿਕ-ਮਿਜ਼ਾਜ ਅਤੇ ਮੌਜ-ਮਸਤੀ 'ਚ

ਬਾਕੀ ਸਫ਼ਾ 35 'ਤੇ

# ‘ਅੰਨਾ ਵੰਡੇ ਸ਼ੀਰਨੀ ਮੁੜ ਮੁੜ ਆਪਣਿਆਂ ਨੂੰ’

## ਐਫਆਈਐਚ ਵਲੋਂ ਸਾਲ ਦੇ ਚੁਣੇ ਸਰਵੋਤਮ ਖਿਡਾਰੀਆਂ ਦੀ ਚੋਣ ’ਤੇ ਉੱਠੇ ਸਵਾਲ

**ਜਗਰੂਪ ਸਿੰਘ ਜਰਖੜ**
**ਮੋ. ੯੮੧੪੩੦੦੭੨੨**

ਕੌਮਾਂਤਰੀ ਹਾਕੀ ਸੰਘ (ਐੱਫ ਆਈ ਐੱਚ) ਦੇ ਸਰਵੋਤਮ ਖਿਡਾਰੀਆਂ ਦੇ ਐਵਾਰਡਾਂ ਦੀ ਚੋਣ ਵਿੱਚ ਭਾਰਤ ਨੇ ਹੂੰਝਾਫੇਰ ਜਿੱਤ ਹਾਸਲ ਕੀਤੀ ਹੈ ਸਾਲ ਦੇ ਚੁਣੇ ਗਏ ਸਰਵੋਤਮ ਖਿਡਾਰੀਆਂ ਵਿਚ ‘ਮੈਨ ਆਫ ਦਾ ਯੀਅਰ ਐਵਾਰਡ’ ਵਿਚ ਭਾਰਤੀ ਹਾਕੀ ਟੀਮ ਦੇ ਫੁੱਲਬੈਕ ਹਰਮਨਪ੍ਰੀਤ ਸਿੰਘ ਅਤੇ ਕੁੜੀਆਂ ਦੇ ਵਿੱਚ ਭਾਰਤੀ ਟੀਮ ਦੀ ਪੈਨਲਟੀ ਕਾਰਨਰ ਦੀ ਮੁਹਾਰਤ ਰੱਖਣ ਵਾਲੀ ਗੁਰਜੀਤ ਕੌਰ ਨੂੰ ਸਰਬੋਤਮ ਖਿਡਾਰੀ ਚੁਣਿਆ ਗਿਆ ਹੈ। ਹਰਮਨਪ੍ਰੀਤ ਸਿੰਘ ਨੇ ‘ਟੋਕੀਓ ਓਲੰਪਿਕ ਖੇਡਾਂ 2021’ ਵਿੱਚ 6 ਗੋਲ ਕੀਤੇ ਅਤੇ ਭਾਰਤੀ ਟੀਮ ਨੂੰ ਕਾਂਸੀ ਤਮਗਾ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ, ਜਦਕਿ ਗੁਰਜੀਤ ਕੌਰ ਨੇ 4 ਗੋਲ ਕੀਤੇ ਅਤੇ ਭਾਰਤੀ ਮਹਿਲਾ ਹਾਕੀ ਟੀਮ ਟੋਕੀਓ ਓਲੰਪਿਕ ਖੇਡਾਂ ਵਿੱਚ ਚੌਥੇ ਸਥਾਨ ਤੇ ਰਹੀ। ਇਸ ਤੋਂ ਇਲਾਵਾ ਗੋਲਕੀਪਰ ਪੀ ਆਰ ਸ੍ਰੀਜੇਸ਼ ਅਤੇ ਕੁੜੀਆਂ ਵਿੱਚ ਭਾਰਤ ਦੀ ਸ਼ਵੇਤਾ ਪੂਨੀਆ ਅਤੇ ਉਭਰਦੇ ਖਿਡਾਰੀਆਂ ਵਿੱਚ ਵਿਵੇਕ ਸਾਗਰ ਪ੍ਰਸਾਦ ਅਤੇ ਕੁੜੀਆਂ ਵਿੱਚ ਸ਼ਰਮੀਲਾ ਦੇਵੀ ਰਾਈਜਿੰਗ ਸਟਾਰ ਦੇ ਐਵਾਰਡ ਵਿਚ ਜੇਤੂ ਰਹੀਆਂ ਜਦਕਿ ਭਾਰਤੀ ਟੀਮਾਂ ਦੇ ਦੋਵੇਂ ਵਿਦੇਸ਼ੀ ਕੋਚ ਗੈਰਹਾਰਡ ਰੀਕ ਅਤੇ ਐਸ ਮਰੀਨੇ ਵੀ ਸਰਵੋਤਮ ਕੋਚਾਂ ਦਾ ਐਵਾਰਡ ਜਿੱਤਣ ਵਿੱਚ ਕਾਮਯਾਬ ਰਹੇ। ਸਾਰੇ ਹੀ ਭਾਰਤੀ ਖਿਡਾਰੀ ਇਸ ਜਿੱਤ ਬਦਲੇ ਵਧਾਈ ਦੇ ਪਾਤਰ ਹਨ, ਕਿਉਂਕਿ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਟੋਕੀਓ ਵਿੱਚ ਭਾਰਤ ਨੇ 41 ਸਾਲ ਬਾਅਦ ਕਾਂਸੀ ਦਾ ਤਮਗਾ ਜਿੱਤਿਆ ਜਦਕਿ ਕੁੜੀਆਂ ਵਿੱਚ ਭਾਰਤ ਪਹਿਲੀ ਭਾਰਤ ਸੈਮੀਫਾਈਨਲ ਵਿੱਚ ਪੁੱਜਿਆ। ਭਾਰਤੀ ਕੁੜੀਆਂ ਦੀ ਟੀਮ ਟੋਕੀਓ ਓਲੰਪਿਕ ਵਿੱਚ ਚੌਥੇ ਸਥਾਨ ’ਤੇ ਰਹੀ।

ਇਸ ਤੋਂ ਇਲਾਵਾ ਮਰਦਾਂ ਦੇ ਵਰਗ ਵਿੱਚ ਬੈਲਜੀਅਮ ਦੀ ਹਾਕੀ ਟੀਮ ਨੇ ਸੋਨ ਤਮਗਾ ਜਿੱਤਿਆ, ਆਸਟ੍ਰੇਲੀਆ ਨੇ ਚਾਂਦੀ ਦਾ ਤਮਗਾ ਜਿੱਤਿਆ, ਜਦਕਿ ਕੁੜੀਆਂ ਵਿੱਚ ਹਾਲੈਂਡ ਨੇ ਸੋਨ ਤਮਗਾ ਜਿੱਤਿਆ ਜਦਕਿ ਅਰਜਨਟੀਨਾ ਨੇ ਚਾਂਦੀ ਦਾ ਅਤੇ ਇੰਗਲੈਂਡ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਬੈਲਜੀਅਮ ਅਤੇ ਹਾਲੈਂਡ ਦੀਆਂ ਟੀਮਾਂ ਮਰਦਾਂ ਅਤੇ ਇਸਤਰੀਆਂ ਵਿੱਚ ਕਰਮਵਾਰ ਵਿਸ਼ਵ ਹਾਕੀ ਕੱਪ ਅਤੇ ਪ੍ਰੋ ਹਾਕੀ ਲੀਗ ਦੀਆਂ ਚੈਂਪੀਅਨ ਵੀ ਹਨ। ਐਫਆਈਐਚ ਐਵਾਰਡਾਂ ਦੀ ਚੋਣ ਸਾਰੇ ਹਾਕੀ ਹਿੱਸੇਦਾਰਾਂ ਸਬੰਧਤ ਵੱਖ ਵੱਖ ਮੁਲਕਾਂ ਦੀਆਂ ਰਾਸ਼ਟਰੀ ਫੈਡਰੇਸ਼ਨਾਂ, ਖਿਡਾਰੀਆਂ, ਪ੍ਰਸ਼ੰਸਕਾਂ ਅਤੇ ਮੀਡੀਆ ਦੁਆਰਾ ਵੋਟਾਂ ਦੇ ਸੁਮੇਲ ’ਤੇ ਅਧਾਰਤ ਹੈ। ਰਾਸ਼ਟਰੀ ਫੈਡਰੇਸ਼ਨਾਂ ਦੁਆਰਾ ਵੋਟਿੰਗ ਕਰਦੇ ਹੋਏ, ਉਨਾਂ ਦੇ ਕਪਤਾਨਾਂ ਅਤੇ ਕੋਚਾਂ ਦੁਆਰਾ ਕੁੱਲ ਵੋਟਾਂ ਵਿੱਚ 50 ਪ੍ਰਤੀਸ਼ਤ ਭਾਰ ਪਾਇਆ ਜਾਂਦਾ ਹੈ, ਬਾਕੀ ਦਾ ਅੱਧਾ ਹਿੱਸਾ ਖਿਡਾਰੀਆਂ ਅਤੇ ਪ੍ਰਸ਼ੰਸਕਾਂ (25 ਪ੍ਰਤੀਸ਼ਤ) ਅਤੇ ਮੀਡੀਆ (25 ਪ੍ਰਤੀਸ਼ਤ) ਵਿੱਚ ਵੰਡਿਆ ਜਾਂਦਾ ਹੈ। ਪਰ ਇਸ ਚੋਣ ਪ੍ਰਕਿਰਿਆ ਵਿੱਚ ਸਾਰੇ ਭਾਰਤੀ ਖਿਡਾਰੀ ਹੀ ਕਿਉਂ ਚੁਣੇ ਗਏ ਹਨ, ਚੈਂਪੀਅਨ ਟੀਮ ਬੈਲਜੀਅਮ, ਚਾਂਦੀ ਤਮਗਾ ਜੇਤੂ ਆਸਟ੍ਰੇਲੀਆ, ਕੁੜੀਆਂ ਦੀ ਓਲੰਪਿਕ ਚੈਂਪੀਅਨ ਹਾਲੈਂਡ, ਚਾਂਦੀ ਤਮਗਾ ਜੇਤੂ ਅਰਜਨਟੀਨਾ ਜਾਂ ਕਾਂਸੀ ਤਮ਼ਗਾ ਜੇਤੂ ਇੰਗਲੈਂਡ ਵਿਚ ਕਿਉਂ ਕੋਈ ਇੱਕ ਵੀ ਖਿਡਾਰੀ ਐਵਾਰਡ ਦੇ ਕਾਬਲ ਨਹੀਂ ਬਣਿਆ? ਕੀ ਉਨਾਂ ਦੀ ਕਾਰਗੁਜ਼ਾਰੀ ਭਾਰਤੀ ਖਿਡਾਰੀਆਂ ਨਾਲੋਂ ਮਾੜੀ ਰਹੀ। ਇਸ ਤੇ ਬਾਕੀ ਮੁਲਕਾਂ ਦੀਆਂ ਟੀਮਾਂ ਨੇ ਸਵਾਲ ਉਠਾਏ ਹਨ। ਬੈਲਜੀਅਮ ਦੇ ਮੀਡੀਆ ਵਿਚ ਤਾਂ ਵਾਹਵਾ ਹਾਹਾਕਾਰ ਮੱਚੀ ਹੈ ਉਨਾਂ ਨੇ ਭਾਰਤੀ ਖਿਡਾਰੀਆਂ ਦੀ ਚੋਣ ਤੇ ਉਤੇ ਕਈ ਸ਼ੰਕੇ ਵੀ ਜ਼ਾਹਿਰ ਕੀਤੇ ਹਨ। ਕਿਉਂਕਿ ਆਮ ਤੌਰ ’ਤੇ ਚੈਂਪੀਅਨ ਟੀਮ ਦੇ ਹੀ ਸਰਵੋਤਮ ਖਿਡਾਰੀ ਜੇਤੂ ਐਵਾਰਡਾਂ ਦੇ ਹੀਰੋ ਬਣਦੇ ਹਨ, ਉਸ ਤੋਂ ਬਾਅਦ ਅਗਲੀ ਵਾਰੀ ਦੂਸਰੇ ਸਥਾਨ ’ਤੇ ਰਹਿਣ ਵਾਲੀ ਟੀਮ ਦੀ ਹੁੰਦੀ ਹੈ ਪਰ ਇੱਕਾ ਦੁੱਕਾ ਤੀਜੇ ਸਥਾਨ ਵਾਲੀ ਟੀਮ ਵਿੱਚੋਂ ਕੋਈ ਚੁਣਿਆ ਜਾਂਦਾ ਹੈ। ਭਾਵੇਂ ਭਾਰਤੀ ਹਾਕੀ ਟੀਮਾਂ ਦਾ ਪ੍ਰਦਰਸ਼ਨ ਪਹਿਲਾਂ ਨਾਲੋਂ ਕਾਫੀ ਬਿਹਤਰ ਹੈ, ਪਰ ਅਜੇ ਵੀ ਵਿਸ਼ਵ ਹਾਕੀ ਵਿੱਚ ਬੈਲਜੀਅਮ ਆਸਟ੍ਰੇਲੀਆ ਹਾਲੈਂਡ ਜਰਮਨੀ ਵਰਗੀਆਂ ਟੀਮਾਂ ਦਾ ਹੀ ਜੇਤੂ ਦਬਦਬਾ







ਹੈ। ਐਫਆਈਐਚ ਦੇ ਸਰਵੋਤਮ ਖਿਡਾਰੀਆਂ ਦੀ ਜੇਤੂ ਐਵਾਰਡਾਂ ਦੀ ਪ੍ਰਣਾਲੀ ਵਿਚ ਆਨਲਾਈਨ ਵੋਟਿੰਗ ਸਿਸਟਮ ਹੈ। ਵੋਟਿੰਗ ਸਿਸਟਮ ਭਾਵੇਂ ਹੋਵੇ ਆਨਲਾਈਨ ਚਾਹੇ ਹੋਵੇ ਈਵੀਐਮ ਮਸ਼ੀਨਾਂ ਨਾਲ ਉਸ ਬਾਰੇ ਭਾਰਤ ਵਿਚ ਤੁਹਾਨੂੰ ਪਤਾ ਈ ਐ ਰਿਜ਼ਲਟ ਕੀ ਹੁੰਦਾ ਹੈ, ਇੱਥੇ ਤਾਂ ਈਵੀਐਮ ਮਸ਼ੀਨਾਂ ਵਿਚ ਮੋਦੀ ਨਹੀਂ ਹਾਰਦਾ ਤੇ ਫਿਰ ਹਾਕੀ ਵਾਲਿਆਂ ਨੇ ਤਾਂ ਹਾਰਨਾ ਹੀ ਕੀ ਸੀ। ਐਫਆਈਐਚ ਦੇ ਪ੍ਰਧਾਨ ਭਾਰਤ ਦੇ ਨਰਿੰਦਰ ਬਤਰਾ ਹੀ ਹਨ। ਦੂਸਰੇ ਮੁਲਕਾਂ ਨੂੰ ਖੁੱਲ ਕੇ ਆਲੋਚਨਾ ਕਰਨ ਦਾ ਮੌਕਾ ਮਿਲ ਗਿਆ ਹੈ, ਕਿਉਂਕਿ ਭਾਰਤ ਦੇ ਭ੍ਰਿਸ਼ਟ ਸਿਸਟਮ ਨੂੰ ਪੂਰੀ ਦੁਨੀਆ ਜਾਣਦੀ ਹੈ। ਐਫਆਈਐਚ ਦੇ ਐਵਾਰਡ ਚੋਣ ਪ੍ਰਣਾਲੀ ਉੱਤੇ ਤਰਾਂ ਤਰਾਂ ਦੇ ਸਵਾਲ ਉੱਠ ਰਹੇ ਹਨ। ਇਹ ਐਵਾਰਡ ਚੋਣ ਪ੍ਰਣਾਲੀ ਜਲਦੀ ਹੀ ਬੰਦ ਹੋਣੀ ਚਾਹੀਦੀ ਹੈ ਕਿਉਂਕਿ ਇਸ ਵਾਰ ਚੁਣੇ ਸਰਵੋਤਮ ਖਿਡਾਰੀਆਂ ਦੇ ਐਵਾਰਡਾਂ ਵਿੱਚ ਇੰਝ ਲੱਗ ਰਿਹਾ ਹੈ ਕਿ ਜਿਸ ਤਰਾਂ ‘ਅੰਨਾ ਵੰਡੇ ਸ਼ੀਰਨੀ ਮੁੜ ਮੁੜ ਆਪਣਿਆਂ ਨੂੰ ਹੀ’ ਕਿਉਂਕਿ ਭਾਵੇਂ ਅਸੀਂ ਓਲੰਪਿਕ ਚੈਂਪੀਅਨ ਵੀ ਬਣ ਜਾਂਦੇ, ਚਾਹੇ ਵਿਸ਼ਵ ਚੈਂਪੀਅਨ ਵੀ ਹੁੰਦੇ ਤਾਂ ਵੀ ਸਾਰੇ ਐਵਾਰਡ ਕਿਸੇ ਇੱਕ ਮੁਲਕ ਨੂੰ ਆਉਣਾ ਸ਼ੋਭਾ ਨਹੀਂ ਦਿੰਦਾ। ਦੂਸਰੀਆਂ ਟੀਮਾਂ ਦਾ ਜਾਂ ਖਿਡਾਰੀਆਂ ਦਾ ਹੱਕ ਵੀ ਓਨਾ ਹੀ ਹੁੰਦਾ ਹੈ ਕਿਉਂਕਿ ਉਹ ਵੀ ਅੰਤ ਤੱਕ ਜਿੱਤ ਲਈ ਜੱਦੋ-ਜਹਿਦ ਕਰਦੀਆਂ ਹਨ, ਫਿਰ ਚੈਂਪੀਅਨ ਟੀਮ ਨੂੰ ਤਾਂ ਕਿਸੇ ਵੀ ਤਰੀਕੇ ਅਣਗੌਲਿਆ ਨਹੀਂ ਕੀਤਾ ਜਾ ਸਕਦਾ।

ਭਾਵੇਂ ਸਾਡੇ ਖਿਡਾਰੀਆਂ ਨੇ ਅਸਲੀਅਤ ਵਿੱਚ ਵੀ ਇਸ ਤਰਾਂ ਐਵਾਰਡ ਜਿੱਤੇ ਹਨ ਪਰ ਜਦੋਂ ਦੁਨੀਆ ਜੇਤੂ ਐਵਾਰਡਾਂ ਤੇ ਪੁੱਠੇ ਸਿੱਧੇ ਸ਼ੰਕੇ ਜ਼ਾਹਰ ਕਰੇ ਫਿਰ ਐਵਾਰਡ ਜਿੱਤਣ ਦਾ ਉਹ ਮਲਾਲ ਵੀ ਨਹੀਂ ਰਹਿੰਦਾ ਤੇ ਉਹ ਚਾਹ ਵੀ ਨਹੀਂ ਹੁੰਦਾ। ਖਿਡਾਰੀ ਕਿਸੇ ਵੀ ਮੁਲਕ ਦਾ ਮਰਜ਼ੀ ਹੋਵੇ ਉਸਦਾ ਕੰਮ ਹੈ ਮਿਹਨਤ ਕਰਨਾ, ਹਾਕੀ ਖੇਡਣਾ ਅਤੇ ਜਿੱਤਣਾ ਜਦਕਿ ਐਫਆਈਐਚ ਦਾ ਕੰਮ ਹੈ ਸਾਰੇ ਸਿਸਟਮ ਨੂੰ ਕੰਟਰੋਲ ਕਰਨਾ ਅਤੇ ਸਰਵੋਤਮ ਟੀਮਾਂ ਅਤੇ ਖਿਡਾਰੀਆਂ ਨੂੰ ਸਨਮਾਨ ਦੇਣਾ, ਐਫਆਈਐਚ ਦਾ ਪ੍ਰਬੰਧਕੀ ਢਾਂਚਾ ਏਹ ਗੌਰ ਕਰੇ ਅਤੇ ਮੁੜ ਵਿਚਾਰ ਕਰੇ ਕਿ ਸਰਵੋਤਮ ਖਿਡਾਰੀਆਂ ਦੀ ਚੋਣ ਪ੍ਰਣਾਲੀ ਵਿੱਚ ਕਿਤੇ ਉਹ ਕਿਸੇ ਨਾਲ ਕਾਣੀ ਵੰਡ ਤਾਂ ਨੀਂ ਕਰ ਰਹੇ, ਜਾਂ ਕਿਸੇ ਖਿਡਾਰੀ ਦਾ ਹੱਕ ਤਾਂ ਨਹੀਂ ਮਾਰ ਰਹੇ ਹਨ। ਜੇਕਰ ਐਫਆਈਐਚ ਦੀ ਸਹੀ ਵਿਚਾਰ ਹੋ ਜਾਵੇਗੀ ਫਿਰ ਸਰਬੋਤਮ ਖਿਡਾਰੀਆਂ ਦੀ ਚੋਣ ਵੀ ਸਹੀ ਹੋ ਜਾਵੇਗੀ।

ਬਾਕੀ ਸਫ਼ਾ 31 ’ਤੇ

# ਪੰਜਾਬ ’ਚ ਵੱਧ ਤੋਂ ਵੱਧ ਹਾਕੀ ਐਸਟਰੋਟਰਫ ਮੈਦਾਨਾਂ ਦੀ ਲੋੜ

**ਪ੍ਰੋਫੈਸਰ ਪਰਮਜੀਤ ਸਿੰਘ**

ਐਸਟਰੋਟਰਫ ਮੈਦਾਨ ਹੁਣ ਹਾਕੀ ਦੀ ਖੇਡ ਨਾਲ ਪੂਰੀ ਤਰਾਂ ਜੁੜ ਚੁੱਕਾ ਹੈ ਅਤੇ ਹੁਣ ਘਾਹ ਵਾਲੇ ਮੈਦਾਨਾਂ ਤੇ ਖੇਡਣਾ ਸੰਭਵ ਨਹੀਂ ਲਗਦਾ। ਯੂਰਪੀਨ ਦੇਸ਼ਾਂ ਦੇ ਕੋਲ ਬੇਸ਼ੁਮਾਰ ਇਹੋ ਜਿਹੇ ਮੈਦਾਨ ਹਨ ਅਤੇ ਜਿਨਾਂ ਦੇਸ਼ਾਂ ਦਾ ਹਾਕੀ ਦੇ ਖੇਤਰ ’ਚ ਬਹੁਤ ਬੁਲੰਦ ਸਥਾਨ ਹੈ। ਉਨਾਂ ਦੇਸ਼ਾਂ ਦੇ ਖਿਡਾਰੀਆਂ ਨੂੰ ਹੁਣ ਜੇ ਘਾਹ ਵਾਲੇ ਮੈਦਾਨਾਂ ’ਤੇ ਹਾਕੀ ਖੇਡਣ ਲਈ ਕਿਹਾ ਜਾਵੇ ਤਾਂ ਸ਼ਾਇਦ ਹੀ ਉਹ ਕੋਈ ਅੰਤਰਰਾਸ਼ਟਰੀ ਮੈਚ, ਆਹਲਾ ਦਰਜੇ ਦੀ ਕਾਰਕਰਦਗੀ ਨਾਲ ਖੇਡ ਸਕਣ। ਯਾਦ ਰਹੇ ਕਿ 1976 ’ਚ ਪਹਿਲੀ ਵਾਰ ਬਨਾਵਟੀ ਘਾਹ (ਐਸਟਰੋਟਰਫ) ਵਾਲਾ ਮੈਦਾਨ, ਹਾਕੀ ਲਈ ਤਿਆਰ ਕੀਤਾ ਗਿਆ ਅਤੇ ਉਸ ਤੋਂ ਬਾਅਦ ਹਾਕੀ ਦਾ ਸਾਰਾ ਤਸੱਵਰ ਹੀ ਬਦਲ ਗਿਆ। ਇਹੋ ਜਿਹੇ ਮੈਦਾਨ ’ਤੇ 3-4 ਕਰੋੜ ਤੋਂ ਲੈ ਕੇ 6-7 ਕਰੋੜ ਰੁਪਏ ਤੱਕ ਵੀ ਖਰਚ ਆਉਂਦਾ ਹੈ।

ਅਸੀਂ ਭਾਰਤੀ ਸਿਰਫ਼ ਆਪਣੇ ਸੁਨਹਿਰੀ ਇਤਿਹਾਸ ਦੇ ਪੰਨੇ ਹੀ ਪਲਟ ਰਹੇ ਹਾਂ, ਮਜ਼ੇ ਲੈ ਰਹੇ ਹਾਂ ਅਤੇ ਆਨੰਦਿਤ ਹੋ ਰਹੇ ਹਾਂ। ਉਹ ਸੁਨਹਿਰੀ ਇਤਿਹਾਸ ਜਿਹੜਾ ਸਾਡੇ ਜਾਂਬਾਜ਼ ਹਾਕੀ ਖਿਡਾਰੀਆਂ ਨੇ ਘਾਹ ਵਾਲੇ ਮੈਦਾਨਾਂ ’ਤੇ ਖੇਡ ਕੇ ਰਚਿਆ। ਚਲੋ ਸਾਡੇ ਕੋਲ ਕੁਝ ਤਾਂ ਹੈ ਉਹ ਵੀ ਹਾਕੀ ਦੀ ਬਦੌਲਤ। ਪਰ ਇਹਦੇ ਵਿਚ ਬਹੁਤ ਕੁਝ ਹੋਰ ਵੀ ਜੁੜ ਸਕਦਾ ਸੀ, ਬਹੁਤ ਕੁਝ ਹੋਰ ਵੀ ਸ਼ਾਮਲ ਹੋ ਸਕਦਾ ਸੀ ਜੇ ਸਾਡੇ ਮੁਲਕ ਨੇ ਹਾਕੀ ਨੂੰ ਰਾਸ਼ਟਰੀ ਖੇਡ ਮੰਨ ਕੇ ਥੋੜਾ ਬਹੁਤ ਇਹਦੇ ਨਾਲ ਹੇਜ ਪਾਲਿਆ ਹੁੰਦਾ। ਜੇ ਵਕਤ ਦੀਆਂ ਲੋੜਾਂ ਮੁਤਾਬਿਕ ਹਾਕੀ ਐਸਟਰੋਟਰਫ ’ਤੇ ਆ ਗਈ ਤਾਂ ਕੀ ਹਨੇਰ ਆ ਗਿਆ ਸੀ, ਇਹ ਦੇਸ਼ ਜੇਕਰ ਇਸ ਖੇਡ ਦੀ ਦੇਣ ਪ੍ਰਤੀ ਵਫ਼ਾਦਾਰ ਰਹਿੰਦਾ, ਇਸ ਦੀਆਂ ਮਹਾਨ ਪ੍ਰਾਪਤੀਆਂ ਨੂੰ ਨਾ ਵਿਸਾਰਦਾ ਤਾਂ ਜ਼ਰੂਰ ਦੂਸਰੇ ਦੇਸ਼ਾਂ ਨਾਲ ਮੁਕਾਬਲਾ ਬਣਾਈ ਰੱਖਣ ਲਈ ਵੱਧ ਤੋਂ ਵੱਧ ਐਸਟਰੋਟਰਫ ਮੈਦਾਨਾਂ ਦਾ ਪ੍ਰਬੰਧ ਕਰਦਾ। ਰਾਜਨੀਤੀ ਦੀ ਖੇਡ ਖੇਡਣ ਵਾਲੇ ਸਾਡੇ ਖੇਡ ਮੰਤਰੀਆਂ ਨੂੰ ਜੇ ਆਪਣੇ ਰਾਸ਼ਟਰ ਨਾਲ ਰਤਾ ਵੀ ਲਗਾਓ ਹੁੰਦਾ, ਉਹ ਰਾਸ਼ਟਰੀ ਖੇਡ ਹਾਕੀ ਨੂੰ ਚੁੱਕਣ ਲਈ ਜੀ ਤੋੜ ਕੋਸ਼ਿਸ਼ਾਂ ਕਰਦੇ। ਇਹਦੇ ਵਾਸਤੇ ਦੇਸ਼ ਦੇ ਹਰ ਵੱਡੇ ਛੋਟੇ ਸ਼ਹਿਰ ‘ਚ ਇਕ ਜਾਂ ਇਸ ਤੋਂ ਵੱਧ ਮੈਦਾਨਾਂ ਦਾ ਪ੍ਰਬੰਧ ਕਰਦੇ। ਜਿਸ ਨੇ ਵੀ ਖੇਡ ਮੰਤਰੀ ਦੇ ਅਹੁਦੇ ਨੂੰ ਆ ਜੱਫਾ ਮਾਰਿਆ, ਹਕੂਮਤ ਦੇ ਨਸ਼ੇ ਵਿਚ ਰਾਜਨੀਤੀ ਦੇ ਦਾਅ ਪੇਚਾਂ ’ਚ ਭੁਲਦਾ ਗਿਆ ਕਿ ਕਦੇ ਹਾਕੀ ਤੋਂ ਬਿਨਾਂ ਉਸ ਦੇ ਦੇਸ਼ ਦੇ ਪੱਲੇ ਖੇਡ ਜਗਤ ਪੱਖੋਂ ਕੁਝ ਵੀ ਨਹੀਂ ਸੀ ਜੋ ਹਾਕੀ ਹੀ ਕੁਝ ਲਾਜ ਰੱਖਦੀ ਰਹੀ ਹੈ ਤਾਂ ਘੱਟੋ-ਘੱਟ ਇਸ ਵਾਸਤੇ ਹੀ ਕੁਝ ਹੁੰਦਾ ਰਹਿੰਦਾ। ਖੇਡ ਮੰਤਰੀਆਂ ਦੀ ਖੇਡ ਵੀ ਤੁਰੀ ਰਹਿੰਦੀ ਤੇ ਹਾਕੀ ਦਾ ਇਤਿਹਾਸ ਸੁਨਹਿਰਾ



ਤੁਰਿਆ ਰਹਿੰਦਾ। ਕੁਝ ਖੇਡ ਮੰਤਰੀਆਂ ਦੀ ਵੀ ਇੱਜ਼ਤ ਬਣੀ ਰਹਿੰਦੀ। ਪਰ ਅਫ਼ਸੋਸ ਇੰਜ ਨਹੀਂ ਹੋਇਆ। ਪਰ ਅਫਸੋਸ ਇੰਜ ਨਹੀਂ ਹੋ ਰਿਹਾ। ਭਵਿੱਖ ਵਿਚ ਏਦਾਂ ਨਾ ਹੋਵੇ, ਇਹੀ ਸਾਡੇ ਲੇਖ ਦੀ ਚਿੰਤਾ ਹੈ ਅੱਜ।

ਸਾਰੇ ਸੰਸਾਰ ਨੇ, ਇਸ ਮੁਲਕ ਦੇ ਹਾਕੀ ਦੇ, ਜਾਦੂਗਰਾਂ ਦਾ ਕਮਾਲ, ਵੇਖਿਆ ਤੇ ਮੇਰੇ ਦੇਸ਼ ਨੂੰ ਹਾਕੀ ਦੇ ਜਾਦੂਗਰਾਂ ਦਾ ਦੇਸ਼ ਵੀ ਕਿਹਾ ਜਾਂਦਾ ਹੈ। ਪਰ ਕਿੱਡੇ ਦੁੱਖ ਤੇ ਸ਼ਰਮ ਦੀ ਗੱਲ ਹੈ ਕਿ ਹਾਕੀ ਦੇ ਜਾਦੂਗਰਾਂ ਦੇ ਇਸ ਦੇਸ਼ ਵਿਚ ਲੰਮੇ ਸਮੇਂ ਤੱਕ ਐਸਟਰੋਟਰਫ ਮੈਦਾਨ ਉਂਗਲਾਂ ’ਤੇ ਗਿਣੇ ਜਾਣ ਜੋਗੇ ਹੀ ਰਹੇ। ਜਲੰਧਰ, ਅੰਮ੍ਰਿਤਸਰ, ਪਟਿਆਲਾ, ਲੁਧਿਆਣਾ, ਚੰਡੀਗੜ, ਬੰਗਲੌਰ, ਲਖਨਊ, ਦਿੱਲੀ, ਮੁੰਬਈ, ਮਦਰਾਸ, ਕਲਕੱਤਾ, ਭੁਪਾਲ, ਗਵਾਲੀਅਰ, ਹੈਦਰਾਬਾਦ ਆਦਿ ਸ਼ਹਿਰਾਂ ’ਚ ਇਹ ਮੈਦਾਨ ਹਨ। ਕਈ ਬਹੁਤ ਅਹਿਮ ਸ਼ਹਿਰਾਂ ’ਚ ਇਹ ਮੈਦਾਨ ਹਨ। ਕਈ ਬਹੁਤ ਸ਼ਹਿਰਾਂ ਵਿਚ ਇਨਾਂ ਦਾ ਅਜੇ ਵੀ ਨਾਮੋ-ਨਿਸ਼ਾਨ ਨਹੀਂ। ਪੰਜਾਬ ਦੇ ਕਈ ਸ਼ਹਿਰ ਭਾਰਤੀ ਹਾਕੀ ਨੂੰ, ਅਜੇ ਵੀ ਆਪਣਾ ਵਡਮੁੱਲਾ ਯੋਗਦਾਨ ਦੇ ਸਕਦੇ ਨੇ, ਜੇ ਵੱਧ ਤੋਂ ਵੱਧ ਐਸਟਰੋਟਰਫ ਮੈਦਾਨਾਂ ਦਾ ਪ੍ਰਬੰਧ ਹੋਵੇ। ਪਰ ਕੌਣ ਸੋਚੇਗਾ, ਕੌਣ ਵਿਚਾਰੇਗਾ, ਇਨਾਂ ਸੁਝਾਵਾਂ ਨੂੰ, ਇਹ ਤਾਂ ਸਿਰਫ਼ ਅਖ਼ਬਾਰੀ ਜਗਤ ਦੀਆਂ ਘੁੰਮਣ-ਘੇਰੀਆਂ ’ਚ ਹੀ ਦਮ ਤੋੜ ਦੇਣਗੇ। ਇਸ ਤਰਾਂ ਬਹੁਤ ਸਾਰੇ ਸ਼ਹਿਰ ਨੇ ਜਿਨਾਂ ਨੇ ਭਾਰਤੀ ਹਾਕੀ ਦੀ ਝੋਲੀ ’ਚ ਅੰਤਰਰਾਸ਼ਟਰੀ ਹਾਕੀ ਖਿਡਾਰਨਾਂ-ਖਿਡਾਰੀਆਂ ਦਾ ਯੋਗਦਾਨ ਪਾਇਆ ਪਰ ਅੱਜ ਉਥੇ ਐਸਟਰੋਟਰਫ ਮੈਦਾਨਾਂ ਦੀ ਜ਼ਰੂਰਤ ਹੈ, ਇਸ ਦੀ ਕਮੀ ਨਾਲ ਹਾਕੀ ਪ੍ਰਤਿਭਾ ਹੀ ਅਲੋਪ ਹੁੰਦੀ ਜਾ ਰਹੀ ਹੈ। ਅੰਮ੍ਰਿਤਸਰ ਜਲੰਧਰ, ਲੁਧਿਆਣਾ ਵਰਗੇ ਸ਼ਹਿਰਾਂ ’ਚ ਘੱਟੋ-ਘੱਟ ਤਿੰਨ-ਚਾਰ ਤਾਂ ਐਸਟਰੋਟਰਫ ਮੈਦਾਨ ਚਾਹੀਦੇ ਨੇ, ਜਿਨਾਂ ਦਾ ਹਾਕੀ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਹੈ। ਕਿੰਨੇ ਅਫਸੋਸ ਤੇ ਡਾਹਢੇ ਦੁੱਖ ਦੀ ਗੱਲ ਹੈ ਕਿ ਜਲੰਧਰ ਛਾਉਣੀ ਦੇ ਬਗਲ ਵਿਚ ਵਸਿਆ ਸੰਸਾਰਪੁਰ ਹਾਕੀ ਸਿਤਾਰਿਆਂ ਦਾ ਸੁਨਹਿਰੀ ਇਤਿਹਾਸ ਆਪਣੀ ਹਿੱਕ ’ਚ ਸਾਂਭੀ ਬੈਠਾ ਹੈ। ਕੁਲਾਰ ਪਰਿਵਾਰਾਂ ਦੇ ਸ਼ੇਰ ਪੁੱਤਾਂ ਨੇ ਭਾਰਤੀ ਹਾਕੀ ਨੂੰ ਜਿਊਣ ਜੋਗਾ ਕੀਤਾ। ਸਾਡੀਆਂ ਸਰਕਾਰਾਂ ਨੂੰ ਜੇ ਰਾਸ਼ਟਰੀ ਖੇਡ ਹਾਕੀ ਨਾਲ ਰਤਾ ਦਰੇਗ ਹੁੰਦਾ ਤਾਂ ਇਸ ਪਿੰਡ ਲਈ ਵੱਧ ਤੋਂ ਵੱਧ ਹਾਕੀ ਮੈਦਾਨਾਂ ਦਾ ਪ੍ਰਬੰਧ ਕਰਦੀ। ਵਕਤ ਤੇ ਬਦਲਦੀ ਰਹੀ ਭਾਰਤ ਅਤੇ ਪੰਜਾਬ ਸਰਕਾਰ ਰਾਜਨੀਤੀ ਦੀ ਖੇਡ ’ਚ ਏਨੀ ਹੀ ਮਸਤ ਤੇ ਰੁੱਝੀ ਰਹੀ ਕਿ ਰਾਸ਼ਟਰ ਦੇ ਹਿਤ ਵਿਚ, ਰਾਸ਼ਟਰੀ ਖੇਡ ਦੇ ਹਿਤ ’ਚ ਸੋਚਣ ਲਈ ਉਸ ਕੋਲ ਵਕਤ ਕਿੱਥੇ? ਹਾਲੈਂਡ ਵਰਗਾ ਦੇਸ਼ ਜੋ ਭੂਗੋਲਿਕ ਖੇਤਰ ਤੇ ਅਬਾਦੀ ਦੇ ਲਿਹਾਜ ਨਾਲ ਪੰਜਾਬ ਤੋਂ ਕਿਤੇ ਛੋਟਾ ਹੈ, 500 ਤੋਂ ਵੱਧ ਐਸਟਰੋਟਰਫ ਮੈਦਾਨ ਉਥੇ ਹਨ। ਇਹੋ ਜਿਹੇ ਆਲਮ ’ਚ ਜਦੋਂ ਕਿ ਸਾਡੇ ਦੇਸ਼ ਵਿਚ ਦੂਜਿਆਂ ਦੇਸ਼ਾਂ ਦੇ ਮੁਕਾਬਲੇ ਮੈਦਾਨੀ ਸਹੂਲਤਾਂ ਹੀ ਬਹੁਤ ਘੱਟ ਹਨ, ਅਸੀਂ ਇਹ ਆਸ ਰੱਖੀਏ ਕਿ ਦੂਸਰੇ ਦੇਸ਼ਾਂ ਦੇ ਮੈਦਾਨਾਂ ਵਿਚ ਜਾ ਕੇ ਭਾਰਤ ਦਾ ਤਿਰੰਗਾ ਝੁੱਲੇ, ਸਾਨੂੰ ਕੋਈ ਗੱਲ ਬਣਦੀ ਨਜ਼ਰ ਨਹੀਂ ਆਉਂਦੀ।..................................

ਇਹ ਵੀ ਮੰਨਿਆ ਜਾ ਰਿਹਾ ਹੈ ਕਿ ਹਾਕੀ ਦੇ ਮੌਜੂਦਾ, ਕੌਮਾਂਤਰੀ ਪੱਧਰ ਨੂੰ ਜੇ ਧਿਆਨ ਵਿਚ ਰੱਖ ਕੇ ਵਿਚਾਰਿਆ ਜਾਵੇ ਤਾਂ ਇਹ ਗੱਲ ਦੁੱਖ ਨਾਲ ਕਹਿਣੀ ਪੈਂਦੀ ਹੈ ਕਿ ਸਾਡੇ ਨੌਨਿਹਾਲ ਹਾਕੀ ਖਿਡਾਰੀ, ਐਸਟਰੋਟਰਫ ਮੈਦਾਨਾਂ ਦੀ ਘਾਟ ਕਾਰਨ ਘਾਹ ਵਾਲੇ ਮੈਦਾਨ ’ਤੇ ਹੀ ਹਾਕੀ ਖੇਡਣੀ ਸ਼ੁਰੂ ਕਰਦੇ ਹਨ। ਘਾਹ ਵਾਲੇ ਮੈਦਾਨ ਉੱਪਰ ਖੇਡਣ ਲਈ ਬੁਨਿਆਦੀ ਕੁਸ਼ਲਤਾ ਅਤੇ ਕੁਦਰਤੀ ਪ੍ਰਤਿਭਾ ਐਸਟਰੋਟਰਫ ਉੱਪਰ ਹਾਕੀ ਖੇਡਣ ਨਾਲੋਂ ਕੁਝ ਤਾਂ ਵੱਖਰੀ ਹੁੰਦੀ ਹੈ। ਛੋਟੀ ਉਮਰ ਤੋਂ ਜੋ ਬੱਚਾ ਸਿੱਖ ਰਿਹਾ ਹੁੰਦਾ ਹੈ, ਹਾਕੀ ਦੀ ਖੇਡ, ਜਿਵੇਂ ਤੇ ਜਿਸ ਤਰਾਂ ਉਸ ਨੂੰ ਸਿਖਾਇਆ ਜਾਂਦਾ, ਉਹ ਉਸ ਦੀ ਖੇਡ ਸ਼ੈਲੀ ਬਣ ਜਾਂਦੀ ਹੈ। ਐਸਟਰੋਟਰਫ ਮੈਦਾਨਾਂ ਦੀ ਘਾਟ ਦਾ ਇਹੀ ਨੁਕਸਾਨ ਸਾਨੂੰ ਹੋ ਰਿਹਾ ਹੈ। ਸ਼ੁਰੂ ਤੋਂ ਇਹੋ ਜਿਹੇ ਹੀ ਮੈਦਾਨਾਂ ’ਤੇ ਜੇ ਸਾਡੇ ਹਾਕੀ ਖਿਡਾਰੀ ਖੇਡਣ ਤਾਂ ਐਸਟਰੋਟਰਫ ਦੀ ਖੇਡ ਤਕਨੀਕ ਅਨੁਸਾਰ ਆਪਣੇ-ਆਪ ਨੂੰ ਜਲਦੀ ਹੀ ਢਾਲ ਲੈਣ ਤੇ ਕੌਮਾਂਤਰੀ ਖੇਡ ਕੈਰੀਅਰ ਦੌਰਾਨ ਆਹਲਾ ਦਰਜੇ ਦੀ ਕਾਰਗੁਜ਼ਾਰੀ ਦਾ ਮੁਜ਼ਾਹਰਾ ਕਰ ਸਕਦੇ ਹਨ।

## ਅਫਗਾਨ ਮਹਿਲਾ ਫੁੱਟਬਾਲ ਖਿਡਾਰੀਆਂ ਤੇ ਉਨਾਂ ਦੇ ਪਰਿਵਾਰਾਂ ਨੂੰ ਅਫਗਾਨਿਸਤਾਨ ਤੋਂ ਕਤਰ ਭੇਜਿਆ ਗਿਆ



**ਨਵੀਂ ਦਿੱਲੀ/ਏ.ਟੀ.ਨਿਊਜ :** ਕਤਰ ਸਰਕਾਰ ਨੇ ਕਿਹਾ ਕਿ ਅਫ਼ਗਾਨਿਸਤਾਨ ਦੀ ਰਾਸ਼ਟਰੀ ਫੁੱਟਬਾਲ ਟੀਮ ਦੀਆਂ 100 ਦੇ ਕਰੀਬ ਮਹਿਲਾ ਫੁਟਬਾਲਰਾਂ ਨੂੰ ਵੀਰਵਾਰ ਨੂੰ ਉਡਾਣ ਰਾਹੀਂ ਅਫਗਾਨਿਸਤਾਨ ਤੋਂ ਕਤਰ ਭੇਜਿਆ। ਕਤਰ ਦੇ ਸਹਾਇਕ ਵਿਦੇਸ਼ ਮੰਤਰੀ ਲੋਲਵਾਹ ਅਲ-ਖੱਟਰ ਨੇ ਇੱਕ ਟਵੀਟ ਵਿੱਚ ਕਿਹਾ, ‘ਲਗਭਗ 100 ਮਹਿਲਾ ਫੁਟਬਾਲਰ ਅਤੇ ਉਨਾਂ ਦੇ ਪਰਿਵਾਰਾਂ ਨੂੰ ਕਤਰ ਭੇਜ ਦਿੱਤਾ ਗਿਆ ਹੈ।

ਇਹ ਅਸਪੱਸ਼ਟ ਹੈ ਕਿ ਉਹ ਕਤਰ ਵਿੱਚ ਕਿੰਨਾ ਚਿਰ ਰਹਿਣਗੇ।

ਫੁੱਟਬਾਲ ਦੀ ਵਿਸ਼ਵ ਪ੍ਰਬੰਧਕ ਸੰਸਥਾ ਫੀਫਾ ਅਫਗਾਨਿਸਤਾਨ ਤੋਂ ਖਿਡਾਰੀਆਂ ਨੂੰ ਕੱਢਣ ਲਈ ਕਤਰ ਸਰਕਾਰ ਨਾਲ ਮਿਲ ਕੇ ਕੰਮ ਕਰ ਰਹੀ ਹੈ। **FIFPRO,** ਅੰਤਰਰਾਸ਼ਟਰੀ ਖਿਡਾਰੀ ਯੂਨੀਅਨ, ਨੇ ਅਗਸਤ ਵਿੱਚ ਅਫਗਾਨਿਸਤਾਨ ਮਹਿਲਾ ਰਾਸ਼ਟਰੀ ਟੀਮ ਦੇ ਖਿਡਾਰੀਆਂ ਨੂੰ ਕਾਬੁਲ ਤੋਂ ਬਾਹਰ ਕੱਢਣ ਲਈ ਸਹਾਇਤਾ ਕੀਤੀ ਸੀ। ਅਗਸਤ ਵਿੱਚ ਅਫਗਾਨ ਸਰਕਾਰ ਦੇ ਡਿੱਗਣ ਅਤੇ 20 ਸਾਲਾਂ ਬਾਅਦ ਤਾਲਿਬਾਨ ਨੇ ਕਾਬੁਲ ਦਾ ਕਬਜ਼ਾ ਵਾਪਸ ਲੈਣ ਤੋਂ ਬਾਅਦ, ਮਹਿਲਾ ਅਥਲੀਟਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਸਨ।

ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਦੇਸ਼ ਦੀਆਂ ਬਹੁਤ ਸਾਰੀਆਂ ਮਹਿਲਾ ਫੁਟਬਾਲਰ ਲੁਕ ਗਈਆਂ ਹਨ।

## ਕੁਰਦਿਸ਼ ਦੀ ਅਗਵਾਈ...

ਤੁਰਕਾਂ ਨੇ ਕਾਫ਼ੀ ਰਾਜਨੀਤਿਕ ਮੁਸ਼ਕਲ ਖੜੀ ਕੀਤੀ ਕਿ ਅਮਰੀਕਾ ਨੇ ਇੱਕ ਨਵੀਂ ਸੰਧੀ ਦਾ ਸਮਰਥਨ ਕੀਤਾ ਜਿਸ ਰਾਹੀਂ ਬ੍ਰਿਟਿਸ਼ ਅਤੇ ਫ੍ਰੈਂਚ ਨੇ ਇਰਾਕ ਨੂੰ ਵੰਡਣ ਦੀ ਆਗਿਆ ਦਿੱਤੀ ਅਤੇ ਉਨ੍ਹਾਂ ਆਪਣੇ ਲਈ ਸੀਰੀਆ, ਕੁਰਦਾਂ ਨੂੰ ਵੰਡਿਆ। ਜਿਵੇਂ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸ਼ਾਹੀ ਡੰਡਾ ਬ੍ਰਿਟੇਨ ਤੋਂ ਅਮਰੀਕਾ ਗਿਆ, ਕੁਰਦਾਂ ਨੂੰ ਇਸ ਵਾਰ ਇਰਾਕ ਵਿੱਚ ਵਿਸ਼ਵਾਸਘਾਤ ਦੀ ਇੱਕ ਨਵੀਂ ਲੜੀ ਦਾ ਸਾਹਮਣਾ ਕਰਨਾ ਪਿਆ। ਪੱਛਮੀ ਹਿੱਤਾਂ ਪ੍ਰਤੀ ਉਦਾਸੀਨ ਨੇਤਾ ਅਬਦੈਲ ਕਰੀਮ ਕਾਸਿਮ ਦੇ ਵਿਰੁੱਧ ਲੜਾਈ ਵਿੱਚ ਕੁਰਦਾਂ ਦਾ ਸਮਰਥਨ ਕਰਨ ਤੋਂ ਬਾਅਦ, ਸੰਯੁਕਤ ਰਾਜ ਨੇ 1963 ਦੇ ਰਾਜ ਪਲਟੇ ਦੇ ਬਾਅਦ ਉਸਨੂੰ ਸੱਤਾ ਤੋਂ ਹਟਾਉਣ ਤੋਂ ਬਾਅਦ ਸਮਰਥਨ ਵਾਪਸ ਲੈ ਲਿਆ। ਇੱਕ ਦਹਾਕੇ ਬਾਅਦ, ਨਿਕਸਨ ਪ੍ਰਸ਼ਾਸਨ ਨੇ ਕੁਰਦਾਂ ਨੂੰ ਦੁਬਾਰਾ ਲੜਨ ਲਈ ਹਥਿਆਰਬੰਦ ਕੀਤਾ ਉਸ ਵੇਲੇ ਸੱਦਾਮ ਹੁਸੈਨ ਦੀ ਅਗਵਾਈ ਵਾਲੀ ਸੋਵੀਅਤ-ਹਮਦਰਦੀ ਵਾਲੀ ਇਰਾਕੀ ਸਰਕਾਰ ਸੀ। ਜਦੋਂ ਇਹ ਸਪੱਸ਼ਟ ਹੋ ਗਿਆ ਕਿ ਸੱਦਾਮ ਕੁਰਦਾਂ ਦੇ ਵਿਰੁੱਧ ਰਸਾਇਣਕ ਹਥਿਆਰਾਂ ਦੀ ਵਰਤੋਂ ਕਰ ਰਿਹਾ ਹੈ ਅਤੇ ਯੂਐਸ ਨੇ ਇਰਾਕ ਅਤੇ ਈਰਾਨ ਦੇ ਵਿੱਚ ਸੰਘਰਸ਼ ਵਿੱਚ ਦੋਵਾਂ ਧਿਰਾਂ ਦਾ ਸਮਰਥਨ ਕਰਕੇ ਦੋਹਾਂ ਦੇਸ਼ਾਂ ਨੂੰ ਕਮਜ਼ੋਰ ਕਰਨ ਦੀ ਚਾਲ ਖੇਡੀ। ਜਦੋਂ 1991 ਵਿੱਚ ਅਪਰੇਸ਼ਨ ਡੈਜ਼ਰਟ ਸਟਾਰਮ ਸ਼ੁਰੂ ਕਰਨ ਵੇਲੇ ਯੂਐਸ ਸਰਕਾਰ ਨੇ ਕੁਰਦਾਂ ਨੂੰ ਲੜਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਸੱਦਾਮ ਸਰਕਾਰ ਨੇ ਉਨਾਂ ਦਾ ਕਤਲੇਆਮ ਕੀਤਾ ਹੈ। ਇਹ ਸ਼ਬਦ ਖੋਖਲੇ ਸਨ, ਹਾਲਾਂਕਿ, ਅਮਰੀਕਾ ਉਨਾਂ ਦੇ ਵਿਰੁੱਧ ਤੁਰਕੀ ਦੇ ਹਮਲੇ ਲਈ ਆਰਥਿਕ ਅਤੇ ਰਾਜਨੀਤਿਕ ਸਹਾਇਤਾ ਪ੍ਰਦਾਨ ਕਰਦਾ ਰਿਹਾ ਹੈ। ਇਤਿਹਾਸ ਨੂੰ ਦੇਖਦੇ ਹੋਏ ਕੁਰਦਾਂ ਕੋਲ ਇੱਕ ਖੁਦਮੁਖਤਿਆਰ ਖੇਤਰ ਲਈ ਉਨਾਂ ਦੀ ਲੜਾਈ ਦਾ ਸਮਰਥਨ ਕਰਨ ਵਿੱਚ ਯੂਐਸ ਦੀ ਭਰੋਸੇਯੋਗਤਾ ਬਾਰੇ ਸ਼ੱਕੀ ਰਹਿਣ ਦਾ ਹਰ ਕਾਰਨ ਜਾਇਜ਼ ਹੈ ਜੋ ਲੰਮੇ ਸਮੇਂ ਤੋਂ ਸਤਾਈ ਕੌਮ ਨੂੰ ਸਥਿਰਤਾ ਅਤੇ ਸੁਰੱਖਿਆ ਪ੍ਰਦਾਨ ਕਰੇਗਾ।

## ਕੋਵਿਡ ਮਹਾਂਮਾਰੀ ਮਾਮਲੇ...

ਪ੍ਰਵਾਨਗੀ ਮਿਲਣ ਉਪਰੰਤ ਅਸੀਂ ਬੱਚਿਆਂ ਦੇ ਟੀਕਾਕਰਣ ਲਈ ਤਿਆਰ ਹਾਂ। ਅਸੀਂ ਦੇਸ਼ ਭਰ ਦੇ 5 ਤੋਂ 11 ਸਾਲਾਂ ਦੇ ਬੱਚਿਆਂ ਲਈ ਲੋੜੀਂਦੀ ਵੈਕਸੀਨ ਖਰੀਦ ਲਈ ਹੈ ਤੇ ਮਾਪੇ ਆਪਣੇ ਮੰਨਪਸੰਦ ਤੇ ਭਰੋਸੇ ਵਾਲ ਸਥਾਨ 'ਤੇ ਆਪਣੇ ਬੱਚਿਆਂ ਨੂੰ ਵੈਕਸੀਨ ਲਵਾ ਸਕਣਗੇ। ਬਾਈਡਨ ਨੇ ਕਿਹਾ ਕਿ ਬੱਚਿਆਂ ਦੇ ਟੀਕਾਕਰਨ ਉਪਰੰਤ ਉਨਾਂ ਦੇ ਮਾਪੇ ਗੂੜੀ ਨੀਂਦ ਸੌਂ ਸਕਣਗੇ ਕਿਉਂਕਿ ਉਹ ਸਮਝ ਜਾਣਗੇ ਕਿ ਹੁਣ ਉਨਾਂ ਦੇ ਬੱਚੇ ਸੁਰੱਖਿਅਤ ਹਨ। ਯੂ ਐਸ ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਅਨੁਸਾਰ ਤਕਰੀਬਨ 18.80 ਕਰੋੜ ਅਮਰੀਕੀ ਅਬਾਦੀ ਦਾ ਮੁਕੰਮਲ ਟੀਕਾਕਰਨ ਹੋ ਚੁੱਕਾ ਹੈ ਜੋ ਕੁਲ ਯੋਗ ਆਬਾਦੀ ਦਾ 66.2% ਹੈ ਤੇ ਤਕਰੀਬਨ 6.60 ਕਰੋੜ ਅਮਰੀਕੀਆਂ ਨੇ ਅਜੇ ਤੱਕ ਵੈਕਸੀਨ ਨਹੀਂ ਲਵਾਈ ਜੋ ਕੁਲ ਯੋਗ ਅਬਾਦੀ ਦਾ 23.3% ਹਿੱਸਾ ਬਣਦਾ ਹੈ। ਰਾਸ਼ਟਰਪਤੀ ਪਹਿਲਾਂ ਵੀ ਕਈ ਮੌਕਿਆਂ ਉਪਰ ਕਹਿ ਚੁੱਕੇ ਹਨ ਕਿ ਕਰੋੜਾਂ ਅਮਰੀਕੀ ਜਿਨਾਂ ਨੇ ਕੋਵਿਡ-19 ਟੀਕਾ ਨਹੀਂ ਲਗਵਾਇਆ, ਵਾਇਰਸ ਨੂੰ ਅੱਗੇ ਫੈਲਾਅ ਰਹੇ ਹਨ। ਪਿਛਲੇ ਮਹੀਨੇ ਰਾਸ਼ਟਰਪਤੀ ਨੇ ਸੰਘੀ ਵਰਕਰਾਂ ਤੇ ਹੋਰ ਮੁਲਾਜ਼ਮਾਂ ਦੇ ਟੀਕਾਕਰਨ ਲਈ ਸਖਤ ਨਵੇਂ ਨਿਯਮ ਜਾਰੀ ਕੀਤੇ ਸਨ। ਇਹ ਨਵੇਂ ਨਿਯਮ 10 ਕਰੋੜ ਅਮਰੀਕਨਾਂ ਉਪਰ ਲਾਗੂ ਹੁੰਦੇ ਹਨ ਜੋ ਕੁਲ ਅਮਰੀਕੀ ਕਾਮਿਆਂ ਦਾ ਦੋ ਤਿਹਾਈ ਹਿੱਸਾ ਬਣਦਾ ਹੈ।

## ਨਿਹੰਗ ਸਿੰਘ ਨੇ...

**ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਘਟਨਾ ਦੀ ਰਿਪੋਰਟ ਮੰਗੀ**

ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਸਿੰਘੂ ਬਾਰਡਰ 'ਤੇ ਨੌਜਵਾਨ ਦੀ ਹੱਤਿਆ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਹਰਿਆਣਾ ਪੁਲੀਸ ਨੂੰ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ। ਸਾਂਪਲਾ ਨੇ ਕਿਹਾ ਕਿ ਮ੍ਰਿਤਕ ਲਖਬੀਰ ਸਿੰਘ ਅਨੁਸੂਚਿਤ ਜਾਤੀ ਭਾਈਚਾਰੇ ਤੋਂ ਸੀ ਅਤੇ ਉਸ ਦੀ ਹੱਤਿਆ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸ਼ਖਤ ਕਾਰਵਾਈ ਹੋਣੀ ਚਾਹੀਦੀ ਹੈ।

**ਬਾਦਲ ਨੇ ਸਿੰਘੂ ਘਟਨਾ ਦੀ ਨਿਰਪੱਖ ਜਾਂਚ ਮੰਗੀ**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿੰਘੂ ਬਾਰਡਰ 'ਤੇ ਵਾਪਰੀ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਨੌਜਵਾਨ ਦੇ ਕਤਲ ਅਤੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਮੇਤ ਇਸ ਵਾਰਦਾਤ ਦੇ ਸਾਰੇ ਪਹਿਲੂਆਂ ਦੀ ਨਿਰਪੱਖ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸੱਭਿਅਕ ਸਮਾਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਜਾਂ ਫਿਰ ਹਿੰਸਾ ਵਰਗੀਆਂ ਕਾਰਵਾਈਆਂ ਲਈ ਕੋਈ ਥਾਂ ਨਹੀਂ ਹੈ।

ਹਿੰਸਾ ਲਈ ਕੋਈ ਥਾਂ ਨਹੀਂ: ਕਾਂਗਰਸ

ਕਾਂਗਰਸ ਨੇ ਸਿੰਘੂ ਬਾਰਡਰ 'ਤੇ ਨੌਜਵਾਨ ਦੀ ਹੱਤਿਆ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਹਿੰਸਾ ਲਈ ਕਿਤੇ ਵੀ ਕੋਈ ਥਾਂ ਨਹੀਂ ਹੈ ਅਤੇ ਘਟਨਾ ਦੀ ਜਾਂਚ ਕਰਾਉਣਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ। ਕਾਂਗਰਸ ਤਰਜਮਾਨ ਪਵਨ ਖੇੜਾ ਨੇ ਕਿਹਾ ਕਿ ਕਾਨੂੰਨ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ। ਇਕ ਹੋਰ ਕਾਂਗਰਸ ਆਗੂ ਸਲਮਾਨ ਅਨੀਸ ਸੋਜ਼ ਨੇ ਆਸ ਜਤਾਈ ਕਿ ਹੱਤਿਆ ਦੇ ਸਾਜ਼ਿਸ਼ਕਾਰਾਂ ਦਾ ਤੁਰੰਤ ਪਰਦਾਫਾਸ਼ ਹੋਣਾ ਚਾਹੀਦਾ ਹੈ। ਸ਼ਿਵ ਸੈਨਾ ਆਗੂ ਪ੍ਰਿਯੰਕਾ ਚਤੁਰਵੇਦੀ ਨੇ ਵੀ ਟਵੀਟ ਕਰਕੇ ਘਟਨਾ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਹੈ।

ਭਾਜਪਾ ਬੋਲੀ ਕਿਸਾਨ ਅੰਦੋਲਨ ਵਿਚ ਅਪਰਾਧੀ ਤਤ

ਸਿੰਘੂ ਬਾਰਡਰ 'ਤੇ ਇਕ ਵਿਅਕਤੀ ਦੀ ਹੱਤਿਆ ਲਈ ਕਿਸਾਨ ਆਗੂਆਂ 'ਤੇ ਵਰ੍ਹਦਿਆਂ ਭਾਜਪਾ ਨੇ ਕਿਹਾ ਹੈ ਕਿ ਇਨ੍ਹਾਂ ਪ੍ਰਦਰਸ਼ਨਾਂ ਪਿਛਲੇ 'ਅਰਾਜਕ ਅਨਸਰਾਂ' ਦਾ ਪਰਦਾਫਾਸ਼ ਕਰਨ ਦੀ ਲੋੜ ਹੈ ਕਿਉਂਕਿ ਉਹ ਦੇਸ਼ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕਿਸਾਨ ਆਗੂ ਰਾਕੇਸ਼ ਟਿਕੈਤ ਅਤੇ ਯੋਗੇਂਦਰ ਯਾਦਵ 'ਤੇ ਵਰ੍ਹਦਿਆਂ ਭਾਜਪਾ ਦੇ ਆਈਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਟਵੀਟ ਕਰਕੇ ਕਿਹਾ ਕਿ ਟਿਕੈਤ ਨੇ ਲਖੀਮਪੁਰ 'ਚ ਹਜੂਮੀ ਹਿੰਸਾ ਨੂੰ ਜਾਇਜ਼ ਠਹਿਰਾਇਆ ਸੀ ਅਤੇ ਯੋਗੇਂਦਰ ਯਾਦਵ ਉਨ੍ਹਾਂ ਨਾਲ ਖਾਮੋਸ਼ ਬੈਠੇ ਸਨ। ਉਸ ਨੇ ਕਿਹਾ ਕਿ ਜੇਕਰ ਉਨ੍ਹਾਂ ਇਹ ਬਿਆਨ ਨਾ ਦਿੱਤਾ ਹੁੰਦਾ ਤਾਂ ਸਿੰਘੂ ਬਾਰਡਰ 'ਤੇ ਨੌਜਵਾਨ ਦੀ ਹੱਤਿਆ ਨਹੀਂ ਹੋਣੀ ਸੀ।

**ਤਰਨ ਤਾਰਨ ਨਾਲ ਸਬੰਧਤ ਸੀ ਲਖਬੀਰ ਸਿੰਘ**

ਦਿੱਲੀ 'ਚ ਸਿੰਘੂ ਬਾਰਡਰ 'ਤੇ ਮਾਰੇ ਗਏ ਵਿਅਕਤੀ ਦੀ ਪਛਾਣ ਲਖਬੀਰ ਸਿੰਘ ਟੀਟਾ (40) ਵਾਸੀ ਚੀਮਾ ਕਲਾਂ ਵਜੋਂ ਹੋਈ ਹੈ। ਚੀਮਾ ਕਲਾਂ ਥਾਣਾ ਸਰਾਏ ਅਮਾਨਤ ਖਾਂ ਅਧੀਨ ਆਉਂਦਾ ਹੈ। ਲਖਬੀਰ ਸਿੰਘ ਦੀਆਂ ਤਿੰਨ ਲੜਕੀਆਂ ਹਨ ਅਤੇ ਉਸ ਦੀ ਪਤਨੀ ਜਸਮੀਤ ਕੌਰ ਉਸ ਦੇ ਨਸ਼ੇ ਦੀ ਆਦਤ ਤੋਂ ਤੰਗ ਆ ਕੇ ਕੁਝ ਚਿਰ ਪਹਿਲਾਂ ਬੱਚੀਆਂ ਨਾਲ ਪੇਕੇ ਚਲੀ ਗਈ ਸੀ। ਉਸ ਦੀ ਮੌਤ ਦੀ ਖ਼ਬਰ ਸੁਣ ਕੇ ਉਹ ਸਹੁਰੇ ਘਰ ਆ ਗਈ ਹੈ। ਲਖਬੀਰ ਸਿੰਘ ਚੀਮਾ ਕਲਾਂ ਵਿੱਚ ਆਪਣੇ ਫੁੱਫੜ ਜਿਉਣ ਸਿੰਘ ਕੋਲ ਰਹਿੰਦਾ ਸੀ। ਪਿੰਡ ਵਿੱਚ ਉਸ ਦੀ ਇਕ ਭੈਣ ਰਾਜ ਕੌਰ ਵੀ ਰਹਿੰਦੀ ਹੈ ਜੋ ਉਸ ਦੀ ਸੇਵਾ-ਸੰਭਾਲ ਆਦਿ ਕਰਦੀ ਸੀ। ਲਖਬੀਰ ਸਿੰਘ ਸਰਹੱਦੀ ਖੇਤਰ ਦੇ ਪਿੰਡ ਕਲਸ (ਖੇਮਕਰਨ) ਦੇ ਵਾਸੀ ਦਰਸ਼ਨ ਸਿੰਘ ਅਤੇ ਮਨਜੀਤ ਕੌਰ ਦੀ ਔਲਾਦ ਸੀ। ਦਰਸ਼ਨ ਸਿੰਘ ਦੀ ਪਿੰਡ ਚੀਮਾ ਕਲਾਂ ਵਿੱਚ ਵਿਆਹੀ ਹੋਈ ਭੈਣ ਮਹਿੰਦਰ ਕੌਰ ਦੇ ਕੋਈ ਸੰਤਾਨ ਨਾ ਹੋਣ ਕਰਕੇ ਉਸ ਨੇ ਲਖਬੀਰ ਸਿੰਘ ਨੂੰ ਗੋਦ ਲੈ ਲਿਆ ਸੀ। ਇਸ ਦੌਰਾਨ ਲਖਬੀਰ ਸਿੰਘ ਨਸ਼ਿਆਂ ਦਾ ਆਦੀ ਹੋ ਗਿਆ ਸੀ। ਉਹ ਚੋਰੀਆਂ ਆਦਿ ਵੀ ਕਰਨ ਲੱਗ ਪਿਆ ਸੀ। ਉਸ ਦੀ ਭੈਣ ਰਾਜ ਕੌਰ ਨੇ ਦੱਸਿਆ ਕਿ ਲਖਬੀਰ ਸਿੰਘ ਨੇ 13 ਅਕਤੂਬਰ ਨੂੰ ਪਿੰਡ ਵਿੱਚ ਇਕ ਵਿਆਹ ਸਮਾਗਮ ਵਿੱਚ ਭਾਗ ਲਿਆ ਸੀ ਅਤੇ ਸ਼ਾਮ ਵੇਲੇ ਇਕ ਨਿਹੰਗ ਸਿੰਘ ਦੇ ਭੇਸ ਵਿੱਚ ਆਇਆ ਕੋਈ ਵਿਅਕਤੀ ਉਸ ਨੂੰ ਆਪਣੇ ਨਾਲ ਲੈ ਗਿਆ ਸੀ। ਭੈਣ ਨੇ ਦੱਸਿਆ ਕਿ ਉਹ ਅਕਸਰ ਕਿਸੇ 'ਸੰਧੂ' ਨਾਮ ਦੇ ਵਿਅਕਤੀ ਨਾਲ ਲੰਮਾ ਸਮਾਂ ਮੋਬਾਈਲ 'ਤੇ ਗੱਲਾਂ ਕਰਦਾ ਰਹਿੰਦਾ ਸੀ ਅਤੇ ਉਹ ਇਹ ਵੀ ਆਖਦਾ ਸੀ ਕਿ ਉਸ ਦੀ ਪਹੁੰਚ ਹੁਣ ਬਹੁਤ ਦੂਰ ਤੱਕ ਹੋ ਗਈ ਹੈ। ਫੋਨ ਕਰਨ ਸਮੇਂ ਉਹ ਸਾਰਿਆਂ ਨੂੰ ਕਮਰੇ ਵਿੱਚੋਂ ਬਾਹਰ ਕੱਢ ਦਿੰਦਾ ਸੀ। ਲਖਬੀਰ ਸਿੰਘ ਦੀ ਭੈਣ ਨੇ ਕਿਹਾ ਕਿ ਉਹ ਬੇਅਬਦੀ ਨਹੀਂ ਕਰ ਸਕਦਾ ਹੈ। ਪਿੰਡ ਦੇ ਸਰਪੰਚ ਅਵਨ ਕੁਮਾਰ ਉਰਫ਼ ਸੋਨੂੰ ਚੀਮਾ ਨੇ ਕਿਹਾ ਕਿ ਲਖਬੀਰ ਸਿੰਘ ਨੂੰ ਜਿਸ ਤਰੀਕੇ ਨਾਲ ਦਿੱਲੀ ਦੇ ਸਿੰਘੂ ਬਾਰਡਰ ਤੱਕ ਲਿਜਾਇਆ ਗਿਆ ਹੈ, ਉਹ ਕਿਸੇ ਡੂੰਘੀ ਸਾਜ਼ਿਸ਼ ਦਾ ਹਿੱਸਾ ਲਗਦੀ ਹੈ।

ਕਿਸਾਨ ਮੋਰਚਾ ਨਿਹੰਗਾਂ ਵਿਰੁੱਧ

ਸੰਯੁਕਤ ਕਿਸਾਨ ਮੋਰਚੇ ਨੇ ਸਿੰਘੂ ਬਾਰਡਰ 'ਤੇ ਤਰਨ ਤਾਰਨ ਦੇ ਵਿਅਕਤੀ ਦੀ ਹੱਤਿਆ ਦੀ ਨਿੰਦਾ ਕਰਦਿਆਂ ਇਸ ਮਾਮਲੇ ਦੀ ਪੂਰੀ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਇਸ ਘਟਨਾ ਪਿੱਛੇ ਕੋਈ ਸਾਜ਼ਿਸ਼ ਵੀ ਹੋ ਸਕਦੀ ਹੈ। ਮੋਰਚੇ ਨੇ ਦੋਸ਼ ਲਾਇਆ ਕਿ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਧਾਰਮਿਕ ਰੰਗਤ ਵੀ ਦਿੱਤੀ ਜਾ ਰਹੀ ਹੈ। ਕਿਸਾਨ ਆਗੂਆਂ ਨੇ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਕਿ ਲੋਕਤੰਤਰੀ ਅਤੇ ਸ਼ਾਂਤਮਈ ਢੰਗ ਨਾਲ ਚੱਲ ਰਹੇ ਅੰਦੋਲਨ 'ਚ ਕਿਸੇ ਕਿਸਮ ਦੀ ਵੀ ਹਿੰਸਾ ਦਾ ਵਿਰੋਧ ਕੀਤਾ ਜਾਵੇਗਾ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ,"ਸਾਨੂੰ ਸਾਰਿਆਂ ਨੂੰ ਘਟਨਾ ਦਾ ਬਹੁਤ ਅਫ਼ਸੋਸ ਹੈ। ਸੰਯੁਕਤ ਕਿਸਾਨ ਮੋਰਚਾ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਲੜ ਰਿਹਾ ਹੈ। ਇਹ ਹੱਤਿਆ ਕੋਈ ਸਾਜ਼ਿਸ਼ ਵੀ ਹੋ ਸਕਦੀ ਹੈ।" ਉਨ੍ਹਾਂ ਕਿਹਾ ਕਿ ਘਟਨਾ ਦੀ ਪੂਰੀ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਡੱਲੇਵਾਲ ਨੇ ਕਿਹਾ ਕਿ ਮਾਰਿਆ ਗਿਆ ਵਿਅਕਤੀ ਲਖਬੀਰ ਸਿੰਘ ਨਿਹੰਗ ਸਿੰਘਾਂ ਨਾਲ ਰਹਿ ਰਿਹਾ ਸੀ ਅਤੇ ਉਸ ਨੇ 'ਸਰਬਲੋਹ ਗ੍ਰੰਥ' ਕਥਿਤ ਤੌਰ 'ਤੇ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਕਿਸਾਨ ਮੋਰਚਾ ਕਿਸੇ ਵੀ ਧਰਮ ਦੇ ਅਨਾਦਰ ਦੀ ਨਿਖੇਧੀ ਕਰਦਾ ਹੈ ਅਤੇ ਉਹ ਇਸ ਦੇ ਪ੍ਰਤੀਕਰਮ 'ਚ ਕੀਤੀ ਗਈ ਹੱਤਿਆ ਦੀ ਨਿੰਦਾ ਕਰਦੇ ਹਨ। ਸੰਯੁਕਤ ਕਿਸਾਨ ਮੋਰਚੇ ਨੇ ਦਾਅਵਾ ਕੀਤਾ ਕਿ ਇਹ ਘਟਨਾ ਨਿਹੰਗ ਸਿੰਘਾਂ ਦਾ ਅੰਦਰੂਨੀ ਮਾਮਲਾ ਹੈ ਅਤੇ ਇਸ ਦਾ ਕਿਸਾਨ ਅੰਦੋਲਨ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ। ਇਕ ਹੋਰ ਕਿਸਾਨ ਆਗੂ ਕੁਲਵੰਤ ਸਿੰਘ ਨੇ ਦੋਸ਼ ਲਾਇਆ ਕਿ ਇਸ ਘਟਨਾ ਪਿੱਛੇ ਕੇਂਦਰੀ ਏਜੰਸੀਆਂ ਦਾ ਹੱਥ ਹੈ। ਉਨ੍ਹਾਂ ਕਿਹਾ ਕਿ ਵਿਅਕਤੀ ਪਿਛਲੇ 2-3 ਦਿਨਾਂ ਤੋਂ ਨਿਹੰਗ ਸਿੰਘਾਂ ਨਾਲ ਰਹਿ ਰਿਹਾ ਸੀ ਅਤੇ ਬੀਤੀ ਰਾਤ ਉਨ੍ਹਾਂ ਵਿਚਕਾਰ ਝਗੜਾ ਹੋਇਆ ਸੀ ਅਤੇ ਬੇਅਦਬੀ ਦੇ ਦੋਸ਼ ਵੀ ਲੱਗੇ ਸਨ। ਉਨ੍ਹਾਂ ਕਿਹਾ ਕਿ ਇਹ ਕੋਈ ਧਾਰਮਿਕ ਨਹੀਂ ਸਗੋਂ ਕਿਸਾਨਾਂ ਦਾ ਅੰਦੋਲਨ ਹੈ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਕਈ ਆਗੂਆਂ ਨੇ ਨਿਹੰਗ ਸਿੰਘਾਂ ਨੂੰ ਉਥੋਂ ਕਈ ਵਾਰ ਜਾਣ ਲਈ ਆਖਿਆ ਸੀ ਪਰ ਇਸ ਦੇ ਬਾਵਜੂਦ ਉਹ ਪ੍ਰਦਰਸ਼ਨ ਵਾਲੀ ਥਾਂ 'ਤੇ ਡਟੇ ਹੋਏ ਹਨ। ਕਿਸਾਨ ਆਗੂ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਇਹ ਕਤਲ ਬਹੁਤ ਹੀ ਘਿਨੌਣਾ ਕਾਰਾ ਹੈ ਅਤੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਹੁਣ ਪੁਲੀਸ ਜਾਂਚ ਨਿਰਪੱਖ ਕੀਤੀ ਜਾਵੇ ਤੇ ਹੋਰ ਕਿਸਾਨ ਆਗੂਆਂ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨਪਾਲ, ਜੋਗਿੰਦਰ ਸਿੰਘ ਉਗਰਾਹਾਂ ਤੇ ਸੁਖਦਰਸ਼ਨ ਨੱਤ ਨੇ ਵੀ ਇਸ ਕਤਲੇਆਮ ਦੀ ਸਖ਼ਤ ਨਿੰਦਾ ਕੀਤੀ ਹੈ। ਕਿਸਾਨ ਆਗੂਆਂ ਨੇ ਮੋਰਚੇ ਵਿੱਚ ਸ਼ਾਮਲ ਕਿਸਾਨਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਵੀ ਕੀਤੀ ਹੈ।

## ਪੰਜਾਬ ਦੇ ਸੰਘੀ...

ਇਥੋਂ ਤੱਕ ਕਿ ਸ੍ਰੀ ਹਰਿਮੰਦਰ ਸਾਹਿਬ ਵੀ ਇਸ ਦੇ ਖੇਤਰ ਵਿਚ ਹੀ ਆਉਂਦਾ ਹੈ।

ਕੁਝ ਲੋਕ ਤਾਂ ਇਥੋਂ ਤੱਕ ਵੀ ਕਹਿ ਰਹੇ ਹਨ ਕਿ ਜੰਮੂ-ਕਸ਼ਮੀਰ ਅਤੇ ਲੱਦਾਖ ਨੂੰ ਸਿੱਧੇ ਰੂਪ ਵਿਚ ਕੇਂਦਰੀ ਇਲਾਕੇ ਬਣਾਉਣ ਤੋਂ ਬਾਅਦ ਇਹ ਪੱਛਮੀ ਬੰਗਾਲ, ਪੰਜਾਬ ਅਤੇ ਆਸਾਮ ਦੇ ਨਾਲ-ਨਾਲ ਉੱਤਰ ਪੂਰਬੀ ਰਾਜਾਂ ਨੂੰ ਅਸਿੱਧੇ ਰੂਪ ਵਿਚ ਕੇਂਦਰੀ ਖੇਤਰਾਂ ਵਰਗੀ ਸਥਿਤੀ ਵਿਚ ਲਿਆਉਣ ਦੀ ਸ਼ੁਰੂਆਤ ਹੈ।

ਕਾਂਗਰਸ ਨੇ ਕੇਂਦਰ ਵੱਲੋਂ ਬੀਐੱਸਐੱਫ ਨੂੰ ਵਾਧੂ ਤਾਕਤਾਂ ਦੇਣ ਦੇ ਫ਼ੈਸਲੇ ਨੂੰ ਸੰਵਿਧਾਨ 'ਤੇ ਗਿਣ-ਮਿਥ ਕੇ ਕੀਤਾ ਹਮਲਾ ਕਰਾਰ ਦਿੱਤਾ ਹੈ। ਪਾਰਟੀ ਨੇ ਕਿਹਾ ਕਿ ਇਸ ਹਮਲੇ ਦਾ ਮੁੱਖ ਮਕਸਦ ਸੰਘਵਾਦ ਨੂੰ ਕਮਜ਼ੋਰ ਤੇ ਖ਼ਤਮ ਕਰਨਾ ਹੈ। ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਇਹ ਰਾਜਾਂ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਦੀਆਂ ਤਾਕਤਾਂ ਖੋਹਣ ਦੀ ਸਾਜ਼ਿਸ਼ ਹੈ।

ਕਾਂਗਰਸ ਪਾਰਟੀ ਦੇ ਵਿਧਾਇਕ ਪਰਗਟ ਸਿੰਘ ਕੈਪਟਨ ਵਲੋਂ ਕੇਂਦਰ ਦੀ ਹਮਾਇਤ ਕਾਰਣ ਤੇ ਦੋਸ਼ ਲਾ ਰਹੇ ਹਨ ਕਿ ਇਸ ਸਾਜਿਸ਼ ਵਿਚ ਕੈਪਟਨ ਕੇਂਦਰ ਸਰਕਾਰ ਨਾਲ ਮਿਲੇ ਹੋਏ ਹਨ। ਉਂਜ ਤਾਂ ਇਸ ਵਾਰ ਕੈਪਟਨ ਨੇ ਮੁੱਖ ਮੰਤਰੀ ਹੁੰਦਿਆਂ ਵੀ ਕਈ ਵਾਰ ਆਪਣੀ ਪਾਰਟੀ ਦੇ ਉਲਟ ਕੇਂਦਰ ਸਰਕਾਰ ਤੇ ਭਾਜਪਾ ਦੇ ਪੱਖ ਵਿਚ ਸਟੈਂਡ ਲਿਆ।

ਅਕਾਲੀ ਦਲ ਨੇ ਇਸ ਮਾਮਲੇ 'ਤੇ ਜੋ ਸਟੈਂਡ ਲਿਆ ਹੈ, ਬੇਸ਼ੱਕ ਉਹ ਭਾਜਪਾ ਨਾਲੋਂ ਤੋੜ-ਵਿਛੋੜੇ ਤੋਂ ਬਾਅਦ ਅਤੇ ਵਿਧਾਨ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਲਿਆ ਹੋਵੇਗਾ ਪਰ ਇਹ ਪੰਜਾਬ ਲਈ ਚੰਗਾ ਸ਼ਗਨ ਹੈ ਕਿ ਅਕਾਲੀ ਦਲ ਕਿਸੇ ਕਾਰਨ ਹੀ ਸਹੀ ਪੰਜਾਬ ਪੱਖੀ ਸਟੈਂਡ ਲੈਣ ਵੱਲ ਮੁੜਿਆ ਹੈ। ਅਕਾਲੀ ਦਲ ਕੇਂਦਰ ਦੇ ਇਸ ਫ਼ੈਸਲੇ ਲਈ ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵੀ ਕਟਹਿਰੇ ਵਿਚ ਖੜਾ ਕਰ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਸੀਨੀਅਰ ਆਗੂਆਂ ਤੇ ਵਰਕਰਾਂ ਨਾਲ ਰਾਜ ਭਵਨ ਅੱਗੇ ਕੀਤੀ ਬੈਰੀਕੇਡਿੰਗ ਨੇੜੇ ਧਰਨਾ ਦੇਣ ਮਗਰੋਂ ਗ੍ਰਿਫ਼ਤਾਰੀ ਦੇ ਕੇ ਪੰਜਾਬੀਆਂ ਨਾਲ ਇਕਜੁੱਟਤਾ ਪ੍ਰਗਟਾਈ। ਉਨਾਂ ਕਿਹਾ ਕਿ ਅਕਾਲੀ ਦਲ ਕੇਂਦਰ ਵੱਲੋਂ ਪੰਜਾਬ ਸਰਕਾਰ ਦੀ ਮਿਲੀਭੁਗਤ ਨਾਲ ਲਏ ਇਸ ਫੈਸਲੇ ਵਿਰੁੱਧ ਸੰਘਰਸ਼ ਕਰੇਗਾ।

ਉਨਾਂ ਕਿਹਾ ਕਿ ਮੁੱਖ ਮੰਤਰੀ ਚੰਨੀ ਵੱਲੋਂ ੫ ਅਕਤੂਬਰ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮੀਟਿੰਗ ਵਿਚ ਇਸ ਪੰਜਾਬ ਵਿਰੋਧੀ ਫੈਸਲੇ ਲਈ ਸਹਿਮਤੀ ਦੇਣਾ ਨਿੰਦਨਯੋਗ ਹੈ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਨਵੇਂ ਕੇਂਦਰੀ ਫੈਸਲੇ ਨੇ ਲੋਕਾਂ ਨੂੰ ਪੰਜਾਬ ਸੰਤਾਪ ਦਾ ਕਾਲਾ ਦੌਰ ਚੇਤੇ ਕਰਵਾ ਦਿੱਤਾ ਹੈ।

ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਾਂਗਰਸ ਵੱਲੋਂ ਬੀਐੱਸਐੱਫ ਨੂੰ ੫੦ ਕਿਲੋਮੀਟਰ ਦਾ ਘੇਰਾ ਦੇਣ ਦੇ ਕੇਂਦਰ ਸਰਕਾਰ ਦੇ ਫੈ.ਸਲੇ ਨੂੰ ਸਿਆਸੀ ਰੰਗਤ ਦੇਣ ਦੇ ਦੋਸ਼ ਲਾਉਂਦਿਆਂ ਇਸ ਨੂੰ ਮੰਦਭਾਗਾ ਦੱਸਿਆ ਹੈ। ਭਾਜਪਾ ਪ੍ਰਧਾਨ ਨੇ ਕਿਹਾ ਕਿ ਚੰਨੀ ਖ਼ੁਦ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਨ ਲਈ ਗਏ ਸਨ ਤੇ ਸੂਬੇ ਵਿੱਚ ਸੁਰੱਖਿਆ ਦੀ ਗੰਭੀਰ ਸਥਿਤੀ ਬਾਰੇ ਦੱਸਿਆ ਸੀ।

ਉਨਾਂ ਕਿਹਾ ਕਿ ਮੋਦੀ ਸਰਕਾਰ ਅਸਿੱਧੇ ਢੰਗ ਤਰੀਕੇ ਨਾਲ ਸੱਤਾ ਹਥਿਆਉਣ ਲਈ ਗੰਦੀ ਸਿਆਸਤ ਖੇਡ ਰਹੀ ਹੈ। ਉਨਾਂ ਕਿਹਾ ਕਿ ਭਾਜਪਾ ਪੰਜਾਬ ਵਿੱਚ ਸਿਆਸੀ ਆਧਾਰ ਗੁਆ ਚੁੱਕੀ ਹੈ, ਜਿਸ ਨੂੰ ਹਾਸਲ ਕਰਨ ਲਈ ਹੁਣ ਸੱਤਾ ਦੀ ਦੁਰਵਰਤੋਂ ਕਰਦਿਆਂ ਬਿਨਾਂ ਰਾਜਾਂ ਨਾਲ ਸਲਾਹ ਮਸ਼ਵਰਾ ਕੀਤਿਆਂ ਦੇਸ਼ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। -ਪੀਟੀਆਈ

**ਕੈਪਟਨ ਨੇ ਸੁਰਜੇਵਾਲਾ ਨੂੰ ਘੇਰਿਆ**

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਾਂਗਰਸ ਦੇ ਸੀਨੀਅਰ ਆਗੂ ਤੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ, "ਕਿੰਨਾ ਹਾਸੋਹੀਣਾ ਹੈ! ਤੁਹਾਡਾ ਕਹਿਣ ਦਾ ਮਤਲਬ ਹੈ ਕਿ ਮੈਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਨਾ ਸਿਰਫ਼ ਪੰਜਾਬ ਬਲਕਿ ਗੁਜਰਾਤ, ਪੱਛਮੀ ਬੰਗਾਲ, ਆਸਾਮ ਆਦਿ ਵਿੱਚ ਫੈਸਲੇ ਲੈਣ ਲਈ ਹੁਕਮ ਦੇ ਰਿਹਾ ਹਾਂ।' ਸਾਬਕਾ ਮੁੱਖ ਮੰਤਰੀ ਨੇ ਸੁਰਜੇਵਾਲਾ ਨੂੰ ਤਿੱਖੀ ਚੋਭ ਲਾਉਂਦਿਆਂ ਕਿਹਾ, 'ਇਕ ਵਿਅਕਤੀ ਜੋ ਆਪਣੇ ਸੂਬੇ (ਹਰਿਆਣਾ) ਵਿੱਚ ਅੱਜ ਤੱਕ ਕੋਈ ਚੋਣ ਨਹੀਂ ਜਿੱਤ ਸਕਿਆ, ਉਸ ਨੂੰ ਕੌਮੀ ਮੁੱਦਿਆਂ ਬਾਰੇ ਬੋਲਣ ਦਾ ਕੋਈ ਹੱਕ ਨਹੀਂ ਹੈ।'

## ਮੁੱਖ ਮੰਤਰੀ ਦੇ ਬੇਟੇ...

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪੁੱਤਰ ਨਵਜੀਤ ਸਿੰਘ ਦੇ ਅਨੰਦ ਕਾਰਜ ਦੀ ਅਰਦਾਸ ਕਰਨ 'ਤੇ ਵਿਵਾਦ ਛਿੜ ਗਿਆ ਹੈ। ਪੰਥਕ ਸ਼ਖ਼ਸੀਅਤਾਂ ਨੇ ਜਥੇਦਾਰ ਵੱਲੋਂ ਪਤਿਤ ਸਿੱਖ ਦੀ ਅਰਦਾਸ ਕਰਨ ਦੇ ਮਾਮਲੇ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਹਰ ਖ਼ਾਸ ਤੌਰ 'ਤੇ ਪਤਿਤ ਸਿੱਖ ਤੋਂ ਇਲਾਵਾ ਹਰੇਕ ਦੀ ਅਰਦਾਸ ਕੀਤੇ ਜਾਣ ਦਾ ਬੋਰਡ ਵੀ ਲਾਇਆ ਗਿਆ ਹੈ। ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਅੰਤ੍ਰਿੰਗ ਮੈਂਬਰ ਕਰਨੈਲ ਸਿੰਘ ਪੰਜੋਲੀ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਅੰਤ੍ਰਿੰਗ ਮੈਂਬਰ ਤੇ ਅਕਾਲ ਪੁਰਖ ਕੀ ਫੌਜ ਦੇ ਮੁਖੀ ਜਸਵਿੰਦਰ ਸਿੰਘ ਐਡਵੋਕੇਟ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪੁੱਤਰ ਨਵਜੀਤ ਸਿੰਘ ਦੇ ਅਨੰਦ ਕਾਰਜ ਦੀ ਅਰਦਾਸ ਕਰਨ 'ਤੇ ਇਤਰਾਜ਼ ਪ੍ਰਗਟਾਇਆ ਹੈ।

**'ਅਕਾਲ ਤਖ਼ਤ ਸਾਹਿਬ ਨਹੀਂ ਪਰ ਬਾਹਰ ਹੋ ਸਕਦੀ ਹੈ ਅਰਦਾਸ'**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਹੈ ਕਿ ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਹੀ ਦੱਸ ਸਕਦੇ ਹਨ। ਇਸ ਬਾਰੇ ਜਦੋਂ ਜਥੇਦਾਰ ਹਰਪ੍ਰੀਤ ਸਿੰਘ ਨੂੰ ਫੋਨ ਕੀਤਾ ਤਾਂ ਉਨਾਂ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਢੱਡੇ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਤਿਤ ਸਿੱਖ ਦੀ ਅਰਦਾਸ ਨਹੀਂ ਹੁੰਦੀ ਪਰ ਬਾਹਰ ਹੋ ਸਕਦੀ ਹੈ।

## ਦਸਤਾਰ ਸਜਾਉਣਾ ਸਿੱਖ...

ਭਾਵੇਂ ਕਿਸੇ ਨੂੰ ਨਜ਼ਰ ਲੱਗਣ ਜਾਂ ਨਜ਼ਰ ਉਤਾਰਨ ਦੀਆਂ ਗੱਲਾਂ ਸਮਾਜ ਵਿੱਚ ਵਹਿਮ ਹੀ ਹਨ, ਪਰ ਕਿਸੇ ਨੌਜਵਾਨ ਨੂੰ ਗੁਲਾਬੀ ਪੱਗ ਤੋਂ ਰੋਕਦੀ ਹੋਈ ਕੋਈ ਮੁਟਿਆਰ ਕਹਿ ਬੈਠਦੀ ਹੈ :

ਗਨੇਰੀਆਂ, ਗਨੇਰੀਆਂ, ਗਨੇਰੀਆਂ
ਗੁਲਾਬੀ ਪੱਗ ਨਾ ਬੰਨ ਵੇ
ਤੈਨੂੰ ਨਜ਼ਰਾਂ ਲੱਗਣਗੀਆਂ ਮੇਰੀਆਂ।

ਪਰ ਉਹ ਨੌਜਵਾਨ ਤਾਂ ਗੁਲਾਬੀ ਰੰਗ ਦਾ ਮਤਵਾਲਾ ਹੁੰਦਾ ਹੈ ਕਿਉਂਕਿ ਇਹ ਰੰਗ ਉਸ ਦੇ ਫੱਬਦਾ ਹੈ ਜੋ ਉਸ ਨੂੰ ਬਹੁਤ ਚੰਗਾ ਲੱਗਦਾ ਹੈ। ਉਹ ਉਸ ਮੁਟਿਆਰ ਦੀ ਗੱਲ ਦਾ ਜੁਆਬ ਦਿੰਦਾ ਹੋਇਆ ਕਹਿੰਦਾ ਹੈ :

ਗਨੇਰੀਆਂ, ਗਨੇਰੀਆਂ, ਗਨੇਰੀਆਂ
ਨੀਂ ਗੁਲਾਬੀ ਪੱਗ ਬੰਨ ਲੈਣ ਦੇ
ਸਾਡੇ ਖੇਤਾਂ ਵਿੱਚ ਮਿਰਚਾਂ ਬਥੇਰੀਆਂ।

ਇਸੇ ਤਰਾਂ ਹੋਰ ਰੰਗਾਂ ਦੀਆਂ ਪੱਗਾਂ ਦੀ ਵੀ ਆਪਣੀ-ਆਪਣੀ ਟੌਹਰ ਹੁੰਦੀ ਹੈ ਜਿਸ ਤਰਾਂ ਪੇਂਡੂ ਖੇਤਰਾਂ ਵਿੱਚ ਤੋਤੇ ਰੰਗੀ ਪੱਗ ਦੀਆਂ ਖ਼ੂਬ ਧੁੰਮਾਂ ਪੈਂਦੀਆਂ ਸਨ ਅਤੇ ਇਹ ਸਤਰਾਂ ਆਮ ਪੰਜਾਬੀ ਦੇ ਬੁੱਲਾਂ 'ਤੇ ਹੁੰਦੀਆਂ ਸਨ:

ਕੁੜੀ ਲੈ ਗਿਆ ਸਰੋਂ ਦੇ ਫੁੱਲ ਵਰਗੀ
ਤੋਤੇ ਰੰਗੀ ਪੱਗ ਬੰਨ ਕੇ।

ਪੰਜਾਬੀ ਨੌਜਵਾਨ ਕਈ-ਕਈ ਰੰਗਾਂ ਦੀਆਂ ਪੱਗਾਂ ਰੱਖਦੇ ਹਨ। ਜਦੋਂ ਉਹ ਇਨਾਂ ਨੂੰ ਪੋਚਵੇ ਅੰਦਾਜ਼ ਵਿੱਚ ਬੰਨਦੇ ਹਨ ਤਾਂ ਹਰ ਇੱਕ ਦਾ ਮਨ ਮੋਹ ਲੈਂਦੇ ਹਨ ਤਾਂ ਹੀ ਇਹ ਗੀਤ ਬਹੁਤ ਮਸ਼ਹੂਰ ਹੋਇਆ :

ਨਾਭੀ ਪੱਗ ਤੇ ਬਾਸਕਟ ਕਾਲੀ
ਓਹ ਜੱਟਾ! ਤੈਨੂੰ ਬੜੀ ਸਜਦੀ।

ਪਿੰਡਾਂ ਵਿੱਚ ਆਮ ਲੋਕ ਬੜੇ ਹੀ ਸਾਧਾਰਨ, ਮੌਜੀ ਅਤੇ ਖੁਸ਼ਮਿਜਾਜ਼ ਹੁੰਦੇ ਸਨ, ਉਹ ਪੱਗ ਤਾਂ ਜ਼ਰੂਰ ਬੰਨਦੇ ਹਨ, ਪਰ ਆਪਣੀਆਂ ਟੇਢੀਆਂ ਪੱਗਾਂ ਦੀ ਵੀ ਕਦੇ ਪਰਵਾਹ ਨਹੀਂ ਕਰਦੇ, ਤਾਂ ਹੀ ਉਨਾਂ ਬਾਰੇ ਕਿਹਾ ਜਾਂਦਾ ਹੈ:

ਮਾਰ ਮੁੰਡਿਆਂ ਲਲਕਾਰਾ
ਟੇਢੀ ਪੱਗ ਵਾਲਿਆ।

ਪਿਛਲੇ ਸਮਿਆਂ ਵਿੱਚ ਬਹੁਤ ਛੋਟੀ ਉਮਰ ਦੇ ਬੱਚਿਆਂ ਦਾ ਵੀ ਵਿਆਹ ਕਰ ਦਿੰਦੇ ਸਨ। ਉਹ ਵਿਆਹ ਦੀਆਂ ਰਸਮਾਂ ਤਾਂ ਨਿਭਾ ਹੀ ਲੈਂਦੇ ਸਨ, ਪਰ ਉਨਾਂ ਲਈ ਜ਼ਿੰਦਗੀ ਵਿੱਚ ਸੰਭਲਣਾ ਅਜੇ ਬਾਕੀ ਹੁੰਦਾ ਸੀ ਤਾਂ ਹੀ ਤਾਂ ਇੱਕ ਨਵ-ਵਿਆਹੀ ਆਪਣੇ ਨਿੱਕੜੇ ਜਿਹੇ ਪਤੀ ਨੂੰ ਦੇਖ ਕੇ ਕਹਿ ਦਿੰਦੀ ਸੀ:

ਮਾਹੀ ਮੇਰਾ ਨਿੱਕਾ ਜਿਹਾ
ਉਹਨੂੰ ਪੱਗ ਬੰਨਣੀ ਨਾ ਆਵੇ।

ਅੱਜ ਕੱਲ ਤਾਂ ਸਿਆਸੀ ਲੋਕ ਵੀ ਉਨਾਂ ਦੀਆਂ ਪੱਗਾਂ ਦੇ ਰੰਗਾਂ ਕਰਕੇ ਜਾਣੇ ਜਾਂਦੇ ਹਨ। ਚਿੱਟੀ ਪੱਗ ਕਾਂਗਰਸੀਆਂ ਦੀ ਨਿਸ਼ਾਨੀ ਹੁੰਦੀ ਹੈ ਤਾਂ ਨੀਲੀ ਪੱਗ ਬੰਨੀ ਦੇਖ ਉਸ ਨੂੰ ਹਰ ਕੋਈ ਅਕਾਲੀ ਕਹਿੰਦਾ ਹੈ। ਨਵੀਂ ਪਾਰਟੀ 'ਆਪ' ਦੇ ਕਾਰਕੁਨਾਂ ਨੂੰ ਪੀਲੀਆਂ ਪੱਗਾਂ ਲਈ ਜਾਣਿਆ ਜਾਂਦਾ ਹੈ। ਪਰ ਦੇਸ਼ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਨੇ ਹਰੇ ਰੰਗ ਦੀਆਂ ਪੱਗਾਂ ਨੂੰ ਬਹੁਤ ਉਤਸ਼ਾਹ ਦਿੱਤਾ ਹੈ। ਕਿਸਾਨ ਅੰਦੋਲਨ ਅਤੇ ਦਿੱਲੀ ਦੀਆਂ ਸਰਹੱਦਾਂ 'ਤੇ ਹਰੇ ਰੰਗ ਦੀਆਂ ਪੱਗਾਂ ਦੀ ਭਰਮਾਰ ਨਜ਼ਰ ਆਉਂਦੀ ਹੈ। ਕਹਿਣ ਦਾ ਭਾਵ ਕਿ ਪੱਗ ਦਾ ਰੰਗ ਵੀ ਕਿਸੇ ਬੰਨਣ ਵਾਲੇ ਦੀ ਵਿਚਾਰਧਾਰਾ ਦਾ ਪ੍ਰਤੀਕ ਬਣਦਾ ਜਾ ਰਿਹਾ ਹੈ।

ਕਿਸੇ ਵੀ ਅੰਦੋਲਨ ਜਾਂ ਜੁਝਾਰੂ ਮੈਦਾਨ ਵਿੱਚ ਪੱਗ ਦਾ ਅਹਿਮ ਰੋਲ ਹੁੰਦਾ ਹੈ। ਇੱਥੋਂ ਤੱਕ ਕੇ ਦੇਸ਼ ਦੀ ਆਜ਼ਾਦੀ ਲਈ ਇਸ ਪੱਗ ਨੇ ਉਹ ਰੋਲ ਅਦਾ ਕੀਤਾ ਕਿ ਸੰਸਾਰ ਦੀ ਮਹਾਨ ਸ਼ਕਤੀ ਕਹੇ ਜਾਣ ਵਾਲੇ ਅੰਗਰੇਜ਼ਾਂ ਨੂੰ ਪੱਗ ਦੀ ਵੰਗਾਰ ਦਾ ਟਾਕਰਾ ਕਰਨਾ ਮੁਸ਼ਕਿਲ ਹੋ ਗਿਆ ਸੀ। ਦੇਸ਼ ਦੀ ਆਜ਼ਾਦੀ ਲਈ ਪੱਗ ਦਾ ਗੀਤ ਬੜਾ ਮਸ਼ਹੂਰ ਹੋਇਆ :

ਪੱਗੜੀ ਸੰਭਾਲ ਜੱਟਾ
ਪੱਗੜੀ ਸੰਭਾਲ ਓਏ

ਇਸ ਗੀਤ ਨੇ ਸਾਰੇ ਦੇਸ਼ ਨੂੰ ਇਸ ਤਰਾਂ ਜਾਗਰੂਕ ਕੀਤਾ ਕਿ ਦੇਸ਼ ਦਾ ਹਰ ਬੱਚਾ-ਬੁੱਢਾ, ਕਿਸਾਨ-ਕਿਰਤੀ ਦੇਸ਼ ਦੀ ਆਜ਼ਾਦੀ ਦੀ ਜੰਗ ਵਿੱਚ ਕੁੱਦ ਪਿਆ ਅਤੇ ਅੰਗਰੇਜ਼ਾਂ ਨੂੰ ਹਾਰ ਮੰਨਣੀ ਪਈ ਅਤੇ ਸਾਡਾ ਦੇਸ਼ ਆਜ਼ਾਦ ਹੋ ਗਿਆ।

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਜਿੱਥੇ ਇਸ ਪੱਗ ਨੇ ਪੰਜਾਬੀ ਸੱਭਿਆਚਾਰ ਨੂੰ ਰੰਗੀਨ ਬਣਾਇਆ ਹੈ, ਉੱਥੇ ਹੀ ਆਜ਼ਾਦੀ ਦੀ ਲੜਾਈ ਵਿੱਚ ਆਪਣਾ ਅਹਿਮ ਰੋਲ ਅਦਾ ਕੀਤਾ। ਇਸ ਦੇ ਨਾਲ-ਨਾਲ ਮਨੁੱਖ ਦੇ ਬਚਪਨ ਵਿੱਚ ਦਸਤਾਰ ਬੰਦੀ ਤੋਂ ਲੈ ਕੇ ਮਰਨ ਉਪਰੰਤ ਪਗੜੀ ਦੀ ਰਸਮ ਤੱਕ ਪੱਗ ਮਨੁੱਖ ਦੇ ਜੀਵਨ ਸੇਧ ਦੀ ਪ੍ਰਤੀਕ ਬਣੀ ਰਹੀ ਹੈ। ਦੂਜੇ ਪਾਸੇ ਸਨਮਾਨ ਦਾ ਚਿੰਨ ਬਣਕੇ ਹੁਣ ਇਹ ਪੱਗ ਸਿਆਸੀ ਅਖਾੜਿਆਂ ਵਿੱਚ ਵੀ ਆਪਣੇ ਰੰਗ ਦਿਖਾਉਣ ਲੱਗੀ ਹੈ।

## ਸਮਾਜ ਦਾ ਵੱਡਾ...

ਚੰਗੇ-ਭਲੇ ਘਰਾਂ ਦੀ ਸੁਆਣੀਆਂ ਸਾਹਮਣੇ ਅੱਧਨੰਗੀਆਂ ਡਾਂਸਰਾਂ ਫੂਹੜ ਨਾਚ ਪੇਸ਼ ਕਰਦੀਆਂ ਹਨ ਤੇ ਮੁਸ਼ਟੰਡੇ ਅਸ਼ਲੀਲ ਹਰਕਤਾਂ ਕਰਦੇ ਹਨ। ਘਰ ਵਾਲਿਆਂ ਨੂੰ ਚੁੱਪ-ਚਾਪ ਸਭ ਕੁਝ ਬਰਦਾਸ਼ਤ ਕਰਨਾ ਪੈਂਦਾ ਹੈ।

ਕਈ ਵਾਰ ਲੜਾਈ-ਝਗੜੇ ਵੀ ਹੋ ਜਾਂਦੇ ਹਨ। ਹਰ ਜਣਾ-ਖਣਾ ਤਾਂ ਕਾਨਪੁਰੀ ਪਿਸਤੌਲ ਡੱਬ 'ਚ ਅੜਾਈ ਫਿਰਦਾ ਹੈ। ਦਾਦਾ-ਪੋਤੀ, ਭੈਣ-ਭਰਾ ਇਕੱਠੇ ਨੱਚਦੇ ਹਨ ਤੇ ਗਾਣਾ ਲੱਗਾ ਹੁੰਦਾ ਹੈ, 'ਤੂੰ ਨਹੀਂ ਬੋਲਦੀ ਰਕਾਨੇ ਤੂੰ ਨਹੀਂ ਬੋਲਦੀ, ਤੇਰੇ 'ਚ ਤੇਰਾ ਯਾਰ ਬੋਲਦਾ।' ਲੰਡਰ ਪਾਰਟੀ ਜਾਣਬੁੱਝ ਕੇ ਡੀਜੇ ਤੋਂ ਗਾਣਾ ਲਗਵਾਉਂਦੇ ਹਨ ਕਿ ਮਹਿਫਲ ਤਾਂ ਸਜਦੀ ਜੇ ਨੱਚੇ ਮੁੰਡੇ ਦੀ ਭੈਣ ਜਾਂ ਨੱਚੇ ਮੁੰਡੇ ਦੀ ਮਾਮੀ, ਭਾਬੀ ਆਦਿ। ਕਦੇ ਭਾਬੀ ਨੂੰ ਖਿੱਚ ਕੇ ਪਿੜ ਵਿਚ ਲੈ ਜਾਂਦੇ ਹਨ ਤੇ ਕਦੇ ਮੁੰਡੇ ਦੀ ਭੈਣ ਨੂੰ। ਘਰ ਵਾਲੇ ਬੈਠੇ ਦੰਦੀਆਂ ਕੱਢੀ ਜਾਂਦੇ ਹਨ।

ਜੇ ਲੋਕ ਇਕ-ਦੂਸਰੇ ਦੀ ਰੀਸੇ ਫਾਹਾ ਨਾ ਲੈਣ ਤਾਂ ਵਿਆਹਾਂ ਵਿਚ ਆਸਾਨੀ ਨਾਲ 15-20 ਲੱਖ ਦੀ ਬੱਚਤ ਹੋ ਸਕਦੀ ਹੈ। ਇਹ ਪੈਸੇ ਘਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਵਰਤੇ ਜਾ ਸਕਦੇ ਹਨ ਜਾਂ ਲੜਕੀ ਨੂੰ ਉਸ ਦੇ ਭਵਿੱਖ ਵਾਸਤੇ ਗਿਫਟ ਕੀਤੇ ਜਾ ਸਕਦੇ ਹਨ। ਵਿਆਹਾਂ 'ਤੇ 50-100 ਨਜ਼ਦੀਕੀ ਦੋਸਤ-ਰਿਸ਼ਤੇਦਾਰ ਬੁਲਾਏ ਜਾਣ, ਸਾਦਾ ਖਾਣਾ ਖੁਆਇਆ ਜਾਵੇ, ਡੈਕੋਰੇਸ਼ਨ, ਡੀਜੇ, ਸਿੰਗਰਾਂ ਆਦਿ 'ਤੇ ਫ਼ਜ਼ੂਲ ਖ਼ਰਚਾ ਨਾ ਕੀਤਾ ਜਾਵੇ। ਸ਼ਗਨ ਅਤੇ ਵਿਆਹ ਦਾ ਫੰਕਸ਼ਨ ਇਕੱਠਾ ਹੀ ਕਰ ਲਿਆ ਜਾਵੇ। ਤੁਸੀਂ ਲੋਕਾਂ ਨੂੰ ਚਾਹੇ ਸੋਨਾ ਖੁਆ ਦਿਉ, ਉਹ ਨੁਕਸ ਕੱਢ ਹੀ ਦੇਣਗੇ, 'ਯਾਰ ਮੱਛੀ ਤਾਂ ਖ਼ਰਾਬ ਲੱਗਦੀ ਐ।'

ਅਜਿਹੇ ਨਾਸ਼ੁਕਰੇ ਰੱਜੇ-ਪੁੱਜੇ ਲੋਕਾਂ ਲਈ ਖਾਣਾ ਬਰਬਾਦ ਕਰਨ ਦੀ ਬਜਾਏ ਠੰਢ ਵਿਚ ਠਰਦੇ ਕਿਸੇ ਭੁੱਖੇ ਗ਼ਰੀਬ ਨੂੰ ਖੁਆ ਦਿੱਤਾ ਜਾਵੇ ਤਾਂ ਉਹ ਹਜ਼ਾਰ ਅਸੀਸਾਂ ਦੇਵੇਗਾ। ਗ਼ਰੀਬਾਂ ਤੇ ਮੱਧਵਰਗੀ ਪਰਿਵਾਰਾਂ ਨੂੰ ਚਾਹੀਦਾ ਹੈ ਕਿ ਅਮੀਰਾਂ ਵੱਲ ਵੇਖ ਕੇ ਰੀਸੋ-ਰੀਸੀ ਬਰਬਾਦ ਨਾ ਹੋਇਆ ਜਾਵੇ। ਜੇ ਕੋਈ ਲੜਕੇ ਵਾਲਾ ਲੜਕੀ ਵਾਲਿਆਂ ਦੇ ਫਜ਼ੂਲ ਪੈਸੇ ਲੁਆਉਂਦਾ ਹੈ ਤਾਂ ਉਸ ਨੂੰ ਸੋਚਣਾ ਚਾਹੀਦਾ ਕਿ ਕੱਲ ਨੂੰ ਉਸ ਨੇ ਆਪ ਵੀ ਲੜਕੀ ਵਿਆਹੁਣੀ ਹੈ। ਜ਼ਮੀਨ ਗਹਿਣੇ ਧਰ ਕੇ ਜਾਂ ਬੈਂਕ ਤੋਂ ਕਰਜ਼ਾ ਚੁੱਕ ਕੇ ਖ਼ਰੀਦਿਆ ਟਰੈਕਟਰ ਅੱਧ-ਪਚੱਧ ਕੀਮਤ 'ਤੇ ਵੇਚ ਕੇ ਬੱਚਿਆਂ ਦੇ ਵਿਆਹ 'ਤੇ ਨਾਜਾਇਜ਼ ਪੈਸੇ ਫੂਕਣੇ ਕੋਈ ਸਿਆਣਪ ਵਾਲੀ ਗੱਲ ਨਹੀਂ ਹੈ।

ਕਈ ਵਾਰ ਖ਼ਬਰ ਆਉਂਦੀ ਹੈ ਕਿ ਫਲਾਣੇ ਉਦਯੋਗਪਤੀ ਨੇ ਆਪਣੇ ਲੜਕੇ ਜਾਂ ਲੜਕੀ ਦੇ ਵਿਆਹ 'ਤੇ ਐਨੇ ਕਰੋੜ ਰੁਪਿਆ ਲਾ ਦਿੱਤਾ ਹੈ। ਪਰ ਉਸ ਕੋਲ ਜੇ ਕੋਈ ਸਮਾਜ ਸੇਵੀ ਸੰਸਥਾ ਦਾਨ ਮੰਗਣ ਜਾਵੇ ਤਾਂ ਉਹ ਪੰਜ ਪੈਸੇ ਨਹੀਂ ਦਿੰਦਾ। ਇਸ ਲਈ ਚੰਗੇ ਤੇ ਨਰੋਏ ਸਮਾਜ ਦੀ ਸਿਰਜਣਾ ਕਰਨ ਵਾਸਤੇ ਅਜਿਹੇ ਫ਼ਜ਼ੂਲ ਦੇ ਖ਼ਰਚਿਆਂ ਤੋਂ ਬਚਿਆ ਜਾਵੇ ਤਾਂ ਚੰਗਾ ਹੈ।

## ਕਿਸਾਨਾਂ ਨੂੰ ਜ਼ਮੀਨਾਂ...

ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ 'ਤੇ ਜਿੱਤ ਹਾਸਲ ਕਰਨ ਵਾਲੇ ਦਿਨ ਤੋਂ ਆਪਣਾ ਵੱਖਰਾ ਪ੍ਰਸ਼ਾਸਨੀ ਸਾਲ ਵੀ ਸ਼ੁਰੂ ਕੀਤਾ। ਬਾਬਾ ਜੀ ਨੇ ਜ਼ਿਮੀਂਦਾਰੀ ਪ੍ਰਥਾ ਨੂੰ ਖਤਮ ਕਰ ਦਿੱਤਾ ਅਤੇ ਜ਼ਮੀਨ ਵਾਹੁਣ ਵਾਲੇ ਮੁਜਾਰਿਆਂ ਨੂੰ ਜ਼ਮੀਨ ਦੀ ਮਾਲਕੀ ਦੇ ਦਿੱਤੀ. ੭ ਦਸੰਬਰ ੧੭੧੫ ਈਸਵੀ ਨੂੰ ਅਬਦੁਸਮਦ ਖ਼ਾਨ ਨੇ ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ ਸਾਥੀਆਂ ਨੂੰ ਗੁਰਦਾਸ ਨੰਗਦ ਦੀ ਇਕ ਗੜ੍ਹੀ ਵਿਚ ਘੇਰਾ ਪਾ ਲਿਆ। ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਦਿੱਲੀ ਲਈ ਰਵਾਨਾ ਕੀਤਾ ਗਿਆ।

੫ ਮਾਰਚ ੧੭੧੬ ਈਸਵੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਫੜ੍ਹੇ ਗਏ ਸਿੰਘਾਂ ਨੂੰ ਰੋਜ਼ਾਨਾ ੧੦੦/੧੦੦ ਕਰਕੇ ਕਤਲ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਬਾਦਸ਼ਾਹ ਦੇ ਹੁਕਮ 'ਤੇ ਬਾਬਾ ਜੀ ਦੇ ਬੇਟੇ ਭਾਈ ਅਜੈ ਸਿੰਘ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਗੋਦ ਵਿਚ ਬਿਠਾ ਦਿੱਤਾ। ਜੱਲਾਦ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਵਿਚ ਖੰਜਰ ਫੜਾ ਕੇ ਕਿਹਾ ਕਿ ਉਹ ਆਪਣੇ ਪੁੱਤਰ ਦਾ ਕਤਲ ਕਰ ਦੇਣ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਜੱਲਾਦ ਨੇ ਬਾਬਾ ਜੀ ਦੀ ਗੋਦ ਵਿਚ ਬੈਠੇ ਉਨ੍ਹਾਂ ਦੇ ਸਪੁੱਤਰ ਨੂੰ ਕਤਲ ਕਰ ਦਿੱਤਾ। ਉਸ ਤੋਂ ਬਾਅਦ ਜੱਲਾਦ ਨੇ ਬੱਚੇ ਦੇ ਛੋਟੇ ਛੋਟੇ ਟੁਕੜੇ ਕਰਕੇ ਤੜਫ ਰਹੇ ਬੱਚੇ ਦੀ ਛਾਤੀ ਚੀਰ ਦਿੱਤੀ ਤੇ ਉਸਦਾ ਤੜਫਦਾ ਹੋਇਆ ਕਲੇਜਾ ਕੱਢ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਤੁੰਨ ਦਿੱਤਾ ਗਿਆ। ਬਾਬਾ ਜੀ ਨੂੰ ਵੀ ਬੇਅੰਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਸੇ ਤਰ੍ਹਾਂ ਸਾਰੇ ਸਰੀਰ ਦੇ ਬੰਦ-ਬੰਦ ਕੱਟਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦਾ ਸੀਸ ਵੀ ਧੜ ਤੋਂ ਵੱਖ ਕਰ ਦਿੱਤਾ ਗਿਆ।

**ਗੁਰਪ੍ਰੀਤ ਸਿੰਘ ਨਿਆਮੀਆਂ**

## ਜਦੋਂ ਮੈਂ ਮਰ ਜਾਵਾਂ...

ਤੇ ਉਹਦੇ ਸਭ ਤੋਂ ਉਚੇ ਚੁਬਾਰੇ ਵਿਚ, ਆਪਣੇ ਕਮਰੇ ਦੀ ਬਾਰੀ ਵਿਚ, ਜ਼ਾਰਜ਼ਾਦੀ ਸੁੰਦਰੀ ਬੈਠੀ ਸੀ।

ਜ਼ਾਰ ਬਾਹਰ ਡਿਉਢੀ ਵਿਚ ਨਿਕਲਿਆ ਤੇ ਬੋਲਿਆ : 'ਭਲੇ ਨੌਜਵਾਨੋ, ਤੁਹਾਡੇ ਵਿਚੋਂ ਜਿਹੜਾ ਘੋੜੇ 'ਤੇ ਅਸਵਾਰੀ ਕਰਦਾ ਉਸ ਬਾਰੀ ਜਿੰਨੀ ਉਚੀ ਛਾਲ ਮਾਰ ਲਏਗਾ ਤੇ ਮੇਰੀ ਧੀ ਦੇ ਬੁਲਾਂ 'ਤੇ ਚੁੰਮਣ ਦੇ ਲਏਗਾ, ਉਹਨੂੰ ਮੇਰੀ ਧੀ ਦਾ ਡੋਲਾ ਦੇ ਦਿਤਾ ਜਾਵੇਗਾ ਤੇ ਨਾਲ ਮੇਰਾ ਅੱਧਾ ਰਾਜ।'

ਜ਼ਾਰਜ਼ਾਦੀ ਸੁੰਦਰੀ ਦੇ ਚਾਹਵਾਨ ਅੱਗੜ-ਪਿਛੜ ਘੋੜੇ ਦੁੜਾਂਦੇ ਆਏ ਤੇ ਉਨਾਂ ਕੁਦਾੜੇ ਤੇ ਛਾਲਾਂ ਮਾਰੀਆਂ, ਪਰ ਬਾਰੀ ਸੀ ਕਿ ਉਨਾਂ ਦੀ ਪਹੁੰਚ ਤੋਂ ਉਪਰ ਹੀ ਰਹੀ। ਬਾਕੀਆਂ ਦੇ ਨਾਲ-ਨਾਲ ਈਵਾਨ ਦੇ ਦੋਵਾਂ ਭਰਾਵਾਂ ਨੇ ਵੀ ਕੋਸ਼ਿਸ਼ ਕੀਤੀ, ਪਰ ਉਹ ਅੱਧ ਤੱਕ ਵੀ ਨਾ ਪਹੁੰਚ ਸਕੇ ।

ਜਦੋਂ ਈਵਾਨ ਦੀ ਵਾਰੀ ਆਈ, ਉਹਨੇ ਸੁਰੰਗ-ਸਲੇਟੀ ਨੂੰ ਦੁੜਕੀਏ ਪਾ ਦਿਤਾ ਤੇ ਜੈਕਾਰਾ ਗਜਾਉਂਦਾ ਤੇ ਨਾਅਰਾ ਲਾਉਂਦਾ ਉਹ ਛਾਲ ਮਾਰ ਗੇਲੀਆਂ ਦੀ ਦੋ ਛਡ ਸਭ ਤੋਂ ਉਚੀ ਪਾਲ ਤਕ ਪਹੁੰਚ ਗਿਆ। ਉਹ ਫੇਰ ਆਇਆ ਤੇ ਛਾਲ ਮਾਰ ਗੇਲੀਆਂ ਦੀ ਇਕ ਛਡ ਸਭ ਤੋਂ ਉਚੀ ਪਾਲ ਤੱਕ ਪਹੁੰਚ ਗਿਆ। ਉਹਦੇ ਹੱਥ ਇਕ ਹੋਰ ਮੌਕਾ ਰਹਿ ਗਿਆ ਸੀ ਤੇ ਉਹ ਸੁਰੰਗ-ਸਲੇਟੀ ਨੂੰ ਓਦੋਂ ਤਕ ਕੁਦਾਉਂਦਾ ਤੇ ਘੁਮੇਟਣੀਆਂ ਦਿੰਦਾ ਰਿਹਾ, ਜਦੋਂ ਤਕ ਘੋੜਾ ਭੜਕ ਤੇ ਸ਼ੂਕਣ ਨਾ ਲਗ ਪਿਆ। ਫੇਰ, ਬਾਰੀ ਅੱਗੋਂ ਅੱਗ ਵਾਂਗ ਲੰਘਦਿਆਂ, ਉਹਨੇ ਬਹੁਤ ਉੱਚੀ ਛਾਲ ਮਾਰੀ ਤੇ ਜ਼ਾਰਜ਼ਾਦੀ ਸੁੰਦਰੀ ਦੇ ਸ਼ਹਿਦ-ਮਿੱਠੇ ਬੁਲ ਚੁੰਮ ਲਏ ਤੇ ਜ਼ਾਰਜ਼ਾਦੀ ਨੇ ਆਪਣੀ ਮੋਹਰ ਵਾਲੀ ਮੁੰਦਰੀ ਉਹਦੇ ਮੱਥੇ ਉਤੇ ਮਾਰੀ ਤੇ ਉਹਦੇ ਉਤੇ ਆਪਣੀ ਮੋਹਰ ਲਾ ਦਿੱਤੀ।

ਲੋਕੀ ਕੂਕਾਂ ਮਾਰਨ ਲਗ ਪਏ : 'ਰੋਕਣਾ ਸੂ, ਫੜਨਾ ਸੂ' ਪਰ ਈਵਾਨ ਤੇ ਉਹਦਾ ਘੋੜਾ ਧੂੜ ਦੇ ਬੱਦਲ ਵਿਚ ਅਲੋਪ ਹੋ ਗਏ।

ਛਾਲਾਂ ਮਾਰਦੇ ਉਹ ਖੁਲੇ ਮੈਦਾਨ ਵਿਚ ਆ ਗਏ ਤੇ ਈਵਾਨ ਸੁਰੰਗ-ਸਲੇਟੀ ਦੇ ਖੱਬੇ ਕੰਨ ਵਿਚ ਚੜ ਗਿਆ ਤੇ ਉਹਦੇ ਸੱਜੇ ਕੰਨ ਵਿਚੋਂ ਨਿਕਲ ਆਇਆ ਤੇ ਵੇਖੋ ਹੋਇਆ ਕੀ, ਉਹਦੀ ਫੇਰ ਆਪਣੀ ਅਸਲ ਸ਼ਕਲ ਹੋ ਗਈ। ਉਹਨੇ ਸੁਰੰਗ-ਸਲੇਟੀ ਨੂੰ ਖੁੱਲਾ ਛਡ ਦਿੱਤਾ ਤੇ ਆਪ ਰਾਹ ਵਿਚ ਕੁਝ ਖੁੰਬਾਂ ਇੱਕਠੀਆਂ ਕਰਨ ਲਈ ਅਟਕਦਾ-ਅਟਕਾਉਂਦਾ ਘਰ ਵਲ ਨੂੰ ਹੋ ਪਿਆ। ਉਹ ਘਰ ਵਿਚ ਵੜਿਆ, ਉਹਨੇ ਆਪਣੇ ਮੱਥੇ ਉਤੇ ਲੀਰ ਬੰਨ ਲਈ ਤੇ ਚੁਲੇ ਦੇ ਉਤੇ ਚੜ ਗਿਆ ਤੇ ਓਥੇ ਉਵੇਂ ਹੀ ਲੰਮਾ ਪੈ ਗਿਆ, ਜਿਵੇਂ ਉਹ ਪਹਿਲੋਂ ਪਿਆ ਹੋਇਆ ਸੀ।

ਹੌਲੀ-ਹੌਲੀ ਉਹਦੇ ਭਰਾ ਆਣ ਪੁੱਜੇ, ਤੇ ਉਹਨੂੰ ਦੱਸਣ ਲਗ ਪਏ, ਉਹ ਕਿਥੇ-ਕਿਥੇ ਗਏ ਸਨ ਤੇ ਉਨਾਂ ਕੀ-ਕੀ ਵੇਖਿਆ ਸੀ।

'ਜ਼ਾਰਜ਼ਾਦੀ ਦੇ ਚਾਹਵਾਨਾਂ ਦਾ ਸ਼ੁਮਾਰ ਨਹੀਂ ਸੀ, ਤੇ ਸੁਹਣੇ ਵੀ ਸਨ,' ਉਨਾਂ ਦਸਿਆ। ਪਰ ਇਕ ਸੀ, ਜਿਹਦੇ ਸਾਹਮਣੇ ਉਹ ਕੁਝ ਨਹੀਂ ਸਨ ਲਗਦੇ। ਉਹਨੇ ਆਪਣੇ ਸ਼ੂਕਦੇ ਘੋੜੇ 'ਤੇ ਜ਼ਾਰਜ਼ਾਦੀ ਦੀ ਬਾਰੀ ਜਿੰਨੀ ਉੱਚੀ ਛਾਲ ਮਾਰੀ ਤੇ ਉਹਦੇ ਬੁਲ ਚੁੰਮ ਲਏ। ਅਸੀਂ ਉਹਨੂੰ ਆਉਂਦਿਆਂ ਤਾਂ ਵੇਖਿਆ ਸੀ, ਪਰ ਜਾਂਦਿਆਂ ਨਹੀਂ ਵੇਖਿਆ।'

ਚਿਮਨੀ ਪਿਛੋਂ ਆਪਣੀ ਥਾਂ ਤੋਂ ਈਵਾਨ ਨੇ ਕਿਹਾ : 'ਤੁਸੀਂ ਸ਼ਾਇਦ ਮੈਨੂੰ ਵੇਖਿਆ ਹੋਵੇ।' ਉਹਦੇ ਭਰਾਵਾਂ ਨੂੰ ਗੁੱਸਾ ਚੜ ਗਿਆ ਤੇ ਉਹ ਬੋਲ ਪਏ : 'ਬੇਵਕੂਫ਼, ਝੱਲੀਆਂ ਮਾਰ ਰਿਹੈਂ। ਬੈਠਾ ਰਹੋ ਚੁਲੇ ਉਤੇ ਤੇ ਖਾ ਆਪਣੀਆਂ ਖੁੰਬਾਂ।' ਫੇਰ ਈਵਾਨ ਨੇ ਲੀਰ ਖੋਲੀ ਜਿਨੇ ਜ਼ਾਰਜ਼ਾਦੀ ਦੀ ਮੋਹਰ ਵਾਲੀ ਮੁੰਦਰੀ ਦਾ ਨਿਸ਼ਾਨ ਕਜਿਆ ਹੋਇਆ ਸੀ ਤੇ ਇਕਦਮ ਹੀ ਇਕ ਰੋਸ਼ਨ ਲੋ ਨਾਲ ਝੁੱਗੀ ਡਲਕ ਪਈ। 'ਓਏ ਬੇਵਕੂਫ਼ਾ, ਕੀ ਪਿਆ ਕਰਨੈ ? ਘਰ ਨੂੰ ਅੱਗ ਲਾ ਕੇ ਰਹੇਂਗਾ।'

ਅਗਲੇ ਦਿਨ ਜ਼ਾਰ ਨੇ ਜ਼ਿਆਫ਼ਤ ਕੀਤੀ ਤੇ ਉਹਦੇ ਵਿਚ ਉਹਨੇ ਆਪਣੀ ਸਾਰੀ ਰਿਆਇਆ ਨੂੰ ਸਦਿਆ, ਕੀ ਜਾਗੀਰਦਾਰ ਤੇ ਨਵਾਬ ਤੇ ਕੀ ਆਮ ਲੋਕੀ, ਕੀ ਰਿਜ਼ਕਵਾਨ ਤੇ ਕੀ ਗਰੀਬ, ਕੀ ਜਵਾਨ ਤੇ ਕੀ ਬੁਢੇ। ਈਵਾਨ ਦੇ ਭਰਾ ਵੀ ਜ਼ਿਆਫ਼ਤ ਵਿਚ ਜਾਣ ਲਈ ਤਿਆਰ ਹੋਣ ਲਗੇ।

'ਭਰਾਵੋ, ਭਰਾਵੋ, ਮੈਨੂੰ ਨਾਲ ਲੈ ਜਾਵੋ,' ਈਵਾਨ ਨੇ ਅਰਜ਼ੋਈ ਕੀਤੀ। ਕੀ ਕਿਹਾ ਈ ? 'ਉਹ ਹੱਸੇ। ਸਾਰੇ ਖਿੱਲੀ ਈ ਉਡਾਣਗੇ ਨੀ। ਏਥੇ ਚੁਲੇ 'ਤੇ ਬੈਠਾ ਰਹੇ ਤੇ ਆਪਣੀਆਂ ਖੁੰਬਾਂ ਖਾ।'

ਫੇਰ ਭਰਾ ਆਪਣੇ ਸੁਹਣੇ ਘੋੜਿਆਂ ਉਤੇ ਬਹਿ ਗਏ ਤੇ ਦੂਰ ਨਿਕਲ ਗਏ, ਤੇ ਈਵਾਨ ਉਹਨਾਂ ਦੇ ਪਿਛੇ-ਪਿਛੇ ਪੈਦਲ ਟੁਰ ਪਿਆ। ਉਹ ਜ਼ਾਰ ਦੇ ਮਹਿਲ ਪਹੁੰਚ ਪਿਆ ਤੇ ਇਕ ਦੁਰਾਡੀ ਨੁਕਰੇ ਬੈਠ ਗਿਆ। ਤਾਂ ਜ਼ਾਰਜ਼ਾਦੀ ਸੁੰਦਰੀ ਨੇ ਸਭਨਾਂ ਮਹਿਮਾਨਾਂ ਦਾ ਚੱਕਰ ਕਢਣਾ ਸ਼ੁਰੂ ਕੀਤਾ। ਉਹ ਹਰ ਇਕ ਨੂੰ ਸ਼ਰਾਬ ਦੀ ਸੁਰਾਹੀ ਵਿਚੋਂ ਇਕ ਜਾਮ ਪਿਆਂਦੀ ਤੇ ਇਹ ਤੱਕਣ ਲਈ ਉਨਾਂ ਦੇ ਮੱਥੇ ਵੇਖਦੀ ਕਿ ਉਥੇ ਉਹਦੀ ਮੋਹਰ ਦਾ ਨਿਸ਼ਾਨ ਸੀ ਕਿ ਨਹੀਂ।

ਉਹਨੇ ਈਵਾਨ ਤੋਂ ਛੁਟ ਸਾਰਿਆਂ ਮਹਿਮਾਨਾਂ ਦਾ ਚੱਕਰ ਲਾ ਲਿਆ ਤੇ ਜਦੋਂ ਉਹ ਉਹਦੇ ਕੋਲ ਅਪੜੀ, ਉਹਦਾ ਦਿਲ ਡੁੱਬਣ ਲਗਾ। ਉਹਨੇ ਈਵਾਨ ਵਲ ਤਕਿਆ। ਉਹ ਸਾਰੇ ਦਾ ਸਾਰੇ ਕਾਲਖ਼ ਨਾਲ ਪੋਚਿਆ ਪਿਆ ਸੀ ਤੇ ਉਹਦੇ ਲੂ-ਕੰਢੇ ਖੜੇ ਸਨ।

ਜ਼ਾਰਜ਼ਾਦੀ ਸੁੰਦਰੀ ਨੇ ਕਿਹਾ : 'ਕੌਣ ਏ ਤੂੰ ? ਕਿਥੋਂ ਆਇਆ ਏਂ ? ਤੇ ਮੱਥਾ ਲੀਰ ਨਾਲ ਕਿਉਂ ਬੰਨਿਆ ਹੋਇਆ ਈ ?'

'ਡਿੱਗਣ, 'ਤੇ ਸਟ ਲਗ ਗਈ ਸੀ,' ਈਵਾਨ ਨੇ ਜਵਾਬ ਦਿਤਾ।

ਜ਼ਾਰਜ਼ਾਦੀ ਨੇ ਲੀਰ ਖੋਲੀ ਤੇ ਇਕਦਮ ਹੀ ਮਹਿਲ ਇਕ ਚਿਲਕਵੀਂ ਲਾਲੀ ਨਾਲ ਲਿਸ਼ਕ ਪਿਆ। 'ਇਹ ਵੇ ਮੇਰੀ ਮੋਹਰ' ਉਹ ਕੂਕ ਉਠੀ। 'ਇਹ ਜੇ ਮੇਰਾ ਮੰਗ।'

ਜ਼ਾਰ ਈਵਾਨ ਕੋਲ ਆਇਆ, ਉਹਨੇ ਉਹਦੇ ਵਲ ਵੇਖਿਆ ਤੇ ਕਹਿਣ ਲੱਗਾ : 'ਨਹੀਂ, ਨਹੀਂ, ਜ਼ਾਰਜ਼ਾਦੀਏ, ਇਹ ਨਹੀਂ ਹੋ ਸਕਦਾ ਤੇਰਾ ਮੰਗ, ਸਾਰਾ ਧੁਆਖਿਆ ਹੋਇਐ ਤੇ ਅਸਲੋਂ ਹੀ ਸਿੱਧਾ-ਸਾਦੈ।'

ਈਵਾਨ ਨੇ ਜ਼ਾਰ ਨੂੰ ਆਖਿਆ : 'ਜ਼ਾਰ, ਜ਼ਾਰ, ਮੈਨੂੰ ਮੂੰਹ ਧੋਣ ਦੀ ਆਗਿਆ ਦਿਓ।' ਜ਼ਾਰ ਨੇ ਉਹਨੂੰ ਇੰਜ ਕਰਨ ਦੀ ਆਗਿਆ ਦੇ ਦਿਤੀ, ਤੇ ਈਵਾਨ ਅਹਾਤੇ ਵਿਚ ਆਇਆ ਤੇ ਉਚੀ ਸਾਰੀ ਬੋਲਿਆ, ਜਿਵੇਂ ਬੋਲਣਾ ਉਹਨੂੰ ਉਹਦੇ ਬਾਪੂ ਨੇ ਸਿਖਾਇਆ ਸੀ : 'ਸੁਰੰਗ-ਸਲੇਟੀ, ਸੁਣ, ਕਰ ਛੇਤੀ, ਤੈਨੂੰ ਸੱਦਾਂ ਇਤ, ਮੰਨ ਜਾਂ ਮਿਟ।'

ਤੇ ਉਹ ਕੀ ਵੇਖਦਾ ਏ, ਸੁਰੰਗ-ਸਲੇਟੀ ਉਹਦੇ ਵਲ ਛਾਲਾਂ ਮਾਰਦਾ ਆਇਆ। ਉਹਦੀਆਂ ਟਾਪਾਂ ਹੇਠ ਧਰਤ ਕੰਬ ਉਠੀ, ਉਹਦੀਆਂ ਨਾਸਾਂ ਵਿਚੋਂ ਲਾਟਾਂ ਨਿਕਲ ਰਹੀਆਂ ਸਨ ਤੇ ਉਹਦੇ ਕੰਨਾਂ ਵਿਚੋਂ ਧੂੰਏ ਦੇ ਬੱਦਲ ਵਗ ਰਹੇ ਸਨ। ਈਵਾਨ ਉਹਦੇ ਸੱਜੇ ਕੰਨ ਵਿਚ ਚੜ ਗਿਆ ਤੇ ਉਹਦੇ ਖੱਬੇ ਕੰਨ ਵਿਚੋਂ ਨਿਕਲ ਆਇਆ ਤੇ ਉਹ ਏਨਾ ਸੋਹਣਾ ਗਭਰੂ ਬਣ ਨਿਕਲਿਆ, ਜਿੰਨਾ ਜਾਵੇ ਨਾ ਬੁਝਿਆ, ਜਾਵੇ ਨਾ ਮੰਨਿਆ, ਜਾਵੇ ਨਾ ਲਿਖਿਆ। ਮਹਿਲ ਅੰਦਰਲੇ ਸਭ ਲੋਕਾਂ ਨੇ ਜਦੋਂ ਉਹਨੂੰ ਵੇਖਿਆ, ਉਹ ਵਾਹ-ਵਾਹ ਕਰ ਉਠੇ। ਇਸ ਪਿਛੋਂ ਕੋਈ ਹੋਰ ਗੱਲ ਨਾ ਹੋਈ। ਈਵਾਨ ਜ਼ਾਰਜ਼ਾਦੀ ਸੁੰਦਰੀ ਨਾਲ ਵਿਆਹਿਆ ਗਿਆ ਤੇ ਵਿਆਹ ਦੀ ਖੁਸ਼ੀ ਮਨਾਉਣ ਲਈ ਰੰਗਰਲੀਆਂ ਵਾਲੀ ਜ਼ਿਆਫ਼ਤ ਹੋਈ।

## ਤਰਾਈ ਦੇ ਕਿਸਾਨ...

ਸਿਰਫ ਇੱਕ ਤਰੀਕ ਭੁਗਤਣ ਖ਼ਾਤਰ। ਇਹੀ ਹਾਲ ਹਾਈਕੋਰਟ ਵਿਚ ਜਾਣ ਵੇਲੇ ਹੁੰਦਾ ਸੀ, ਯੂ.ਪੀ. ਦਾ ਸੂਬਾਈ ਹੈੱਡਕੁਆਟਰ ਲਖਨਊ, ਨੈਨੀਤਾਲ ਤੋਂ 400 ਕਿੱਲੋਮੀਟਰ ਸੀ ਪਰ ਹਾਈਕੋਰਟ ਉਸ ਤੋਂ ਵੀ 200 ਕਿੱਲੋਮੀਟਰ ਅਗਾਂਹ ਇਲਾਹਾਬਾਦ ਵਿਚ ਸੀ। ਸੋ ਤੁਸੀਂ ਖ਼ੁਦ ਅੰਦਾਜ਼ਾ ਲਾ ਸਕਦੇ ਹੋਂ ਕਿ ਅਦਾਲਤੀ ਗੇੜੇ ਕਿੰਨੇ ਮਹਿੰਗੇ ਪੈਂਦੇ ਹੋਣਗੇ। ਜਮੀਨੀ ਮੁਕੱਦਮਿਆਂ ਵਿਚ ਦੂਜੀ ਧਿਰ ਸੂਬਾ ਸਰਕਾਰ ਹੀ ਹੁੰਦੀ ਸੀ।ਅਕਤੂਬਰ 1985 ਵਿਚ ਬੀਬੀ ਮਾਇਆਵਤੀ ਦੀ ਸੂਬਾ ਸਰਕਾਰ ਨੇ ਨੈਨੀਤਾਲ ਜ਼ਿਲੇ ਵਿਚ ਪੈਂਦੇ ਤਰਾਈ ਵਾਲੇ ਇਲਾਕੇ ਦਾ ਊਧਮ ਸਿੰਘ ਨਗਰ ਵੱਖਰਾ ਜ਼ਿਲਾ ਬਣਾ ਦਿੱਤਾ ਜਿਸ ਨਾਲ ਮੈਦਾਨੀ ਇਲਾਕੇ ਵਾਲਿਆਂ ਨੂੰ ਕੁਝ ਸੁਖ ਦਾ ਸਾਹ ਆਇਆ।ਪਰ ਪੰਜਾਬੀਆਂ ਦੀ ਇਹ ਖ਼ੁਸ਼ੀ ਬਹੁਤਾ ਚਿਰ ਨਾ ਰਹਿ ਸਕੀ। 1997 ਵਿਚ ਅਟੱਲ ਬਿਹਾਰੀ ਦੀ ਕੇਂਦਰ ਸਰਕਾਰ ਨੇ ਯੂ. ਪੀ. ਦੇ ਪਹਾੜੀ ਇਲਾਕੇ ਨੂੰ ਅੱਡ ਕਰਕੇ ਵੱਖਰਾ ਉੱਤਰਾਖੰਡ ਸੂਬਾ ਬਣਾਉਣ ਦੀ ਸਕੀਮ ਨਸ਼ਰ ਕਰਦਿਆਂ ਸੌ ਫੀਸਦੀ ਮੈਦਾਨੀ ਜ਼ਿਲੇ ਊਧਮ ਸਿੰਘ ਨਗਰ ਨੂੰ ਵੀ ਪਹਾੜੀ ਸੂਬੇ ਉੱਤਰਾਖੰਡ ਵਿਚ ਧੱਕਣ ਦਾ ਐਲਾਨ ਕਰ ਦਿੱਤਾ। ਬੱਸ, ਪਹਾੜ ਵਿਚ ਧੱਕੇ ਜਾਣ ਦੀ ਗੱਲ ਸੁਣਦਿਆਂ ਊਧਮ ਸਿੰਘ ਨਗਰ ਦੇ ਸਿੱਖਾਂ ਦੇ ਸਿਰ ਫਿਕਰਾਂ ਦਾ ਪਹਾੜ ਟੁੱਟ ਪਿਆ।ਉਹ ਜਾਣਦੇ ਸੀ ਕਿ ਪਹਾੜੀ ਸਾਡੇ ਨਾਲ ਖਾਰ ਰੱਖਦੇ ਨੇ, ਜਦੋਂ-ਜਦੋਂ ਵੀ ਮੁੱਖ ਮੰਤਰੀ ਪਹਾੜੀ ਬਣਦੇ ਰਹੇ ਨੇ ਉਦੋਂ ਉਦੋਂ ਹੀ ਸਰਕਾਰਾਂ ਨੇ ਉਨਾਂ ਨੂੰ ਹੋਰ ਤੰਗ ਕੀਤਾ ਹੈ, ਪਹਾੜੀ ਸੂਬਾ ਕਾਇਮ ਹੋਣ ਮਗਰੋਂ ਤਾਂ ਸ਼ੁੱਧ ਪਹਾੜੀਆਂ ਦਾ ਹੀ ਰਾਜ ਹੋ ਜਾਣਾ ਹੈ।ਇਹ ਉਨਾਂ ਦੇ ਫਿਕਰ ਦੀ ਵਜਾ ਸੀ । 1998 ਵਿਚ ਕੇਂਦਰ ਸਰਕਾਰ ਨੇ ਉੱਤਰਾਖੰਡ ਸੂਬਾ ਕਾਇਮ ਕਰਨ ਵਾਲਾ ਬਿੱਲ ਲੋਕ ਸਭਾ ਵਿਚ ਪੇਸ਼ ਕੀਤਾ ਪਰ ਪਾਸ ਹੋਣ ਤੋਂ ਪਹਿਲਾਂ ਹੀ ਸਰਕਾਰ ਟੁੱਟ ਗਈ ਤੇ ਲੋਕ ਸਭਾ ਵੀ ਨਾਲ ਹੀ ਭੰਗ ਹੋ ਗਈ।ਨਵੀਂ ਇਲੈਕਸ਼ਨ ਮਗਰੋਂ ਫੇਰ ਭਾਰਤੀ ਜਨਤਾ ਵਾਲੀ ਅਟੱਲ ਬਿਹਾਰੀ ਵਾਜਪਾਈ ਸਰਕਾਰ ਮੁੜ ਬਣ ਗਈ।ਨਵੰਬਰ 2000 'ਚ ਉੱਤਰਾਖੰਡ ਸੂਬਾ ਬਣ ਗਿਆ ਤੇ ਸਿੱਖਾਂ ਦੇ ਤਿੱਖੀ ਮੁਖ਼ਾਲਫ਼ਤ ਦੇ ਬਾਵਜੂਦ ਊਧਮ ਸਿੰਘ ਨਗਰ ਜ਼ਿਲਾ ਵੀ ਉੱਤਰਾਖੰਡ ਵਿਚ ਸ਼ਾਮਲ ਕਰ ਦਿੱਤਾ ਗਿਆ ।

1997 ਵਿਚ ਊਧਮ ਸਿੰਘ ਜ਼ਿਲੇ ਨੂੰ ਉੱਤਰਾਖੰਡ ਵਿਚ ਸ਼ਾਮਲ ਕਰਨ ਦੇ ਐਲਾਨ ਤੋਂ ਲੈ ਕੇ ਨਵੰਬਰ 2000 ਵਿਚ ਇਹਦੇ ਤੇ ਅਮਲ ਹੋਣ ਤੱਕ ਦੇ ਤਿੰਨ ਸਾਲਾਂ ਵਿਚ ਇੱਥੋਂ ਦੇ ਸਿੱਖ ਲਗਾਤਾਰ ਹਾਲ ਪਾਰਿਆ ਕਰਦੇ ਰਹੇ ਤੇ ਉਨਾਂ ਦੇ ਕਈ ਵਫ਼ਦ, ਦੁਨੀਆ ਭਰ ਦੇ ਸਿੱਖਾਂ ਦੀ ਨੁਮਾਇੰਦਾ ਜਮਾਤ ਅਖਵਾਉਂਦੇ ਤੇ ਦਿੱਲੀ ਵਾਲੀ ਵਾਜਪਾਈ ਸਰਕਾਰ ਵਿਚ ਹਿੱਸੇਦਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਮਿਲੇ। ਇਸ ਨੂੰ ਤਰਾਈ ਦੇ ਸਿੱਖਾਂ ਨਾਲ ਧੱਕਾ ਮੰਨ ਕੇ ਤਿੰਨ ਸਾਲ ਇਹ ਮਾਮਲਾ ਭਖਿਆ ਰਿਹਾ। ਬਾਦਲ ਸਾਹਿਬ ਅਤੇ ਅਕਾਲੀ ਦਲ ਦੇ ਵੱਡੇ ਲੀਡਰਾਂ ਵੱਲੋਂ ਦਿੱਤੇ ਗਏ ਭਰੋਸੇ ਵੀ ਤਿੰਨ ਸਾਲ ਲਗਾਤਾਰ ਅਖ਼ਬਾਰਾਂ ਵਿੱਚ ਛਪਦੇ ਰਹੇ ਕਿ ਊਧਮ ਸਿੰਘ ਨਗਰ ਨੂੰ ਉੱਤਰਾਖੰਡ ਵਿੱਚ ਨਹੀਂ ਜਾਣ ਦਿੱਤਾ ਜਾਵੇਗਾ।ਪੰਜਾਬ ਵਿਚ ਬਾਦਲ ਸਾਹਿਬ ਦੇ ਸਿਆਸੀ ਵਿਰੋਧੀਆਂ ਵੱਲੋਂ ਵੀ ਇਸ ਮਾਮਲੇ ਤੇ ਬਾਦਲ ਸਾਹਿਬ ਤੇ ਗ਼ੈਰ ਗੰਭੀਰ ਹੋਣ ਦੇ ਇਲਜਾਮ ਵੀ ਲਗਾਤਾਰ ਤਿੰਨ ਸਾਲ ਅਖ਼ਬਾਰਾਂ ਦੀਆਂ ਖਬਰਾਂ ਬਣਦੇ ਰਹੇ।ਪੰਜਾਬ ਵਿਚ ਕੋਈ ਵੀ ਛੋਟਾ ਵੱਡਾ ਸਿਆਸੀ ਇਕੱਠ ਅਜਿਹਾ ਨਹੀਂ ਸੀ ਹੁੰਦਾ ਜਿਸਦੇ ਵਿਚ ਇਹ ਮਾਮਲਾ ਪੂਰੀ ਸ਼ਿੱਦਤ ਨਾਲ ਨਾ ਉਭਾਰਿਆ ਜਾਂਦਾ ਹੋਵੇ। ਸੈਂਟਰ ਸਰਕਾਰ ਵੱਲੋਂ ਇਸ ਮਾਮਲੇ 'ਤੇ ਕੇਂਦਰੀ ਵਜ਼ੀਰ ਮਿਸਟਰ ਜਾਰਜ਼ ਫਰਨਾਂਡੇਸ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਬਣਾਈ ਜਿਸ ਦੇ ਮੈਂਬਰ ਸ੍ਰ ਪ੍ਰਕਾਸ਼ ਸਿੰਘ ਬਾਦਲ ਅਤੇ ਯੂ.ਪੀ. ਦੇ ਮੁੱਖ ਮੰਤਰੀ ਕਲਿਆਣ ਸਿੰਘ ਸਨ। ਜਦੋਂ ਇੱਕ ਸ਼ਾਮ ਮੈਨੂੰ ਪਤਾ ਲੱਗਿਆ ਕਿ ਇਹ ਕਮੇਟੀ ਜਾਇਜ਼ਾ ਲੈਣ ਲਈ ਭਲ਼ਕੇ ਸਵੇਰੇ ਸਵੇਰੇ ਪੰਤਨਗਰ ਯੂਨੀਵਰਸਿਟੀ ਵਿਚ ਪਹੁੰਚ ਰਹੀ ਹੈ ਤਾਂ ਕੁਝ ਘੰਟਿਆਂ ਦੇ ਨੋਟਿਸ ਤੇ ਹੀ ਲਗਭਗ 50 ਹਜ਼ਾਰ ਊਧਮ ਸਿੰਘ ਨਗਰ ਜ਼ਿਲੇ ਦੇ ਸਿੱਖ ਉੱਥੇ ਇਹ ਦੱਸਣ ਵਾਸਤੇ ਇਕੱਠੇ ਹੋ ਗਏ ਕਿ ਅਸੀਂ ਉੱਤਰਾਖੰਡ ਵਿਚ ਨਹੀਂ ਜਾਣਾ ਚਾਹੁੰਦੇ। ਹੈਲੀਕਾਪਟਰ ਰਾਹੀਂ ਪੁੱਜੀ ਇਹ ਕਮੇਟੀ ਕਿਸੇ ਦੀ ਗੱਲ ਸੁਣੇ ਤੋਂ ਬਿਨਾਂ ਹੀ ਵਾਪਸ ਮੁੜ ਆਈ ਸੀ। ਹਾਲਾਂਕਿ ਇਹ ਲੋਕ ਆਪਦੀ ਮੰਗ ਦੇ ਹੱਕ ਊਧਮ ਸਿੰਘ ਨਗਰ ਜ਼ਿਲੇ ਦੀਆਂ 93 ਫੀਸਦ ਪੰਚਾਇਤਾਂ ਵੱਲੋਂ ਪਾਸ ਕੀਤੇ ਗਏ ਮਤੇ ਕਮੇਟੀ ਨੂੰ ਦਿਖਾਉਣ ਲਈ ਨਾਲ਼ ਲੈ ਕੇ ਗਏ ਸੀ। ਇਨਾਂ ਗੱਲਾਂ ਦਾ ਜ਼ਿਕਰ ਕਰਨ ਦਾ ਮਤਲਬ ਇਹ ਦੱਸਣਾ ਹੈ ਤਰਾਈ ਦੇ ਸਿੱਖਾਂ ਨੇ ਆਪਣੀਆਂ ਜਮੀਨਾਂ ਵਾਲੇ ਇਲਾਕੇ ਨੂੰ ਉੱਤਰਾਖੰਡ ਵਿੱਚ ਜਾਣੋ ਰੋਕਣ ਲਈ ਕਿੰਨੀ ਵਾਹ ਲਾਈ ਸੀ।ਇਹ ਕੰਮ ਸੈਂਟਰ ਦੀ ਅਟੱਲ ਬਿਹਾਰੀ ਸਰਕਾਰ ਦੇ ਹੱਥ ਵੱਸ ਸੀ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਹਿੱਸੇਦਾਰ ਸੀ ਤੇ ਵਾਜਪਾਈ ਵਾਲੀ ਪਾਰਟੀ ਬੀ ਜੇ ਪੀ ਪੰਜਾਬ ਵਾਲੀ ਬਾਦਲ ਸਰਕਾਰ ਵਿਚ ਭਾਈਵਾਲ ਸੀ। ਉਸ ਵੇਲੇ ਦੀਆਂ ਸਿਆਸੀ ਲੋੜਾਂ ਮੁਤਾਬਕ ਬੀ ਜੇ ਪੀ ਵੱਲੋਂ ਅਕਾਲੀ ਦਲ ਨੂੰ ਨਰਾਜ਼ ਕਰਨਾ ਵਾਰਾ ਨਹੀਂ ਸੀ ਖਾਂਦਾ। ਸੋ ਤਰਾਈ ਦੇ ਸਿੱਖਾਂ ਦੀ ਸਾਰੀ ਟੇਕ ਬਾਦਲ ਸਾਹਿਬ 'ਤੇ ਹੀ ਸੀ । ਬਾਦਲ ਸਾਹਿਬ ਕੋਲ ਉਨਾਂ ਨੇ ਕਿਸ ਕਦਰ ਹਾਲ ਪਾਹਰਿਆ ਕੀਤੀ ਜਿਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਜਦੋਂ 1997 ਵਿਚ ਤਰਾਈ ਦੇ ਸਿੱਖਾਂ ਦਾ ਇੱਕ ਵਫ਼ਦ ਬਾਦਲ ਸਾਹਿਬ ਨੂੰ ਮਿਲਣ ਚੰਡੀਗੜ ਆਇਆ ਤਾਂ ਉੱਥੇ ਇੱਕ ਮਨ ਗੁੰਨੇ ਜਾਣ ਵਾਲੀ ਘਟਨਾ ਸਾਹਮਣੇ ਆਈ । ਵਫ਼ਦ ਵਿਚ ਸ਼ਾਮਲ ਬਾਜਪੁਰ ਤਹਿਸੀਲ ਵਿਚਲੇ ਛੇਤਰੀ ਫ਼ਾਰਮ ਦੇ ਕਿਸਾਨ ਸ੍ਰ ਹਰਨੇਕ ਸਿੰਘ ਰੰਧਾਵਾ ਸਨ। ਸਰਦਾਰ ਕੁੰਦਨ ਸਿੰਘ ਰੰਧਾਵਾ ਨੇ ਆਪਦੀ ਪੱਗ ਲਾਹ ਬਾਦਲ ਸਾਹਿਬ ਮੂਹਰੇ ਪਏ ਮੇਜ਼ ਤੇ ਰੱਖ ਕੇ ਬਾਦਲ ਸਾਹਿਬ ਨੂੰ ਮੁਖਾਤਿਬ ਹੁੰਦਿਆਂ ਕਿਹਾ 'ਸਰਦਾਰਾ! ਰੱਬ ਦੇ ਵਾਸਤੇ ਸਾਨੂੰ ਬਚਾ ਲੈ। ਸਾਡੀ ਪੱਗ ਦੀ ਸਲਾਮਤੀ ਹੁਣ ਤੇਰੇ ਹੱਥ-ਵੱਸ ਹੈ। ਸਾਡੀਆਂ ਆਉਂਦੀਆਂ ਨਸਲਾਂ ਤੇਰਾ ਅਹਿਸਾਨ ਚੇਤੇ ਰੱਖਣਗੀਆਂ।'

ਹੁਣ ਗੱਲ ਕਰੀਏ ਮੁੱਢ ਵਿਚ ਛੇੜੀ ਗਈ ਸ਼ੇਰ ਮਾਰਨ ਵਾਲੇ ਵਾਅਕੇ ਦੀ ।ਇਹ ਘਟਨਾ ਤਾਂ ਥੋੜੇ ਲਫ਼ਜ਼ਾਂ ਵਿੱਚ ਹੀ ਲਿਖੀ ਜਾ ਸਕਦੀ ਸੀ ਪਰ ਇਹਦੀ ਅਹਿਮੀਅਤ ਦੱਸਣ ਲਈ ਇਹਦੀ ਬੈਕ-ਗਰਾਉਂਡ ਦੇਣੀ ਜ਼ਰੂਰੀ ਸੀ। ਇਹ ਦੱਸਣਾ ਜ਼ਰੂਰੀ ਸੀ ਕਿ ਊਧਮ ਸਿੰਘ ਨਗਰ ਜ਼ਿਲੇ ਦੇ ਸਿੱਖ ਉਤਰਾਖੰਡ ਵੱਲ ਤਾਂ ਨਹੀਂ ਸੀ ਜਾਣਾ ਚਾਹੁੰਦੇ ਕਿ ਉੱਥੇ ਉਨਾਂ ਨੂੰ ਆਪਣੀਆਂ ਜ਼ਮੀਨਾਂ ਖੁੱਸਣ ਦਾ ਡਰ ਸਤਾ ਰਿਹਾ ਸੀ। ਜਦੋਂ ਉਨਾਂ ਦੇ ਹੱਕ ਵਿਚ ਬਿਆਨਬਾਜੀ ਹੁੰਦੀ ਸੀ ਤਾਂ ਜ਼ਮੀਨਾਂ ਖੁੱਸਣ ਵਾਲੇ ਨਜ਼ਰੀਏ ਤੋਂ ਹੀ ਹੁੰਦੀ ਸੀ। ਜ਼ਮੀਨਾਂ 'ਤੇ ਸਿੱਖਾਂ ਦਾ ਹੱਕ ਹੋਣ ਦੀ ਵਜ਼ਾਹਤ ਇਹ ਕਹਿ ਕੇ ਕੀਤੀ ਜਾਂਦੀ ਸੀ ਕਿ ਸਿੱਖਾਂ ਨੇ ਸ਼ੇਰਾਂ ਨਾਲ਼ ਲੜ ਕੇ ਇਹ ਜ਼ਮੀਨਾਂ ਅਬਾਦ ਕੀਤੀਆਂ ਹਨ ।ਸੋ ਊਧਮ ਸਿੰਘ ਨਗਰ ਜਿਲੇ ਬਾਬਤ 1997 ਤੋਂ 2000 ਤੱਕ ਲਗਾਤਾਰ ਤਿੰਨ ਸਾਲ ਲਗਾਤਾਰ ਛਪੀਆਂ ਖ਼ਬਰਾਂ ਵਿਚ ਕੋਈ ਖ਼ਬਰ ਅੱਜ ਅਜਿਹੀ ਨਹੀਂ ਸੀ ਜਿਸ ਵਿਚ ਸਿੱਖਾਂ ਵੱਲੋਂ ਸ਼ੇਰਾਂ ਮੂਹਰੇ ਹਿੱਕਾਂ ਡਾਹੁਣ ਜਾਂ ਸ਼ੇਰਾਂ ਦੇ ਮੁਕਾਬਲਿਆਂ ਦਾ ਜ਼ਿਕਰ ਨਾ ਹੋਵੇ।ਹੁਣ ਵੀ ਜਦੋਂ ਉੱਤਰਾਖੰਡ ਸੂਬੇ ਵਿਚ ਸਿੱਖਾਂ ਨੂੰ ਜ਼ਮੀਨਾਂ ਵਿਚੋਂ ਬੇਦਖ਼ਲ ਕਰਨ ਦੀ ਖ਼ਬਰ ਆਉਂਦੀ ਹੈ ਤਾਂ ਇਹਦੀ ਨਿਖੇਧੀ ਕਰਨ ਵਾਲੇ ਬਿਆਨਾਂ ਵਿੱਚ ਸ਼ੇਰਾਂ ਨਾਲ ਮੁਕਾਬਲੇ ਦਾ ਜ਼ਿਕਰ ਲਾਜ਼ਮੀ ਹੁੰਦਾ ਹੈ। ਹੋ ਸਕਦਾ ਹੈ ਕਿ ਬਹੁਤ ਸਾਰੇ ਲੋਕਾਂ ਦੇ ਮਨ ਨੂੰ ਇਹ ਗੱਲ ਨਾ ਜਚੇ ਕਿ ਲੋਕ ਆਪਣੀ ਮਰਜ਼ੀ ਨਾਲ ਅਜਿਹੇ ਜੰਗਲ਼ ਵਿਚ ਜਾ ਵਸਣ ਜਿੱਥੇ ਸ਼ੇਰ ਆਮ ਹੀ ਤੁਰੇ ਫਿਰਦੇ ਹੋਣ।ਇਸੇ ਗੱਲ ਦੀ ਤਸਦੀਕ ਕਰਨ ਖ਼ਾਤਰ ਹੀ ਹੈ ਸ਼ੇਰ ਮਾਰਨ ਵਾਲਾ ਇਹ ਵਾਅਕਾ।

ਮੇਰੇ ਨਾਨਾ ਜੀ, ਸਰਦਾਰ ਜਗੀਰ ਸਿੰਘ ਗਰੇਵਾਲ਼ ਦਾ ਜੱਦੀ ਪਿੰਡ ਲੁਧਿਆਣੇ ਜਿਲੇ ਵਿਚ ਗੁੱਜਰਵਾਲ ਸੀ ਜੋ ਫੌਜ ਵਿੱਚੋਂ 1948 ਵਿਚ ਜਮਾਂਦਾਰ ਰੈਂਕ ਦੀ ਪੈਨਸ਼ਨ ਆਏ ਸਨ ਤੇ ਉਨਾਂ ਤੋਂ ਇੱਕ ਸਾਲ ਪਹਿਲਾਂ ਉਨਾਂ ਦੀ ਹੀ ਫ਼ੌਜੀ ਯੂਨਿਟ ਵਾਲੇ ਇੱਕ ਦੋਸਤ ਤੇ ਲੁਧਿਆਣੇ ਜ਼ਿਲੇ ਵਿਚ ਪੈਂਦੇ ਪਿੰਡ ਕਨੇਚ ਦੇ ਸਰਦਾਰ ਬਚਨ ਸਿੰਘ ਭੰਡਾਲ਼ ਵੀ ਜਮਾਂਦਾਰ ਰੈਂਕ ਦੀ ਪੈਨਸ਼ਨ ਆਏ।ਦੋਵਾਂ ਨੇ ਰਲ਼ ਕੇ ਨੈਨੀਤਾਲ ਜ਼ਿਲੇ ਦੀ ਤਹਿਸੀਲ ਬਾਜਪੁਰ ਵਿਚ ਜ਼ਮੀਨ ਅਲਾਟ ਕਰਵਾ ਲਈ, 1948 ਵਿੱਚ ਹੀ ਜਿੱਥੇ ਅੱਜ-ਕੱਲ ਸੰਤੋਸ਼ਪੁਰ ਫਾਰਮ ਹੈ। ਮੇਰਾ ਜਨਮ ਵੀ 1960 ਨੂੰ ਇੱਥੇ ਹੀ ਹੋਇਆ।ਛੋਟੇ ਹੁੰਦਿਆਂ ਹੀ ਮਾਤਾ ਤੋਂ ਨਾਨਕੀਂ ਆਮ ਫਿਰਦੇ ਸ਼ੇਰਾਂ ਦੀਆਂ ਗੱਲਾਂ ਸੁਨਣ ਨੂੰ ਮਿਲਦੀਆਂ ਹੁੰਦੀਆਂ ਸੀ।ਇਹ ਵੀ ਸੁਣਦੇ ਹੁੰਦੇ ਸੀ ਓਥੇ ਸ਼ੇਰਾਂ ਨੂੰ ਡਰਾਉਣ ਲਈ ਅੱਗ ਬਾਲ਼ਕੇ ਘਰਾਂ ਨੇੜੇ ਰੱਖਦੇ ਹੁੰਦੇ ਸੀ, ਲਾਲਟੈਣਾਂ ਵੀ ਸਾਰੀ ਸਾਰੀ ਰਾਤ ਜਗਾ ਕੇ ਰੱਖਣੀਆਂ ਪੈਂਦੀਆਂ ਸੀ, ਕਿਉਂਕਿ ਸ਼ੇਰ ਅੱਗ ਤੋਂ ਡਰਦਾ ਹੈ।

1955 ਦੀ ਗੱਲ ਹੈ, 2 ਕਿੱਲੋਮੀਟਰ ਦੂਰ ਵਸਦਾ ਇੱਕ ਰਾਏ ਸਿੱਖ ਸਰਦਾਰ ਅਰਜਨ ਸਿੰਘ ਮੇਰੇ ਨਾਨਾ ਜੀ ਕੋਲ ਆਇਆ ਤੇ ਕਹਿਣ ਲੱਗਿਆ ਕਿ ,'ਜਮਾਂਦਾਰ ਸਾਹਿਬ, ਇੱਕ ਸ਼ੇਰ ਤੋਂ ਅਸੀਂ ਬਹੁਤ ਤੰਗ ਆਏ ਬੈਠੇ ਹਾਂ । ਨਿੱਤ ਸਾਡੇ ਇੱਕ ਡੰਗਰ ਨੂੰ ਖਾ ਜਾਂਦਾ ਹੈ। ਅੱਜ ਇੱਕ ਵੱਛੇ ਨੂੰ ਫੜ ਲਿਆ ਸੀ, ਅਸੀਂ ਮਸਾਂ ਰੌਲ਼ਾ ਗੌਲ਼ਾ ਕਰ ਕੇ ਇੱਕ ਵਾਰ ਵੱਛਾ ਤਾਂ ਛੁਡਾ ਲਿਆ, ਸੋ ਤੁਸੀਂ ਮੇਹਰਬਾਨੀ ਕਰਕੇ ਇਹਦਾ ਪੱਕਾ ਹੱਲ ਕਰੋ।ਤੁਹਾਡੇ ਕੋਲ਼ ਅਸਲਾ ਜੋ ਹੈ।' ਮੇਰੇ ਨਾਨੇ ਨੇ ਆਪਦੇ ਭਾਈਵਾਲ ਜਮਾਂਦਾਰ ਸਰਦਾਰ ਬਚਨ ਸਿੰਘ ਦੇ 16 ਸਾਲਾ ਅਣਦਾੜੀਏ ਬੇਟੇ ਸਰਦਾਰ ਭੁਪਿੰਦਰ ਸਿੰਘ ਨੂੰ ਨਾਲ਼ ਲਿਆ ਤੇ ਸਰਦਾਰ ਅਰਜਨ ਸਿੰਘ ਨਾਲ ਹੋ ਤੁਰੇ। ਦੋਵਾਂ ਕੋਲ਼ 1948 ਵਿਚ ਖਰੀਦੀਆਂ ਇੰਡੀਅਨ ਔਰਡੀਨੈਂਸ ਕੰਪਨੀ ਦੀਆਂ 12 ਬੋਰ ਦੋਨਾਲ਼ੀ ਰਫ਼ਲਾਂ ਤੇ ਐਲੀ ਅਲਫਾਮੈਕਸ ਕੰਪਨੀ ਵਾਲੇ ਬਰਤਾਨੀਆ ਵਿਚ ਬਣੇ ਹੋਏ ਐਲ ਜੀ ਕਾਰਤੂਸ ਸਨ।ਅੱਗੇ ਜਾ ਇੱਕ ਕੰਬੋ ਸਿੱਖ ਬਰੈਹਣੀ ਵਾਲੇ ਅਮਰ ਸਿੰਘ ਨੂੰ ਵੀ ਨਾਲ ਲਿਆ, ਉਨਾਂ ਕੋਲ਼ ਵੀ ਦੋ ਨਾਲ਼ੀ ਬਾਰਾਂ ਬੋਰ ਦੀ ਬੰਦੂਕ ਸੀ।

ਜਿੱਥੇ ਸ਼ੇਰ ਨੇ ਵੱਛਾ ਜਖਮੀ ਕੀਤਾ ਸੀ ਉਹਦੇ ਨੇੜੇ ਹੀ ਦੋ ਦਰੱਖਤਾਂ ਤੇ ਬਾਂਸਾਂ ਦਾ ਮਚਾਨ ਬੰਨ ਲਿਆ । ਜ਼ਖਮੀ ਵੱਛਾ ਘੜੀਸ ਕੇ ਇਹ ਸੋਚ ਮਚਾਨ ਦੇ ਨੇੜੇ ਕਰ ਲਿਆ ਕੇ ਸ਼ੇਰ ਜ਼ਖਮੀ ਸ਼ਿਕਾਰ ਨੂੰ ਖਾਣ ਵਾਸਤੇ ਮੁੜ ਉਸੇ ਜਗਾ 'ਤੇ ਆਊਗਾ ।ਫੇਰ ਤਿੰਨੇ ਜਾਣੇ ਖਾਣ-ਪੀਣ ਦਾ ਰਾਸ਼ਨ ਤੇ ਅਸਲਾ ਚੱਕ ਕੇ ਮਚਾਨ ਉੱਤੇ ਚੜ ਬੈਠੇ। ਇਹ ਜਗਾ ਬਾਜਪੁਰ-ਕਾਲ਼ਾਢੂੰਘੀ ਰੋਡ ਤੇ ਬਰੈਹਣੀ ਚੌਂਕ ਨੇੜੇ ਪੈਂਦੀ ਹੈ। ਰਾਤ ਵੇਲੇ ਸ਼ੇਰ ਮੁੜ ਆਇਆ ਤੇ ਜਖਮੀ ਵੱਛੇ ਨੂੰ ਮੂੰਹ ਪਾ ਲਿਆ। ਵੱਛੇ ਨੇ ਵੀ ਕੁਛ ਚੀਕ ਚਿਹਾੜਾ ਪਾਇਆ ਤਾਂ ਮਚਾਨ ਵਾਲੇ ਅਲਰਟ ਹੋਏ। ਟਾਰਚ ਦੀ ਲਾਈਟ ਮਾਰੀ ਤਾਂ ਸ਼ੇਰ ਨਜ਼ਰ ਆਇਆ। ਸਰਦਾਰ ਅਮਰ ਸਿੰਘ ਨੇ ਫ਼ੌਰਨ ਇੱਕ ਫਾਇਰ ਸ਼ੇਰ ਵੱਲ ਮਾਰਿਆ ਜੋ ਨਿਸ਼ਨਿਓਂ ਖੁੰਜ ਗਿਆ। ਐਧਰ ਓਧਰ ਲਾਈਟ ਮਾਰ ਕੇ ਦੇਖੀ ਤਾਂ ਸ਼ੇਰ ਕਿਧਰੇ ਨਜ਼ਰ ਨਾ ਆਇਆ।

ਸਵੇਰੇ ਮੂੰਹ-ਹਨੇਰੇ ਮਚਾਨ ਤੋਂ ਪਹਿਲਾਂ ਭੁਪਿੰਦਰ ਸਿੰਘ ਆਪਦੀ ਤੇ ਜਗੀਰ ਸਿੰਘ ਦੀ ਰਫ਼ਲ ਲੈ ਕੇ ਹੇਠਾਂ ਉੱਤਰੇ ਫੇਰ ਅਮਰ ਸਿੰਘ ਉੱਤਰੇ। ਭੁਪਿੰਦਰ ਸਿੰਘ ਨੇ ਅਮਰ ਸਿੰਘ ਨੂੰ ਕਿਹਾ ਆਓ ਆਪਾਂ ਏਧਰ ਓਧਰ ਨਿਗਾ ਮਾਰ ਕੇ ਦੇਖੀਏ, ਹੋ ਸਕਦਾ ਹੈ ਕਿ ਰਾਤ ਵਾਲੇ ਫਾਇਰ ਨਾਲ ਸ਼ੇਰ ਕਿਤੇ ਜ਼ਖਮੀ ਹਾਲਤ ਵਿੱਚ ਨਾ ਪਿਆ ਹੋਵੇ ਪਰ ਅਮਰ ਸਿੰਘ ਨੇ ਇਸ ਸੰਭਾਵਨਾ ਨੂੰ ਮਜ਼ਾਕ ਵਜੋਂ ਲਿਆ। ਸ਼ੇਰ ਦੀ ਇਹ ਫ਼ਿਤਰਤ ਹੈ ਕਿ ਉਹ ਘਾਤ ਲਾ ਕੇ ਹਮਲਾ ਕਰਦਾ ਹੈ। ਬਿੱਲੀ ਵਾਂਗੂੰ ਸ਼ਿਕਾਰ ਦੇ ਨੇੜੇ ਵੀ ਦੱਬਵੇਂ ਪੈਰੀਂ ਜਾਂਦਾ ਹੈ ਜੇ ਸ਼ਿਕਾਰ ਖੁਦ ਓਹਦੇ ਵੱਲ ਨੂੰ ਆ ਰਿਹਾ ਹੋਵੇ ਤਾਂ ਓਨਾ ਚਿਰ ਕੋਈ ਹਿਲ-ਜੁਲ ਨਹੀਂ ਕਰਦਾ ਜਿੰਨਾ ਚਿਰ ਓਹਦੀ ਐਨ ਮਾਰ ਹੇਠ ਨਾ ਆ ਜਾਵੇ ।ਅਮਰ ਸਿੰਘ ਨਾਲ ਅਜੇ ਗੱਲ ਹੋ ਹੀ ਰਹੀ ਸੀ ਇਸੇ ਦੌਰਾਨ ਭੁਪਿੰਦਰ ਸਿੰਘ ਨੂੰ ਘਾਹ-ਫੂਸ ਵਿਚ ਬੈਠਾ ਸ਼ੇਰ ਨਜ਼ਰ ਪੈ ਗਿਆ ਤੇ ਉਹਨੇ ਜਗੀਰ ਸਿੰਘ ਵਾਲੀ ਰਫ਼ਲ ਇੱਕ ਪਾਸੇ ਸਿੱਟ ਆਪਦੀ ਰਫ਼ਲ ਨਾਲ ਇੱਕ-ਦਮ ਸ਼ੇਰ ਤੇ ਦੋ ਗੋਲ਼ੀਆਂ ਦਾਗ ਦਿੱਤੀਆਂ ਤੇ ਸ਼ੇਰ ਉੱਠ ਖੜਾ ਹੋਇਆ ਇੰਨੇ ਨੂੰ ਅਮਰ ਸਿੰਘ ਨੇ ਵੀ ਸ਼ੇਰ ਤੇ ਦੋ ਫਾਇਰ ਕੀਤੇ ਜੋ ਉਸ ਦੇ ਵੱਜ ਵੀ ਗਏ ਪਰ ਸ਼ੇਰ ਮਰਿਆ ਨਾ।ਬੰਦੂਕਾਂ ਵਿਚ ਦੁਬਾਰਾ ਕਾਰਤੂਸ ਪਾਉਣ ਦਾ ਟਾਈਮ ਹੀ ਨਹੀਂ ਸੀ, ਕਿਉਂਕਿ ਸ਼ੇਰ ਤਾਂ ਉਨਾਂ ਦੇ ਜਮਾਂ ਹੀ ਨੇੜੇ ਆ ਚੁੱਕਿਆ ਸੀ। ਓਸ ਪਲ ਤਾਂ ਦੋਵਾਂ ਨੂੰ ਆਪਦਾ ਕੰਮ ਤਮਾਮ ਹੁੰਦਾ ਜਾਪਿਆ, ਪਰ ਉਨਾਂ ਦੇ ਕੁਝ ਸਕਿੰਟ ਬਾਅਦ ਜਗੀਰ ਸਿੰਘ ਵੀ ਮਚਾਨ ਤੋਂ ਉੱਤਰ ਚੁੱਕੇ ਸਨ, ਪਰ ਉਹ ਖਾਲੀ ਹੱਥ ਸਨ, ਕਿਉਂਕਿ ਉਨਾਂ ਦੀ ਰਫ਼ਲ ਤਾਂ ਭੁਪਿੰਦਰ ਸਿੰਘ ਪਹਿਲਾਂ ਹੀ ਨਾਲ ਲੈ ਕੇ ਥੱਲੇ ਉਤਰੇ ਸੀ । ਭੁਪਿੰਦਰ ਸਿੰਘ ਨੇ ਆਪਦੀ ਰਫ਼ਲ ਨਾਲ ਸ਼ੇਰ ਤੇ ਫਾਇਰ ਕਰਨ ਵੇਲੇ ਧਰਤੀ ਉਪਰ ਸਿੱਟ ਦਿੱਤੀ ਸੀ ਜੋ ਜਗੀਰ ਸਿੰਘ ਨੂੰ ਨਜ਼ਰ ਆਈ ਤੇ ਉਨਾਂ ਨੇ ਚੱਕ ਲਈ।ਸ਼ੇਰ ਜਗੀਰ ਸਿੰਘ ਤੋਂ ਸਿਰਫ 10 (ਦੱਸ) ਫੁੱਟ ਦੂਰੀ 'ਤੇ ਆ ਚੁੱਕਿਆ ਸੀ ਤੇ ਓਹਨੇ ਜੇਤੂ ਅੰਦਾਜ਼ ਵਿਚ ਬੜਕ ਮਾਰਨ ਵਾਸਤੇ ਮੂੰਹ ਅੱਡ ਲਿਆ, ਉਸੇ ਪਲ ਜਗੀਰ ਸਿੰਘ ਵੱਲੋਂ ਕੀਤਾ ਹੋਇਆ ਫਾਇਰ ਸ਼ੇਰ ਦੇ ਸੰਘ ਵਿਚ ਵੱਜਿਆ ਤੇ ਉਹ ਥਾਏਂ ਢੇਰੀ ਹੋ ਗਿਆ।ਜੇ ਫਾਇਰ ਹੋਣ ਵਿਚ ਇੱਕ ਸਕਿੰਟ ਦੇ ਦਸਵੇਂ ਹਿੱਸੇ ਜਿੰਨੀ ਵੀ ਦੇਰ ਹੋ ਜਾਂਦੀ ਤਾਂ ਜਗੀਰ ਸਿੰਘ ਦਾ ਸ਼ੇਰ ਹੱਥੋਂ ਮਰਨਾ ਤਾਂ ਤੈਅ ਹੈ ਸੀ ਹੋ ਸਕਦਾ ਸ਼ੇਰ ਬਾਕੀ ਦੋਵਾਂ ਜਣਿਆਂ ਨੂੰ ਵੀ ਨਾ ਛੱਡਦਾ।

ਇਹ ਵਾਅਕਾ ਸਭ ਤੋਂ ਪਹਿਲਾਂ ਮੈਂ ਛੋਟੇ ਹੁੰਦੇ ਆਪਦੀ ਮਾਤਾ ਸਰਦਾਰਨੀ ਗੁਰਦਿਆਲ ਕੌਰ ਤੋਂ ਸੁਣਿਆ ਸੀ, ਵੱਡਾ ਹੋ ਕੇ ਆਪਣੇ ਨਾਨੇ ਸਰਦਾਰ ਜਗੀਰ ਸਿੰਘ ਤੋਂ ।ਮੇਰੇ ਨਾਨਾ ਜੀ ਨਾਲ ਸ਼ੇਰ ਮਾਰਨ ਵਾਲੇ ਸਾਰੇ ਔਪਰੇਸ਼ਨ ਵਿਚ ਖ਼ੁਦ ਸ਼ਾਮਲ ਹੋਏ ਸਾਬਕਾ ਸਰਪੰਚ ਸਰਦਾਰ ਭੁਪਿੰਦਰ ਸਿੰਘ ਅੱਜ ਕੱਲ ਬਾਜਪੁਰ ਤਹਿਸੀਲ ਦੇ ਸੰਤੋਸ਼ਪੁਰ ਫ਼ਾਰਮ ਵਿਚ ਰਹਿ ਰਹੇ ਹਨ। ਆਪਣੀ ਯਾਦਾਸ਼ਤ ਰੀਫਰੈਸ਼ ਕਰਨ ਵਾਸਤੇ 65 ਸਾਲ ਪੁਰਾਣੀ ਸਾਰੀ ਗੱਲਬਾਤ ਇੱਕ ਵਾਰ ਉਨਾਂ ਦੀ ਹੀ ਜੁਬਾਨੀ ਹਾਲੀਆ ਦਿਨਾਂ ਦੌਰਾਨ ਹੀ ਸੁਣੀ ਹੈ।

ਬਾਜਪੁਰ ਨੇੜੇ ਬਿਰਾਹਾ ਫ਼ਾਰਮ ਵਾਲੇ 70 ਸਾਲਾ ਸਰਦਾਰ ਬਲਜਿੰਦਰ ਸਿੰਘ ਸੋਹੀ ਦੱਸਦੇ ਹਨ ਕਿ ਇੱਥੇ ਸ਼ੇਰਾਂ ਚੀਤਿਆਂ ਦਾ ਘੁੰਮਣਾ ਫਿਰਨਾ ਤਾਂ ਆਮ ਗੱਲ ਸੀ। ਬਾਜਪੁਰ ਨੇੜੇ ਰਾਣਾ ਫ਼ਾਰਮ ਦੇ ਜੰਮਪਲ ਪੰਜਾਬ ਦੇ ਸਾਬਕਾ ਵਜ਼ੀਰ ਸਰਦਾਰ ਗੁਰਜੀਤ ਸਿੰਘ ਰਾਣਾ 1953 ਵਿਚ ਜਦੋਂ ਬਚਪਨ ਵੇਲੇ ਆਪਣੀ ਮਾਤਾ ਸਰਦਾਰਨੀ ਰਾਣਾ ਰਤਨ ਕੌਰ ਨਾਲ ਰਾਤ ਵੇਲੇ ਮੰਜੇ ਤੇ ਪਏ ਸਨ ਤਾਂ ਇੱਕ ਚੀਤੇ ਨੇ ਆ ਕੇ ਮਾਤਾ ਦੇ ਪੈਰ ਨੂੰ ਬੁਰਕ ਮਾਰਿਆ, ਚੀਕ ਚਿਹਾੜਾ ਸੁਣ ਕੇ ਇਕੱਠੇ ਹੋਏ ਬੰਦਿਆਂ ਕਰਕੇ ਬਚਾ ਹੋ ਗਿਆ। ਬਲਜਿੰਦਰ ਸਿੰਘ ਸੋਹੀ ਨੇ ਦੱਸਿਆ ਕਿ, 'ਸਾਡੇ ਕਈ ਡੰਗਰ ਸ਼ੇਰਾਂ ਨੇ ਖਾ ਲਏ ਸੀ। ਇੱਕ ਵਾਰ 1955 ਵਿਚ ਸ਼ਿਕਾਰ ਕਰ ਰਹੇ ਅੰਗਰੇਜ਼ ਇੱਕ ਸ਼ੇਰ ਮਾਰ ਕੇ ਸਾਡੇ ਵੇਹੜੇ ਵਿੱਚ ਘੜੀਸ ਲਿਆਏ ਸੀ ਤੇ ਜਿਸਦੀ ਲੰਬਾਈ ਉਚਾਈ ਦੀ ਬਕਾਇਦਾ ਪੈਮਾਇਸ਼ ਕੀਤੀ ਸੀ ।ਮੈਂ ਤੇ ਹੋਰ ਜੁਆਕਾਂ ਨੇ ਮਰੇ ਪਏ ਸ਼ੇਰ ਦੇ ਸੋਟੀਆਂ ਵੀ ਮਾਰੀਆਂ ਸੀ।' ਸਰਦਾਰ ਬਲਜਿੰਦਰ ਸਿੰਘ ਦੱਸਦੇ ਹਨ ਕਿ ਉਨਾਂ ਦੇ ਸਹੁਰਾ ਸਾਹਿਬ ਨਮੂਨਾ ਫ਼ਾਰਮ ਵਾਲੇ ਸਰਦਾਰ ਅਮਰ ਸਿੰਘ ਧਨੋਆ ਨੇ ਆਪਦੇ ਭਰਾਵਾਂ ਸਰਦਾਰ ਕਰਤਾਰ ਸਿੰਘ ਤੇ ਸਰਦਾਰ ਚੰਦਾ ਸਿੰਘ ਨਾਲ ਰਲ਼ ਕੇ ਇੱਕ ਸ਼ੇਰ ਮਾਰਿਆ ਸੀ।

ਰਾਹ ਜਾਂਦਿਆਂ ਨੂੰ ਸ਼ੇਰ ਅਕਸਰ ਹੀ ਟੱਕਰ ਜਾਂਦੇ ਹੁੰਦੇ ਸੀ।ਇਹ ਤਾਂ ਬਾਜਪੁਰ ਦੇ 4-5 ਕਿਲੋਮੀਟਰ ਦਾਇਰੇ ਦੀਆਂ ਕਹਾਣੀਆਂ ਨੇ ਉਹ ਵੀ ਸਾਰੀਆਂ ਨਹੀਂ ।ਸਮੁੱਚੀ ਤਰਾਈ ਵਿਚ ਸ਼ੇਰਾਂ ਵੱਲੋਂ ਮਾਰ ਦੇਣ ਜ਼ਖ਼ਮੀ ਕਰਨ ਜਾਂ ਬੰਦਿਆਂ ਵੱਲੋਂ ਸ਼ੇਰਾਂ ਨੂੰ ਮਾਰਨ ਦੀਆਂ ਸੈਂਕੜੇ ਕਹਾਣੀਆਂ ਹੋਰ ਵੀ ਹੋਣਗੀਆਂ । ਸੋ ਸਲਾਮ ਹੈ, ਸ਼ੇਰਾਂ ਵਰਗੇ ਜਿਗਰਿਆਂ ਵਾਲੇ ਸਾਡੇ ਉਨਾਂ ਵਡਾਰੂਆਂ ਨੂੰ ਜਿਨਾਂ ਨੇ ਸ਼ੇਰਾਂ ਮੂਹਰੇ ਹਿੱਕਾਂ ਡਾਹ ਕੇ ਜੰਗਲ ਅਬਾਦ ਕਰ ਦਿਖਾਇਆ ।

## ਨਿਹੰਗ ਸਿੰਘਾਂ ਦਾ...

ਕਿ ਜ਼ਾਨੀ ਓ ਸਾਰਕ ਨ ਦਾਰੰਦ ਦੋਸ

ਵਗਰ ਫਿਅਲੇ ਸ਼ਾਂ ਜੁਮਲਗੀ ਨ ਨਿਕੋਸਤ ।੫

ਭਾਵ : ਇਨ੍ਹਾਂ ਨੂੰ ਸਗ (ਕੁੱਤੇ) ਨ ਕਹੋ, ਇਹ ਤਾਂ ਸ਼ੇਰ ਹਨ ਤੇ ਮਰਦਾਨਗੀ ਦੇ ਮੈਦਾਨ ਵਿਚ ਸ਼ੇਰਾਂ ਤੋਂ ਵੀ ਵੱਧ ਦਲੇਰ ਹਨ।

ਇਹ ਬੁਜ਼ਦਿਲ ਨੂੰ ਜੋ ਜੰਗ ਵਿਚ ਹਥਿਆਰ ਸੁੱਟ ਦੇਵੇ, ਨਹੀਂ ਮਾਰਦੇ ਤੇ ਨਾ ਹੀ ਭੱਜੇ ਜਾਂਦੇ ਦਾ ਪਿੱਛਾ ਕਰਦੇ ਅਤੇ ਫੜਦੇ ਹਨ। ਇਨ੍ਹਾਂ 'ਸਗਾਂ' ਵਿਚ ਵਿਭਚਾਰ ਵੀ ਨਹੀਂ ਤੇ ਨਾ ਹੀ ਚੋਰੀ ਦੀ ਆਦਤ ਹੈ। ਇਹ ਤਾਂ ਚੋਰ ਯਾਰ ਨੂੰ ਦੋਸਤ ਹੀ ਨਹੀਂ ਬਣਾਉਂਦੇ।

ਪੰਜਾਬ ਹੀ ਨਹੀਂ ਸਮੁੱਚੇ ਹਿੰਦੁਸਤਾਨ ਨੂੰ ਸਦੀਆਂ ਤੋਂ ਪਈਆਂ ਹੋਈਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਵਾਉਣ ਲਈ ਜਿਸ ਤਿਆਗ ਅਤੇ ਬਲੀਦਾਨ ਦੀ ਜ਼ਰੂਰਤ ਸੀ, ਉਹ ਇਨ੍ਹਾਂ ਸੰਤ-ਸਿਪਾਹੀਆਂ ਨੇ ਕੀਤਾ। ਇਸ ਸਮੇਂ ਦਾ ਜ਼ਿਕਰ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਸ ਪ੍ਰਕਾਰ ਕੀਤਾ ਗਿਆ ਹੈ:

ਰਾਤ ਤੁਰੇ ਦਿਨ ਰਹੈਂ ਲੁਕਾਇ। ਕਈਅਨ ਲੀਨੇ ਕੁੰਭਲ ਬਨਾਇ।

ਕਈ ਰਹੈਂ ਘਰ ਤੀਜੇ ਥਾਇ। ਕਈ ਰਹੈਂ ਪਰਦੇਸਹਿ ਜਾਇ।

ਕਈ ਸਿੰਘ ਰਹੇ ਝਾੜਨ ਮਾਂਹੀ। ਕਈ ਸਿੰਘ ਜਾ ਜੰਗਲ ਲੁਕਾਹੀਂ ।੬

ਅਜਿਹੀ ਹਾਲਤ ਵਿਚ ਵੀ ਸਿੰਘਾਂ ਨੇ ਆਪਣਾ ਮਨੋਬਲ ਨਹੀਂ ਤਿਆਗਿਆ ਉਨ੍ਹਾਂ ਨੇ ਪਹਿਲਾਂ ਆਪਣੇ ਆਪ ਨੂੰ 'ਬੁੱਢਾ ਦਲ' ਅਤੇ 'ਤਰੁਨਾ ਦਲ' ਵਿਚ ਸੰਗਠਤ ਕੀਤਾ ਅਤੇ ਫਿਰ 'ਦਲ ਖਾਲਸਾ' ਦੇ ਸੰਗਠਨ ਦੁਆਰਾ ਆਪਣੀ ਸ਼ਕਤੀ ਨੂੰ ਮਜ਼ਬੂਤ ਕਰ ਕੇ ਜਰਵਾਣਿਆਂ ਦੇ ਜ਼ੁਲਮਾਂ ਦਾ ਡਟ ਕੇ ਵਿਰੋਧ ਕੀਤਾ।

ਜਿਥੋਂ ਤਕ ਨਿਹੰਗ ਸਿੰਘ ਪਰੰਪਰਾ ਦੇ ਅਰੰਭ ਦਾ ਸਵਾਲ ਹੈ ਇਹ ਸਿੱਖ ਪੰਥ ਦੀ ਮੂਲ ਵਿਚਾਰਧਾਰਾ 'ਨਿਰਭਉ' ਅਤੇ 'ਨਿਰਵੈਰ' ਦੇ ਵਿਚਾਰ 'ਤੇ ਅਧਾਰਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੀ ਹੋਈ ਖਾਲਸਾ ਫੌਜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਮੂਲ ਮੰਤਰ' ਵਿਚ 'ਪਰਮ ਸਤਿ' ਦਾ ਸਰੂਪ ਬਿਆਨ ਕਰਦਿਆਂ ਨਿਰਭਉ ਹੋਣ ਨੂੰ ਉਸ (ਪਰਮ ਸਤਿ) ਦਾ ਵਿਸ਼ੇਸ਼ ਗੁਣ ਦੱਸਿਆ ਹੈ। ਸਿੱਖ ਧਰਮ ਵਿਚ ਸ਼ੁਰੂ ਤੋਂ ਹੀ ਭਗਤੀ-ਸ਼ਕਤੀ, ਮੀਰੀ-ਪੀਰੀ ਅਤੇ ਧਰਮ ਤੇ ਰਾਜਨੀਤੀ ਦਾ ਸੁਮੇਲ ਹੈ। ਇਸ ਵਿਲੱਖਣ ਵਿਚਾਰਧਾਰਾ ਦੇ ਆਧਾਰ 'ਤੇ ਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸੰਤ-ਸਿਪਾਹੀ ਸਿੱਖਾਂ ਦੀ ਇਕ ਫੌਜ ਤਿਆਰ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦਾ ਉਦੇਸ਼ ਦੱਸਦਿਆਂ ਹੋਇਆਂ ਸਪਸ਼ਟ ਕਿਹਾ ਹੈ ਕਿ ਜਿਥੇ ਉਨ੍ਹਾਂ ਦਾ ਉਦੇਸ਼ ਧਰਮ ਚਲਾਉਣਾ ਅਤੇ ਨੇਕ ਪੁਰਸ਼ਾਂ ਨੂੰ ਬਚਾਉਣਾ ਹੈ, ਉਥੇ ਦੁਸ਼ਟਾਂ ਦੋਖੀਆਂ ਨੂੰ ਮਾਰਮੁਕਾਉਣਾ ਵੀ ਹੈ:

ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥

ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ॥੭

ਇਸ ਤਰ੍ਹਾਂ ਗੁਰੂ-ਘਰ ਦੀ ਇਸ ਅਨੋਖੀ ਵਿਚਾਰਧਾਰਾ ਦੇ ਆਧਾਰ 'ਤੇ ਹੀ ਨਿਹੰਗ ਸਿੰਘਾਂ ਦਾ ਜਨਮ ਹੋਇਆ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਨਿਹੰਗ ਸਿੰਘਾਂ ਦਾ ਬਾਣਾ ਸਰੀਰਕ ਤੌਰ 'ਤੇ ਇਨ੍ਹਾਂ ਦੀ ਰਹਿਤ-ਬਹਿਤ, ਅਚਾਰ-ਵਿਹਾਰ ਦੇ ਤੌਰ 'ਤੇ ਇਨ੍ਹਾਂ ਦਾ ਬਹੁਤ ਜ਼ਿਆਦਾ ਨਿਤਨੇਮੀ ਹੋਣਾ ਮਾਨਸਿਕ ਅਤੇ ਆਤਮਿਕ ਤੌਰ 'ਤੇ ਇਨ੍ਹਾਂ ਦਾ ਪੂਰਨ ਖਾਲਸਾ ਹੋਣ ਦੀ ਗਵਾਹੀ ਭਰਦੇ ਹਨ।

## ਤਪਸ਼

ਪਰ ਉਸ ਦੀ ਬੁੜ ਬੁੜ ਨੇ ਮੇਰਾ ਬੈਠਣਾ ਦੁੱਭਰ ਕਰ ਦਿੱਤਾ। ਮੈਂ ਉੱਠ ਕੇ ਕੋਠੇ 'ਤੇ ਜਾ ਚੜ੍ਹਿਆ। ਸਾਰੇ ਟੱਬਰ ਨੂੰ ਉਸ ਰਾਤ ਚੱਲਦੀ ਠੰਢੀ ਪੁਰੇ ਦੀ ਹਵਾ ਨੇ ਗਰਮੀ ਦਾ ਅਹਿਸਾਸ ਹੀ ਨਾ ਹੋਣ ਦਿੱਤਾ, ਇਉਂ ਲੱਗਿਆ ਜਿਵੇਂ ਸੁਰਗ ਦੇ ਦਰਵਾਜ਼ੇ 'ਤੇ ਸੁੱਤੇ ਹੋਈਏ।

ਸਵੇਰੇ ਮੇਰੇ ਕੋਠੇ ਤੋਂ ਉਤਰਨ ਸਮੇਂ ਬਾਪੂ ਦਾ ਯਾਰ ਸੁੱਖਾ ਨੰਬਰਦਾਰ ਤੇ ਪਰਲੀ ਪੱਤੀ ਵਾਲਾ ਕੈਲੂ ਬਾਪੂ ਕੋਲ ਚਾਹ ਪੀਂਦੇ ਦਿਸੇ। ਮੈਨੂੰ ਦੇਖ ਕੇ ਬਾਪੂ ਨੇ ਕੈਲੂ ਨੂੰ ਕਿਹਾ, 'ਚੰਗਾ ਫੇਰ ਤੂੰ ਚੱਲ, ਐਂ ਕਰੀਂ ਚਾਰ ਵਜੇ ਕਚਹਿਰੀ ਪਹੁੰਚ ਜਾਈਂ, ਤਹਿਸੀਲਦਾਰ ਉਸ ਸਮੇਂ ਹੀ ਬੈਠਦਾ।'

ਮੈਲੇ ਕੱਪੜੇ ਤੇ ਢਿਲਕੀ ਜਿਹੀ ਪੱਗ ਬੰਨੀਂ ਮਣ-ਮਣ ਦੇ ਪੈਰ ਰੱਖਦਾ ਕੈਲੂ ਬਾਹਰ ਨੂੰ ਤੁਰ ਗਿਆ। ਗਰਮੀ ਕਰਕੇ ਉਸ ਦਾ ਕਮੀਜ਼ ਮੁੜਕੇ ਨਾਲ ਭਿੱਜਿਆ ਪਿਆ ਸੀ। ਮੈਂ ਚੁੱਪ ਕਰ ਕੇ ਸਵੇਰ ਦੀ ਸੈਰ ਨੂੰ ਖੇਤ ਜਾਣ ਖ਼ਾਤਰ ਵਿਹੜੇ ਵਿੱਚੋਂ ਲੰਘ ਕੇ ਜਾਣ ਲੱਗਾ ਤਾਂ ਨੰਬਰਦਾਰ ਨੇ ਆਵਾਜ਼ ਮਾਰ ਕੇ ਕਿਹਾ, 'ਲੈ ਬਈ ਮਾਸਟਰਾ ਵਧਾਈਆਂ ਹੋਣ।'

ਮੈਂ ਕਿਹਾ, 'ਕਾਹਦੀਆਂ ਤਾਇਆ ?'

ਉਹ ਹੁੱਬ ਕੇ ਬੋਲਿਆ, 'ਲੈ ਪੁੱਛਦਾ ਕਾਹਦੀਆਂ, ਉਹ ਭਾਈ ਦੋ ਕਿੱਲੇ ਹੋਰ ਰਲ ਗਏ ਤੁਹਾਡੀ ਢੇਰੀ ਵਿਚ।'

ਮੈਂ ਚੁੱਪ ਕਰ ਕੇ ਬਾਹਰ ਨੂੰ ਤੁਰ ਪਿਆ। ਮੈਨੂੰ ਹੁੰਗਾਰਾ ਨਾ ਭਰਦੇ ਦੇਖ ਬਾਪੂ ਫੇਰ ਭਖ ਗਿਆ, 'ਓਏ ਨੰਬਰਦਾਰਾ, ਇਹਦੇ ਦਿਮਾਗ਼ ਵਿੱਚ ਹੈਨੀ ਅਕਲ ਵਾਲਾ ਖਾਨਾ, ਇਹਨੂੰ ਤਾਂ ਹਰ ਵੇਲੇ ਸਮਾਜ ਸੁਧਾਰ ਦਾ ਭੂਤ ਚੰਬੜਿਆ ਰਹਿੰਦਾ।'

ਮੈਨੂੰ ਉੱਥੇ ਖੜਨਾ ਔਖਾ ਹੋਇਆ ਪਿਆ ਸੀ। ਜਦੋਂ ਮੈਂ ਮੂੰਹ ਭੁਆਇਆ ਤਾਂ ਬਾਪੂ ਦੀ ਸਰਦ ਆਵਾਜ਼ ਮੇਰੇ ਕੰਨਾਂ ਵਿੱਚ ਉਤਰੀ, 'ਚਾਰ ਕੁ ਵਜੇ ਕਚਹਿਰੀ ਆ ਜਾਵੀਂ। ਰਾਜਾ ਛੋਟਾ ਤੇਰੇ ਨਾਂ ਰਜਿਸਟਰੀ ਕਰਾਉਣੀ ਪਊ।'

ਮੇਰਾ ਚਿਤ ਵੀ ਔਖਿਆਈ ਮੰਨ ਗਿਆ।

'ਬਾਪੂ ਤੂੰ ਆਪਣੇ ਨਾਂ ਹੀ ਕਰਵਾ ਲਈਂ, ਮੈਥੋਂ ਨੀ ਆਇਆ ਜਾਣਾ।' ਮੈਂ ਵੀ ਮੋੜਵਾਂ ਉੱਤਰ ਦੇ ਦਿੱਤਾ।

'ਲੈ ਤੂੰ ਦੱਸ ਨੰਬਰਦਾਰਾ, ਵੜਦੀ ਐ ਇਹਦੇ ਦਿਮਾਗ਼ ਵਿੱਚ। ਓਏ ਜੇ ਮੈਂ ਆਪਣੇ ਨਾਂ ਕਰਵਾਉਣੀ ਹੁੰਦੀ ਤਾਂ ਤੈਨੂੰ ਕਹਿੰਦਾ ?' ਬਾਪੂ ਨੇ ਔਖੇ ਹੋ ਕਿਹਾ, 'ਨਾਲੇ ਮੈਂ ਤਾਂ ਆਪਣੇ ਪੋਤੇ ਲਈ ਬਣਾਉਨਾ ਜਾਇਦਾਦ। ਜੇ ਮੇਰੇ ਨਾਮ ਹੋਈ ਤੇ ਕੱਲ ਨੂੰ ਮੈਨੂੰ ਕੁਝ ਹੋ ਗਿਆ, ਤੇਰਾ ਜੈਬਰਾ ਪੈਂਦਾ ਫਿਰੂ ਭੈਣਾਂ ਨਾਲ। ਚੁੱਪ ਕਰ ਕੇ ਆਜੀਂ ਚਾਰ ਵਜੇ, ਨਹੀਂ ਤਾਂ ਮੈਥੋਂ ਬੁਰਾ ਕੋਈ ਨਹੀਂ।' ਬਾਪੂ ਅੰਦਰਲਾ ਗਰਦੌਰ ਗਰਜਿਆ।

ਮੈਂ ਖੇਤ ਜਾਂਦਾ ਸੋਚ ਰਿਹਾ ਸੀ ਕਿ ਬਾਪੂ ਇੰਨਾ ਲਾਲਚ ਕਿਉਂ ਕਰਦਾ ਹੈ। ਸਵੇਰ ਦੇ ਖ਼ੁਸ਼ਗਵਾਰ ਸਮੇਂ ਵਿੱਚ ਬਾਪੂ ਨਾਲ ਹੋਈ ਤਕਰਾਰ ਨੇ ਮੈਨੂੰ ਅੰਤਾਂ ਦੀ ਗਰਮੀ ਲਿਆ ਦਿੱਤੀ ਸੀ। ਮੈਂ ਤੁਰਦਾ ਤੁਰਦਾ ਹੌਂਕਣ ਲੱਗ ਪਿਆ ਸੀ। ਪਤਾ ਨਹੀਂ ਇਹ ਬਾਹਰ ਦੀ ਗਰਮੀ ਸੀ ਜਾਂ ਮੇਰੇ ਮਨ ਅੰਦਰਲੀ। ਘਰਵਾਲੀ ਤੇ ਮਾਂ ਦੇ ਤਰਲੇ ਮਿੰਨਤਾਂ ਨੇ ਮੈਨੂੰ ਫੇਰ ਝੁਕਾਅ ਦਿੱਤਾ ਤੇ ਮੈਂ ਧੱਕਿਆ ਧਕਾਇਆ ਕਚਹਿਰੀ ਨੂੰ ਚੱਲ ਪਿਆ। ਬੱਸ ਅੱਡੇ 'ਤੇ ਖੜੇ ਆਪਣੇ ਜਮਾਤੀ ਤੇ ਬਚਪਨ ਦੇ ਮਿੱਤਰ ਨਿਰਮਲ ਨੂੰ ਦੇਖ ਕੇ ਆਪਣੇ ਆਪ ਹੀ ਬਰੇਕ ਲੱਗ ਗਏ। ਉਹ ਵੀ ਸ਼ਹਿਰ ਜਾਣ ਲਈ ਬੱਸ ਉਡੀਕ ਰਿਹਾ ਸੀ। ਮੈਂ ਸੋਚਿਆ, ਚਲੋ ਗੱਲਾਂ ਕਰਦੇ ਜਾਵਾਂਗੇ। ਕਾਲਜ ਵਿੱਚ ਅਸੀਂ ਇਕੱਠੇ ਸਾਹਿਤ ਪੜਦੇ ਤੇ ਸਮਾਜ ਸੁਧਾਰ ਦੇ ਸੁਪਨੇ ਦੇਖਦੇ ਸਾਂ। ਮੈਂ ਤਾਂ ਕਦੋਂ ਦਾ ਆਪਣੇ ਆਪ ਵਿੱਚ ਰੁੱਝ ਗਿਆ ਸੀ, ਸਮਾਜ ਸੁਧਾਰ ਹੁਣ ਮੇਰੇ ਲਈ ਗੱਲਾਂ ਦੀ ਝੱਸ ਪੂਰੀ ਕਰਨ ਦਾ ਹੀ ਸਾਧਨ ਮਾਤਰ ਸੀ, ਪਰ ਉਹ ਹਾਲੇ ਵੀ ਡਟਿਆ ਹੋਇਆ ਸੀ।

'ਕਦੋਂ ਆਇਆ ਸੀ ਤੇ ਹੁਣ ਕਿੱਧਰ ਤਿਆਰੀਆਂ ਨੇ ਜਨਾਬ ਦੀਆਂ ?' ਉਸ ਨੇ ਬੈਠਦਿਆਂ ਹੀ ਸਵਾਲ ਦਾਗ ਦਿੱਤਾ। ਮੈਂ ਕਚਹਿਰੀਆਂ ਜਾਣ ਦੀ ਗੱਲ ਦੱਸੀ ਤਾਂ ਉਹ ਮੁਸਕਰਾਇਆ ਤੇ ਬੋਲਿਆ, 'ਫੇਰ ਗਰਦੌਰ ਨੇ ਤੈਨੂੰ ਕਰ ਲਿਆ ਸਿੱਧਾ।'

ਉਸ ਦੀ ਆਵਾਜ਼ ਵਿਚਲੇ ਵਿਅੰਗ ਨੂੰ ਮੈਂ ਭਾਂਪ ਲਿਆ ਸੀ। ਮੈਂ ਚੁੱਪ ਰਿਹਾ ਤਾਂ ਉਸ ਨੇ ਨਾਲ ਹੀ ਗੱਲ ਅੱਗੇ ਤੋਰੀ, 'ਐਤਕੀਂ ਥੋੜੇ ਵਾਲੇ ਗਰਦੌਰ ਨੇ ਸਿਰਾ ਹੀ ਲਾ ਦਿੱਤਾ।'

ਮੇਰੇ ਕੰਨ ਖੜੇ ਹੋ ਗਏ। ਮੇਰੇ ਮੂੰਹੋਂ ਨਿਕਲਿਆ, 'ਉਹ ਕਿਵੇਂ ?' ਹੁਣ ਉਸ ਦੇ ਹੈਰਾਨ ਹੋਣ ਦੀ ਵਾਰੀ ਸੀ, 'ਭੋਲਾ ਬਣ ਕੇ ਨਾ ਦਿਖਾ।'

ਜਦੋਂ ਮੈਂ ਬਿਲਕੁਲ ਅਣਜਾਣਤਾ ਪ੍ਰਗਟਾਈ ਤਾਂ ਉਸ ਨੇ ਦੱਸਿਆ।

'ਕੈਲੂ ਦੇ ਵੱਡੇ ਮੁੰਡੇ ਨੂੰ ਪਹਿਲਾਂ ਤਾਂ ਗਰਦੌਰ ਨੇ ਹੱਥ 'ਤੇ ਚੜਾ ਕੇ ਦਾਰੂ 'ਤੇ ਲਾ ਲਿਆ। ਬਾਕੀ ਅੱਗ ਸਵਾਹ ਉਹ ਖ਼ੁਦ ਹੀ ਖਾਣ ਲੱਗ ਪਿਆ। ਦੋ ਕੁ ਮਹੀਨਿਆਂ ਵਿੱਚ ਮੁੰਡਾ ਨਸ਼ੇ ਪੱਤੇ ਨਾਲ ਟੁੰਨ ਰਹਿਣ ਲੱਗ ਪਿਆ ਸੀ,' ਉਸ ਨੇ ਲੰਬਾ ਸਾਹ ਭਰਿਆ ਤੇ ਗੱਲਾਂ ਦੀ ਲੜੀ ਅੱਗੇ ਤੋਰੀ, 'ਮੁੰਡੇ ਨੇ ਨਸ਼ੇ ਪੱਤੇ ਦੀ ਲੋਰ ਵਿੱਚ ਗੁਆਂਢੀਆ ਦੇ ਮੁੰਡੇ ਦੇ ਕਿਰਚ ਮਾਰ ਦਿੱਤੀ। ਤੇਰੇ ਪਿਉ ਨੇ ਪੁਲਿਸ ਤੋਂ ਬਚਾਇਆ। ਉੱਥੇ ਖਾਸੇ ਪੈਸੇ ਲੱਗ ਗਏ। ਛੇ ਕੁ ਮਹੀਨੇ ਬਾਅਦ ਮੁੰਡੇ ਦੀ ਦੁਖੀ ਕੀਤੀ ਕੈਲੂ ਦੀ ਨੂੰਹ ਸਪਰੇਅ ਪੀ ਗਈ। ਤੇਰੇ ਪਿਉ ਨੇ ਇਨਾਂ ਨੂੰ ਸਿਵਿਆਂ ਨੂੰ ਤੋਰ ਕੇ ਖ਼ੁਦ ਥਾਣੇ ਫ਼ੋਨ ਕਰ ਦਿੱਤਾ। ਪੁਲਿਸ ਨੇ ਸਾਰਾ ਟੱਬਰ ਵਲ ਲਿਆ। ਤੇਰੇ ਬਾਪੂ ਤੇ ਇਹਦੇ ਆੜਤੀਏ ਨੇ ਥਾਣੇਦਾਰ ਨਾਲ ਮਿਲ ਕੇ ਮਾਮਲਾ ਰਫ਼ਾ ਦਫ਼ਾ ਕਰ ਦਿੱਤਾ। ਤੇਰੇ ਬਾਪੂ ਤੇ ਆੜਤੀਏ ਦੀ ਮਿਲੀਭੁਗਤ ਕਰਕੇ ਕੈਲੂ ਦੀ ਦੋ ਕਿੱਲੇ ਜ਼ਮੀਨ ਇਸ ਵਿੱਚ ਖੁਰਦ ਬੁਰਦ ਹੋ ਗਈ। ਪਿੰਡ ਦਾ ਬੱਚਾ ਬੱਚਾ ਜਾਣਦੈ ਇਸ ਕਾਰਨਾਮੇ ਬਾਰੇ।'

ਗੱਲ ਸੁਣ ਕੇ ਮੇਰਾ ਮੂੰਹ ਕੁਸੈਲਾ ਹੋ ਗਿਆ। ਇੱਕ ਵਾਰ ਤਾਂ ਦਿਲ ਕੀਤਾ ਘਰ ਮੁੜ ਜਾਵਾਂ, ਪਰ ਮਾਂ ਦਾ ਚਿਹਰਾ ਤੇ ਉਸ ਦੇ ਜੁੜੇ ਹੱਥ ਸਾਹਮਣੇ ਆ ਗਏ।

ਕਾਰ ਰੋਕ ਕੇ ਕਚਹਿਰੀ ਗਿਆ ਤਾਂ ਗਰਮੀ ਬਹੁਤ ਜ਼ਿਆਦਾ ਲੱਗ ਰਹੀ ਸੀ। ਸ਼ਾਇਦ ਨਿਰਮਲ ਦੀ ਗੱਲ ਸੁਣ ਕੇ ਮੇਰਾ ਦਿਮਾਗ਼ ਗਰਮ ਹੋ ਰਿਹਾ ਸੀ ਜਾਂ ਕਾਰ ਵਿੱਚ ਚੱਲਦੇ ਏ.ਸੀ. ਤੋਂ ਬਾਹਰ ਨਿਕਲਣਾ ਕਾਰਨ ਹੋ ਸਕਦਾ ਸੀ। ਬੋੜੇ ਵਕੀਲ ਦੇ ਅੱਡੇ 'ਤੇ ਬਾਪੂ, ਸੁੱਖਾ ਨੰਬਰਦਾਰ ਤੇ ਦੋ ਹੋਰ ਬਾਪੂ ਦੀ ਜੁੰਡੀ ਦੇ ਯਾਰ ਬੈਠੇ ਦਿਸੇ। ਬਾਪੂ ਕਾਗਜ਼ ਪੱਤਰ ਤਿਆਰ ਕਰਾਈ ਬੈਠਾ ਸੀ, ਪਰ ਕੈਲੂ ਅਜੇ ਤੱਕ ਨਹੀਂ ਪਹੁੰਚਿਆ ਸੀ। ਬਾਪੂ ਨੂੰ ਅੱਚਵੀ ਲੱਗੀ ਪਈ ਸੀ। 'ਕਿੱਥੇ ਰਹਿ ਗਿਆ ਸਾਲਾ ਕੈਲੂ।'

ਬਾਪੂ ਦਾ ਪਾਰਾ ਉੱਪਰ ਚੜ ਹੀ ਰਿਹਾ ਸੀ ਕਿ ਸਾਹਮਣੇ ਕੈਲੂ ਤੇ ਉਹਦਾ ਆੜਤੀਆ ਤੁਰੇ ਆਉਂਦੇ ਦਿਸੇ । ਬਾਪੂ ਨੇ ਆਪਣਾ ਗੁੱਸਾ ਤੇ ਅੱਚਵੀ ਗਿਰਗਿਟ ਵਾਂਗੂੰ ਲੁਕੋਂਦਿਆਂ ਕਿਹਾ, 'ਆ ਬਈ ਕਰਨੈਲ ਸਿੰਘਾ, ਬਾਹਲਾ ਟਾਈਮ ਲਾ ਦਿੱਤਾ।'

'ਮੈਂ ਆੜਤੀਏ ਨਾਲ ਹਿਸਾਬ ਕਰਨ ਲੱਗ ਪਿਆ ਸੀ,' ਕੈਲੂ ਨੇ ਮਰੀਅਲ ਜਿਹੀ ਆਵਾਜ਼ ਵਿੱਚ ਉੱਤਰ ਦਿੱਤਾ।

'ਇਉਂ ਕਰੋ ਮਾਸਟਰ ਜੀ, ਕਰਨੈਲ ਸਿੰਘ ਦਾ ਅੰਗੂਠਾ ਲੁਆ ਕੇ ਅਸ਼ਟਾਮ ਲੈ ਆਉ।' ਵਕੀਲ ਦੇ ਮੁਨਸ਼ੀ ਨੇ ਕਿਹਾ। ਮੈਂ ਕੈਲੂ ਨੂੰ ਨਾਲ ਲੈ ਕੇ ਤੁਰ ਪਿਆ। ਮੈਂ ਸਰਸਰੀ ਗੱਲ ਕਰਨ ਲਈ ਕਿਹਾ, 'ਚਾਚਾ, ਸਿਹਤ ਠੀਕ ਰਹਿੰਦੀ ਹੈ ?'

ਕੈਲੂ ਜਿਵੇਂ ਫਿੱਸ ਹੀ ਪਿਆ, 'ਸ਼ੇਰਾ, ਦਿਨ ਲੰਘੀ ਜਾਂਦੇ ਐ। ਮਾਰ ਲਿਆ ਗੰਦੀ ਔਲਾਦ ਨੇ।' ਉਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਸਨ।

ਅਸ਼ਟਾਮਫਰੋਸ਼ ਤੋਂ ਅਸ਼ਟਾਮ ਲੈ ਕੇ ਵਾਪਸ ਆਏ ਤਾਂ ਕੈਲੂ ਦੀ ਉਦਾਸੀ ਹੋਰ ਗੂੜੀ ਹੋ ਗਈ ਸੀ। ਮੈਂ ਮਹਿਸੂਸ ਕਰ ਰਿਹਾ ਸੀ ਕਿ ਜ਼ਮੀਨ ਦਾ ਮੋਹ ਅਤੇ ਵਿਕਣ ਦਾ ਮਿਹਣਾ ਉਹੀ ਜਾਣਦਾ ਜਿਸ 'ਤੇ ਇਹ ਬੀਤ ਰਹੀ ਹੁੰਦੀ ਹੈ। ਬਾਕੀ ਕਾਰਵਾਈ ਫਟਾਫਟ ਨਿੱਬੜ ਗਈ। ਤਹਿਸੀਲਦਾਰ ਦੇ ਸਾਹਮਣੇ ਬਾਪੂ ਨੇ ਰੁਪਈਆਂ ਵਾਲਾ ਪੈਕਟ ਕੈਲੂ ਨੂੰ ਫੜਾਇਆ। ਕੈਲੂ ਨੇ ਪੈਸੇ ਫੜ ਕੇ ਫੁੱਲਾਂ ਵਾਲੇ ਝੋਲੇ ਵਿੱਚ ਪਾਏ। ਤਸਵੀਰ ਖਿੱਚੀ ਗਈ। ਕੈਲੂ ਦੇ ਕਈ ਥਾਈਂ ਅੰਗੂਠੇ ਲੱਗੇ ਤੇ ਉਹ ਜ਼ਮੀਨ ਦੀ ਜ਼ਿੰਮੇਵਾਰੀ ਤੋਂ ਮੁਕਤ ਹੋ ਗਿਆ ਸੀ। ਰਿਸ਼ਵਤ ਦੇ ਰੁਪਏ ਜੇਬ ਵਿੱਚ ਪਾਉਂਦਾ ਕਲਰਕ ਬਾਪੂ ਨੂੰ ਵਧਾਈ ਦੇ ਰਿਹਾ ਸੀ, 'ਸਰਦਾਰ ਜੀ, ਵਧਾਈ ਹੋਵੇ ਰਜਿਸਟਰੀ ਹੋ ਗਈ।'

ਕੈਲੂ ਨੇ ਸਿਆਹੀ ਲੱਗੇ ਅੰਗੂਠੇ ਨੂੰ ਕੰਧ 'ਤੇ ਘਸਾਇਆ ਜਿੱਥੇ ਕਿੰਨੇ ਸਾਰੇ ਅੰਗੂਠਿਆਂ ਦੇ ਨਿਸ਼ਾਨ ਜੱਟ ਤੋਂ ਖੁੱਸੀ ਜ਼ਮੀਨ ਦੀ ਵੇਦਨਾ ਦੱਸਦੇ ਪ੍ਰਤੀਤ ਹੁੰਦੇ ਸਨ। ਕੈਲੂ ਦਾ ਆੜਤੀਆ ਆਪਣੇ ਲੈਣ ਦੇਣ ਨੂੰ ਪੂਰਾ ਕਰਨ ਲਈ ਰੁਪਈਆਂ ਵਾਲਾ ਥੈਲਾ ਫੜ ਕੇ ਆਪਣੀ ਦੁਕਾਨ ਵੱਲ ਤੁਰ ਗਿਆ। ਕੈਲੂ ਖਾਲੀ ਹੱਥ ਕੁੱਬਾ ਹੋਇਆ ਲੱਤਾਂ ਘੜੀਸਦਾ ਬੱਸ ਅੱਡੇ ਨੂੰ ਤੁਰ ਗਿਆ। ਉਸ ਦੀ ਤੋਰ ਦੱਸਦੀ ਸੀ ਜਿਵੇਂ ਉਸ ਦੇ ਸਾਹ-ਸਤ ਮੁੱਕ ਗਏ ਹੋਣ। ਮੈਨੂੰ ਲੱਗਿਆ ਅੱਜ ਆਥ਼ਰਾਂ ਦੀ ਗਰਮੀ ਵਿੱਚ ਸ਼ਾਇਦ ਹੀ ਉਹ ਘਰ ਪਹੁੰਚ ਸਕੇ। ਬਾਪੂ ਆਪਣੇ ਯਾਰਾਂ ਨਾਲ ਹੁੱਬ ਹੁੱਬ ਗੱਲਾਂ ਕਰਦਾ, ਮੈਨੂੰ ਬਿਨਾਂ ਸੁਲਾਹ ਮਾਰੇ ਸਾਹਮਣੇ ਹੋਟਲ ਵਿੱਚ ਜਾ ਵੜਿਆ। ਉਹ ਸਾਰੇ ਏ.ਸੀ. ਵਿੱਚ ਬੈਠ ਕੇ ਠੰਢੀ ਬੀਅਰ ਦਾ ਆਨੰਦ ਲੈਣਾ ਚਾਹੁੰਦੇ ਸਨ। ਮੈਂ ਇਕੱਲਾ ਕਚਹਿਰੀ ਵਿੱਚ ਖੜਾ ਰਹਿ ਗਿਆ। ਸਾਰੇ ਵਰਤਾਰੇ ਨੇ ਮੈਨੂੰ ਝੰਜੋੜ ਦਿੱਤਾ ਸੀ। ਮੈਨੂੰ ਆਥ਼ਰਾਂ ਦੀ ਗਰਮੀ ਲੱਗ ਰਹੀ ਸੀ ਜਿਵੇਂ ਸੂਰਜ ਨੇ ਸਾਰਾ ਤਾਪ ਕਚਹਿਰੀ ਵਿੱਚ ਵਰਾ ਦਿੱਤਾ ਹੋਵੇ। ਮੈਂ ਪਸੀਨੇ ਨਾਲ ਗੜੁੱਚ ਅਤੇ ਡੌਰ ਭੌਰ ਹੋਇਆ ਘਰ ਜਾਣ ਤੋਂ ਮੁਨਕਰ ਸੀ। ਮੈਨੂੰ ਲੱਗ ਰਿਹਾ ਸੀ, ਜਦੋਂ ਮੈਂ ਤੇ ਬਾਪੂ ਘਰੇ ਇਕੱਠੇ ਹੋਵਾਂਗੇ ਤਾਂ ਉਸ ਦੇ ਲਾਲਚ, ਹਉਮੈ ਅਤੇ ਮੇਰੇ ਆਦਰਸ਼ ਦੀ ਤਪਸ਼ ਸਾਰੇ ਰਿਸ਼ਤਿਆਂ ਨੂੰ ਸਾੜ ਨਾ ਦੇਵੇ।

## ਆਦਤਾਂ ਤੋਂ ਨਸਲਾਂ...

ਰਹਿਣ ਵਾਲਾ ਰਾਜਾ ਸੀ। ਉਹਨੂੰ ਕਿਸੇ ਗੱਲ ਦੀ ਤੋਟ ਨਹੀਂ ਸੀ ਜੇ ਘਾਟ ਸੀ ਤਾਂ ਇਕ ਔਲਾਦ ਦੀ। ਢਲਦੀ ਉਮਰੇ, ਬੜੀਆਂ ਮੰਨਤਾਂ ਮੰਨਣ ਮਗਰੋਂ ਉਸ ਦੀ ਰਾਣੀ ਇੱਛਰਾਂ ਦੀ ਕੁੱਖੋਂ ਇਕ ਬੱਚੇ ਦਾ ਜਨਮ ਹੋਇਆ ਜਿਸ ਦਾ ਨਾਂ ਉਨਾਂ ਪੂਰਨ ਰੱਖਿਆ। ਵਹਿਮੀ ਰਾਜੇ ਨੇ ਪੂਰਨ ਦਾ ਭਵਿੱਖ ਜਾਨਣ ਲਈ ਨਜੂਮੀ ਸੱਦ ਲਏ। ਨਜੂਮੀਆਂ ਸਲਾਹ ਦਿੱਤੀ, 'ਹੇ ਰਾਜਨ, ਇਹ ਨਵ-ਜਨਮਿਆ ਬੱਚਾ ਪੂਰੇ ਬਾਰਾਂ ਵਰੇ ਆਪਣੇ ਮਾਂ-ਬਾਪ ਦੇ ਮੱਥੇ ਨਾ ਲੱਗੇ, ਨਹੀਂ ਤਾਂ ਰਾਜੇ ਅਤੇ ਉਸ ਦੇ ਪਰਿਵਾਰ 'ਤੇ ਦੁੱਖਾਂ ਦਾ ਕਹਿਰ ਟੁੱਟ ਪਵੇਗਾ।'

ਨਜੂਮੀਆਂ ਦੀ ਸਲਾਹ ਮੰਨਦਿਆਂ ਮਮਤਾ ਵਿਹੂਣੇ ਸਲਵਾਨ ਨੇ ਚਿੜੀ ਦੇ ਬੋਟ ਜਿੰਨੇ ਪੂਰਨ ਨੂੰ ਪੂਰੇ ਬਾਰਾਂ ਵਰੇ ਲਈ ਭੋਰੇ ਵਿਚ ਪਾਉਣ ਦਾ ਹੁਕਮ ਸੁਣਾ ਦਿੱਤਾ। ਪੂਰਨ ਦੀ ਮਾਂ ਇੱਛਰਾਂ ਤੜਪਦੀ ਸੀ, ਕੁਰਲਾਉਂਦੀ ਰਹੀ-ਉਹਦੀਆਂ ਰੋ-ਰੋ ਕੇ ਅੱਖਾਂ ਚੁੰਨੀਆਂ ਹੋ ਗਈਆਂ।

ਭਲਾ ਰਾਜੇ ਦੇ ਹੁਕਮ ਨੂੰ ਕੌਣ ਟਾਲ ਸਕਦਾ ਸੀ। ਪੂਰਨ ਨੂੰ ਗੋਲੀਆਂ ਸਮੇਤ ਭੋਰੇ ਵਿਚ ਪਾ ਦਿੱਤਾ ਗਿਆ। ਇੱਛਰਾਂ ਦੀ ਕਿਸੇ ਇੱਕ ਨਾ ਮੰਨੀ ਉਹ ਪੁੱਤਰ ਦੇ ਵਿਯੋਗ ਵਿਚ ਹੰਝੂ ਕੇਰਦੀ ਰਹੀ ਤੇ ਉਹਦੀ ਜ਼ਿੰਦਗੀ ਵਿਚ ਸੁੰਨਸਾਨ ਵਰਤ ਗਈ। ਸਲਵਾਨ ਦੀ ਉਮਰ ਢਲ ਰਹੀ ਸੀ। ਇਸੇ ਢਲਦੀ ਉਮਰੇ ਉਹਨੇ ਆਪਣੀ ਐਸ਼ਪ੍ਰਸਤੀ ਲਈ ਨਵ-ਜੋਬਨ ਮੁਟਿਆਰ ਲੂਣਾਂ ਨੂੰ ਆਪਣੀ ਦੂਜੀ ਰਾਣੀ ਬਣਾ ਲਿਆ। ਇੱਛਰਾਂ ਲਈ ਉਹਦੇ ਅੰਦਰ ਹੋਰ ਕੋਈ ਕਸ਼ਿਸ਼ ਨਹੀਂ ਸੀ ਰਹੀ। ਇੱਛਰਾਂ ਆਪਣੇ ਪੁੱਤ ਦੇ ਵਿਛੋੜੇ ਦੇ ਸੱਲ ਨੂੰ ਆਪਣੇ ਸੀਨੇ ਨਾਲ ਲਾ ਕੇ ਸੁੰਨ ਹੋ ਗਈ। ਉਧਰ ਪੂਰਨ ਆਪਣੇ ਮਾਂ-ਬਾਪ ਦੇ ਮੋਹ-ਮਮਤਾ ਤੋਂ ਸੱਖਣਾ ਹੌਲੀ ਹੌਲੀ ਜ਼ਿੰਦਗੀ ਦੀ ਪੌੜੀ 'ਤੇ ਚੜਨ ਲੱਗਾ।

ਸਮਾਂ ਆਪਣੀ ਤੋਰੇ ਤੁਰ ਰਿਹਾ ਸੀ। ਪੂਰੇ ਬਾਰਾਂ ਵਰੇ ਬਤੀਤ ਹੋ ਗਏ। ਪੂਰਨ ਭੋਰਿਓਂ ਬਾਹਰ ਆਇਆ। ਰੂਪ ਦੀ ਸਾਕਾਰ ਮੂਰਤ ਇਕ ਅਨੋਖੀ ਚਮਕ ਉਹਦੇ ਚਿਹਰੇ 'ਤੇ ਝਲਕਾਂ ਮਾਰ ਰਹੀ ਸੀ। ਯੋਗ ਸਾਧਨਾ ਦਾ ਸੋਧਿਆ ਹੋਇਆ ਪੂਰਨ ਸਲਵਾਨ ਦੇ ਦਰਬਾਰ ਵਿਚ ਆਪਣੇ ਪਿਤਾ ਦੇ ਸਨਮੁੱਖ ਹੋਇਆ। ਮਮਤਾ ਵਿਹੂਣੇ ਰਾਜੇ ਨੇ ਪਹਿਲਾਂ ਮਾਵਾਂ ਨੂੰ ਜਾ ਕੇ ਮਿਲਣ ਦਾ ਹੁਕਮ ਸੁਣਾ ਦਿੱਤਾ।

ਗੋਲੀਆਂ ਪੂਰਨ ਨੂੰ ਇੱਛਰਾਂ ਦੇ ਮਹਿਲੀਂ ਲੈ ਆਈਆਂ। ਪੂਰਨ ਨੂੰ ਵੇਖਦੇ ਸਾਰ ਹੀ ਇੱਛਰਾਂ ਦੀਆਂ ਅੱਖਾਂ 'ਚੋਂ ਮਮਤਾ ਦੇ ਅੱਥਰੂ ਵਹਿ ਤੁਰੇ। ਪੂਰਨ ਨੇ ਮਾਂ ਦੇ ਚਰਨ ਛੂਹੇ, ਮਾਂ ਦਾ ਚਾਅ ਝੱਲਿਆ ਨਹੀਂ ਸੀ ਜਾਂਦਾ। ਉਹ ਪੂਰਨ ਦੇ ਬਣ-ਬਣ ਪੈਂਦੇ ਰੂਪ 'ਤੇ ਬਲਿਹਾਰੇ ਜਾ ਰਹੀ ਸੀ। 'ਪੁੱਤ ਪੂਰਨਾ, ਆਪਾਂ ਰੱਜ ਕੇ ਗੱਲਾਂ ਫੇਰ ਕਰਾਂਗੇ, ਪਹਿਲਾਂ ਆਪਣੀ ਦੂਜੀ ਮਾਂ ਲੂਣਾਂ ਨੂੰ ਮਿਲ ਆ' ਆਖ ਰਾਣੀ ਇੱਛਰਾਂ ਨੇ ਪੂਰਨ ਨੂੰ ਲੂਣਾਂ ਵੱਲ ਤੋਰ ਦਿੱਤਾ।

ਸ਼ਾਹੀ ਮਹਿਲਾਂ 'ਚ ਪਹਿਲਾ ਮਹਿਲ ਮਤਰੇਈ ਮਾਂ ਲੂਣਾਂ ਦਾ ਸੀ। ਲੂਣਾਂ 'ਤੇ ਕਹਿਰਾਂ ਦਾ ਰੂਪ ਚੜ੍ਹਿਆ ਹੋਇਆ ਸੀ। ਜਦੋਂ ਦੀ ਉਹ ਇਸ ਮਹਿਲ ਵਿਚ ਆਈ ਸੀ ਉਸ ਨੇ ਸਲਵਾਨ ਤੋਂ ਬਿਨਾਂ ਕਿਸੇ ਮਰਦ ਦਾ ਮੂੰਹ ਨਹੀਂ ਸੀ ਦੇਖਿਆ। ਉਹਦੀ ਦੇਖ-ਭਾਲ ਲਈ ਗੋਲੀਆਂ ਸਨ, ਮਰਦ ਜਾਤ ਨੂੰ ਮਹਿਲਾਂ ਵਿਚ ਆਉਣ ਦੀ ਮਨਾਹੀ ਸੀ। ਲੂਣਾਂ ਢਲਦੀ ਉਮਰ ਦੇ ਸਲਵਾਨ ਤੋਂ ਖ਼ੁਸ਼ ਨਹੀਂ ਸੀ। ਰੂਪਵਾਨ ਪੂਰਨ ਨੂੰ ਵੇਖਦੇ ਸਾਰ ਹੀ ਉਹ ਆਪਣੀ ਸੁੱਧ-ਬੁੱਧ ਗੁਆ ਬੈਠੀ। ਸਾਰੇ ਸ਼ਿਸ਼ਟਾਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਛੱਡ ਕੇ ਉਹਨੇ ਪੂਰਨ ਨਾਲ ਅਨੇਕਾਂ ਯਤਨ ਕੀਤੇ, ਤਰਲੇ ਲਏ ਅਤੇ ਜਵਾਨੀ ਦੇ ਵਾਸਤੇ ਪਾਏ।

ਲੂਣਾਂ ਦੇ ਬੋਲਾਂ 'ਚ ਤਰਲਾ ਸੀ ਤੇ ਉਹ ਭਾਵਾਂ ਦੇ ਵਹਿਣ ਵਿਚ ਵਹਿ ਤੁਰੀ ਤੇ ਉਹਨੇ ਪੂਰਨ ਨੂੰ ਕਲਾਵੇ 'ਚ ਭਰ ਕੇ ਆਪਣੀ ਸੇਜ 'ਤੇ ਸੁੱਟ ਲਿਆ ਪ੍ਰੰਤੂ ਪੂਰਨ ਨੇ ਇਕ ਦਮ ਆਪਣੇ ਆਪ ਨੂੰ ਉਸ ਪਾਸੋਂ ਛੁਡਾ ਲਿਆ ਤੇ ਸਹਿਜ ਨਾਲ ਬੋਲਿਆ, 'ਮਾਤਾ, ਹੋਸ਼ ਕਰ, ਮੈਂ ਇਹ ਰਿਸ਼ਤਾ ਤੇਰੇ ਨਾਲ ਕਿਵੇਂ ਜੋੜ ਲਵਾਂ। ਮੇਰੇ ਬਾਪ ਨੇ ਤੈਨੂੰ ਪਰਣਾ ਕੇ ਲਿਆਂਦੈ। ਤੂੰ ਤਾਂ ਮੇਰੀ ਸਕੀ ਮਾਂ ਦੇ ਸਮਾਨ ਏਂ।' 'ਭਲਾ ਮੈਂ ਤੇਰੀ ਮਾਂ ਕਿਧਰੋਂ ਲਗਦੀ ਆਂ ਜ਼ਾਲਮਾ, ਨਾ ਮੈਂ ਤੈਨੂੰ ਜਨਮ ਦਿੱਤਾ ਨਾ ਹੀ ਆਪਣਾ ਸੀਰ ਚੁੰਘਾਇਆ। ਮੇਰਾ ਪਤੀ ਮੇਰੇ ਬਾਪ ਦੇ ਹਾਣ ਦਾ ਏ। ਸਾਡਾ ਜੋੜ ਨੀ ਜੁੜਦਾ। ਮੇਰਾ ਜੋੜ ਤਾਂ ਤੇਰੇ ਨਾਲ ਜੁੜਦੈ। ਪੂਰਨ, ਆਪਣੀ ਜੁਆਨੀ ਦਾ ਮਾਣ ਰੱਖ। ਮੈਂ ਸਾਰੀ ਜ਼ਿੰਦਗੀ ਤੇਰਾ 'ਹਸਾਨ ਨਹੀਂ ਭੁੱਲਾਂਗੀ ਤੇ ਤੇਰੀ ਗੋਲੀ ਬਣ ਕੇ ਰਹਾਂਗੀ।'

ਲੂਣਾਂ ਪੂਰਨ ਅੱਗੇ ਵਿੱਛ-ਵਿੱਛ ਜਾ ਰਹੀ ਸੀ। ਪ੍ਰੰਤੂ ਪੂਰਨ ਉੱਤੇ ਉਹਦੀ ਭਖਦੀ ਜੁਆਨੀ ਅਤੇ ਤਰਲਿਆਂ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਉਹ ਅਡੋਲ ਖਲੋਤਾ ਆਪਣੇ ਧਰਮ 'ਤੇ ਪਹਿਰਾ ਦਿੰਦਾ, ਸੋਚਾਂ 'ਚ ਡੁੱਬਿਆ ਸੋਚ ਰਿਹਾ ਸੀ ਮਤੇ ਉਸ ਪਾਸੋਂ ਕੋਈ ਅਵੱਗਿਆ ਨਾ ਹੋ ਜਾਵੇ। ਆਖਰ ਉਸ ਨੇ ਆਪਣੇ ਮਨ ਨਾਲ ਨਿਰਣਾ ਲਿਆ ਤੇ ਲੂਣਾਂ ਤੋਂ ਅੱਖ ਬਚਾ ਕੇ ਫੁਰਤੀ ਨਾਲ ਉਹਦੇ ਮਹਿਲਾਂ ਤੋਂ ਬਾਹਰ ਨਿਕਲ ਆਇਆ।

ਲੂਣਾਂ ਨੂੰ ਰੋਸ ਸੀ ਪੂਰਨ ਨੇ ਉਹਦੀ ਕਾਮਨਾ ਪੂਰੀ ਨਹੀਂ ਸੀ ਕੀਤੀ ਤੇ ਉਹ ਹੁਣ ਉਸ ਪਾਸੋਂ ਆਪਣੀ ਹੇਠੀ ਦਾ ਬਦਲਾ ਲੈਣ ਲਈ ਨਾਗਣ ਦਾ ਰੂਪ ਧਾਰੀ ਬੈਠੀ ਸੀ।

ਹਨੇਰਾ ਪਸਰ ਰਿਹਾ ਸੀ ਜਦੋਂ ਰਾਜਾ ਸਲਵਾਨ ਆਪਣੇ ਰਾਜ ਦਰਬਾਰ ਦੇ ਕੰਮਾਂ ਕਾਜਾਂ ਤੋਂ ਵਿਹਲਾ ਹੋ ਕੇ ਆਪਣੀ ਰਾਣੀ ਲੂਣਾਂ ਦੇ ਮਹਿਲਾਂ 'ਚ ਪੁੱਜਾ। ਉਸ ਹੈਰਾਨ ਹੋ ਕੇ ਵੇਖਿਆ ਕਿਧਰੇ ਵੀ ਦੀਵਾ ਬੱਤੀ ਨਹੀਂ। ਸਾਰੇ ਸ਼ਮਾਦਾਨ ਗੁੱਲ ਹੋਏ ਪਏ ਸਨ ਤੇ ਰਾਣੀ ਨਿੱਤ ਵਾਂਗ ਉਹਦੇ ਸਵਾਗਤ ਲਈ ਮਹਿਲ ਦੀਆਂ ਬਰੂਹਾਂ 'ਤੇ ਆਪ ਨਹੀਂ ਸੀ ਆਈ। ਉਹ ਰਾਣੀ ਦੇ ਕਮਰੇ ਵੱਲ ਆਹੁਲਿਆ, ਉਸ ਵੇਖਿਆ ਉਹ ਤਾਂ ਖਣਪੱਟੀ ਲਈ ਪਈ ਐ ਤੇ ਉਸ ਦਾ ਹਾਰ-ਸ਼ਿੰਗਾਰ ਏਧਰ-ਓਧਰ ਖਿੰਡਿਆ ਪਿਐ।

'ਮੇਰੀਏ ਲਾਡੋ ਰਾਣੀਏਂ ਦਸ ਖਾਂ ਮੇਰੇ ਪਾਸੋਂ ਕਿਹੜੀ ਖ਼ੁਨਾਮੀ ਹੋ ਗਈ ਐ, ਜਿਸ ਬਦਲੇ ਸੋਹਣਿਆਂ ਨੇ ਮੂੰਹ ਸੁਜਾਏ ਹੋਏ ਨੇ, ਆਖਦਿਆਂ ਸਲਵਾਨ ਨੇ ਲੂਣਾਂ ਨੂੰ ਬਿਠਾ ਲਿਆ। ਉਹਨੇ ਵੇਖਿਆ ਉਹਦੀਆਂ ਅੱਖਾਂ ਵਿਚੋਂ ਤ੍ਰਿਪ ਤ੍ਰਿਪ ਹੰਝੂ ਵਹਿ ਰਹੇ ਸਨ। ਉਹਨੇ ਪਿਆਰ ਭਰਿਆ ਹੱਥ ਫੇਰਿਆ ਤੇ ਉਹ ਸਹਿਜ ਅਵਸਥਾ 'ਚ ਆ ਗਈ ਤੇ ਹਟਕੋਰੇ ਭਰਦਿਆਂ ਰਾਜੇ ਨੂੰ ਮੁਖ਼ਾਤਿਬ ਹੋਈ, 'ਰਾਜਨ, ਛੋਟਾ ਮੂੰਹ ਪਰ ਗੱਲ ਬਹੁਤ ਵੱਡੀ ਐ, ਸ਼ਾਇਦ ਤੁਹਾਡੇ ਮਨ ਨਾ ਲੱਗੇ ਮੈਂ ਤਾਂ ਸੋਚ ਵੀ ਨਹੀਂ ਸੀ ਸਕਦੀ, ਮੇਰੇ 'ਤੇ ਐਡਾ ਕਹਿਰ ਵਾਪਰੇਗਾ। ਭਲਾ ਕੋਈ ਪੁੱਤ ਆਪਣੀ ਮਾਂ ਦੇ ਸਤ ਨੂੰ ਭੰਗ ਕਰਨ ਬਾਰੇ ਸੋਚ ਸਕਦੈ ? ਰਾਜਿਆ ਅੱਜ ਮਿਲਣ ਆਏ ਪੂਰਨ ਨੇ ਮੇਰੀ ਇੱਜ਼ਤ ਲੁੱਟਣ ਦੀ ਪੂਰੀ ਕੋਸ਼ਿਸ਼ ਕੀਤੀ ਐ, ਪਰ ਮੈਂ ਮਸੀਂ ਉਹਦੇ ਚੁੰਗਲ 'ਚੋਂ ਬਚ ਕੇ ਨਿਕਲ ਸਕੀ ਆਂ।'

ਸੁਣਦੇ ਸਾਰ ਹੀ ਸਲਵਾਨ ਸਿਰ ਤੋਂ ਪੈਰਾਂ ਤੱਕ ਗੁੱਸੇ ਨਾਲ ਕੰਬ ਉਠਿਆ, 'ਪੂਰਨ ਦੀ ਇਹ ਜੁਰਅੱਤ ਮੈਂ ਉਹਦੇ ਸੀਰਮੇ ਪਾ ਜਾਵਾਂਗਾ, ਉਹਨੂੰ ਅਜਿਹੀ ਸਜ਼ਾ ਦੇਵਾਂਗਾ ਜਿਸ ਨੂੰ ਸਾਰੀ ਦੁਨੀਆਂ ਯਾਦ ਰੱਖੇਗੀ।'

ਭੈੜਾ ਸਲਵਾਨ ਕੀ ਜਾਣੇ, ਲੂਣਾਂ ਨੇ ਤਾਂ ਪੂਰਨ 'ਤੇ ਤੋਹਮਤ ਲਾਉਣ ਖਾਤਰ ਤ੍ਰਿਆ ਚਰਿਤਰ ਦੀ ਚਾਲ ਚੱਲੀ ਸੀ,

ਅਗਲੀ ਭਲਕ ਸਲਵਾਨ ਨੇ ਭਰੇ ਦਰਬਾਰ ਵਿਚ ਪੂਰਨ ਨੂੰ ਤਲਬ ਕਰ ਲਿਆ ਤੇ ਉਸ ਉੱਤੇ ਆਪਣੀ ਮਾਂ ਵਰਗੀ ਲੂਣਾਂ 'ਤੇ ਮੈਲੀਆਂ ਨਜ਼ਰਾਂ ਨਾਲ ਵੇਖਣ ਦਾ ਦੋਸ਼ ਲਾਉਂਦਿਆਂ ਉਹਨੂੰ ਕਤਲ ਕਰਨ ਦਾ ਹੁਕਮ ਸਾਦਰ ਕਰ ਦਿੱਤਾ। ਬੇਗੁਨਾਹ ਪੂਰਨ ਦੀ ਕਿਸੇ ਇਕ ਨਾ ਸੁਣੀ।

ਜਲਾਦ ਪੂਰਨ ਨੂੰ ਕਤਲ ਕਰਨ ਲਈ ਲੈ ਤੁਰੇ ਰਾਣੀ ਇੱਛਰਾਂ ਦਾ ਰੋਣ ਝੱਲਿਆ ਨਹੀਂ ਸੀ ਜਾਂਦਾ। ਸ਼ਹਿਰ ਦੀ ਜਨਤਾ ਮੂਕ ਖਲੋਤੀ ਜਾਂਦੇ ਪੂਰਨ ਨੂੰ ਵੇਖਦੀ ਰਹੀ। ਰਾਜੇ ਦਾ ਤਪ ਤੇਜ਼ ਹੀ ਐਨਾ ਸੀ ਕਿਸੇ ਹਾਅ ਦਾ ਨਾਅਰਾ ਮਾਰਨ ਦੀ ਜੁਰਅੱਤ ਵੀ ਨਾ ਕੀਤੀ। ਜਲਾਦ ਪੂਰਨ ਦੀ ਮਾਸੂਮੀਅਤ ਤੋਂ ਜਾਣੂੰ ਹੁੰਦੇ ਹੋਏ ਵੀ ਰਾਜੇ ਦਾ ਹੁਕਮ ਕਿਵੇਂ ਮੋੜਦੇ। ਜੰਗਲ 'ਚ ਜਾ ਕੇ ਉਹ ਉਹਨੂੰ ਵੱਢ-ਵੱਢ ਕੇ ਇਕ ਵਿਰਾਨ ਖੂਹ 'ਚ ਧੱਕਾ ਦੇ ਆਏ ਤੇ ਰਾਜੇ ਨੂੰ ਆਖ ਦਿੱਤਾ ਕਿ ਉਹ ਉਹਨੂੰ ਮਾਰ ਮੁਕਾ ਆਏ ਹਨ।

ਕੁਦਰਤ ਦੀ ਕਰਨੀ ਵੇਖੋ ਕੁਝ ਸਮੇਂ ਮਗਰੋਂ ਜੋਗੀਆਂ ਦਾ ਇਕ ਟੋਲਾ ਉਸੇ ਖੂਹ 'ਤੇ ਆਣ ਉਤਰਿਆ ਜਿਸ ਵਿਚ ਪੂਰਨ ਵੱਢਿਆ-ਟੁੱਕਿਆ ਪਿਆ ਸੀ। ਇਕ ਜੋਗੀ ਨੇ ਪਾਣੀ ਭਰਨ ਲਈ ਜਦੋਂ ਖੂਹ ਵਿਚ ਡੋਲ ਫਰਾਇਆ ਉਸ ਨੂੰ ਕਿਸੇ ਪੁਰਸ਼ ਦੇ ਕਰਾਹੁਣ ਦੀ ਆਵਾਜ਼ ਸੁਣਾਈ ਦਿੱਤੀ। ਉਹਨੇ ਜੋਗੀਆਂ ਕੋਲ ਆ ਕੇ ਗੱਲ ਕੀਤੀ। ਉਨਾਂ ਪੂਰਨ ਨੂੰ ਖੂਹ ਵਿਚੋਂ ਕੱਢ ਲਿਆ ਅਤੇ ਉਸ ਨੂੰ ਉਸੇ ਵੇਲੇ ਆਪਣੇ ਗੁਰੂ ਗੋਰਖ ਨਾਥ ਦੇ ਟਿੱਲੇ 'ਤੇ ਲੈ ਆਏ। ਗੋਰਖ ਦੀ ਤੀਮਾਰਦਾਰੀ, ਸਨੇਹ ਅਤੇ ਮੁਰਵੱਤ ਦੇ ਥਾਪੜੇ ਨੇ ਉਸ ਨੂੰ ਕੁਝ ਦਿਨਾਂ ਵਿਚ ਹੀ ਨੌ-ਬਰ-ਨੌ ਕਰ ਦਿੱਤਾ। ਗੋਰਖ ਨਾਥ ਦੀ ਤਲਿਸਮੀ ਸ਼ਖ਼ਸੀਅਤ ਨੇ ਪੂਰਨ ਨੂੰ ਅਜਿਹਾ ਕੀਲਿਆ ਉਹਨੇ ਆਪਣੇ ਆਪ ਨੂੰ ਗੋਰਖ ਦੇ ਚਰਨਾਂ 'ਚ ਅਰਪਣ ਕਰ ਦਿੱਤਾ ਤੇ ਜੋਗ ਸਾਧਨਾ ਵਿਚ ਜੁਟ ਗਿਆ।

ਤਿਆਗ ਦੀ ਮੂਰਤ ਬਣੇ ਪੂਰਨ ਨੇ ਇਕ ਦਿਨ ਗੋਰਖ ਪਾਸੋਂ ਦੀਖਿਆ ਲਈ ਬੇਨਤੀ ਕੀਤੀ। ਗੋਰਖ ਤਰੁੱਠਿਆ, ਉਹਨੇ ਪੂਰਨ ਦੇ ਕੰਨਾਂ 'ਚ ਮੁੰਦਰਾਂ ਪੁਆ ਕੇ ਜੋਗੀ ਬਣਾ ਦਿੱਤਾ।

ਜੋਗੀ ਬਣਿਆ ਪੂਰਨ ਪਹਿਲੇ ਦਿਨ ਗਲ 'ਚ ਬਗਲੀ ਪਾ ਕੇ ਭਿੱਖਿਆ ਮੰਗਣ ਲਈ ਰਾਣੀ ਸੁੰਦਰਾਂ ਦੇ ਮਹਿਲੀਂ ਗਿਆ। ਗੋਲੀਆਂ ਪਾਸੋਂ ਜੋਗੀ ਦਾ ਰੂਪ ਝੱਲਿਆ ਨਾ ਗਿਆ। ਉਨਾਂ ਰਾਣੀ ਸੁੰਦਰਾਂ ਨੂੰ ਆਪ ਜਾ ਕੇ ਖ਼ੈਰ ਪਾਉਣ ਲਈ ਆਖਿਆ। ਰਾਣੀ ਹੀਰੇ ਮੋਤੀਆਂ ਦਾ ਥਾਲ ਭਰ ਕੇ ਲੈ ਆਈ ਤੇ ਪੂਰਨ ਦੀ ਬਗਲੀ 'ਚ ਉਲੱਦ ਦਿੱਤਾ। ਪੂਰਨ ਨੀਵੀਂ ਪਾਈ ਖਲੋਤਾ ਰਿਹਾ ਤੇ ਰਾਣੀ ਵੱਲ ਅੱਖ ਭਰ ਕੇ ਨਾ ਦੇਖਿਆ।

ਹੀਰੇ ਮੋਤੀ ਭਲਾ ਜੋਗੀਆਂ ਦੇ ਕਿਸ ਕੰਮ ਸਨ-ਗੋਰਖ ਨੇ ਪੂਰਨ ਨੂੰ ਹੀਰੇ ਮੋਤੀਆਂ ਸਮੇਤ ਵਾਪਸ ਭੇਜ ਕੇ ਆਖਿਆ, 'ਰਾਣੀ ਨੂੰ ਆਖ ਸਾਨੂੰ ਤੇ ਪੱਕੀ ਰੋਟੀ ਚਾਹੀਦੀ ਹੈ ਹੀਰੇ ਮੋਤੀ ਨਹੀਂ।'

ਪੂਰਨ ਉਸੇ ਪੈਰੀਂ ਵਾਪਸ ਮੁੜ ਆਇਆ ਤੇ ਰਾਣੀ ਸੁੰਦਰਾਂ ਦੇ ਮਹਿਲੀਂ ਜਾ ਅਲਖ ਜਗਾਈ, ਰਾਣੀ ਸੁੰਦਰਾਂ ਜਿਹੜੀ ਆਪ ਹੁਸਨ ਦੀ ਸਾਕਾਰ ਮੂਰਤ ਸੀ, ਪੂਰਨ 'ਤੇ ਫਿਦਾ ਹੋ ਗਈ। ਉਹਨੇ ਆਪਣੀ ਨਿਗਰਾਨੀ ਵਿਚ ਛੱਤੀ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ। ਨੰਗੇ ਪੈਰੀਂ ਗੋਰਖ ਦੇ ਟਿੱਲੇ 'ਤੇ ਪੁੱਜ ਗਈ ਤੇ ਗੋਰਖ ਦੇ ਚਰਨਾਂ 'ਚ ਸੀਸ ਨਿਵਾ ਦਿੱਤਾ।

ਬਾਕੀ ਸਫ਼ਾ 35 'ਤੇ

## ਮੰਜੇ ਦੀ ਬਾਹੀ...

ਪਰ ਗੱਜੂ ਉਤੇ ਇਨ੍ਹਾਂ ਗੱਲਾਂ ਦਾ ਨਾ ਅਸਰ ਹੋਣਾ ਸੀ, ਤੇ ਨਾ ਹੀ ਹੋਇਆ। ਸੱਜਣ ਨੂੰ ਉਸ ਨੇ ਇਕੋ ਗੱਲ ਨਾਲ ਚੁੱਪ ਕਰ ਦਿੱਤਾ, "ਮੁੱਲ ਦੀ ਤੀਮੀਂ ਦਾ ਦੁੱਖ ਹੋਊ ਤਾਂ ਉਹ ਮੈਨੂੰ ਹੋਊ, ਮੈਂ ਝੱਲ ਲੂੰ! ਪਰ ਸੱਜਣਾ, ਜਮੀਨ ਤਾਂ ਤੈਨੂੰ ਵੰਡਣੀ ਪਊ, ਭਾਈ ਭਰੱਪਣ ਨਾਲ ਵੰਡ ਦੇਂਗਾ ਤੇਰੀ ਸ਼ਾਬਾਸ਼ੇ, ਲੋਕ ਤਮਾਸ਼ਾ ਦਖਾਉਣੈਂ ਉਹ ਤੇਰੀ ਮਰਜੀ।"

ਸੱਜਣ ਪਰਨੇ ਨਾਲ ਅੱਖਾਂ ਪੂੰਝ ਕੇ ਅੰਦਰਲੇ ਘਰ ਨੂੰ ਤੁਰ ਪਿਆ। ਉਹ ਸੋਚਦਾ ਸੀ, ਚਾਰ ਕਿੱਲਿਆਂ ਦੇ ਸਿਰ ਤੇ ਤਾਂ ਉਸ ਦੇ ਇਕ ਮੁੰਡੇ ਨੂੰ ਵੀ ਨਹੀਂ ਸਾਕ ਹੋਣਾ। ਚੰਗੀ ਭਲੀ ਕਬੀਲਦਾਰੀ ਦੀ ਗੱਡੀ ਰੁੜ੍ਹੀ ਜਾ ਰਹੀ ਸੀ, ਆਹ ਬਿਚ ਭੈਣ ਦੇਣੇ ਦਾ ਹੋਰ ਹੀ ਫਾਨਾ ਆ ਫਸਿਆ! ਪਰ ਸੱਜਣ ਇਹ ਵੀ ਜਾਣਦਾ ਸੀ, ਬਈ ਇਹ ਫਾਨਾ ਆਪਣੇ ਆਪ ਆ ਕੇ ਨਹੀਂ ਸੀ ਫਸਿਆ, ਸਗੋਂ ਸੰਤੋ ਨੇ ਫਸਾਇਆ ਸੀ। ਉਸ ਨੇ ਗੱਲੀਂ ਬਾਤੀਂ ਸੰਤੋ ਨੂੰ ਕਈ ਵਾਰ ਆਖਿਆ ਵੀ ਸੀ, "ਇਸ ਕਾਣੇ ਦਾ ਵਿਗੜਦੇ ਦਾ ਪਤਾ ਨੀ ਲਗਦਾ, ਤੂੰ ਏਹਨੂੰ ਪਲੋਸ ਪਲਾਸ ਕੇ ਰੱਖਿਆ ਕਰ।" ਪਰ ਸੰਤੋ ਨੇ ਜ਼ਿੱਦ ਨਾ ਛੱਡੀ, "ਮਰਨੀ ਮਰਜੂੰ, ਪਰ ਮੈਂ ਜੇਠ ਨੂੰ ਮੰਜੇ ਦੀ ਬਾਹੀ ਤੇ ਨੀ ਬੈਠਣ ਦੇਣਾ।"

ਸੱਜਣ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਨ੍ਹਾਂ ਦਾ ਘਰ ਵਸਾਉਣ ਵਿਚ ਗੱਜੂ ਦਾ ਹੀ ਹੱਥ ਸੀ। ਸੱਜਣ ਤਾਂ ਓਦੋਂ ਅਜੇ ਡੰਗਰ ਚਾਰਦਾ ਹੁੰਦਾ ਸੀ, ਜਦੋਂ ਉਨ੍ਹਾਂ ਦਾ ਪਿਉ ਲਾਂਗੇ ਦਾ ਗੱਡਾ ਲੱਦਦਾ ਡਿਗ ਕੇ ਮਰ ਗਿਆ ਸੀ। ਪੰਜ ਕੁ ਸਾਲਾਂ ਬਾਅਦ ਕੁਆਰੇ ਪੁੱਤਾਂ ਦਾ ਝੋਰਾ ਕਰਦੀ ਉਨ੍ਹਾਂ ਦੀ ਮਾਂ ਵੀ ਮੰਜੇ ਨਾਲ ਅੱਡੀਆਂ ਰਗੜਦੀ ਤੁਰ ਗਈ ਸੀ। ਗੱਜੂ ਉਤੇ ਈ ਆ ਪਿਆ ਸੀ ਸਾਰਾ ਭਾਰ! ਦੋ ਭੈਣਾਂ ਬੂਹਿਓਂ ਤੋਰੀਆਂ। ਸੱਜਣ ਨੂੰ ਭਾਈ ਨੀ, ਪੁੱਤਾਂ ਵਾਂਗੂ ਪਾਲਿਆ ਤੇ ਵੱਡਾ ਕੀਤਾ। ਫੇਰ ਇਕ ਵੱਡੀ ਕੁਰਬਾਨੀ, ਸੱਜਣ ਦਾ ਵਿਆਹ ਕੀਤਾ। ਜੱਟ ਦੇ ਪੁੱਤ ਨੂੰ ਚਾਰ ਕਿੱਲਿਆਂ ਤੇ ਕਿਹੜਾ ਕੁੜੀ ਦਿੰਦੈ? ਗੱਜੂ ਨੇ ਸੋਚਿਆ, ਉਸ ਨੂੰ ਤਾਂ ਸਾਕ ਹੋਣੋਂ ਰਿਹਾ, ਇਕ ਤਾਂ ਰੱਬ ਨੇ ਉਂਜ ਬੱਜੋ-ਬੱਤਾ ਬਣਾਤਾ, ਦੂਜੇ ਉਮਰ ਪਖੋਂ ਵੀ ਪੈਂਤੀ ਛੱਤੀ ਦਾ ਹੋ ਚੱਲਿਆ ਸੀ। ਚਲੋ, ਭਾਈ ਤਾਂ ਕੁਆਰਾ ਨਾ ਰਹੇ। ਉਸ ਨੇ ਬਾਰੂ-ਕੇ ਸੀਤੇ ਨਾਲ ਗੱਲ ਕੀਤੀ, "ਦੇਖ ਸੀਤਾ ਸਿਆਂ? ਮੈਂ ਤਾਂ ਨਾ ਵਿਆਹ ਕਰਾਵਾਂ, ਨਾ ਈਂ ਮੈਨੂੰ ਸਾਕ ਹੋਵੇ। ਅੱਠ ਕਿੱਲੇ ਸੱਜਣ ਨੂੰ ਮੁੱਕਦੇ ਨ੍ਹੀਂ, ਤੂੰ ਕਰ ਪੁੰਨ, ਆਪਣੀ ਸਾਲੀ ਦਾ ਸਾਕ ਲਿਆ। ਐਨੇ ਨਾਲ ਸਾਡਾ ਵੀ ਜੱਗ ਵਿਚ ਸੀਰ ਪੈਜੂ।" ਸੀਤੇ ਨੂੰ ਵੀ ਗੱਲ ਜਚ ਗਈ ਸੀ ਤੇ ਉਸ ਨੇ ਸੱਜਣ ਨੂੰ ਸਾਕ ਕਰਵਾ ਕੇ ਦੋ ਮਹੀਨਿਆਂ ਦੇ ਅੰਦਰ ਅੰਦਰ ਆਪਣੀ ਸਾਲੀ ਸੰਤੋ ਉਨ੍ਹਾਂ ਦੇ ਘਰ ਲਿਆ ਬਠਾਈ ਸੀ।

ਸੱਜਣ ਦੇ ਵਿਆਹ ਦੀ ਖੁਸ਼ੀ ਗੱਜੂ ਨੇ ਇੰਜ ਮਨਾਈ, ਜਿਵੇਂ ਉਹਦਾ ਆਪਣਾ ਵਿਆਹ ਹੋਇਆ ਹੋਵੇ। ਜੱਟ ਦਾ ਇਕ ਪੁੱਤ ਵਿਆਹਿਆ ਜਾਵੇ, ਸਮਝੋ ਸਾਰੇ ਵਿਆਹੇ ਗਏ। ਇਕ ਕਿੱਲਾ ਗਹਿਣੇ ਰੱਖ ਕੇ ਉਸ ਨੇ ਸੰਤੋ ਲਈ ਮੂੰਹ ਸਿਰ ਦੀਆਂ ਸਾਰੀਆਂ ਟੂੰਮਾਂ ਬਣਾ ਦਿੱਤੀਆਂ।

ਸੰਤੋ ਵੀ ਮੂੰਹ ਮੱਥੇ ਲੱਗਣ ਵਾਲੀ ਤੀਮੀਂ ਸੀ, ਆਉਂਦਿਆਂ ਹੀ ਉਸ ਨੇ ਘਰ ਦੀ ਖਿੱਲਰੀ ਹੋਈ ਕਬੀਲਦਾਰੀ ਨੂੰ ਰੱਸਾ ਪਾ ਲਿਆ। ਉਤੋਂ ਚੰਗੇ ਭਾਗਾਂ ਨੂੰ, ਸਾਲੋਂ ਅੰਦਰ ਰੱਬ ਨੇ ਚੰਨ ਵਰਗਾ ਮੁੰਡਾ ਝੋਲੀ ਪਾ ਦਿੱਤਾ।

ਦਿਨਾਂ ਵਿਚ ਹੀ ਗੱਜੂ ਅਤੇ ਸੱਜਣ ਦੇ ਘਰ ਦਾ ਰੰਗ ਹੋਰ ਹੋ ਗਿਆ। ਚੁੰਬਕ ਦੀ ਤਰ੍ਹਾਂ, ਸੰਤੋ ਨੇ ਸਾਰੀਆਂ ਬਰਕਤਾਂ ਉਨ੍ਹਾਂ ਦੇ ਘਰ ਵੱਲ ਖਿੱਚ ਲਈਆਂ। ਸੰਤੋ ਦੁਆਲੇ ਉਹ ਊਰੀ ਆਗੂੰ ਘੁਕਦੇ ਰਹਿੰਦੇ। ਦੋ ਕੁ ਸਾਲਾਂ ਵਿਚ ਹੀ ਉਨ੍ਹਾਂ ਨੇ ਗਹਿਣੇ ਪਾਇਆ ਕਿੱਲਾ ਵੀ ਛੁਡਾ ਲਿਆ। ਫੁੱਲਾਂ ਵਰਗੇ ਦਿਨ ਲੰਘਣ ਲੱਗੇ। ਸੰਤੋ ਦੀ ਕੁੱਖੋਂ ਇਕ ਕੁੜੀ ਤੇ ਇਕ ਮੁੰਡਾ ਹੋਰ ਜੰਮੇ। ਹੋਰ ਜੱਟ ਨੂੰ ਕੀ ਚਾਹੀਦੈ? ਦੁੱਧ ਤੇ ਪੁੱਤ, ਇਹ ਦੋ ਚੀਜ਼ਾਂ ਹੀ ਉਹ ਰੱਬ ਕੋਲੋਂ ਮੰਗਦੈ!

ਪਰ ਅਚਾਨਕ ਫੁੱਲਾਂ ਉਤੇ ਖੇਡਦੀ ਕਾਟੋ ਨੂੰ ਇਕ ਭੂਤ ਦਿਖਾਈ ਦੇ ਗਿਆ। ਤਕਦੀਰ ਨੇ ਗੱਜੂ ਨਾਲ ਇਕ ਰਾਤ ਇਕ ਨਾਟਕ ਖੇਡਿਆ। ਉਸ ਨੂੰ ਸੁਪਨਾ ਆਇਆ, ਜਿਵੇਂ ਉਸ ਨਾਲ ਕੋਈ ਤੀਮੀਂ ਸੁੱਤੀ ਪਈ ਹੋਵੇ। ਗੱਜੂ ਬਾਖਰੂ, ਬਾਖਰੂ ਕਰਦਾ ਉਠ ਖੜ੍ਹਾ ਹੋਇਆ। ਆਲੇ-ਦੁਆਲੇ ਅੱਖਾਂ ਪਾੜ ਪਾੜ ਵੇਖਿਆ, ਉਥੇ ਤਾਂ ਕੋਈ ਵੀ ਨਹੀਂ ਸੀ!

ਅਗਲੇ ਦਿਨ ਸਾਰੀ ਦਿਹਾੜੀ ਇਹ ਸੁਪਨਾ ਗੱਜੂ ਦੇ ਦਿਮਾਗ ਵਿਚ ਘੁੰਮਦਾ ਰਿਹਾ। ਦਿਨ ਛਿਪਦੇ ਨਾਲ ਹੀ ਉਸ ਨੂੰ ਡਰ ਜਿਹਾ ਹੋਣ ਲੱਗਾ ਕਿ ਕਿਤੇ ਇਹ ਸੁਪਨਾ ਅੱਜ ਰਾਤੀਂ ਫਿਰ ਨਾ ਆ ਜਾਵੇ। ਉਸ ਨੇ ਆਪਣੇ ਛੇ ਸਾਲ ਦੇ ਭਤੀਜੇ ਮਿੱਠੂ ਨੂੰ ਆਪਣੇ ਨਾਲ ਪਾ ਲਿਆ।

ਉਸ ਰਾਤ ਉਸ ਨੂੰ ਉਹ ਸੁਪਨਾ ਤਾਂ ਨਾ ਆਇਆ, ਪਰ ਜਿਹੜਾ ਆਇਆ, ਉਹ ਉਸ ਨਾਲੋਂ ਵੀ ਅਜੀਬ ਕਿਸਮ ਦਾ ਸੀ। ਉਹ ਡੇਰੇ ਆਲੀ ਢਾਬ ਵਿਚ ਨਹਾ ਰਿਹਾ ਸੀ, ਤੇੜ-ਸਿਰ ਦੇ ਕੱਪੜੇ ਲਾਹ ਕੇ, ਅਲਫ ਨੰਗਾ! ਇਕ ਤੀਮੀਂ ਆਈ ਤੇ ਉਸ ਦੇ ਕੱਪੜੇ ਚੁੱਕ ਕੇ ਪਰਾਂਹ ਵਣਾਂ ਵਿਚ ਜਾ ਲੁਕੀ।

ਏਦਾਂ ਮ੍ਹੀਨਾ-ਵੀਹ ਦਿਨ ਉਸ ਨੂੰ ਇਹੋ ਜਿਹੇ ਸੁਪਨੇ ਆਉਂਦੇ ਰਹੇ। ਹਰ ਸੁਪਨੇ ਵਿਚ ਕਹਾਣੀ ਵੱਖ ਹੁੰਦੀ ਹੋਈ ਵੀ ਇਕ ਗੱਲ ਸਾਂਝੀ ਹੁੰਦੀ, ਤੀਮੀਂ ਦੇ ਆਉਣ ਦੀ ਗੱਲ।

ਪਹਿਲੇ ਦੋ ਤਿੰਨ ਸੁਪਨਿਆਂ ਨੇ ਤਾਂ ਗੱਜੂ ਨੂੰ ਘਬਰਾਹਟ ਦਿੱਤੀ। ਪਰ ਫੇਰ ਉਸ ਨੂੰ ਇਹ ਸੁਪਨੇ ਚੰਗੇ ਚੰਗੇ ਲੱਗਣ ਲੱਗ ਪਏ। ਉਸ ਨੂੰ ਇਨ੍ਹਾਂ ਵਿਚੋਂ ਨਿੱਘ ਜਿਹਾ ਮਿਲਣ ਲੱਗਾ। ਸੱਚੀ ਗੱਲ ਤਾਂ ਇਹ ਹੈ ਕਿ ਜੇ ਹੁਣ ਕਦੀ ਗੱਜੂ ਨੂੰ ਕੋਈ ਅਜਿਹਾ ਸੁਪਨਾ ਨਾ ਆਉਂਦਾ ਤਾਂ ਉਹ ਅਗਲੇ ਦਿਨ ਟੁੱਟਿਆ ਟੁੱਟਿਆ ਜਿਹਾ ਮਹਿਸੂਸ ਕਰਦਾ। ਅਜੀਬ ਗੱਲ ਸੀ ਕਿ ਇਹ ਸੁਪਨੇ ਜਾਂ ਤਾਂ ਉਸ ਨੂੰ ਪੰਦਰਾਂ-ਸੋਲਾਂ ਸਾਲ ਦੀ ਉਮਰ ਤੋਂ ਲੈ ਕੇ ਛੱਬੀ-ਸਤਾਈ ਸਾਲ ਦੀ ਉਮਰ ਤਕ ਆਏ ਸਨ ਜਾਂ ਹੁਣ, ਜਦੋਂ ਉਹ ਚਹੁੰ ਤੇ ਚਾਲੀ ਸਾਲ ਦਾ ਹੋ ਚੱਲਿਆ ਸੀ!

ਇਕ ਦਿਨ ਹੋਰ ਹੀ ਭਾਣਾ ਵਰਤਿਆ। ਦਿਨ ਛਿਪੇ ਮੂੰਹ ਨ੍ਹੇਰੇ ਜਿਹੇ ਉਹ ਸੂਏ ਵੱਲ ਜੰਗਲ ਪਾਣੀ ਗਿਆ। ਸਕੂਲ ਵਿਚ ਦੀ ਲੰਘਦਿਆਂ ਉਸ ਨੂੰ ਇਕ ਤੀਮੀਂ ਤੇ ਇਕ ਮਰਦ ਦਾ ਝਉਲਾ ਪਿਆ। ਮਰਦ ਨੇ ਤੀਵੀਂ ਨੂੰ ਆਪਣੀ ਹਿੱਕ ਨਾਲ ਘੁੱਟ ਰੱਖਿਆ ਸੀ। ਗੱਜੂ ਨੇ ਦੋਵਾਂ ਨੂੰ ਜਾ ਗਿੱਚੀ ਤੋਂ ਨੱਪਿਆ। ਇਹ ਤਾਂ ਜੇਠੂ ਬਾਣੀਏ ਦੀ ਵੱਡੀ ਕੁੜੀ ਸ਼ੀਲੋ ਤੇ ਧਰਮੇ ਤਖਾਣ ਦਾ ਮੁੰਡਾ ਘੀਚਰ ਸੀ। ਘੀਚਰ ਉਸ ਦੇ ਪੈਰੀਂ ਪੈ ਗਿਆ, "ਚਾਚਾ ਹੱਥ ਬੰਨ੍ਹਾ ਲੈ, ਅੱਗੇ ਗੱਲ ਨਾ ਕਰੀਂ।"

"ਉਡ ਜੋ ਭੈਣ ਦਿਓ ਦੁੱਗੋ, ਜੇ ਅੱਗੇ ਨੂੰ ਏਹਾ ਜਾ ਕੰਮ ਕੀਤਾ ਤਾਂ ਦੇਖ ਲਿਓ ਫੇਰ?" ਕਹਿਣ ਨੂੰ ਤਾਂ ਗੱਜੂ ਨੇ ਉਨ੍ਹਾਂ ਨੂੰ ਕਹਿ ਦਿੱਤਾ ਪਰ ਅੰਦਰੋਂ, ਇਹ ਸਭ ਕੁਝ ਦੇਖ ਕੇ ਉਸ ਨੂੰ ਆਪ ਨੂੰ ਵੀ ਸੁਆਦ ਜਿਹਾ ਆ ਗਿਆ ਸੀ।

ਉਸ ਰਾਤ ਉਸ ਨੂੰ ਫਿਰ ਸੁਪਨਾ ਆਇਆ, ਪਹਿਲਿਆਂ ਸੁਪਨਿਆਂ ਵਰਗਾ, ਪਰ ਇਸ ਵਾਰੀ ਉਸ ਨੇ ਸੁਪਨੇ ਵਿਚਲੀ ਤੀਮੀਂ ਨੂੰ ਪਛਾਣ ਲਿਆ, ਇਹ ਤਾਂ ਸੰਤੋ ਸੀ, ਉਸ ਦੀ ਆਪਣੀ ਭਰਜਾਈ।

ਸੁਪਨਾ ਕਾਹਦਾ ਆਇਆ, ਗੱਜੂ ਨੂੰ ਸੂਲੀ ਤੇ ਟੰਗ ਗਿਆ। ਕਦੇ ਉਸ ਨੂੰ ਲਗਦਾ, ਉਹ ਕੋਈ ਗੁਨਾਹਗਾਰ ਹੈ ਤੇ ਉਹ ਆਪਣੇ ਆਪ ਨੂੰ ਗਾਲ੍ਹਾਂ ਦੇਣ ਲੱਗ ਪੈਂਦਾ, "ਇਹ ਕੀ ਹੁੰਦਾ ਜਾਂਦੈ ਤੈਨੂੰ ਭੈਣ ਦਿਆ ਦੁੱਗਾ। ਧੌਲੀ ਦਾੜ੍ਹੀ ਹੁਣ ਤੈਨੂੰ ਇਹ ਕੀ ਚਾਅ ਕੁੱਦਣ ਲੱਗ ਪਿਐ!"

ਤੇ ਕਦੇ ਉਸ ਅੰਦਰ ਅੱਗ ਜਿਹੀ ਪੈਦਾ ਹੁੰਦੀ ਜਿਹੜੀ, ਉਸ ਨੂੰ ਲਗਦਾ ਉਸ ਨੂੰ ਸਾੜ ਕੇ ਹੀ ਸਾਹ ਲਵੇਗੀ। ਹਾਲਤ ਇਹ ਹੋ ਗਈ ਕਿ ਸੁਪਨਿਆਂ ਦੀ ਥਾਂ ਹੁਣ ਜਾਗਦਿਆਂ ਵੀ ਉਹ ਇਸ ਸਮੱਸਿਆ ਨਾਲ ਉਲਝਿਆ ਰਹਿੰਦਾ। ਪਤਾ ਨਹੀਂ ਕਿਉਂ, ਉਹ ਸੰਤੋ ਨੂੰ ਹੁਣ ਚੋਰ ਅੱਖ ਨਾਲ ਵੇਖਣ ਲੱਗ ਪਿਆ। ਸੰਤੋ ਉਸ ਤੋਂ ਘੁੰਡ ਕੱਢਦੀ ਸੀ ਪਰ ਇਹ ਘੁੰਡ ਐਵੇਂ ਨਾਂ ਦਾ ਹੀ ਸੀ। ਉਸ ਨੇ ਸੰਤੋ ਦਾ ਚਿਹਰਾ-ਮੋਹਰਾ ਅੱਗੇ ਵੀ ਸੌ ਵਾਰੀ ਵੇਖਿਆ ਸੀ, ਪਰ ਉਸ ਚਿਹਰੇ-ਮੋਹਰੇ ਵਿਚ ਕੋਈ ਹੋਰ ਹੀ ਗੱਲ ਸੀ।

ਬਿਮਾਰੀ ਵਧਦੀ ਵਧਦੀ ਵਧ ਹੀ ਗਈ। ਅੱਗ ਦੇ ਭਾਂਬੜਾਂ ਨੇ ਗੱਜੂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਸਿਆਲਾਂ ਦੀ ਇਕ ਰਾਤ ਨੂੰ ਜਦੋਂ ਸੱਜਣ ਸੀਰੀ ਨਾਲ ਟਾਹਲੀ ਆਲੇ ਖੇਤ ਪਾਣੀ ਲਾਉਣ ਗਿਆ ਸੀ, ਗੱਜੂ ਆਪਣੇ ਆਪ ਨਾਲ ਘੁਲਦਾ ਸੰਤੋ ਦੇ ਮੰਜੇ ਦੀ ਬਾਹੀ ਉਤੇ ਜਾ ਬੈਠਾ। ਕੰਬਦੇ ਹੱਥਾਂ ਨਾਲ ਉਸ ਸੰਤੋ ਦੀ ਬਾਂਹ ਨੂੰ ਹਲੂਣਿਆ। ਸੰਤੋ ਤ੍ਰਭਕ ਕੇ ਉਠੀ, ਜਿਵੇਂ ਕਿਸੇ ਸੁਪਨੇ ਵਿਚੋਂ ਜਾਗੀ ਹੋਵੇ। ਗੱਜੂ ਨੂੰ ਆਪਣੇ ਮੰਜੇ ਤੇ ਬੈਠਾ ਵੇਖ ਕੇ ਜਿਵੇਂ ਉਸ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ। ਇਕ ਵਾਰ ਤਾਂ ਉਸ ਨੂੰ ਸੱਜਣ ਦਾ ਝਉਲਾ ਵੀ ਪਿਆ, ਪਰ ਰਾਤ ਦੇ ਹਨੇਰੇ ਵਿਚ ਵੀ ਉਹ ਗੱਜੂ ਦੀ ਬੁਝੀ ਹੋਈ ਅੱਖ ਨੂੰ ਪਛਾਣ ਗਈ। ਉਸ ਅੰਦਰ ਜਿਵੇਂ ਕੋਈ ਸੁੱਤੀ ਹੋਈ ਬਘਿਆੜੀ ਜਾਗ ਪਈ ਹੋਵੇ। ਉਹ ਗੱਜੂ ਤੇ ਝਪਟਣ ਹੀ ਵਾਲੀ ਸੀ ਕਿ ਉਸ ਦੀ ਤ੍ਰੀਮਤ-ਸੂਝ ਬੋਲ ਪਈ, "ਸੰਤੋ ਬੰਦੀਏ, ਕੁਝ ਹੋਸ਼ ਕਰ।" ਸਾਰੀ ਸ਼ਕਤੀ ਕੱਠੀ ਕਰ ਕੇ ਉਸ ਨੇ ਆਪਣਾ ਗੁੱਸਾ ਕਾਬੂ ਕੀਤਾ ਤੇ ਬੋਲੀ, "ਗੱਜਣਾ, ਜੇ ਬੰਦੇ ਦਾ ਪੁੱਤ ਐਂ ਤਾਂ ਹੁਣੇ ਉਠ ਖੜ੍ਹ ਮੰਜੇ ਤੋਂ।"

ਗੱਜੂ ਦੇ ਸਿਰ ਉਤੇ ਜਿਵੇਂ ਕੋਤਰ-ਸੌ ਘੜਾ ਪਾਣੀ ਦਾ ਡੁੱਲ੍ਹ ਗਿਆ ਹੋਵੇ। ਸੰਤੋ ਨੂੰ ਉਹ ਇਕ ਸ਼ਬਦ ਵੀ ਨਾ ਕਹਿ ਸਕਿਆ। ਆਪਣੀ ਬਰਫ ਹੋਈ ਦੇਹ ਨੂੰ ਘਸੀਟਦਾ ਉਹ ਆਪਣੇ ਮੰਜੇ ਤੇ ਆ ਡਿੱਗਾ। ਗਈ ਰਾਤ ਤਕ ਉਹ ਛੱਤ ਦੀਆਂ ਛਤੀਰੀਆਂ ਵੱਲ ਵੇਖਦਾ ਰਿਹਾ। ਜਦੋਂ ਨੀਂਦ ਆਈ ਤਾਂ ਸੁਪਨੇ ਵੀ ਆਏ, ਸੁਪਨੇ ਜਿਨ੍ਹਾਂ ਵਿਚ ਘੋੜਿਆਂ ਤੇ ਚੜ੍ਹੀਆਂ ਤੀਮੀਆਂ ਉਸ ਦੀ ਹਿੱਕ ਉਤੋਂ ਦੀ ਦਗੜ-ਦਗੜ ਘੋੜੇ ਦਬੱਲੀ ਜਾਂਦੀਆਂ ਹਨ।

ਇਸ ਘਟਨਾ ਤੋਂ ਬਾਅਦ ਗੱਜੂ ਬਾਹਰਲੇ ਘਰ ਸੌਣ ਲੱਗ ਪਿਆ। ਇਸ ਘਟਨਾ ਤੋਂ ਬਾਅਦ ਗੱਜੂ ਮਰਜ਼ੀ ਨਾਲ ਕੋਈ ਕੰਮ ਕਰਦਾ, ਮਰਜ਼ੀ ਨਾਲ ਨਾ ਕਰਦਾ। ਗੱਜੂ ਨੂੰ ਕੋਈ ਤੋੜ ਜਿਹੀ ਲੱਗੀ ਰਹਿੰਦੀ ਤੇ ਉਹ ਇਸ ਤੋੜ ਨੂੰ ਕੰਡਾ ਖਾ ਕੇ ਤੋੜਨ ਦੀ ਕੋਸ਼ਿਸ਼ ਕਰਦਾ। ਇਸ ਘਟਨਾ ਤੋਂ ਬਾਅਦ ਗੱਜੂ ਦਾ ਨੰਦ ਬੰਗਾਲੀ ਕੋਲ ਉਠਣ ਬਹਿਣ ਹੋ ਗਿਆ ਤੇ ਗੱਜੂ ਨੇ ਮੁੱਲ ਦੀ ਤੀਮੀਂ ਲਿਆਉਣ ਦਾ ਫੈਸਲਾ ਕਰ ਕੇ ਆਪਣੇ ਛੋਟੇ ਭਾਈ ਨੂੰ ਸੌ ਦੀ ਇਕ ਸੁਣਾਈ, "ਮੇਰੇ ਹਿੱਸੇ ਦੀ ਜਮੀਨ ਵੰਡ ਦੇਹ, ਨਹੀਂ ਤਾਂ ਪੰਚੈਤ ਕੱਠੀ ਕਰਨੀ ਪਊ।"

ਜਦੋਂ ਕੋਈ ਵੀ ਹੀਲਾ ਲੋਟ ਨਾ ਆਇਆ ਤਾਂ ਅਖੀਰ ਸੱਜਣ ਨੇ ਹਥਿਆਰ ਸੁੱਟ ਦਿੱਤੇ, "ਚੰਗਾ ਭਰਾਵਾ, ਜਿਮੇਂ ਤੇਰੀ ਮਰਜ਼ੀ ਐ ਕਰ ਲੈ। ਜਮੀਨ ਵਿਚ ਤੇਰਾ ਅੱਧ ਐ, ਪਰਸੋਂ ਵੰਡ ਲਾਂਗੇ। ਪੰਚੈਤ ਕਾਹਨੂੰ ਪਾਉਣੀ ਐ ਵਿਚਾਲੇ। ਐਮੇਂ ਕੋਈ ਕੁਸ਼ ਆਖੂ, ਕੋਈ ਕੁਸ਼। ਮੈਂ ਅੱਜ ਜਾ ਕੇ ਕੱਲ੍ਹ ਨੂੰ ਮਾਮੇ ਨੂੰ ਲੈ ਆਉਨਾਂ। ਘਰ ਦੀ ਗੱਲ ਘਰ ਵਿਚ ਨਿਬੜ ਜੂ।"

ਸੱਜਣ ਤਾਂ ਐਨੀ ਕਹਿ ਕੇ ਨਾਨਕੀਂ ਮਾਮੇ ਨੂੰ ਲੈਣ ਚਲਿਆ ਗਿਆ, ਪਰ ਸੰਤੋ ਆਪਣੇ ਆਪ ਨਾਲ ਉਲਝੀ ਰਹੀ। ਸੱਚੀ ਗੱਲ ਤਾਂ ਇਹ ਹੈ ਕਿ ਸੰਤੋ ਇਹ ਗੱਲ ਸੁਪਨੇ ਵਿਚ ਵੀ ਨਹੀਂ ਸੀ ਸੋਚ ਸਕਦੀ ਕਿ ਗੱਜੂ ਤੀਮੀਂ ਸੱਚਮੁੱਚ ਹੀ ਲੈ ਆਵੇਗਾ। ਭਿਣਕ ਤਾਂ ਉਹਨੂੰ ਮਹੀਨਾ ਭਰ ਪਹਿਲਾਂ ਹੀ ਪੈ ਗਈ ਸੀ ਜਦੋਂ ਗੱਜੂ ਨੰਦ ਬੰਗਾਲੀ ਕੋਲ ਜਾਣ ਆਉਣ ਲੱਗ ਪਿਆ ਸੀ, ਪਰ ਉਹ ਸੋਚਦੀ ਸੀ, ਐਵੇਂ ਦੋ ਚਾਰ ਦਿਨ ਦਾ ਪਾਲਗਪਣ ਐ, ਆਪੇ ਠੀਕ ਹੋ ਜੂ। ਪਰ ਉਹਨੂੰ ਕੀ ਪਤਾ ਸੀ, ਗੱਜੂ ਆਪਣੀ ਹਿੰਡ ਨੂੰ ਏਨੀ ਦੂਰ ਤਕ ਲੈ ਜਾਵੇਗਾ।

ਹੁਣ ਜਦੋਂ ਗੱਲ ਜਮੀਨ ਵੰਡਣ ਤਕ ਆ ਪਹੁੰਚੀ ਤਾਂ ਸੰਤੋ ਨੂੰ ਲੱਗਿਆ, ਉਸ ਦਾ ਤਾਂ ਬਣਿਆ ਬਣਾਇਆ ਘਰ ਢਹਿ-ਢੇਰੀ ਹੋਣ ਲੱਗਾ ਐ। ਅੱਠਾਂ ਵਿਚੋਂ ਚਾਰ ਕਿਲੇ ਗੱਜੂ ਲੈ ਜੂ ਤਾਂ ਉਹਦੇ ਦੋ ਪੁੱਤਾਂ ਪੱਲੇ ਕੀ ਪਊ? ਅੱਗ ਤੇ ਸੁਆਹ? ਚਾਰ ਕਿੱਲਿਆਂ ਨੂੰ ਤਾਂ ਕਿਸੇ ਧੀ ਵਾਲੇ ਨੇ ਇਸ ਘਰ ਵੱਲ ਮੂੰਹ ਵੀ ਨਹੀਂ ਕਰਨਾ। ਇਕ ਨੂੰ ਤਾਂ ਦੋ ਹੀ ਆਏ? ਫੇਰ ਉਹ ਨਪੁੱਤਿਆਂ ਦੀ ਪਤਾ ਨੀ ਕੇਹੇ ਜੇ ਘਰ ਦੀ ਹੋਊ? ਕਿਸੇ ਮਾੜੀ-ਧੀੜੀ ਦੀ ਲਾਦ ਮੇਰੇ ਪੁੱਤਾਂ ਦੀ ਸ਼ਰੀਕ ਬਣੂੰ। ਸ਼ਰੀਕੇ ਦਾ ਦਾਗ ਆਪ ਨੂੰ ਕੇਹੜਾ ਨਹੀਂ ਲੱਗੂ। ਮੈਂ ਬੀ ਐਮੇਂ ਜਿੱਦ ਜਿੱਦ ਵਿਚ ਸਾਰੀ ਖੇਡ ਬਗਾੜ ਲੀ। ਕੋਈ ਬਗਾਨਾ ਤਾਂ ਨੀ ਸੀ, ਸੱਜਣ ਦਾ ਈ ਭਾਈ ਐ! ਉਹ ਵੀ ਤੀਮੀਆਂ ਨੇ ਜਿਹੜੀਆਂ ਸੱਤ ਬਗਾਨਿਆਂ ਨਾਲ ਜਾ ਕੇ ਖੇਹ ਖਾਂਦੀਆਂ ਨੇ। ਇਹ ਤਾਂ ਫਿਰ ਘਰ ਦੀ ਘਰ ਵਿਚ ਗੱਲ ਐ। ਨਾਲੇ ਮਾੜੀ ਗੱਲ ਤੇ ਤਾਂ ਹੋਵੇ, ਜੇ ਘਰ ਦਾ ਬੰਦਾ ਬੁਰੀ ਮੰਨੇ। ਸੱਜਣ ਤਾਂ ਆਪ ਕੈ ਬਾਰ ਆਨੀਂ ਬਹਾਨੀਂ ਕਹਿ ਬੈਠੇ! "ਜਾ ਨੀ ਸੰਤੋ ਕਮਲੀਏ, ਆਪਣੇ ਹੱਥੀਂ ਆਪਣੀ ਖੇਡ ਆਪ ਹੀ ਬਗਾੜੀ ਜਾਨੀ ਐਂ। ਜੱਗ ਵਿਚ ਤੈਨੂੰ ਕੌਣ ਸਿਆਣੀ ਆਖੂ।"

ਸੋਚਾਂ ਸੋਚਦੀ ਸੰਤੋ ਨੂੰ ਰਾਤ ਪੈ ਗੀ। ਰੋਟੀ ਦਾ ਰਾੜ੍ਹਾ-ਬੀੜ੍ਹਾ ਕਰ ਕੇ ਉਸ ਨੇ ਗੜਬੀ ਚੁੱਕੀ ਤੇ ਪੰਪ ਤੋਂ ਭਰ ਲਈ। ਕੱਲੀ ਹੀ ਬਾਹਰ-ਕੰਨੀਂ ਚੱਲ ਪਈ। ਮੁੜਦੀ ਹੋਈ ਬੇਧੜਕ ਹੋ ਕੇ ਬਾਹਰਲੇ ਘਰ ਜਾ ਵੜੀ। ਗੱਜੂ ਮੰਜੇ ਚ ਪਿਆ ਖਊਂ-ਖਊਂ ਕਰ ਰਿਹਾ ਸੀ। ਉਸ ਦੇ ਮੰਜੇ ਦੀ ਬਾਹੀ ਤੇ ਬਹਿ ਕੇ ਉਹ ਭਰਜਾਈਆ ਵਾਲੇ ਮਿੱਠੇ ਅੰਦਾਜ਼ ਵਿਚ ਬੋਲੀ, "ਮਖਾਂ ਸੌਂ ਗਿਆ ਮਿੱਠੂ ਦੇ ਤਾਇਆ।"

ਦੂਜੇ ਦਿਨ ਜਦੋਂ ਸੱਜਣ ਆਪਣੇ ਮਾਮੇ ਨੂੰ ਲੈ ਕੇ ਮੁੜਿਆ ਤਾਂ ਸੰਤੋ ਨੇ ਉਸ ਨੂੰ ਅੰਦਰ ਲਿਜਾ ਕੇ ਕਿਹਾ, "ਸਾਰਾ ਕੁਸ਼ ਠੀਕ-ਠਾਕ ਹੋ ਗਿਆ। ਮੈਂ ਡੰਮ੍ਹ ਆਈ ਆਂ ਰਾਤ ਕਾਣੇ-ਬਹੇੜ ਦਾ ਮੱਥਾ।"

ਸੁਣ ਕੇ ਸੱਜਣ ਨੂੰ ਜਿਵੇਂ ਪਹਿਲੇ ਤੋੜ ਦੀ ਦਾਰੂ ਅਰਗਾ ਨਸ਼ਾ ਆ ਗਿਆ ਹੋਵੇ। "ਓਏ ਨਹੀਂ ਰੀਸਾਂ ਬਸੰਤ ਕੁਰ ਦੀਆਂ" ਕਹਿ ਕੇ ਉਸ ਨੇ ਸੰਤੋ ਨੂੰ ਜੱਫੀ ਵਿਚ ਘੁੱਟ ਕੇ ਇਕ ਨਹੀਂ, ਸੌ ਵਾਰੀ ਚੁੰਮਿਆ।

## ਆਦਤਾਂ ਤੋਂ ਨਸਲਾਂ...

ਪਿਆਰ ਤੇ ਸ਼ਰਧਾ ਵਿਚ ਬਣਾਏ ਭੋਜਨ ਨੂੰ ਛੱਕ ਕੇ ਗੋਰਖ ਤਰੁੱਠ ਪਿਆ,'ਰਾਣੀ ਮੰਗ ਜੋ ਮੰਗਣੈ, ਤੇਰੀ ਹਰ ਮੁਰਾਦ ਪੂਰੀ ਹੋਵੇਗੀ।'

'ਕਿਸੇ ਚੀਜ਼ ਦੀ ਲੋੜ ਨੀ ਨਾਥ ਜੀ।' ਸੁੰਦਰਾਂ ਨੇ ਦੋਵੇਂ ਹੱਥ ਜੋੜ ਕੇ ਆਖਿਆ।

'ਅਜੇ ਵੀ ਮੰਗ ਲੈ' ਗੋਰਖ ਮੁੜ ਬੋਲਿਆ।

'ਨਾਥ ਜੀ ਥੋਡਾ ਅਸ਼ੀਰਵਾਦ ਹੀ ਬਹੁਤ ਐ', ਸੁੰਦਰਾਂ ਭਾਵੁਕ ਹੋਈ ਆਖ ਰਹੀ ਸੀ।

'ਤੀਜਾ ਵਚਨ ਐ..ਮੰਗ ਲੈ ਰਾਣੀਏ।'

ਸੁੰਦਰਾਂ ਲਈ ਇਹੋ ਯੋਗ ਅਵਸਰ ਸੀ। ਉਹਨੇ ਹੱਥ ਜੋੜ ਕੇ ਅਰਜ਼ ਗੁਜ਼ਾਰੀ, 'ਮੇਰੇ ਨਾਥ ਜੇ ਤਰੁੱਠੇ ਹੀ ਹੋ ਤਾਂ ਮੈਨੂੰ ਪੂਰਨ ਦੇ ਦੇਵੋ।' ਗੋਰਖ ਨਾਥ ਨੇ ਪੂਰਨ ਨੂੰ ਰਾਣੀ ਸੁੰਦਰਾਂ ਨਾਲ ਜਾਣ ਦਾ ਇਸ਼ਾਰਾ ਕਰ ਦਿੱਤਾ।

ਨਾਥ ਦਾ ਹੁਕਮ ਮੰਨ ਕੇ ਪੂਰਨ ਸੁੰਦਰਾਂ ਨਾਲ ਉਹਦੇ ਮਹਿਲਾਂ ਨੂੰ ਤੁਰ ਪਿਆ। ਰਾਣੀ ਨੇ ਉਹਦੀਆਂ ਸ਼ੈਆਂ ਖਾਤਰਾਂ ਕੀਤੀਆਂ, ਪ੍ਰੰਤੂ ਪੂਰਨ ਨੂੰ ਰਾਣੀ ਸੁੰਦਰਾਂ ਦਾ ਹੁਸਨ, ਚੁਹਲ ਤੇ ਨਖਰੇ ਭਰਮਾ ਨਾ ਸਕੇ। ਉਹ ਅਡੋਲ ਸਮਾਧੀ ਲਾਈ ਬੈਠਾ ਰਿਹਾ। ਅਗਲੀ ਸਵੇਰ ਪੂਰਨ ਨੇ ਬਾਹਰ ਜੰਗਲ ਵਿਚ ਜਾ ਕੇ ਜੰਗਲ-ਪਾਣੀ ਜਾਣ ਦੀ ਚਾਹਨਾ ਪ੍ਰਗਟਾਈ। ਰਾਣੀ ਨੇ ਗੋਲੀਆਂ ਉਹਦੇ ਨਾਲ ਤੋਰ ਦਿੱਤੀਆਂ ਤੇ ਆਪ ਮਹਿਲਾਂ 'ਤੇ ਖੜ ਕੇ ਜਾਂਦੇ ਪੂਰਨ ਨੂੰ ਵੇਖਣ ਲੱਗੀ। ਦਰੱਖਤਾਂ ਦੇ ਝੁੰਡ ਓਹਲੇ ਜਾ ਕੇ ਪੂਰਨ ਨੇ ਅਜਿਹੀ ਝਕਾਨੀ ਦਿੱਤੀ ਕਿ ਉਹ ਗੋਲੀਆਂ ਦੀਆਂ ਅੱਖਾਂ ਤੋਂ ਦੂਰ ਹੋ ਗਿਆ। ਪੂਰਨ ਦੇ ਪ੍ਰੇਮ 'ਚ ਦੀਵਾਨੀ ਹੋਈ ਸੁੰਦਰਾਂ ਉਹਦਾ ਓਹਲੇ ਹੋਣਾ ਬਰਦਾਸ਼ਤ ਨਾ ਕਰ ਸਕੀ। ਗੋਲੀਆਂ ਵਾਪਸ ਪਰਤ ਰਹੀਆਂ ਸਨ ਕੱਲੀਆਂ। ਸੁੰਦਰਾਂ ਨੇ ਵੇਖਦੇ-ਵੇਖਦੇ ਮਹਿਲ ਤੋਂ ਛਾਲ ਮਾਰ ਦਿੱਤੀ ਤੇ ਆਪਣੀ ਜਾਨ ਗੁਆ ਲਈ।

ਪੂਰਨ ਜੋਗੀ ਬਣਿਆ ਜੋਗ ਦਾ ਚਾਨਣ ਵੰਡਦਾ ਵੱਖ-ਵੱਖ ਥਾਵਾਂ 'ਤੇ ਘੁੰਮਦਾ ਰਿਹਾ। ਸਲਵਾਨ ਨੇ ਤਾਂ ਆਪਣੇ ਵੱਲੋਂ ਪੂਰਨ ਨੂੰ ਮਰਵਾ ਦਿੱਤਾ ਸੀ। ਰਾਣੀ ਇੱਛਰਾਂ ਆਪਣੇ ਪੁੱਤ ਦੇ ਵਿਯੋਗ ਵਿਚ ਉਂਜ ਹੀ ਅੰਨੀ ਹੋ ਗਈ ਸੀ ਤੇ ਲੂਣਾਂ ਦੀ ਕੁੱਖ ਅਜੇ ਤੀਕ ਹਰੀ ਨਹੀਂ ਸੀ ਹੋਈ। ਸਲਵਾਨ ਨੂੰ ਇਸ ਗੱਲ ਦਾ ਫਿਕਰ ਸੀ ਕਿ ਉਹਦੇ ਰਾਜ ਦਾ ਵਾਰਸ ਕੋਈ ਨਹੀਂ।

ਘੁੰਮਦਾ-ਘੁੰਮਦਾ ਪੂਰਨ ਪੂਰੇ ਬਾਰਾਂ ਵਰੇ ਮਗਰੋਂ ਜੋਗੀ ਦੇ ਭੇਸ ਵਿਚ ਆਪਣੇ ਸ਼ਹਿਰ ਸਿਆਲਕੋਟ ਪੁੱਜਾ। ਸ਼ਹਿਰੋਂ ਬਾਹਰ ਉਜੜੇ ਹੋਏ ਬਾਗ ਵਿਚ ਉਹਨੇ ਧੂਣਾ ਤਾਪ ਦਿੱਤਾ ਤੇ ਸਮਾਧੀ 'ਚ ਲੀਨ ਹੋ ਗਿਆ। ਪਲਾਂ ਛਿਨਾਂ ਵਿਚ ਹੀ ਬਾਗ ਹਰਾ-ਭਰਾ ਹੋ ਗਿਆ ਤੇ ਇਸ ਦੀ ਮਹਿਕ ਸਾਰੇ ਵਾਤਾਵਰਨ ਵਿਚ ਫੈਲ ਗਈ। ਸ਼ਹਿਰ ਵਿਚ ਨਵੇਂ ਜੋਗੀ ਦੀ ਚਰਚਾ ਸ਼ੁਰੂ ਹੋ ਗਈ। ਰਾਜੇ ਦੇ ਕੰਨੀ ਵੀ ਕਰਾਮਾਤੀ ਜੋਗੀ ਦੀ ਕਨਸੋਅ ਪਈ। ਉਹਨੇ ਆਪਣੀਆਂ ਰਾਣੀਆਂ ਸਮੇਤ ਜੋਗੀ ਪਾਸ ਜਾ ਕੇ ਵਰ ਮੰਗਣ ਦਾ ਫੈਸਲਾ ਕਰ ਲਿਆ।

ਸਲਵਾਨ ਰਾਣੀਆਂ ਸਮੇਤ ਧੂਣਾ ਤਪਦੇ ਜੋਗੀ ਪਾਸ ਪੁੱਜ ਗਿਆ। ਪੂਰਨ ਨੇ ਅੱਖੀਆਂ ਖੋਲ ਕੇ ਵੇਖਿਆ-ਉਹਦੇ ਮਾਂ-ਬਾਪ ਉਹਦੇ ਸਾਹਮਣੇ ਸਵਾਲੀ ਬਣੇ ਖਲੋਤੇ ਸਨ। ਉਹਨੇ ਸਤਿਕਾਰ ਵਜੋਂ ਉਠ ਕੇ ਆਪਣੀ ਮਾਂ ਇੱਛਰਾਂ ਦੇ ਚਰਨ ਜਾ ਛੂਹੇ। ਉਹਦੀ ਛੂਹ ਪ੍ਰਾਪਤ ਕਰਕੇ ਇੱਛਰਾਂ ਬੋਲੀ, 'ਵੇ ਪੁੱਤ ਜੋਗੀਆ, ਤੂੰ ਤਾਂ ਮੇਰਾ ਪੁੱਤ ਪੂਰਨ ਲਗਦੈਂ।'

ਕਹਿੰਦੇ ਹਨ ਆਪਣੇ ਪੁੱਤ ਪੂਰਨ ਦੀ ਛੂਹ ਪ੍ਰਾਪਤ ਕਰਦੇ ਹੀ ਇੱਛਰਾਂ ਦੀਆਂ ਅੱਖਾਂ ਵਿਚ ਮੁੜ ਜੋਤ ਪਰਤ ਆਈ ਅਤੇ ਉਹਦੀਆਂ ਛਾਤੀਆਂ ਵਿਚੋਂ ਮਮਤਾ ਦਾ ਦੁੱਧ ਛਲਕ ਪਿਆ। ਪੂਰਨ ਦੇ ਮੁਖੜੇ 'ਤੇ ਅਨੂਠੇ ਜਮਾਲ ਸੀ।

ਸਲਵਾਨ ਸੁੰਨ ਹੋਇਆ ਖੜੋਤਾ ਸੀ ਉਸ ਦੇ ਬੁੱਲ ਫਰਕ ਰਹੇ ਸਨ ਪ੍ਰੰਤੂ ਬੋਲਾਂ ਦਾ ਰੂਪ ਨਹੀਂ ਸੀ ਧਾਰ ਰਹੇ। ਲੂਣਾਂ ਨੇ ਬੜੀ ਅਧੀਨਗੀ ਨਾਲ ਬੇਨਤੀ ਕੀਤੀ, 'ਜੋਗੀ ਜੀ, ਸਾਡੇ 'ਤੇ ਦਿਆ ਕਰੋ, ਰਾਜੇ ਨੂੰ ਇਕ ਪੁੱਤਰ ਦੀ ਦਾਤ ਬਖਸ਼ੋ।'

'ਪੁੱਤ ਤਾਂ ਰਾਜੇ ਦਾ ਹੈਗਾ- ਹੋਰ ਪੁੱਤ ਦੀ ਕੀ ਲੋੜ ਐ' ਜੋਗੀ ਬੁਲੀਆਂ 'ਚ ਮੁਸਕਰਾਇਆ।

'ਜੋਗੀ ਜੀ ਪੁੱਤ ਮੇਰਾ ਹੈ ਨਹੀਂ, ਹੈ ਸੀ, ਪਰ ਕੁਕਰਮ ਕਰਕੇ ਇਸ ਦੁਨੀਆਂ 'ਚ ਨਹੀਂ ਰਿਹਾ।' ਐਨਾ ਆਖ ਰਾਜੇ ਦਾ ਗਲਾ ਭਰ ਆਇਆ।

ਲੂਣਾਂ ਦੇ ਸਬਰ ਦਾ ਪਿਆਲਾ ਵੀ ਛਲਕ ਪਿਆ। ਉਹਦੀਆਂ ਅੱਖੀਆਂ 'ਚੋਂ ਪਛਤਾਵੇ ਦੇ ਹੰਝੂ ਵਹਿ ਤੁਰੇ। ਜੋਗੀ ਦੇ ਮਸਤਕ ਦਾ ਤੇਜ਼ ਹੀ ਐਨਾ ਸੀ ਕਿ ਉਸ ਨੇ ਆਪਣੇ ਜੁਰਮ ਦਾ ਇਕਬਾਲ ਕਰਦਿਆਂ ਆਖਿਆ, 'ਜੋਗੀ ਜੀ ਕਸੂਰ ਤਾਂ ਮੇਰਾ ਹੀ ਹੈ। ਮੇਰੇ ਪਾਸੋਂ ਪੂਰਨ ਦੇ ਹੁਸਨ ਦੀ ਝਾਲ ਝੱਲੀ ਨਹੀਂ ਸੀ ਗਈ। ਮੈਂ ਡੋਲ ਗਈ ਸਾਂ। ਉਹਦਾ ਕੋਈ ਕਸੂਰ ਨਹੀਂ ਸੀ, ਮੈਂ ਹੀ ਉਸ 'ਤੇ ਝੂਠੀ ਤੋਹਮਤ ਲਾਈ ਸੀ।' ਇਹ ਸੁਣਦੇ ਸਾਰ ਹੀ ਸਲਵਾਨ ਨੇ ਮਿਆਨ ਵਿਚੋਂ ਤਲਵਾਰ ਧੂਹ ਲਈ ਤੇ ਲੂਣਾਂ ਦਾ ਗਾਟਾ ਲਾਹੁਣ ਲਈ ਬਾਂਹ ਉਲਾਰੀ।

ਪੂਰਨ ਨੇ ਫੁਰਤੀ ਨਾਲ ਰਾਜੇ ਦੀ ਬਾਂਹ ਫੜ ਲਈ ਤੇ ਆਖਿਆ, 'ਇਹਨੂੰ ਖਿਮਾ ਕਰ ਦੇਵੋ। ਤੁਹਾਡਾ ਪੁੱਤ ਜਿਊਂਦਾ ਹੈ। ਮੈਂ ਹੀ ਆਂ ਤੁਹਾਡਾ ਪੁੱਤ ਪੂਰਨ।'

ਵੈਰਾਗ ਦੇ ਹੰਝੂ ਵਹਿ ਤੁਰੇ। ਇੱਛਰਾਂ, ਲੂਣਾਂ ਤੇ ਸਲਵਾਨ ਪੂਰਨ ਨੂੰ ਚੁੰਮਦੇ ਚੁੰਮਦੇ ਵਿਸਮਾਦੀ ਅਵਸਥਾ ਵਿਚ ਪੁੱਜ ਗਏ। ਉਨਾਂ ਨੇ ਪੂਰਨ ਨੂੰ ਆਪਣੇ ਮਹਿਲੀਂ ਚੱਲਣ ਲਈ ਆਖਿਆ। ਪ੍ਰੰਤੂ ਪੂਰਨ ਨੇ ਉਨਾਂ ਨਾਲ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ। ਰਾਜ ਭਾਗ ਉਸ ਲਈ ਮਿੱਟੀ ਦੇ ਸਮਾਨ ਸੀ। ਉਹ ਤਾਂ ਸਭ ਕੁਝ ਤਿਆਗ ਚੁੱਕਾ ਸੀ। ਉਹਨੇ ਭਿੱਖਿਆ ਦੇ ਖੱਪਰ ਵਿਚੋਂ ਚੌਲ ਦਾ ਇਕ ਦਾਣਾ ਚੁੱਕ ਕੇ ਲੂਣਾਂ ਦੀ ਹਥੇਲੀ 'ਤੇ ਰੱਖ ਕੇ ਆਖਿਆ, 'ਮਾਤਾ ਘਰ ਨੂੰ ਮੁੜ ਜਾਵੋ, ਤੁਹਾਡੀ ਕੁੱਖ ਵੀ ਇਸ ਬਾਗ ਵਾਂਗ ਹਰੀ ਹੋਵੇਗੀ। ਤੁਹਾਡੀ ਝੋਲੀ ਵਿਚ ਪੂਰਨ ਖੇਡੇਗਾ ਜੋ ਇਸ ਰਾਜ ਦਾ ਵਾਰਸ ਬਣੇਗਾ।'

ਪੁੱਤ ਦੀ ਦਾਤ ਦੀ ਬਖਸ਼ਿਸ਼ ਕਰਕੇ ਪੂਰਨ ਰੋਕਦਿਆਂ-ਰੋਕਦਿਆਂ ਅਗਾਂਹ ਤੁਰ ਗਿਆ। ਸਲਵਾਨ ਤੇ ਰਾਣੀਆਂ ਭਰੇ ਨੇਤਰਾਂ ਨਾਲ ਜਾਂਦੇ ਪੁੱਤ ਦੀ ਪਿੱਠ ਵੇਖਦੇ ਰਹੇ। ਸਮਾਂ ਪਾ ਕੇ ਲੂਣਾਂ ਦੀ ਕੁੱਖੋਂ ਪੁੱਤਰ ਨੇ ਜਨਮ ਲਿਆ ਜੋ ਰਾਜਾ ਰਸਾਲੂ ਦੇ ਨਾਂ ਨਾਲ ਪ੍ਰਸਿੱਧ ਹੋਇਆ ਜਿਸ ਦੀ ਬਹਾਦਰੀ ਦੀਆਂ ਅਨੇਕਾਂ ਕਹਾਣੀਆਂ ਪ੍ਰਚਲਿਤ ਹਨ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**